# ਗੁਰਮਤਿ ਸੱਚ ਨਿਰਣੈ

ੴ
ਏਕੋ ਜਪੁ ਏਕੋ ਸਾਲਾਹ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਭਾਈ ਸਾਹਿਬ ਰਣਧੀਰ ਸਿੰਘ


www.sikhbookclub.com

# ਗੁਰਮਤਿ ਸੱਚ ਨਿਰਣੈ

## Realization of Truth

ਪਰਮ ਹੰਸੁ ਸਚੁ ਜੋਤਿ ਅਪਾਰ ॥
ਜਹ ਦੇਖਉ ਤਹ ਏਕੰਕਾਰੁ ॥
ਰਹੈ ਨਿਰਾਲਮੁ ਏਕਾ ਸਚੁ ਕਰਣੀ ॥
ਪਰਮ ਪਦੁ ਪਾਇਆ ਸੇਵਾ ਗੁਰਚਰਣੀ ॥
**ਗਉੜੀ** ਮ: ੧-੨੨੭


www.sikhbookclub.com

# ਗੁਰਮਤਿ ਸੱਚ ਨਿਰਣੈ

ਲਿਖਿਤ
ਭਾਈ ਸਾਹਿਬ ਰਣਧੀਰ ਸਿੰਘ ਜੀ

ਪ੍ਰਕਾਸ਼ਕ
**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**
੨੩-ਜੀ, ਸਰਾਭਾ ਨਗਰ, ਲੁਧਿਆਣਾ



www.sikhbookclub.com

ਕਾਪੀ ਰਾਈਟ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਦੂਜੀ ਵਾਰ ਅਪ੍ਰੈਲ ੧੯੭੪
ਤੀਜੀ ਵਾਰ ਅਕਤੂਬਰ ੧੯੯੦
ਚੌਥੀ ਵਾਰ ਅਕਤੂਬਰ ੧੯੯੭
ਪੰਜਵੀਂ ਵਾਰ ਅਪ੍ਰੈਲ ੨੦੦੬

ਮੁੱਲ : ੨੮-੦੦

*ਪ੍ਰਿੰਟਰ :*
ਪ੍ਰਿੰਟਵੈੱਲ, 146—ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

 www.sikhbookclub.com

# ਤਤਕਰਾ


| | | | |
|---|---|---|---|
| | ਮੁਖ-ਬੰਧ | ਡਾ. ਤ੍ਰਿਲੋਚਨ ਸਿੰਘ | ੭ |
| | ਸੂਚਨਾ | ਭਾ. ਬਲਬੀਰ ਸਿੰਘ | ੧੧ |
| ੧. | ਸੱਚ ਦੀ ਟੋਲ | | ੧੩ |
| ੨. | ਸੱਚ ਕੀ ਹੈ | | ੧੭ |
| ੩. | ਸਚ ਦੀ ਵਿਆਖਿਆ | | ੩੧ |
| ੪. | ਸੱਚ ਭੰਡਾਰੇ ਦਾ ਮਾਲਕ ਗੁਰੂ ਨਾਨਕ ਦੇਵ ਹੈ | | ੪੧ |
| ੫. | ਸੰਸਾਰਕ ਸੱਚ ਤੇ ਪ੍ਰਮਾਰਥਕ ਸੱਚ ਦਾ ਭੇਦ | | ੬੮ |
| ੬. | ਸਚ ਦਾ ਸਚੇ ਮਹਲੀਂ ਆਸਣ | | ੮੩ |
| ੭. | ਚੌਹਾਂ ਜੁਗਾਂ ਵਿਚ ਕੇਵਲ ਸਚੁ ਹੀ ਪਰਧਾਨ | | ੮੫ |
| ੮. | ਸਚੁ ਅਗਮ ਅਥਾਹ ਸਿਰਜਨਹਾਰ ਸ੍ਰਿਸ਼ਤਾ ਹੈ | | ੯੬ |
| ੯. | ਸੱਚ ਤੇ ਨਾਮ ਦੋਈ ਅਭੇਦ ਹਨ | | ੧੦੭ |
| ੧੦. | ਸਚ ਦਾ ਪ੍ਰਕਾਸ਼ | | ੧੦੯ |
| ੧੧. | ਸੱਚ ਦਾ ਮਿਲਾਪ | | ੧੧੯ |
| ੧੨. | ਸੱਚ ਦੀ ਪ੍ਰਾਪਤੀ ਤੇ ਮਹੱਤਤਾ | | ੧੨੩ |
| ੧੩. | ਗੁਰਮਤਿ ਹੀ ਸੱਚਾ ਧਰਮ ਹੈ | | ੧੪੫ |
| ੧੪. | ਸੱਚ ਦੀ ਲਾਗ ਦੀ ਨਿਸ਼ਾਨੀ | | ੧੫੦ |
| ੧੫. | ਗੁਰਮਤਿ ਸਚੁ ਸਿਧਾਂਤ | | ੧੬੧ |
| ੧੬. | ਸੱਚੀ ਭਗਤੀ ਕਿਵੇਂ ਹੁੰਦੀ ਹੈ ? | | ੧੭੨ |
| ੧੭. | ਹੁਕਮ ਰਜ਼ਾਈ ਚਲਣਾ | | ੧੭੬ |
| ੧੮. | ਅਜਪਾ ਜਾਪ ਤੇ ਅਕੱਥ ਕਥਾ | | ੧੭੭ |
| ੧੯. | ਅੰਤਮ ਸਿੱਟਾ | | ੧੮੧ |



www.sikhbookclub.com

# ਮੁਖ-ਬੰਧ

## ਡਾ: ਤ੍ਰਿਲੋਚਨ ਸਿੰਘ

ਅਫਲਾਤੂਨ ਤੋਂ ਲੈ ਕੇ ਮਾਰਕਸ ਤੱਕ 'ਸੱਚ' ਤੇ 'ਜੀਵਨ-ਤੱਤ' ਦੀ ਖੋਜ ਜਾਰੀ ਰਹੀ । ਇਸ ਦੀ ਵਿਆਖਿਆ ਉਤੇ ਅਨੇਕਾਂ ਗ੍ਰੰਥ ਲਿਖੇ ਗਏ, ਪਰ ਮਾਨਵੀ ਤਜਰਬੇ ਬਾਅਦ ਸਾਰੇ ਵਾਸਤਵੀ ਸੱਚ, 'ਕੱਚ' ਮਹਿਸੂਸ ਹੋਣ ਲਗ ਪਏ । ਇਨ੍ਹਾਂ ਦੇ ਵਕਤੀ ਜੋਸ਼ ਤੇ ਪ੍ਰਭਾਵ, ਸਮੇਂ ਦੀ ਪਰਖ ਨੇ ਇਉਂ ਫਿੱਕੇ ਕਰ ਦਿਤੇ, ਕਿ ਅੱਜ ਉਪਨਿਸ਼ਦ, ਬੁਧ-ਮੱਤ ਤੇ ਕਈ ਇਕ ਉਘੇ ਪਛਮੀ ਸਿਧਾਂਤ ਇਨਸਾਨ ਦੀ ਮਾਨਸਿਕ ਤਰੱਕੀ ਦੇ ਮੀਲ-ਪੱਥਰ ਹੀ ਜਾਪਦੇ ਹਨ । ਮਨੁਖ ਦੀ ਸੱਚ-ਵਖਰ ਲਈ ਖੋਜ ਤੇ ਜ਼ਿੰਦਗੀ ਦੀ ਰਹੱਸਮਈ ਸਚਾਈ ਦੀ ਭੁਖ ਹਾਲੇ ਤਾਈਂ ਨਹੀਂ ਮਿਟੀ ।

ਗੁਰਮੱਤ ਫਲਸਫ਼ਾ ਰਹੱਸਵਾਦੀ ਤੇ ਰਸਿਕਵਾਦੀ ਫਲਸਫ਼ਾ ਹੈ । ਗੁਰਬਾਣੀ ਕਦੀ ਤਰਕ ਵਿਤਰੱਕ ਨਾਲ ਉਣੀਆਂ ਥੀਊਰੀਆਂ ਦਾ ਗਿਆਨ ਨਹੀਂ । ਇਹ ਜ਼ਿੰਦਗੀ ਦਾ ਅਨੁਭਵੀ ਅਮਿਓ ਸਾਗਰ ਹੈ, ਜਿਸ ਦੀ ਇਕ ਇਕ ਤੁਕ ਵਿਚ ਇਕੋ ਆਧਾਰ ਅਟੱਲ 'ਸੱਚ' ਦੇ ਅਨੁਭਵ ਜਗਾਣ ਤੇ ਦ੍ਰਿੜ੍ਹਾਣ ਦੀ ਚੁੰਤਕ ਸ਼ਕਤੀ ਹੈ ।

ਅਜ ਦਾ ਪੜ੍ਹਿਆ ਲਿਖਿਆ ਤੱਬਕਾ ਇਸ ਲਈ ਗੁਰਬਾਣੀ ਵਲੋਂ ਅਵੇਸਲਾ ਹੋ ਗਿਆ ਹੈ ਕਿ ਗੁਰਬਾਣੀ ਨੂੰ ਸਾਡੇ ਟੀਕਾਕਾਰ ਤੇ ਕਥਾਕਾਰ ਬੜੇ ਖੁਸ਼ਕ ਸ੍ਵੈ-ਵਿਰੋਧੀ ਅਰਥਾਂ ਵਿਚ ਪੇਸ਼ ਕਰਦੇ ਹਨ । ਜਿੰਨੇ ਕੁ ਅਰਥ ਕਿਸੇ ਲਫਜ਼ ਦੇ ਕੋਸ਼ਾਂ ਵਿਚ ਮਿਲਣ, ਉਨੇ ਹੀ ਭਾਵ ਇਕ ਇਕ ਤੁਕ ਦੇ ਲਿਖ ਮਾਰਦੇ ਹਨ । ਗੁਰਬਾਣੀ ਦਾ ਪ੍ਰਚਾਰ ਬਹੁਤ ਅਰਸੇ ਤੋਂ ਇਸ ਪੰਡਤਾਈ ਦੇ ਚੱਕਰ ਵਿਚ ਏਥੋਂ ਤਕ ਘਿਰਿਆ ਰਿਹਾ ਕਿ ਆਮ ਸਿੱਖ ਨੂੰ ਇਹ ਵਹਿਮ ਹੋ ਗਿਆ ਕਿ ਗੁਰਬਾਣੀ ਦਾ ਸੰਬੰਧ ਸਾਡੇ ਧਾਰਮਕ ਵਿਸ਼ਵਾਸ ਨਾਲ ਹੀ ਹੈ, ਸਾਡੀ ਅੰਦਰੂਨੀ ਜ਼ਿੰਦਗੀ ਨਾਲ ਕੋਈ ਨਹੀਂ; ਗੁਰਬਾਣੀ ਵਿਚ ਜ਼ਿੰਦਗੀ ਦੇ ਅਹਿਮ ਮਸਲਿਆਂ ਬਾਰੇ ਇਸ ਬਿਰਤੀ ਦੇ ਲੋਕਾਂ ਨੂੰ ਕੁਛ ਨਜ਼ਰ ਨਹੀਂ ਆਉਂਦਾ ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਇਸ ਪੁਸਤਕ ਨੂੰ ਪੜ੍ਹਦਿਆਂ ਇਸ ਗੱਲ ਦਾ ਮਨ ਉਤੇ ਡੂੰਘਾ ਪ੍ਰਭਾਵ ਛਾ ਜਾਂਦਾ ਹੈ ਕਿ ਗੁਰਬਾਣੀ ਵਿਚ ਸਤਿਗੁਰਾਂ ਨੇ ਡਾਢਾ ਰਸੀਲਾ ਅਨੁਭਵ ਪੇਸ਼ ਕੀਤਾ ਹੈ । ਗੁਰਬਾਣੀ ਵਿਚ ਕੋਈ ਫ਼ਿਰਕਾ ਪੈਦਾ ਕਰਨ ਵਾਲਾ, ਮਜ਼ਬੀ ਦੀਵਾਰਾਂ ਖੜਾ ਕਰਨ ਵਾਲਾ ਫ਼ਲਸਫ਼ਾ ਨਹੀਂ । ਇਹ ਸਾਰੇ ਸੰਸਾਰ ਲਈ 'ਸਚ' ਦਾ ਸੋਮਾ ਹੈ । ਸਾਰੀ ਸ੍ਰਿਸ਼ਟੀ ਦਾ ਸਾਂਝਾ ਜੀਵ-ਉਜਾਲਾ ਹੈ, ਜਿਸ ਦੀ ਸਿੱਕ ਹਰ ਪ੍ਰਾਣੀ ਮਾਤ੍ਰ ਵਿਚ ਹੈ, ਜਿਸ ਦੀ ਭੁਖ ਹੁਣ ਤਾਈਂ ਅਮਿੱਟ ਰਹੀ ਹੈ ।

ਭਾਈ ਸਾਹਿਬ ਜੀ ਨੇ ਬੜੇ ਸਪੱਸ਼ਟ ਤੇ ਤੇਜਸ੍ਵੀ ਲਫ਼ਜ਼ਾਂ ਵਿਚ ਗੁਰਮੱਤ ਫ਼ਿਲਾਸਫ਼ੀ ਦੇ ਇਸ ਧੁਰਵੇ ਨੂੰ ਰੂਪਮਾਨ ਕੀਤਾ ਹੈ। ਇਸ ਅਹਿਮ ਤੇ ਡੂੰਘੇ ਵਿਸ਼ੇ ਬਾਰੇ ਲਿਖਦਿਆਂ ਉਨ੍ਹਾਂ ਨੂੰ ਕਿਤੇ ਵੀ ਨਿਰੋਲ ਅਧਿਆਤਮਕ ਲਫ਼ਜ਼ਾਂ ਦੇ ਚੱਕਰ ਜਾਂ ਸਿਧਾਂਤਾਂ ਦੀਆਂ ਗੁੰਝਲਾਂ ਵਿਚ ਨਹੀਂ ਪੈਣਾ ਪਿਆ। ਕਿਤੇ ਵੀ ਕੋਈ ਕਲਪਿਤ ਖ਼ਿਆਲ ਜਾਂ ਨਜ਼ਾਰਾ ਨਹੀਂ ਪੇਸ਼ ਕਰਨਾ ਪਿਆ। ਅਜ਼ਮਾਏ ਕਮਾਏ ਤਜਰਬੇ, ਗੁਰਬਾਣੀ ਦੇ ਅਤਿ ਡੂੰਘੇ ਭਾਵਾਂ ਨੂੰ ਸੱਚ ਪ੍ਰਗਟਾਣ ਵਾਲੇ ਵਿਸਮਾਦ ਰੰਗਾਂ ਵਿਚ ਕਲਮ-ਬੰਦ ਕਰੀ ਗਏ ਹਨ।

ਨਾ ਕਿਤੇ ਕਿਸੇ ਦੁਚਿੱਤੀ ਦਲੀਲ ਦੀ ਦੁਬਿਧਾ; ਨਾ ਕਿਤੇ ਮਨ ਕਲਪੇ ਕਿਆਸ ਦੀ ਕਲਪਨਾ; ਨਾ ਕਿਤੇ ਅਕਲੀ ਅਨੁਮਾਨ ਦਾ ਅਟਕਾਉ; ਨਾ ਕਿਤੇ ਬੁਧੀ ਦੀ ਬੇਬਸੀ ਦਾ ਬੋਝ। ਨਿਰੋਲ ਇਕ 'ਸੱਚ' ਦੇ ਆਸ਼ਕ ਨੇ ਆਪਣੇ ਸੀਨੇ ਵਿਚ ਜਗਮਗਾਉਂਦੀ ਸਚਾਈ ਜਿਵੇਂ ਆਪਣੇ ਆਦਰਸ਼ਕ ਜੀਵਨ ਵਿਚ ਪ੍ਰਾਪਤ ਕੀਤੀ, ਸਿਦਕ ਭਰੋਸੇ ਤੇ ਦ੍ਰਿੜ੍ਹਤਾ ਨਾਲ ਅਜ਼ਮਾਈ ਕਮਾਈ, ਤਿਵੇਂ ਹੀ ਪੇਸ਼ ਕਰ ਦਿਤੀ।

ਖ਼ਾਲਸਾ ਪੰਥ ਦੀ ਬਦ-ਕਿਸਮਤੀ ਰਹੀ ਹੈ ਕਿ ਮਿਸਲਾਂ ਤੋਂ ਉਪਰੰਤ ਪੰਥ ਦੀਆਂ ਵਾਗ ਡੋਰਾਂ ਉਨ੍ਹਾਂ ਰਾਜਸੀ ਆਗੂਆਂ ਦੇ ਹੱਥ ਰਹੀਆਂ, ਜਿਨ੍ਹਾਂ ਵਿਚ ਅਮਲੀ-ਜੀਵਨ ਦੀ ਬੇਹੱਦ ਘਾਟ ਸੀ, ਅਤੇ ਰਾਜਸੀ ਤਾਕਤ ਨੇ ਸਿੱਖ ਰਾਜ ਸਮੇਂ ਸਿੱਖਾਂ ਵਿਚ ਕਈ ਅਖ਼ਲਾਕੀ ਕਮਜ਼ੋਰੀਆਂ ਲੈ ਆਂਦੀਆਂ। ਅੰਗ੍ਰੇਜ਼ਾਂ ਦੇ ਸਮੇਂ ਕਈ ਸੁਧਾਰ ਲਹਿਰਾਂ ਉਠੀਆਂ, ਪਰ ਸੁਧਾਰਵਾਦੀਆਂ ਦਾ ਅੰਗ੍ਰੇਜ਼-ਪੱਖੀ ਸਿੱਖ ਹਮੇਸ਼ਾ ਵਿਰੋਧ ਕਰਦੇ ਰਹੇ। ਟਾਂਵੀਆਂ ਟਾਂਵੀਆਂ ਗੁਰਮੁਖ ਹਸਤੀਆਂ ਨੇ ਮੁੜ ਆਤਮਕ ਜਾਗ੍ਰਤ ਲਿਆਣ ਦੇ ਕਈ ਉਪਰਾਲੇ ਕੀਤੇ। ਅਤੇ ਇਹ ਗੁਰਮੁਖ ਹਸਤੀਆਂ ਆਪਣੇ ਆਤਮਕ ਅਨੁਭਵ ਤੇ ਰਹਿਤ-ਮਰਯਾਦਾ ਸੀਨੇ-ਬਸੀਨੇ ਦਰਸਾਉਂਦੇ ਰਹੇ, ਇਨ੍ਹਾਂ ਮਹਾਂਪੁਰਸ਼ਾਂ ਵਿਚੋਂ ਭਾਵੇਂ ਕਈ ਪੁਗ ਖਲੋਤੇ ਬ੍ਰਹਮ ਗਿਆਨੀ ਮਹਾਂਪੁਰਸ਼ ਵੀ ਹੋਏ, ਪਰ ਇਨ੍ਹਾਂ ਦੇ ਗੁਰਮੱਤ ਦੇ ਅਹਿਮ ਵਿਸ਼ਿਆਂ ਉਤੇ ਲਿਖਣੋਂ ਸੰਕੋਚ ਕਰਦੇ ਰਹੇ। ਨਿਰਮਲੇ ਵਿਦਵਾਨਾਂ ਨੇ ਇਸ ਸਮੇਂ ਗੁਰਮੱਤ ਦੇ ਭਿੰਨ ਭਿੰਨ ਪੱਖਾਂ ਤੇ ਬਹੁਤ ਕੁਛ ਲਿਖਿਆ, ਪਰ ਇਕ ਤਾਂ ਉਹ ਸਰਲ ਪੰਜਾਬੀ ਵਿਚ ਲਿਖਣ ਦੀ ਬਜਾਏ ਬ੍ਰਜ ਭਾਸ਼ਾ ਵਿਚ ਲਿਖਣਾ ਪਸੰਦ ਕਰਦੇ ਸਨ, ਦੂਸਰੇ ਵੇਦਾਂਤ ਦਾ ਉਨ੍ਹਾਂ ਉਤੇ ਇਤਨਾ ਡੂੰਘਾ ਪ੍ਰਭਾਵ ਸੀ, ਕਿ ਗੁਰਮੱਤ ਦੇ ਹਰ ਵਿਸ਼ੇ ਨੂੰ ਹਿੰਦੂ ਧਰਮ-ਸ਼ਾਸਤ੍ਰਾਂ ਦੀ ਕੁਠਾਲੀ ਵਿਚ ਢਾਲ ਕੇ ਹੀ ਪੇਸ਼ ਕਰਨ ਦਾ ਜਤਨ ਕਰਦੇ ਸਨ। ਸਾਡੇ ਸਮਕਾਲੀ ਸੂਝਵਾਨ ਵਿਦਵਾਨਾਂ ਦਾ ਝੁਕਾਓ ਵਧੇਰੇ ਇਤਿਹਾਸ ਵਲ ਰਿਹਾ। ਗੁਰਬਾਣੀ ਦੀ ਵਿਆਖਿਆ ਵਲ ਉਤਨਾ ਕੁ ਹੀ ਧਿਆਨ ਦਿੰਦੇ, ਜਿੰਨਾ ਇਤਿਹਾਸ ਨੂੰ ਪ੍ਰਮਾਣਿਤ ਕਰਨ ਲਈ ਜ਼ਰੂਰੀ ਸੀ।

ਸਾਡੀ ਖ਼ੁਸ਼ਕਿਸਮਤੀ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਗੁਰਮੱਤ ਦੇ ਮਹਾਨ ਅਧਿਆਤਮਕ ਤੇ ਦਾਰਸ਼ਨਿਕ ਵਿਸ਼ਿਆਂ ਬਾਰੇ ਬੜੀਆਂ ਖੋਜ ਤੇ ਅਨੁਭਵੀ ਗਿਆਨ ਭਰੀਆਂ ਪੁਸਤਕਾਂ ਰਚ ਦਿਤੀਆਂ ਹਨ। ਅਜ ਤੋਂ ਪਹਿਲਾਂ ਗੁਰਮਤਿ ਸਾਹਿੱਤ ਵਿਚ ਸਾਨੂੰ ਇਨ੍ਹਾਂ ਵਿਚੋਂ ਕਈ ਵਿਸ਼ਿਆਂ ਬਾਰੇ ਪੰਦਰਾਂ ਵੀਹ ਸਤਰਾਂ ਦੀ ਵੀ ਯਥਾਰਥ ਵਿਆਖਿਆ ਨਹੀਂ ਮਿਲਦੀ। ਜੇ ਕਿਤੇ ਹੈ ਵੀ ਤਾਂ ਉਹ ਗੁਰਬਾਣੀ ਦੀਆਂ ਤੁਕਾਂ ਦੀ ਲਫ਼ਜ਼ੀ ਟੀਕਾ ਟਿਪਣੀ ਹੀ ਹੈ।

 www.sikhbookclub.com

ਗੁਰਬਾਣੀ ਪੜ੍ਹਦਿਆਂ, ਜਿਨ੍ਹਾਂ ਗੁਰਵਾਕਾਂ ਵਿਚ 'ਸੱਚ', 'ਚਰਨ ਕਮਲ' ਆਦਿ ਸ਼ਬਦ ਆਉਂਦੇ ਹਨ, ਅਸੀਂ ਉਨ੍ਹਾਂ ਨੂੰ ਅਉਖੇ ਤੇ ਸਮਝ ਸੂਝ ਤੋਂ ਪਰੇ ਸਮਝ ਕੇ, ਉਨ੍ਹਾਂ ਦਾ ਨਿਰਾ ਸਹੀ ਉਚਾਰਣ ਕਰਕੇ ਅਗੇ ਤੁਰ ਪੈਂਦੇ ਹਾਂ। ਪਰ ਇਨ੍ਹਾਂ ਹੀ ਸ਼ਬਦਾਂ ਦੀ ਕੀਤੀ ਭਾਈ ਸਾਹਿਬ ਦੀ ਵਿਆਖਿਆ ਪੜ੍ਹ ਕੇ, ਇਕ ਰਹੱਸਮਈ ਸੁਆਦ ਆਉਣ ਲਗ ਪੈਂਦਾ ਹੈ। ਸਾਡੇ ਮਨ ਅੰਦਰ, ਸਾਡੀ ਆਤਮਾ ਅੰਦਰ ਇਕ ਡੂੰਘੀ ਸੂਝ ਜਾਗ ਪੈਂਦੀ ਹੈ; ਇਕ ਕੁੰਜੀ ਹੱਥ ਆ ਜਾਂਦੀ ਹੈ।

ਇਸ ਖੋਜ ਭਰੀ ਪੁਸਤਕ ਦਾ ਤੱਤ ਵਿਸਥਾਰ, ਜੋ ਮੇਰੀ ਨਿਗੂਣੀ ਸਮਝ ਵਿਚ ਪਿਆ ਹੈ, ਉਹ ਇਹ ਹੈ :

੧. ਜੀਵਨ ਦੀ ਅਸਲੀਅਤ ਦੀ ਖੋਜ 'ਸੱਚ' ਦੀ ਢੂੰਡ ਹੈ। ਇਹ ਅਨੁਭਵੀ ਸੱਚ ਦੀ ਰੌਸ਼ਨੀ ਪ੍ਰਾਪਤ ਕੀਤੇ ਬਿਨਾਂ ਮਨੁੱਖ ਦਾ ਜੀਵਨ ਅੰਧਕਾਰ ਵਿਚ ਰਹਿੰਦਾ ਹੈ।

੨. ਜਿਨ੍ਹਾਂ ਦੇ ਹਿਰਦੇ ਅੰਦਰ ਜੀਵਨ-ਕਣੀ ਦਾ ਅੰਕੁਰ ਫੁਟੇ, ਉਨ੍ਹਾਂ ਦੇ ਅੰਦਰ ਹੀ ਸੱਚ ਦੀ ਤਾਂਘ, ਤੇ ਸੱਚ ਦੇ ਅਨੁਭਵ ਲਈ ਤੀਬਰ ਉਮੰਗ ਪੈਦਾ ਹੁੰਦੀ ਹੈ। ਸੱਚ ਦੇ ਮਾਰਗ ਦੀ ਗੁਰਮੱਤ ਸਾਧਨਾ ਸ਼ਬਦ-ਗੁਰੂ ਦੇ ਗਿਆਨ ਵਿਚ 'ਸੁਰਤ ਧੁੰਨ ਚੇਲੇ' ਦਾ ਰਸ-ਲੀਨ ਹੋਣਾ ਹੀ ਹੈ।

੩. 'ਸੱਚ' ਨਿਰੰਕਾਰ ਦੇ ਸੈਭੰ ਸਰੂਪ ਦੀ ਉਹ ਰੂਪ-ਆਭਾ ਹੈ, ਜਿਸ ਦਾ ਮਸਤਕ ਚੁੰਮਣ ਲਈ ਬੁਧ ਬੋਧੀਸ਼ਰ, ਪੀਰ ਪੈਗੰਬਰ ਸਦੀਆਂ ਤੋਂ ਅਨੇਕਾਂ ਘਾਲਣਾ ਘਾਲਦੇ ਰਹੇ, ਪਰ ਇਸ ਦੀ ਪੂਰਨ ਸਪਰਸ਼ ਤੇ ਖ਼ੁਸ਼ਬੋ ਪ੍ਰਾਪਤ ਨਹੀਂ ਕਰ ਸਕੇ। ਇਸਦਾ ਪੂਰਨ ਪ੍ਰਕਾਸ਼ ਸ੍ਰਿਸ਼ਟੀ ਨੂੰ ਪੂਰਨ ਸਤਿਗੁਰੂ ਰਾਹੀਂ ਹੀ ਹੋਇਆ ਹੈ।

੪. ਨਾਮ ਦਾ ਹਿਰਦੇ ਵਿਚ ਵਸਣਾ, ਨਾਮ ਦਾ ਨਿਧਿਆਸਨ, ਤੇ ਨਾਮ ਦਾ ਪ੍ਰਕਾਸ਼, ਵਾਸਤਵ ਵਿਚ ਸੱਚ ਦਾ ਹਿਰਦੇ ਵਿਚ ਵਸਣਾ ਤੇ ਸਚ ਦਾ ਪ੍ਰਕਾਸ਼ ਹੈ। 'ਨਾਮ' ਗੁਰਦੀਖਿਆ ਹੈ, ਤੇ ਨਾਮ ਹੀ ਮਹਾਂਮੰਤ੍ਰ ਹੈ, ਜਿਸ ਰਾਹੀਂ ਸੱਚ ਹਿਰਦੇ ਵਿਚ ਪ੍ਰਗਟ ਹੁੰਦਾ ਹੈ। 'ਨਾਮ' ਦੀ ਲਿਵ-ਮਗਨ ਸਾਧਨਾ ਵਾਂਗ ਸੱਚ ਅਗਿਆਨਤਾ ਦੇ ਬਦਲਾਂ ਪਿਛੇ ਦਮਕਦੇ ਸੂਰਜ ਵਾਂਗ ਛੁਪਿਆ ਰਹਿੰਦਾ ਹੈ।

੫. ਇਨਸਾਨ ਦੀ ਜ਼ਿੰਦਗੀ ਪਰਮ ਅਸਲੀਅਤ ਤੋਂ ਭੰਵਰਾਂ ਵਿਚ ਫਸੀ ਇਤਨੀ ਦੂਰ ਰਹਿੰਦੀ ਹੈ ਕਿ ਉਹ ਅਕਾਲ ਪੁਰਖ ਦੀ ਹਸਤੀ ਦੇ ਅਨੁਭਵ ਤੋਂ ਵਾਂਝਾ ਰਹਿੰਦਾ ਹੈ। ਅਕਾਲ ਪੁਰਖ ਦੇ ਸਰੂਪ ਵਿਚ ਲਿਵਲੀਨ ਹੋਣ ਦੀ ਸਿਕ-ਸਾਧਨਾ ਸੱਚ ਦੀ ਖੋਜ ਦਾ ਪਹਿਲਾ ਕਦਮ ਹੈ। ਵਾਹਿਗੁਰੂ ਪ੍ਰੀਤਮ ਲਈ ਸਚਾ ਇਸ਼ਕ 'ਸਚ' ਵਿਚ ਸਮਾਈ ਦਾ ਸਚਾ ਸਾਧਨ ਹੈ। ਇਹ ਇਸ਼ਕ ਹੀ ਸਚੀ ਭਗਤੀ ਹੈ।

੬. ਸੱਚ ਦੀ ਪ੍ਰਾਪਤੀ ਸਹਿਜ ਅਵਸਥਾ ਦੀ ਪ੍ਰਾਪਤੀ ਹੈ। ਸਹਿਜ ਅਵਸਥਾ ਆਤਮਕ-ਅਨੁਭਵ ਦੀ ਉਹ ਸ੍ਰੇਸ਼ਟ ਅਵਸਥਾ ਹੈ, ਜਿਥੇ ਨਿਰਮਲਤਾ, ਅਡੋਲਤਾ, ਤੇ ਆਤਮਕ ਅਰੂੜਤਾ ਸਿਖਰ ਤੇ ਹੁੰਦੀ ਹੈ। ਇਸ ਅਵਸਥਾ ਵਿਚ ਅਮਲੀ-ਜੀਵਨ ਸਹਿਜ ਸੁਭਾਇ ਹੀ ਉਚ-ਅਖ਼ਲਾਕ ਦਾ ਜੀਵਨ ਬਣ ਜਾਂਦਾ ਹੈ।

੭. 'ਸੱਚ' ਇਕ ਐਸੀ ਸਰਬ ਜੀਆਂ ਵਿਚ ਵਿਆਪਕ ਤੱਤ-ਜੋਤਿ ਪ੍ਰਕਾਸ਼ ਹੈ, ਜਿਸ ਦਾ ਸਰੂਪ ਨਿਰੰਕਾਰੀ ਜੋਤ ਤੋਂ ਅਲਹਿਦਾ ਵਜੂਦ ਨਹੀਂ ਰਖਦਾ। 'ਸੱਚ' ਸਮੁੱਚੀ ਇਲਾਹੀ ਹਸਤੀ (Divinity) ਨਾਲ ਓਤਪੋਤ ਹੈ।

੮. 'ਸੱਚ' ਦੀ ਭਾਲ ਹਿਰਦੇ ਅੰਦਰ ਹੀ ਹੁੰਦੀ ਹੈ, ਬਾਹਰ ਨਹੀਂ। ਇਸ ਦਾ ਮਿਲਾਪ ਤੇ ਇਸ ਦਾ ਪ੍ਰਕਾਸ਼ ਘਟ ਅੰਦਰ ਹੀ ਹੁੰਦਾ ਹੈ।

੯. ਗੁਰਮੱਤ ਮਾਰਗ ਨਿਰੋਲ ਸੱਚ ਦਾ ਮਾਰਗ ਹੈ। ਇਹ ਮਾਰਗ ਸਦਾ ਨਵਰੰਗੀ ਪ੍ਰੇਮ ਰਸ ਵਾਲਾ ਮਾਰਗ ਹੈ। 'ਸੱਚ' ਇਕ ਅਕਹਿ ਖੇੜਾ ਤੇ ਅਗੰਮੀ ਆਵੇਸ਼ ਹੈ। 'ਸਚ' ਪ੍ਰਾਪਤ ਕਰਨਾ ਇਕ ਵਿਸ਼ਾਲ ਬ੍ਰਹਮ ਸੱਤਾ ਦੀ ਅਨੰਤ ਚੁਪ ਵਿਚ ਰਸ-ਲੀਨ ਹੋਣਾ ਹੈ। ਸੱਚ ਉਹ ਜੀਵਨ-ਕਣੀ ਹੈ, ਜਿਸ ਵਿਚ ਕੁਦਰਤ ਤੇ ਕਾਦਰ ਦੇ ਪ੍ਰੇਮ-ਰਾਜ਼ ਦੀ ਲੀਲ੍ਹਾ ਛੁਪੀ ਪਈ ਹੈ।

ਇਸ ਅਦੁਤੀ ਤੇ ਗੂੜ੍ਹ ਰਮਜ਼ਾਂ ਸੰਪੰਨ ਰਚਨਾ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਸੱਚ' ਦੀ ਅਦਭੁਤਤਾ, ਅਗੰਮਤਾ, ਅਕਾਲਤਾ, ਅਨੰਤਤਾ, ਅਟੱਲਤਾ, ਸਰਬ ਸਿਧਤਾ, ਗੂੜ੍ਹ ਗੋਝਤਾ, ਗੂੜ੍ਹ ਭੇਦਤਾ ਦਾ ਇਤਨੇ ਵਿਸਥਾਰ ਸਹਿਤ ਵਰਨਣ ਕੀਤਾ ਹੈ ਕਿ ਦਿਨਕਾਰੀ ਰੁਚੀਆਂ ਦੀ ਕਿਸੇ ਦਲੀਲ ਲਈ ਕੋਈ ਥਾਂ ਨਹੀਂ ਰਹਿ ਜਾਂਦੀ। ਭਾਈ ਸਾਹਿਬ ਜੀ ਦੀ ਕਲਮ ਨੇ ਗੁਰਮੱਤ-ਫ਼ਲਸਫ਼ੇ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਅਰ ਮਹਾਨਤਾ ਉਤੇ ਜੋ ਰੌਸ਼ਨੀ ਪਾਈ ਹੈ, ਇਹ ਸਿੱਖ ਕਲਚਰ ਦੀ ਨਿਰਾਲੀ ਸ਼ਾਨ ਤੇ ਅਹਿਮੀਅਤ ਨੂੰ ਕਿਸੇ ਬਹਿਸ ਦਾ ਵਿਸ਼ਾ ਨਹੀਂ ਰਹਿਣ ਦਿੰਦੀ। ਅੱਖਰ ਅੱਖਰ ਵਿਚ ਤੇ ਸਤਰ ਸਤਰ ਵਿਚ ਗੁਰਮੱਤ ਫ਼ਿਲਾਸਫ਼ੀ ਦੀ ਤੇਜਸ੍ਵੀ ਮਹਾਨਤਾ ਦਾ ਇਨਕਸ਼ਾਫ਼ (exposition) ਇਉਂ ਦਮਕਾਂ ਮਾਰ ਰਿਹਾ ਹੈ ਕਿ ਪੜ੍ਹਦਿਆਂ ਸਾਰ ਸੰਸੇ ਸੰਦੇਹ ਚੂਰ ਕਾਫ਼ੂਰ ਹੋ ਜਾਂਦੇ ਹਨ।

ਇਹ ਪੁਸਤਕ 'ਗੁਰਮਤ ਸੱਚ ਨਿਰਣੈ' ਦਰ-ਅਸਲ 'ਜੀਵਨ-ਤੱਤ ਨਿਰਣੈ' ਹੈ। ਇਹ ਤੱਤ-ਜੋਤਿ ਅਨੁਭਵ ਨਿਰਣੈ ਹੈ, ਅਨੁਭਵੀ ਦਰਸ ਦੀਦਾਰ ਨਿਰਣੈ ਹੈ; ਭਉ-ਭਗਤ, ਭੈਕਾਰ ਨਿਰਣੈ ਹੈ, ਸਦ-ਇਸ਼ਕ-ਖੁਮਾਰ ਨਿਰਣੈ ਹੈ।

**ਤ੍ਰਿਲੋਚਨ ਸਿੰਘ**

ਮਾਡਲ ਟਾਊਨ,
ਲੁਧਿਆਣਾ
੮ ਅਕਤੂਬਰ, ੧੯੫੦

ਇਸ ਸਮੇਂ :
੩੪, ਨਹਿਰੂ ਨਗਰ,
ਲੁਧਿਆਣਾ-੨.

# ਸੂਚਨਾ

ਪੂਜਯ ਪਿਤਾ, ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੇ ਜੀਵਨ-ਕਾਲ ਵਿਚ ੪੦ ਦੇ ਕਰੀਬ ਗੁਰਮਤ ਦੇ ਭਿੰਨ ਭਿੰਨ ਵਿਸ਼ਿਆਂ ਉਤੇ ਬੜੀਆਂ ਖੋਜ ਭਰੀਆਂ ਪੁਸਤਕਾਂ ਲਿਖੀਆਂ। ਛਪਾਈ ਦੇ ਲਈ ਜਿਉਂ ਜਿਉਂ ਪ੍ਰੇਮੀ ਸਜਨਾਂ ਵਲੋਂ ਮਾਇਆ ਆਉਂਦੀ ਰਹੀ, ਤਿਉਂ ਤਿਉਂ ਇਹ ਮਾਇਆ ਭਾਈ ਸਾਹਿਬ ਜੀ ਆਪਣੇ ਕੁਝ ਨਿਕਟ-ਵਰਤੀਆਂ ਨੂੰ ਪੁਸਤਕਾਂ ਦੀ ਛਪਾਈ ਲਈ ਸਉਂਪਦੇ ਰਹੇ। ਜਿਨ੍ਹਾਂ ਸਜਨਾਂ ਨੇ ਇਸ ਛਪਾਈ ਦੇ ਪ੍ਰਬੰਧ ਨੂੰ ਪੂਜਯ ਪਿਤਾ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਗੁਰਪੁਰੀ ਪਿਆਨੇ ਕਰਨ ਤੱਕ ਨਿਭਾਇਆ, ਉਨ੍ਹਾਂ ਵਿਚੋਂ ਉਘੇ ਸਜਨਾਂ ਦੇ ਨਾਮ ਵਰਨਣ ਯੋਗ ਹਨ। ਉਹ ਇਹ ਹਨ : ਗਿਆਨੀ ਨਾਹਰ ਸਿੰਘ ਜੀ ਗੁਜਰਵਾਲ, ਗਿਆਨੀ ਹਰਭਜਨ ਸਿੰਘ ਜੀ ਚਮਿੰਡਾ, ਭਾਈ ਕਰਤਾਰ ਸਿੰਘ ਜੀ ਕੈਨੇਡੀਅਨ। ਭਾਈ ਕਰਤਾਰ ਸਿੰਘ ਕੈਨੇਡੀਅਨ, ਜੋ ਭਾਈ ਸਾਹਿਬ ਜੀ ਨਾਲ ਕਰੀਬਨ ਬਾਰਾਂ ਸਾਲ ਜੇਲ੍ਹ ਵਿਚ ਵੀ ਰਹੇ, ਦੇਸ਼ ਦੀ ਵੰਡ ਤੋਂ ਪਹਿਲਾਂ ਚੜ੍ਹਾਈ ਕਰ ਗਏ ਸਨ। ਗਿਆਨੀ ਨਾਹਰ ਸਿੰਘ ਜੀ ੨੪ ਅਕਤੂਬਰ, ੧੯੭੨ ਨੂੰ ਅਕਾਲ ਚਲਾਣਾ ਕਰ ਗਏ। ਗਿਆਨੀ ਹਰਭਜਨ ਸਿੰਘ ਜੀ ਬਿਰਧ ਅਵਸਥਾ ਕਾਰਨ ਪ੍ਰੈਸ ਦੇ ਕੰਮਾਂ ਤੋਂ ਰੀਟਾਇਰ ਹੋ ਗਏ ਹਨ। ਇਨ੍ਹਾਂ ਸਜਨਾਂ ਨੇ ਬੜੀ ਲਗਨ ਤੇ ਉਤਸ਼ਾਹ ਨਾਲ ਇਹ ਸੇਵਾ ਨਿਭਾਈ ਹੈ, ਜਿਸ ਦੇ ਅਸੀਂ ਬਹੁਤ ਧੰਨਵਾਦੀ ਹਾਂ।

ਭਾਈ ਸਾਹਿਬ ਜੀ ਦੇ ਗੁਰਪੁਰੀ ਪਿਆਨੇ ਕਰਨ ਉਪਰੰਤ ਪੁਸਤਕਾਂ ਦੀ ਛਪਾਈ ਤੇ ਪ੍ਰਬੰਧ ਅਸੀਂ ਆਪਣੇ ਹੱਥ ਲੈ ਲਿਆ। ਸਭ ਤੋਂ ਪਹਿਲਾ ਯਤਨ ਸਾਡਾ 'ਜੇਲ੍ਹ ਚਿੱਠੀਆਂ' ਦਾ ਅੰਗ੍ਰੇਜ਼ੀ ਤਰਜਮਾ ਸੀ, ਜੋ ਸ੍ਰੀਮਾਨ ਭਾਈ ਸਾਹਿਬ ਜੀ ਸ਼ੁਰੂ ਕਰਵਾ ਗਏ ਸਨ। ਇਸ ਅੰਗ੍ਰੇਜ਼ੀ ਤਰਜਮੇ ਵਿਚ ਕਰੀਬਨ ਸੱਤਰ ਸਫੇ ਦੀ ਖੋਜ ਭਰਪੂਰ ਭੂਮਿਕਾ ਵਿਚ ਭਾਈ ਸਾਹਿਬ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੇ, ਗੁਰਦਵਾਰਾ ਰਕਾਬ ਗੰਜ ਸਬੰਧੀ ਅੰਦੋਲਨ, ਤੇ ਦੇਸ਼ ਦੀ ਅਜ਼ਾਦੀ ਲਈ ੧੯੧੪-੧੫ ਦੀ ਗ਼ਦਰ-ਲਹਿਰ ਨਾਲ ਸੰਬੰਧਤ ਹਾਲਾਤ ਬੜੇ ਵਿਸਥਾਰ ਸਹਿਤ ਰੀਸਰਚ ਉਪ੍ਰੰਤ ਅੰਕਿਤ ਕੀਤੇ ਗਏ ਹਨ। ਜੇਲ੍ਹ ਚਿੱਠੀਆਂ ਨੂੰ ਵੀ ਇਤਿਹਾਸਕ ਕਰਮ-ਵਾਰ ਤਰਤੀਬ ਦੇ ਦਿਤੀ ਗਈ ਹੈ। ਇਸ ਤਰਜਮੇ ਦੀ ਵਿਦਵਾਨਾਂ ਨੇ ਬੜੀ ਪ੍ਰਸੰਸਾ ਕੀਤੀ ਹੈ। ਟੂਕ ਮਾਤ੍ਰ ਕੁਛ ਵਿਦਵਾਨਾਂ ਦੀਆਂ

ਰਾਵਾਂ ਇਸ ਪੁਸਤਕ ਦੇ ਸਫਾ ੧੯੩-੧੯੪ ਉਤੇ ਦੇ ਦਿਤੀਆਂ ਗਈਆਂ ਹਨ। ਇਸ ਅੰਗ੍ਰੇਜ਼ੀ ਤਰਜਮੇ ਦੀਆਂ ਸਾਡੇ ਪਾਸ ਹੁਣ ਬਹੁਤ ਥੋੜੀਆਂ ਕਾਪੀਆਂ ਰਹਿ ਗਈਆਂ ਹਨ।

ਗਿਆਨੀ ਹਰਿਭਜਨ ਸਿੰਘ ਜੀ ਨੇ ਭਾਈ ਸਾਹਿਬ ਰਣਧੀਰ ਸਿੰਘ ਦੀਆਂ ਪੁਸਤਕਾਂ ਦਾ ਸਾਰਾ ਸਟਾਕ ਜੋ ਉਨ੍ਹਾਂ ਪਾਸ ਸੀ, ਸਾਨੂੰ ਸਉਂਪ ਦਿਤਾ ਹੈ। ੪੦ ਪੁਸਤਕਾਂ ਵਿਚੋਂ ਤਕਰੀਬਨ ਅੱਧੀਆਂ ਖ਼ਤਮ ਹੋ ਚੁਕੀਆਂ ਹਨ। ਇਨ੍ਹਾਂ ਅਣਛਪੀਆਂ ਪੰਜਾਬੀ ਦੀਆਂ ਪੁਸਤਕਾਂ ਵਿਚੋਂ **"ਗੁਰਮਤਿ ਸੱਚ ਨਿਰਣੈ"** ਦੀ ਦੂਸਰੀ ਐਡੀਸ਼ਨ ਅਸੀਂ ਛਾਪ ਕੇ ਅਪ੍ਰੈਲ ੧੯੭੪ ਵਿਸਾਖੀ ਦੇ ਸ਼ੁਭ ਦਿਹਾੜੇ ਪੇਸ਼ ਕਰ ਰਹੇ ਹਾਂ। ਬਾਕੀ ਸਾਰੀਆਂ ਅਣਛਪੀਆਂ ਪੁਸਤਕਾਂ ਦੀਆਂ ਨਵੀਆਂ ਐਡੀਸ਼ਨਾਂ ਸਾਲ ਡੇਢ ਸਾਲ ਦੇ ਅੰਦਰ ਅੰਦਰ ਬੜੇ ਸ਼ੁਧ ਤੇ ਸੁੰਦਰ ਰੂਪ ਵਿਚ ਪੇਸ਼ ਕਰਨ ਦੀ ਸਾਡੀ ਯੋਜਨਾ ਹੈ, ਜੋ ਪ੍ਰੇਮੀ ਤੇ ਦਾਨੀ ਸਜਨਾਂ ਦੇ ਸਹਿਯੋਗ ਦੇ ਨਾਲ ਆਸ ਹੈ ਸਤਿਗੁਰੂ ਪੂਰੀ ਕਰੇਗਾ।

ਜਿਨ੍ਹਾਂ ਗੁਰਮੁਖਿ ਪਿਆਰਿਆਂ ਨੇ ਸਾਨੂੰ ਪੁਸਤਕਾਂ ਛਾਪਣ ਲਈ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਮਾਇਆ ਭੇਜੀ ਹੈ ਉਨ੍ਹਾਂ ਦੇ ਅਸੀਂ ਤਨੋ ਮਨੋ ਧਨਵਾਦੀ ਹਾਂ। ਜੋ ਵੀ ਮਾਇਆ ਅਗੋਂ ਨੂੰ ਪ੍ਰੇਮੀ ਸਜਨ ਭੇਜਣਾ ਚਾਹੁਣ ਉਹ "ਭਾਈ ਸਾਹਿਬ ਰਣਧੀਰ ਸਿੰਘ **ਟ੍ਰਸਟ, ੨੩ - ਜੀ, ਸਰਾਭਾ ਨਗਰ,** ਲੁਧਿਆਣਾ" ਦੇ ਪਤੇ ਤੇ ਹੀ ਭੇਜਣ। ਹਰ ਪਹੁੰਚੀ ਮਾਇਆ ਦੀ ਰਸੀਦ ਸਾਡੇ ਦਫ਼ਤਰ ਵਲੋਂ ਭੇਜੀ ਜਾਏਗੀ।

**ਬਲਬੀਰ ਸਿੰਘ**


www.sikhbookclub.com

## ੧

# ਸੱਚ ਦੀ ਟੋਲ

ਸੱਚ ਦੀ ਟੋਲ ਪਿਛੇ ਬੜੇ ਬੜੇ ਜਗਤ ਸਿਆਣੇ ਨੀਰ ਵਿਰੋਲਦੇ ਫਿਰੇ। ਦੁਨੀਆ ਦੇ ਮਤ ਮਤਾਂਤ੍ਰੀ ਫ਼ਿਲਾਸਫ਼ਰਾਂ ਨੇ ਭਾਂਤ ਭਾਂਤ ਦੀਆਂ ਫ਼ਿਲਾਸਫ਼ੀਆਂ ਸੱਚ ਦੀ ਟੋਲ ਖ਼ਾਤੋਰ ਦੌੜਾਈਆਂ। ਪੱਛਮ ਤੇ ਪੂਰਬ ਦੇ ਉਘੇ ਉਘੇ ਰੀਫ਼ਾਰਮਰਾਂ ਨੇ ਸੱਚ ਦੀ ਟੋਲ ਭਾਲ ਖੋਜ ਪੜਤਾਲ ਪਰਥਾਇ ਲੰਬੇ ਲੰਬੇ ਲੇਖ ਲਿਖੇ। ਸੰਸਾਰ ਭਰ ਦੇ ਪਰਸਿਧ ਤੋਂ ਪਰਸਿਧ ਸਾਹਿਤਕਾਰਾਂ ਨੇ ਸੱਚ ਦੇ ਥੀਸਿਜ਼ ਉਤੇ ਅਨਿਕ ਪਰਕਾਰ ਦੇ ਸਾਹਿਤ ਲਿਖ ਲਿਖ ਜ਼ਖ਼ੀਮ ਤੋਂ ਜ਼ਖ਼ੀਮ ਪੁਸਤਕਾਂ ਭਰ ਛਡੀਆਂ, ਪਰ ਸੱਚ ਦੀ ਤੱਤ ਮਾਹੀਅਤ ਦਾ ਸੁਰਾਗ਼ ਕਿਸੇ ਦੇ ਹਥ ਨਾ ਆਇਆ। ਸੱਚ ਦੀ ਟੋਲ ਖ਼ਾਤਰ ਗੌਤਮ ਬੁੱਧ, ਸਾਰਖੇ ਅਣਗਿਣਤ ਸਾਂਖਮਤੀ ਸ਼ਾਸਤਰਕਾਰਾਂ ਨੇ ਸ਼ਾਸਤਰ ਲਿਖ ਲਿਖ ਸਾਰੀਆਂ ਸਾਰੀਆਂ ਉਮਰਾਂ ਖਪਾਈਆਂ। ਸੱਚ ਦੀ ਟੋਲ ਖ਼ਾਤਰ ਬੜੇ ਬੜੇ ਯੋਗੀਆਂ, ਵੈਰਾਗੀਆਂ, ਤਿਆਗੀਆਂ, ਤਪੀਸਰਾਂ, ਰਿਖੀਸਰਾਂ, ਨੇ ਉੱਗਰ ਤੋਂ ਉੱਗਰ ਜੋਗ ਤਪ ਸਾਧੇ, ਕੰਦਰਾਂ ਮੱਲੀਆਂ, ਉਮਰਾਂ ਵਧਾਈਆਂ, ਕਈ ਕਈ ਸਦੀਆਂ ਦੀਆਂ ਉਮਰਾਂ ਵਧਾ ਵਧਾ ਗਾਲੀਆਂ, ਪਰ ਸੱਚ ਦੀ ਸੁੰਧਕ ਕਿਸੇ ਨੂੰ ਨਾ ਲੱਗੀ। ਸਾਇੰਸਦਾਨਾਂ ਨੇ ਨਿਤ ਨਵੇਂ ਤਜਰਬੇ ਕੀਤੇ, ਨਿਤ ਨਵੀਆਂ ਕਾਢਾਂ ਕੱਢੀਆਂ। ਤਿਨ੍ਹਾਂ ਨੂੰ ਆਪੋ ਆਪਣੀ ਟੋਲ ਅਨੁਸਾਰ ਨਿਤ ਨਵੇਂ ਦਿਨ ਨਵਾਂ 'ਸੱਚ' ਲਭਿਆ ਪਰਤੀਤ ਹੋਇਆ। ਇਸ ਹਕੀਕਤ ਦੀ ਮਨੌਤੀ ਨੇ (ਜਿਸ ਦੇ ਕਿ ਸਮੂਚੇ 'ਸੱਚ' ਮੁਤਲਾਸ਼ੀ ਕਾਇਲ ਰਹੇ) ਕਿ ਸੱਚ ਪਦਾਰਥ ਏਕ ਹੈ, ਸਭਨਾਂ ਦੀ ਅਕਲ ਨੂੰ ਭੁਚਲਾ ਦਿਤਾ, ਜਦੋਂ ਭਾਂਤ ਭਾਂਤ ਦੀਆਂ ਅਨੇਕ ਸੱਚ-ਮਨੌਤੀਆਂ ਹੋਣ ਲਗ ਪਈਆਂ। ਸਭ ਸਚੋਂ ਓਰੇ (ਉਰੇਡੇ) ਹੀ ਰਹਿ ਗਏ, ਸਚੋਂ ਕੋਰੇ ਹੀ ਰਹਿ ਗਏ। ਤੱਤ ਸੱਚ ਨੂੰ ਕਿਸੇ ਅਕਲੱਦੀਏ ਨੇ ਭੀ ਨਾ ਜਾਤਾ ਪਛਾਤਾ। ਅੰਗ੍ਰੇਜ਼ੀ, ਫ਼ਰਾਂਸੀਸੀ, ਜਰਮਨ ਜ਼ਬਾਨ ਦਾਨੀ ਦੇ ਅਖਰੀ ਇਲਮਾਂ ਦੀਆਂ ਪੁਸਤਕਾਂ ਦੇ ਭਾਰਾਂ ਦੇ ਭਾਰ, ਵਖੋ ਵਖ ਦੇਸਾਂ ਦੀਆਂ ਲਾਇਬ੍ਰੇਰੀਆਂ ਵਿਚ,ਸੱਚ ਦੇ ਵਿਸ਼ੇ ਤੇ ਲਿਖ ਲਿਖ ਲੱਦੇ ਪਏ ਹਨ। ਪਰ ਕਿਸੇ ਨੂੰ ਭੀ ਤੱਤ ਸੱਚ ਦਾ ਮੁਸ਼ਕ ਨਹੀਂ ਮਿਲਿਆ। ਅਸਲ ਗੱਲ ਇਹ ਹੈ ਕਿ ਸਭ ਕਿਸੇ ਨੇ ਦਿਮਾਗੀ ਟੋਹ ਨਾਲ ਹੀ ਸੱਚ ਦੀ ਟੋਲ ਕੀਤੀ। ਦਿਮਾਗੀ ਟੋਹ ਨਾਲ ਕੇਵਲ ਦ੍ਰਿਸ਼ਟਮਾਨ ਪਦਾਰਥਾਂ ਦੀ ਹੀ ਟੋਲ ਹੋ ਸਕਦੀ ਹੈ। ਪਰ ਦ੍ਰਿਸ਼ਟਮਾਨ ਪਦਾਰਥਾਂ ਦਾ

ਸਫੀਅਰ (sphere) ਇਤਨਾ ਲਾਮਹਿਦੂਦ ਹੈ ਕਿ ਦਿਮਾਗੀ ਟੋਹੂਆਂ ਨੂੰ ਇਸ ਦੀ ਥਾਹ ਆਉਣੀ ਭੀ ਅਤਿ ਔਖੀ ਅਤੇ ਅਸੰਭਵ ਤਜਰਬਤ ਹੋਈ ਹੈ। ਦਿਮਾਗੀ ਟੋਹ ਦੇ ਟੋਲੂ (ਖੋਜੀ) ਦ੍ਰਿਸ਼ਟਮਾਨ ਤ੍ਰੈਗੁਣੀ ਪਦਾਰਥਾਂ ਦੀ ਹੋਂਦ ਵਿਚੋਂ ਹੀ ਤੱਤ ਸਚਾਈ (Reality) ਨੂੰ ਟੋਲਣ ਦੀਆਂ ਟੱਕਰਾਂ ਮਾਰਦੇ ਰਹੇ ਹਨ, ਪਰ ਓੜਕ ਉਹ ਤੱਤ 'ਸੱਚ' ਨੂੰ ਲਭਣੋਂ ਨਿਰਾਸ ਹੀ ਰਹਿੰਦੇ ਰਹੇ ਹਨ। ਦ੍ਰਿਸ਼ਟਮਾਨ ਪਸਾਰੇ ਦੀ ਬੇਅੰਤਤਾ, ਸੱਚ-ਟੋਲੂਆਂ ਦੇ ਦਿਮਾਗ ਨੂੰ ਚਕ੍ਰਿਤ ਹੀ ਕਰਦੀ ਰਹੀ ਹੈ ਅਤੇ ਚਕਾਚੌਂਧੀ ਲਗਾਉਂਦੀ ਰਹੀ ਹੈ ਕਿ ਕਿਸ ਕਿਸ ਦ੍ਰਿਸ਼ਟਮਾਨ ਪਸਾਰੇ ਦੇ ਪਦਾਰਥ ਨੂੰ ਸੱਚ ਦੀ ਪਰਮ ਤੱਤਤਾ ਦੇਈਏ। ਜਿਸ ਚਕਾਚੌਂਧੀ ਦਾ ਸਿੱਟਾ ਇਹ ਨਿਕਲਦਾ ਰਿਹਾ ਹੈ ਕਿ ਉਹ ਚਕਾਚੌਂਧੀਏ ਤੱਤ ਸੱਚ ਵਲੋਂ ਹੀ ਮੁਨਹਰਫ਼ ਹੋ ਜਾਂਦੇ ਰਹੇ ਹਨ। ਮੁਹੱਕਕ ਦੇ ਥਾਉਂ ਸਗੋਂ ਮੁਸ਼ੱਕਕ (agnostic) ਹੁੰਦੇ ਦੇਖੇ ਸੁਣੇ ਮੰਨੇ ਜਾਂਦੇ ਰਹੇ ਹਨ। ਮਨੋਵਿਗਆਨ ਚਾਹੇ ਕਿਤਨਾ ਹੀ ਅਮੀਕ ਕਿਉਂ ਨਾ ਹੋਵੇ, ਕਿਤਨਾ ਹੀ ਓੜਕ ਦੇ ਤਜਰਬੇ ਤੇ ਮੁਨਹਸਰ ਹੋਵੇ, ਤੱਤ ਸੱਚ ਨੂੰ ਲਭਣੋਂ ਕਾਸਰ ਹੀ ਰਿਹਾ ਹੈ। ਅਲਪਗ ਦਿਮਾਗ ਦਾ ਮਨ ਮਹਿਦੂਦਿਆ ਗਿਆਨ ਭੀ ਮਹਿਦੂਦ ਗਿਆਨ ਹੀ ਹੈ। ਨਿਜ ਮਨ ਦੀ ਦ੍ਰਿਸ਼ਟਮਾਨ ਕਸੌਟੀ ਨਾਲ ਕੇਵਲ ਮਨ ਕਲਪਤ ਸੱਚ ਹੀ ਪਰਖਿਆ ਜਾ ਸਕਦਾ ਹੈ। ਨਾਨਾ ਪਰਕਾਰ ਦੇ ਪਦਾਰਥਾਂ ਵਿਚੋਂ ਕਿਸੇ ਇਕ ਪਦਾਰਥ ਨੂੰ ਸੱਚ ਦੀ ਚੋਣ ਦੇ ਦਾਇਰੇ ਵਿਚ ਲਿਆਉਣਾ ਮਨ-ਕਲਪਣਾ ਨਹੀਂ ਤਾਂ ਹੋਰ ਕੀ ਹੈ ? ਜਿਸ ਮਨ ਦਾ ਗਿਆਨ, ਜਿਸ ਮਨ ਦਾ ਦਿਮਾਗੀ ਤਜਰਬਾ ਇਤਨਾ ਹਾਵੀ ਹੋ ਚੁਕਾ ਹੋਵੇ ਕਿ ਇਸ ਦੇ ਦਾਇਰੇ ਅੰਦਰ ਸਮੂਹ ਦ੍ਰਿਸ਼ਟਮਾਨ ਪਦਾਰਥ ਹਸਤਾਮਲ ਵਤ ਨਿਕੋਰ ਨਿਖਾਰੇ ਹੋਏ ਅਤੇ ਨਿਤਰੇ ਹੋਏ ਨਿਆਰੇ ਨਿਆਰੇ ਇਕੋ ਦ੍ਰਿਸ਼ਟ ਨਾਲ ਸਾਹਮਣੇ ਦਿਸਦੇ ਨਜ਼ਰ ਆਉਣ, ਉਹ ਤਾਂ ਸਾਰੇ ਪਦਾਰਥਾਂ ਵਿਚੋਂ ਤੱਤ ਸੱਚ ਪਦਾਰਥ ਰੂਪੀ 'ਸੱਚ' ਦੀ ਚੋਣ ਕਰ ਸਕਦਾ ਹੈ ਅਤੇ ਮੁਸੱਦਕਾ ਤੌਰ ਤੇ ਮੋਹਰ ਲਾ ਸਕਦਾ ਹੈ ਕਿ ਇਹ 'ਸੱਚ' ਹੈ। ਅੱਵਲ ਤਾਂ ਇਤਨੀ ਸਰਬਗ ਦ੍ਰਿਸ਼ਟਤਾ ਕਿਸੇ ਭੀ ਅਲਪਗ ਦਿਮਾਗ ਵਾਲੇ ਪਰਮ ਵਿਗਿਆਨੀਏ ਨੂੰ ਪ੍ਰਾਪਤ ਨਹੀਂ ਕਿ ਕਾਦਰ ਦੀ ਬੇਅੰਤ ਕੁਦਰਤ ਦੇ ਦੀਸਣਹਾਰ ਪਦਾਰਥਾਂ ਨੂੰ ਇਕ ਨਜ਼ਰ ਨਾਲ ਦੇਖ ਸਕੇ। ਜੇ ਦੇਖ ਸਕਣ ਦੀ ਸਮਰਥਾ ਕਿਸੇ ਨੂੰ ਪ੍ਰਾਪਤ ਹੋ ਵੀ ਜਾਵੇ ਤਾਂ ਓਸ ਨੂੰ ਬੇਅੰਤ ਰਚਨਾ ਵਿਚੋਂ 'ਸੱਚ' ਦੀ ਪਛਾਣ ਕਰਨੀ ਤਾਂ ਉੱਕੀ ਹੀ ਨਹੀਂ ਆਏਗੀ। ਬਸ, ਓਸ ਦੀ ਅਲਪਗ ਅਕਲ ਏਸ ਬੇਅੰਤ ਨਜ਼ਾਰੇ ਨੂੰ ਦੇਖ ਚੌਂਧੀ ਖਾ ਜਾਏਗੀ, ਭੁਚਲਾਈ ਜਾ ਕੇ ਉਖੜ-ਪੈੜੇ ਦੀਆਂ ਉਘੜ ਦੁਘੜ ਟੋਹਾਂ ਹੀ ਲਾਏਗੀ। ਆਹ ਭੀ 'ਸੱਚ' ਹੈ, ਔਹ ਵੀ 'ਸੱਚ' ਹੈ, ਨਿਖਰਵਾਂ ਫ਼ੈਸਲਾ ਕੁਛ ਭੀ ਨਹੀਂ ਕਰ ਸਕੇਗੀ।

ਦ੍ਰਿਸ਼ਟਮਾਨ ਪਸਾਰੇ ਵਿਚੋਂ 'ਸੱਚ' ਦੇ ਟੋਲਣਹਾਰਿਆਂ ਨੂੰ ਟੋਲਿਆਂ 'ਸੱਚ' ਦਾ ਲਭਣਾ ਹੈ ਭੀ ਇਕ ਅਣਹੋਣੀ ਗੱਲ। ਜਿਨ੍ਹਾਂ ਨੇ ਦਿਮਾਗ਼ੀ ਖੋਜ ਮਨੋਵਿਗਿਆਨ ਦੀ ਟੋਲ ਦੁਆਰਾ 'ਸੱਚ' ਲਭਿਆ ਅਨੁਮਾਨ ਕਰ ਲਿਆ ਹੈ, ਉਹ ਨਿਰਾ ਅਨੁਮਾਨ ਹੀ ਹੈ। ਵਾਸਤਵ ਵਿਚ 'ਸੱਚ' ਤਿਨ੍ਹਾਂ ਨੂੰ ਮਿਲਿਆ ਨਹੀਂ; ਤਿਨ੍ਹਾਂ ਤੋਂ ਲਭਿਆ ਹੀ ਨਹੀਂ ਗਿਆ,

ਨਾ ਲਭ ਸਕਦਾ ਹੈ । ਸੱਚ ਤਾਂ ਏਹ ਹੈ, ਕਿ 'ਸੱਚ' ਦੀ ਤਤ ਮਫ਼ਹੂਮੀਅਤ (real conception) ਦਾ ਹੀ ਕਿਸੇ ਨੂੰ ਪਤਾ ਨਹੀਂ । 'ਸੱਚ' ਦੇ ਤੱਤ ਸਰੂਪ ਗਿਆਨ ਤੋਂ ਘੁੱਥੇ ਹੋਇਆਂ ਨੂੰ ਆਪੋ ਆਪਣੀਆਂ ਫ਼ਹਿਮਾਂ ਦੁਆਰਾ ਸੱਚ ਦਾ ਫ਼ਰਜ਼ੀ ਅਨੁਮਾਨ ਲਾਉਣਾ ਨਿਰਾ ਵਹਿਮਾਂ ਵਿਚ ਪੈਣ ਵਾਲੀ ਗਲ ਹੈ । ਏਹ ਸਭ ਕੁਛ ਹੁੰਦਿਆਂ ਹੋਇਆਂ ਦੁਨੀਆ ਦੇ ਭਾਰੀ ਭਾਰੀ ਮੁਦੱਬਰਾਂ ਨੇ ਸੱਚ ਦੀ ਟੋਲ (ਤਲਾਸ਼) ਨੂੰ ਹੀ ਮਨੁਖਾ ਜਨਮ ਦਾ ਮੁਖ ਅਤੇ ਸਭ ਤੋਂ ਉੱਚਾ ਸੁੱਚਾ ਆਦਰਸ਼ ਉਦੇਸ਼ ਗਰਦਾਨਿਆ ਹੋਇਆ ਹੈ । ਚਾਹੇ ਉਨ੍ਹਾਂ ਨੂੰ ਸੁੰਧਕ ਮਾਤ੍ਰ ਭੀ ਸੱਚ ਦੀ ਤੱਤ ਸੂਝ ਬੂਝ ਨਾ ਆਈ ਹੋਵੇ । ਆਪਣੇ ਆਪ ਨੂੰ ਸਭ ਤੋਂ ਦਾਨੇ ਬੀਨੇ ਮੁਦੱਬਰ ਪੁਰਸ਼ ਕਹਾਉਣ ਵਾਲੇ ਏਸੇ ਗੱਲ ਤੇ ਜ਼ੋਰ ਦਿਆ ਕਰਦੇ ਹਨ ਕਿ ਸਭ ਕੁਛ ਛਡ ਕੇ ਸੱਚ ਦੇ ਹੀ ਮੁਤਲਾਸ਼ੀ ਹੋਣਾ ਚਾਹੀਦਾ ਹੈ । ਰੱਬ ਦੀ ਖੋਜ ਵਿਚ ਪੈਣ ਨੂੰ ਉਹ ਵਹਿਮ ਵਿਚ ਪੈਣਾ ਸਮਝਦੇ ਹਨ । ਸੱਚ ਦੀ ਖੋਜ ਵਿਚ ਪੈਣ ਨੂੰ ਹੀ ਓਹ ਸਭ ਤੋਂ ਅਫਜ਼ਲ ਮਿਆਰ ਜ਼ਿੰਦਗੀ ਦਾ ਸਮਝਦੇ ਹਨ ।

ਏਹਨਾਂ ਦੁਨੀਆ-ਪਰਸਿਧ ਮੁਦੱਬਰਾਂ ਦੀ ਰੀਸੋ ਰੀਸੀ ਸਿਖਾਂ ਦੀ ਪੜ੍ਹੀ ਲਿਖੀ ਵਿਦਿਅਕ ਸ਼੍ਰੇਣੀ ਵਿਚੋਂ ਭੀ ਬਹੁਤ ਸਾਰਿਆਂ ਨੂੰ ਏਹੋ ਹੀ ਆਨਮਤ ਉਦੇਸ਼ ਵਾਲੇ ਸੱਚ ਦੇ ਟੋਲਣ ਦਾ ਮੇਨੀਆ ਲਗ ਗਿਆ ਹੈ । ਉਨ੍ਹਾਂ ਨੂੰ ਆਪਣੇ ਘਰ ਦੀ ਖ਼ਬਰ ਹੀ ਨਹੀਂ ਕਿ ਜਿਸ ਸੱਚ ਦੀ ਟੋਲ ਪਿਛੇ ਦੁਨੀਆ ਬਾਵਰੀ ਹੋਈ ਫਿਰਦੀ ਹੈ, ਉਹ 'ਸੱਚ' ਜੇ ਹੈ ਤਾਂ ਗੁਰੂ ਘਰ ਵਿਖੇ ਹੀ ਹੈ । ਬੜੀ ਹੈਰਤ ਦੀ ਗਲ ਹੈ ਕਿ ਗੁਰੂ ਦੇ ਸਿਖ ਸਦਾਵਨਹਾਰੇ ਭੀ ਬਾਹਰੋਂ ਸੱਚ ਖੋਜਣ ਲਈ ਭਟਕਣ । ਜਿਸ ਸੱਚ ਦੀ ਟੋਲ ਲਈ ਹਰੇਕ ਮਿੱਲਤੋ ਮਜ਼ਹਬ ਦੇ ਲੋਗ ਖਪ ਖਪ ਮਰਦੇ ਫਿਰੇ, ਜਿਸ ਸੱਚ ਦੀ ਟੋਲ ਖ਼ਾਤਰ ਦੇਸ਼ ਦੇਸ਼ਾਂ ਦੇ ਦਾਨਸ਼ਮੰਦ ਲੋਗ ਆਪੋ ਆਪਣੀਆਂ ਅਕਲਾਂ ਦਾਨਸ਼ਾਂ ਦੁੜਾ ਦੁੜਾ ਹੰਭ ਥਕੇ, ਉਸ 'ਸੱਚ' ਨੂੰ ਜੇ ਟੋਲਿਆ ਤਾਂ ਕੇਵਲ ਸਿਰੀ ਗੁਰੂ ਨਾਨਕ ਸਾਹਿਬ ਸਚੇ ਪਾਤਸ਼ਾਹ ਨੇ ਹੀ ਟੋਲਿਆ ਅਤੇ ਟੋਲ ਕੇ ਗੁਰਬਾਣੀ ਅੰਦਰ ਵਿਥਾਰਿਆ ਹੈ । ਗੁਰਬਾਣੀ ਅੰਦਰ 'ਸਚੁ' ਦਾ ਸੱਚ ਨੀਸ਼ਾਨ ਦਸਿਆ, ਦਸ ਕੇ ਗੁਰ ਸਿਖਾਂ ਪ੍ਰਤੀ ਦ੍ਰਿੜ੍ਹਾਇਆ । ਸਾਰੀ ਦੁਨੀਆ ਅੱਗੇ ਇਸ ਸੱਚ ਵੱਖਰ ਨੂੰ, ਇਸ ਸੱਚ ਪਦਾਰਥ ਦੇ ਉਚ ਉਦੇਸ ਨੂੰ ਰਖ ਕੇ ਆਦਰਸ਼ਿਆ, ਆਦ੍ਰਸ਼ਾਇਆ । ਗੁਣਤਾਸ ਗੁਰੂ ,ਸਿਰੀ ਗੁਰੂ ਗਰੰਥ ਸਾਹਿਬ ਦੀ ਹੀ ਸਮੱਗਰ ਬਾਣੀ ਏਸੇ ਸੱਚ ਵੱਖਰ ਨੂੰ ਵਿਹਾਜਣ ਦਾ ਢੰਡੋਰਾ ਦਿੰਦੀ ਹੈ । ਢੰਡੋਰਾ ਹੀ ਨਹੀਂ ਦਿੰਦੀ,ਸੱਚ ਵੱਖਰ ਦਾ ਸੱਚ ਨੀਸ਼ਾਨੀ ਥੌਹ ਪਤਾ ਭੀ ਦਿੰਦੀ ਹੈ । ਪਰ ਅਫਸੋਸ, ਸਦ ਅਫਸੋਸ ਕਿ ਗੁਰਬਾਣੀ ਦੇ ਅਭਿਆਸੀ ਸਦਾਉਣਹਾਰੇ ਸਿਖਾਂ ਨੂੰ ਅਜੇ ਭੀ ਸੱਚ ਦਾ ਪਤਾ ਨਹੀਂ ਲਗਦਾ । ਗੁਰਬਾਣੀ ਦਾ ਪਾਠ ਕਰਦਿਆਂ ਹੋਇਆਂ ਉਨ੍ਹਾਂ ਨੇ ਅਨੇਕਾਂ ਵਾਰਾਂ ਗੁਰਬਾਣੀ ਅੰਦਰ ਹੀ ਭਾਵੇਂ ਸੱਚ ਦੇ ਅਖਰੀ ਪਦ ਨੂੰ ਪੜ੍ਹਿਆ ਹੋਵੇ, ਪਰ ਉਹ ਪੜ੍ਹ ਕੇ ਉਪਰਦੀ ਲੰਘ ਜਾਂਦੇ ਹਨ, ਉਹਨਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਆਦਿ ਤੋਂ ਅੰਤ ਤੀਕ ਸਿਰੀ ਗੁਰੂ ਗਰੰਥ ਸਾਹਿਬ ਜੀ ਇਸ ਸੱਚ ਨੂੰ ਹੀ ਉਪਦੇਸ਼ਦੇ ਹਨ । ਜੇ ਕਿਸੇ ਨੇ ਸੱਚ ਪਦ ਪੜ੍ਹਨ ਦਾ ਗੌਹ ਕੀਤਾ ਭੀ ਹੈ ਤਾਂ ਉਹਨਾਂ ਨੇ ਉਸ ਸੱਚ ਨੂੰ ਸਰਸਰੀ ਕਰ ਕੇ ਹੀ ਜਾਣਿਆ ਹੈ । ਸੱਚ ਦੀ ਮਾਹੀਅਤ ਨੂੰ ਨਹੀਂ ਪਛਾਣਿਆ, ਸੱਚ ਨੂੰ ਸਰਸਰੀ


www.sikhbookclub.com

ਅਰਥਾਂ ਵਿਚ ਹੀ ਅਨੁਮਾਨਿਆ। ਸੰਸਾਰੀ ਫਿਲਸਫੇ ਦੇ ਸੁਸ਼ਕ ਸੱਚ ਵਾਲਾ ਭਾਵ ਹੀ ਗੁਰਬਾਣੀ ਦਰਸਾਏ ਸੱਚ ਉਤੇ ਉਹਨਾਂ ਨੇ ਪਰਮਾਣਿਆ ਹੈ। ਗੁਰਮਤਿ ਆਦਰਸ਼ੀ ਸੱਚ ਨੂੰ ਨਹੀਂ ਪਹਿਚਾਣਿਆ। ਇਸ ਘਾਟੇ ਨੂੰ ਪਰਤੀਤ ਕਰ ਕੇ ਕਿ ਗੁਰੂ ਘਰ ਦੇ ਸਿਖ ਹੀ ਗੁਰਬਾਣੀ ਪੜ੍ਹਨਹਾਰੇ, ਗੁਰਬਾਣੀ ਦੇ ਅਰਥ ਕਰਨਹਾਰੇ ਗਿਆਨੀ ਕਹਾਵਣ ਵਾਲੇ ਸਿਖ ਹੀ ਗੁਰਬਾਣੀ ਦਰਸਾਏ ਦ੍ਰਿੜ੍ਹਾਏ ਸੱਚ ਤੋਂ ਗੁਮਰਾਹ ਹੋ ਰਹੇ ਹਨ, 'ਸੱਚ' ਦੀ ਤਤ ਗੁਰਮਤਿ ਵਿਆਖਿਆ ਨੂੰ ਗੁਰਬਾਣੀ ਅੰਦਰੋਂ ਹੀ ਵਿਆਖਤ ਕਰਨਾ ਸਭ ਤੋਂ ਅਤਿ ਲਾਜ਼ਮੀ ਪਰਮ ਧਰਮ ਨਿਸਚਿਤ ਹੋਇਆ ਹੈ। ਇਸ ਧਰਮ ਨੂੰ ਨਿਬਾਹੁਣ ਲਈ ਗੁਰਬਾਣੀ ਦੇ ਪਰਮਾਣਾਂ ਦੀ ਲੜੀ ਤੇ ਲੜੀ, ਇਸ ਲੇਖ ਅੰਦਰ ਵਿਆਖਿਆ ਸੰਯੁਕਤ ਪ੍ਰੋ ਦੇਣੀ, ਸਚ ਨੀਸਾਨੀ ਪ੍ਰੌੜ੍ਹਤਾ ਲਈ ਸਚੇ ਚਾਨਣ ਮੁਨਾਰੇ ਦਾ ਕੰਮ ਦੇਵੇਗੀ।

———

## ੨

# 'ਸਚੁ' ਕੀ ਹੈ ?

ਤੱਤ ਸੱਚ ਸੋ ਹੈ ਜਿਸਦੀ ਸੱਤਤਾ ਸਦਾ ਅਸਥਿਰ ਰਹੇ । ਬਿਨਸਨਹਾਰਾ ਸੱਚ, ਛਿਨ ਭੰਗਰੀ ਰਹਿਣ ਵਾਲਾ ਸੱਚ, ਵਾਸਤਵੀ ਸੱਚ ਨਹੀਂ । ਹਕ-ਸੱਚ ਸੋ ਹੈ ਜੋ ਤਰੈਕਾਲ ਅਬਾਧ ਹੋਵੇ । ਭੂਤ, ਭਵਿਖ, ਭਵਾਨ ਅੰਦਰ ਦਰ ਹਕੀਕਤ ਸੱਚ ਹੀ ਰਹੇ । ਮੁਢ ਤੋਂ ਹੀ ਜਿਸ ਦੀ ਹਕੀਕਤ ਸੱਤਤਾ ਦੀ ਅਸਲੀਅਤ ਵਾਲੀ ਹੋਵੇ ਅਤੇ ਅਜ਼ਲ ਤੋਂ ਅਬਦ ਤਾਈਂ ਜਿਸ ਦੀ ਸੱਤ ਅਸਲੀਅਤ ਅਤੇ ਹਕੀਕਤ ਵਿਚ ਰਾਈ ਮਾਤਰ ਵੀ ਫ਼ਰਕ ਨਾ ਆਵੇ । ਸੱਚ ਦੇ ਮੁਹੱਕਕ ਜਨ ਤਿਸ ਸੱਚ ਨੂੰ ਹੀ ਅਸਲ ਸੱਚ ਕਰ ਕੇ ਮੰਨਦੇ ਹਨ । ਤਿਸ ਸੱਚ ਦਾ ਸੁਰਾਗ਼ ਕਿਸੇ ਭੀ ਮਤ ਦੇ ਸੱਚ-ਮੁਤਲਾਸ਼ੀ ਨੂੰ ਅਜ ਤਾਈਂ ਨਹੀਂ ਲੱਭਾ । ਖੋਜ ਖੋਜ ਕੇ ਖਪ ਰਹੇ ਖਟ ਸ਼ਾਸਤ੍ਰੀ ਫ਼ਿਲਾਸਫ਼ਰਾਂ ਨੂੰ ਇਸ ਤੱਤ-ਸੱਚ ਦੇ ਸੁਰਾਗ਼ ਦਾ ਮੁਸ਼ਕ ਨਹੀਂ ਆਇਆ । ਮਗ਼ਰਬੀ ਰੌਸ਼ਨੀ ਭੀ, ਨਵੀਨ ਫ਼ਿਲਾਸਫ਼ੀ ਭੀ ਸੱਚ ਦੀ ਖੋਜ ਲਭਣ ਵਿਚ ਕਾਸਰ ਹੀ ਰਹੀ । ਤੱਤ ਸੱਚ ਲੱਭਾ, ਤਾਂ ਕੇਵਲ ਸਤਿਗੁਰੂ ਨਾਨਕ ਸਾਹਿਬ ਨੂੰ ਲੱਭਾ । ਸਿਰੀ ਜਪੁਜੀ ਸਾਹਿਬ ਜੀ ਦੇ ਮੁਖ ਅਰੰਭ ਵਿਚ ਹੀ ਸਚੇ ਪਾਤਸ਼ਾਹ ਸਿਰੀ ਗੁਰੂ ਨਾਨਕ ਸਾਹਿਬ ਨੇ ਤੱਤ ਨਿਰਣੈ ਕਰ ਕੇ, ਸੱਚ ਦੀ ਤੱਤ ਲਖਸ਼ਨੀ ਤਾਅਰੀਫ਼ (definition) ਇਉਂ ਅੰਕਤ ਕਰ ਦਿਤੀ :—

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

ਇਸ ਬਿਧ ਸਪਸ਼ਟ ਕਰ ਦਿਤਾ ਕਿ "ਸਚੁ" ਸੋ ਹੈ ਜੋ ਆਦਿ ਤੋਂ ਹੀ ਸੱਚ ਹੋਵੇ, ਧੁਰ ਕਦੀਮ ਤੋਂ, ਜੁਗਾਂ ਦੇ ਆਦਿ ਤੋਂ, ਜੁਗਾਂ ਦੇ ਆਦਿ ਹੋਣ ਤੋਂ ਭੀ ਪਹਿਲਾਂ ਤੋਂ "ਸਚੁ" ਹੋਵੇ । ਅਤੇ ਸਦੀਵ ਸਰਬ ਕਾਲ ਲਈ ਆਉਣ ਵਾਲੇ ਜੁਗਾਂ ਜੁਗਾਂਤ੍ਰਾਂ ਵਿਖੇ ਭੀ ਸੱਚ ਹੀ ਰਹੇ, ਆਦਿ ਜੁਗਾਦਿ ਭੂਤ ਕਾਲ (ਜ਼ਮਾਨਾ ਸਲਫ਼) ਵਿਖੇ ਵੀ "ਸਚੁ" ਸੱਚ ਹੀ ਰਹੇ । ਜੋ ਹੁਣ ਜ਼ਮਾਨਾ-ਹਾਲ (ਭਵਾਨ ਕਾਲ) ਵਿਖੇ ਭੀ ਸੱਚ ਹੈ "ਹੈ ਭੀ ਸਚੁ" ਅਤੇ ਆਉਣ ਵਾਲੇ ਸਾਰਿਆਂ ਸਮਿਆਂ ਜ਼ਮਾਨਿਆਂ ਭਵਿਖਤ ਕਾਲ ਵਿਖੇ ਭੀ ਸੱਚ ਦੀ ਹੋਂਦ ਅਮਿਟ ਰਹੇਗੀ "ਹੋਸੀ ਭੀ ਸਚੁ"। ਐਸਾ 'ਸਚੁ' ਤੱਤ ਸੱਚ ਹੈ, ਜੋ ਕੇਵਲ ਗੁਰਮਤਿ ਨੇ ਪ੍ਰਗਟਾਇਆ,

ਦ੍ਰਿੜਾਇਆ ਅਤੇ ਸੱਤਤਾਇਆ ਹੈ। ਸੋ ਸਚੁ ਕੀ ਹੈ ? ਸੋ ਸਦਾ ਸਥਿਤ ਰਹਿਣ ਵਾਲਾ 'ਸਚੁ' ਕੀ ਹੈ ? ਆਦਿ ਜੁਗਾਦੀ ਹੋਣ ਵਾਲਾ, ਹੈ ਭੀ ਹੋਸੀ ਦੀ ਹੋਂਦ ਵਾਲਾ ਸਚੁ ਕੀ ਹੈ ? ਕੇਵਲ ਇਕੋ ਏਕੰਕਾਰ ਵਾਹਿਗੁਰੂ ਨਿਰੰਕਾਰ ਅਕਾਲ ਪੁਰਖ ਹੈ। **ਇਸ** ਇਕੋ **ਇਕ ਓਅੰਕਾਰ ਨਿਰੰਕਾਰ** ਅਕਾਲ ਪੁਰਖ ਸੱਚੇ ਵਾਹਿਗੁਰੂ ਦਾ ਨਾਮ ਭੀ ਸਤਿ ਹੈ। ਇਕ ਅਕਾਲ ਪੁਰਖ ਦਾ ਨਾਮ ਭੀ ਇਕ ਹੈ। ਇਕੋ ਅਕਾਲ ਪੁਰਖ ਆਪ ਭੀ ਸੱਚ ਸਰੂਪ ਹੈ ਅਤੇ ਓਸਦਾ ਨਾਮ ਭੀ ਸਤਿ ਹੈ, ਸੱਚ ਸਰੂਪ ਹੈ। ਸਤਿਨਾਮ ਵਾਲਾ ਵਾਹਿਗੁਰੂ ਅਕਾਲ ਪੁਰਖ ਤਦੇ ਹੀ ਸਚੁ ਹੋ ਸਕਦਾ ਹੈ ਜੇਕਰ ਉਸਦਾ ਨਾਮ ਭੀ ਸਚੁ ਹੋਵੇ। ਏਸੇ ਕਰ—ਕੇ ਸਿਰੀ ਜਪੁਜੀ ਸਾਹਿਬ ਜੀ ਦੇ ਆਦਿ ਮੂਲ ਮੰਗਲਾਚਾਰ ਵਿਖੇ ਸਤਿਗੁਰੂ ਨਾਨਕ ਦੇਵ ਜੀ ਨੇ ਏਹ 'ਸਚੁ' ਸਪਸ਼ਟਾ ਦਿਤਾ ਕਿ ਵਾਹਿਗੁਰੂ ਅਕਾਲ ਪੁਰਖ ਓਅੰਕਾਰ ਅਤੇ ਨਿਰੰਕਾਰ ਦੀ ਮਾਹੀਅਤ ਮਹੱਤਤਾ ਵਿਖੇ ਇਕ ਹੈ ਅਤੇ ਸਤਿ ਨਾਮ ਸੰਜੁਕਤ ਹੈ। ਸਤਿਨਾਮ ਨਾਮ ਦੀ ਸੰਜੁਕਤਤਾ ਸਹਿਤ ਹੀ ਅਕਾਲ ਪੁਰਖ ਵਾਹਿਗੁਰੂ ਨਿਰੰਕਾਰ ਦੀ ਸੱਤਤਾ ਵਿਦਮਾਨ ਹੈ। ਫੇਰ ਸਚ ਦੀ ਤੱਤ ਨੀਸਾਨ ਪਛਾਣ ਏਹ ਹੈ ਕਿ ਓਹ ਕਾਰਯ ਰੂਪ (ਕਿਸੇ ਦਾ ਕੀਤਾ ਹੋਇਆ) ਨਹੀਂ ਹੋ ਸਕਦਾ। ਆਪਣੀ ਤੱਤ ਸਤਤਾ ਅੰਦਰ ਸਦਾ ਕਾਰਨ ਰੂਪ (ਕਰਤਾ) ਹੀ ਹੁੰਦਾ ਹੈ ਅਤੇ ਕਰਤਾ ਹੀ ਰਹਿੰਦਾ ਹੈ। ਤਾਂਤੇ ਕਾਰਯ ਰੂਪ ਰਚਤ ਰਚਨਾ ਦੇ ਪਦਾਰਥਾਂ ਵਿਚੋਂ ਕੋਈ ਪਦਾਰਥ ਭੀ "ਸਚੁ" ਨਹੀਂ ਸਦਾ ਸਕਦਾ। "ਸਚੁ" ਨਿਰਾ ਕਾਰਨ ਰੂਪ ਕਰਤਾ ਹੀ ਨਹੀਂ, ਪੁਰਖੋਤਵੀ ਕਰਤਾ ਅਰਥਾਤ ਕਰਤਾ ਪੁਰਖ ਹੈ, ਚੈਤੰਨਤਾ ਸੰਪੰਨ ਪਰੀਪੂਰਨ ਸ਼ਕਤੀਸ਼ਰ ਕਰਨ ਕਾਰਨ ਸਮਰਥ ਕਰਤਾਰ ਹੈ। ਚੈਤੰਨ ਸਮਰਥਾ ਸੰਪੰਨ ਸਰਬ ਕਲਾ ਸਮਰਥਤਾ ਵਾਲਾ ਹੈ। ਕਾਰਯ ਰੂਪ ਰਚਨਾ ਹਭੇ ਚਰਾਚਰ ਜੀਵਾਂ ਦਾ ਕਰਮ-ਫਲ-ਦਾਤਾ ਹੈ। ਗੁਰਮਤਿ 'ਸਚੁ' ਕੋਈ ਚੈਤੰਨਤਾ ਹੀਨ ਧਾਤ (incrt substance) ਨਹੀਂ, ਸਗੋਂ ਸਮੂਹ ਰਚਨਾ ਦੀ ਜਿੰਦ ਜਾਨ ਹੈ, ਅਕੱਲ ਕਲਾ ਸਰਬਾਤਮ ਸ਼ਕਤਿ ਪ੍ਰਧਾਨਤਾ ਸੰਪੰਨ ਸੁਜੀਵਨ ਪਰਮਾਤਮਾ ਹੈ। ਫੇਰ ਪਰਮ ਪਰਮਾਤਮ ਤਤਵੀ 'ਸਚੁ' ਦੀ ਏਹ ਨੀਸਾਨੀ ਹੈ ਕਿ 'ਸਚੁ' ਨੂੰ ਕਿਸੇ ਦਾ ਭਉ ਨਹੀਂ। 'ਸਚੁ' ਤੋਂ ਉਪਰ ਕਿਸੇ ਦਾ ਹੁਕਮ ਕਰਾਰਾ ਨਹੀਂ, ਨਿਰਭਉ ਨਿਜ ਅਮਰਾਪਦੀ ਅਮਰ ਸਤਾ ਹੈ ਤਾਂ ਕੇਵਲ 'ਸਚੁ' ਨੂੰ ਹੈ। 'ਸਚ' ਦੇ ਸਮਸਰ, ਸਚੁ ਦੇ ਉਪਰ ਹੋਰ ਕੋਈ ਨਹੀਂ। "ਸਚੁ" ਸਭਨਾ ਦਾ ਕਰਤਾ ਹਰਤਾ ਹੈ (ਜੈਸਾ ਕਿ ਅਗੇ ਚਲ ਕੇ ਅਨੇਕਾਂ ਗੁਰਪਰਮਾਣਾ ਦੁਆਰਾ ਸਿਧ ਹੋਵੇਗਾ), ਤਾਂਹੀ ਤੇ 'ਸਚੁ' ਨੂੰ, ਆਦਿ ਜੁਗਾਦੀ ਹੈ ਭੀ ਹੋਸੀ 'ਸਚੁ' ਨੂੰ ਕਿਸੇ ਦਾ ਭਉ ਨਹੀਂ ਸਰਬ ਦਾ ਕਾਲ ਨਿਰਭਉ ਹੈ। ਸਚ ਦੀ ਸਚਿਆਰਤਾ ਸੰਪੰਨ ਮੁਖ ਨਿਸ਼ਾਨੀ **ਨਿਰਵੈਰਤਾ** ਹੈ। ਵਾਹਿਗੁਰੂ ਨਿਰੰਕਾਰ ਆਪਣੇ ਸਚ ਸਰੂਪ ਵਿਚ ਸਦਾ ਨਿਰਵੈਰ ਹੈ। ਜਿਥੇ ਜਿਸ ਘਟ ਵਿਖੇ ਵਾਹਿਗੁਰੂ ਸਚੁ, ਵਾਹਿਗੁਰੂ ਨਾਮ ਰੂਪੀ ਸਚੁ ਵਸਦਾ ਹੈ, ਤਿਥੇ ਸਦਾ ਨਿਰਵੈਰਤਾ ਦਾ ਵਾਸ ਹੈ। ਸਚੁ ਸਰੂਪ ਵਾਹਿਗੁਰੂ ਦੇ ਸਚੁ ਨਾਮੁ ਦੀਆਂ ਕਮਾਈਆਂ ਵਾਲੇ ਸੰਤ ਭਗਤ ਭੀ ਸਦਾ ਹੀ ਨਿਰਵੈਰ ਹਨ, ਸਰਬ ਕਾਲ ਨਿਰਵੈਰ ਰਹਿਣਾ। "ਸਚੁ" ਦੀ ਸਿਰੋਮਣ ਤਤ ਸਤ ਸ਼ੁਭ ਲਖਣੀ ਨੀਸ਼ਾਨੀ ਏਹ ਹੈ ਕਿ ਉਸ 'ਸਚੁ' ਨੂੰ ਕਦੇ ਕਾਲ ਨਹੀਂ ਵਿਆਪਦਾ, 'ਸਚੁ' ਕਦੇ ਖੈ ਨਹੀਂ ਹੁੰਦਾ। ਸਚੁ ਸਦਾ

ਅਖੈ ਅਕਾਲ ਰੂਪ ਹੈ। ਤਾਂਹੀ ਤੇ ਪਰਮ ਸੱਚ ਗੁਰਮਤਿ ਅੰਦਰ ਅਕਾਲ ਰੂਪ ਹੈ। ਇਸ ਅਕਾਲ ਰੂਪ 'ਸਚੁ' ਦਾ ਸਦਕਾ ਵਾਹਿਗੁਰੂ ਨਿਰੰਕਾਰ ਦਾ ਨਾਉਂ ਗੁਰੂ ਘਰ ਅੰਦਰ ਅਕਾਲ ਪੁਰਖ ਹੈ, ਪੁਰਖ ਏਸ ਕਰਕੇ ਕਿ ਉਸਦਾ ਦਿਬਯ ਲਤੀਫੀ ਵਜੂਦ ਹੈ। ਉਸਦੀ ਸਰਬੱਗ ਚੇਤੰਨਤਾ ਸੰਪੰਨ ਹੋਂਦ ਮੂਰਤੀ (Existence) ਹੈ। ਕਾਲ ਚੱਕਰ ਵਿਚ ਆਏ ਬੇਧੇ ਖੇਧੇ ਤ੍ਰੈਕਾਲ ਗੁਣੀ ਵਜੂਦਾਂ ਵਾਲੀ ਮੂਰਤੀ ਉਸਦੀ ਨਹੀਂ। ਤੁਰੀਆ ਗੁਣੀ ਅਕਾਲ ਮੂਰਤਿ ਹੋਂਦ ਹਸਤੀ ਕਰਕੇ ਹੀ ਉਹ 'ਸਚੁ' ਹੈ। ਜੇ ਮੂਰਤੀ (ਹੋਂਦ, ਹਸਤੀ, Existence) ਹੀ ਸੱਚ ਦੀ ਨਾ ਹੋਵੇ ਤਾਂ ਉਹ ਸਚੁ ਨਹੀਂ ਅਸਚੁ ਹੈ। ਦਿਬਯ ਅਕਾਲਤਾ ਵਾਲੀ ਮੂਰਤੀ (ਵਜੂਦ) ਵਾਲਾ ਸਚੁ ਹੈ। ਜਿੰਨੀਆਂ ਭੀ ਤ੍ਰੈਗੁਣੀਆਂ ਮੂਰਤੀਆਂ ਹਨ, ਸੋ ਸਭ ਜੂਨੀਆਂ ਵਿਚ ਆਵਣ ਵਾਲੀਆਂ, ਜੂਨੀਆਂ ਵਿਚ ਭਉਣ ਵਾਲੀਆਂ ਮੂਰਤੀਆਂ ਹਨ। ਇਕ ਸਚੁ ਅਕਾਲ ਮੂਰਤਿ ਹੀ ਹੈ ਜੋ ਅਜੂਨੀ (ਅਜੋਨੀ) ਹੈ, ਜੂਨਾਂ ਅੰਦਰ ਨਹੀਂ ਆਉਂਦੀ, ਜੂਨੀਆਂ ਅੰਦਰ ਨਹੀਂ ਭਉਂਦੀ। ਇਹ ਸਚੁ ਦੀ ਅਤਿ ਉਚ ਤਤ ਸੁਭਰ ਭਰ ਲਕਸ਼ਣੀ ਡੈਫ਼ੀਨੀਸ਼ਨ ਹੈ। ਫੇਰ ਸੱਚ ਦਾ ਸਿਰਮੌਰ ਲਛਣ ਸੈ੍ਭੰ ਸਰੂਪ ਹੈ, ਭਾਵ, ਗੁਰਮਤਿ ਦ੍ਰਿੜੰਨਾ "ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਐਸਾ ਸਚੁ ਹੈ ਜੋ ਸੁਤੇ ਪਰਕਾਸ਼ ਸਰਿਸ਼ਤਾ ਹੈ। ਜਿਸ ਨੂੰ ਕਿਸੇ ਨਹੀਂ ਸਿਰਜਿਆ, ਕਿਸੇ ਨਹੀਂ ਉਪਾਇਆ। ਨਿਜ ਖਾਸੇ ਤੋਂ ਉਤਪੰਨ ਹੋਇਆ ਸੁਤੇ ਸਿਧ ਪਰਕਾਸ਼ ਹੋਇਆ ਸੈਭੰ ਸਰੂਪਾ ਸਚੁ ਹੀ ਤੱਤ ਗੁਰਮਤਿ ਲਖੰਨਾ ਸਚੁ ਹੈ। ਇਸ ਸਚੁ ਨੂੰ ਲਭਿਆ ਜਾ ਸਕਦਾ ਹੈ ਤਾਂ ਕੇਵਲ ਗੁਰ ਪ੍ਰਸਾਦ ਕਰਿ ਹੀ ਲਭਿਆ ਜਾ ਸਕਦਾ ਹੈ ਅਤੇ ਗੁਰ ਪ੍ਰਸਾਦ ਕਰਿ "ਸੱਚਾਂ ਸਿਰ ਸਚੁ" ਸਚੇ ਨਾਮ, ਗੁਰਮਤਿ ਨਾਮ ਦੇ ਜਪਣ ਕਰਿ ਹੀ ਲਭਿਆ ਜਾ ਸਕਦਾ ਹੈ। ਐਵੇਂ ਹੋਰ ਕਿਸੇ ਬਿਧ ਭੀ ਏਹ ਸੱਚ ਨਹੀਂ ਲਭ ਸਕਦਾ। ਲਭਣ ਯੋਗ ਇਕੋ ਸਚੁ ਸਚਾਂ ਸਿਰ ਸੱਚ ਐਸਾ 'ਸਚੁ' ਹੈ, ਜਿਸਦੀ ਖੋਜ ਭਾਲ ਟੋਲ ਲੱਭਤਾ ਸੋਚ ਵਿਚਾਰ ਕੀਤਿਆਂ ਨਹੀਂ ਸੋਚੀ ਜਾ ਸਕਦੀ, ਭਾਵੇਂ ਕੋਈ ਲੱਖ ਜੋਗ ਸਾਧਨ ਕਰੇ, ਲੱਖ ਫੋਕੀਆਂ ਲਿਵਤਾਰਾਂ ਲਾਇ ਰਹੇ, ਲੱਖ ਮਨਉਕਤ ਮੈਡੀਟੇਸ਼ਨਾਂ ਵਿਚਿ ਖਪ ਖਪ ਮਰੇ, ਲੱਖ ਫ਼ਿਲਾਸਫ਼ੀਆਂ ਤੇ ਸਹਸ ਸਿਆਣਪੀ ਨੁਸਖ਼ੇ ਘੋਟਿ ਘੋਟਿ ਪੀਵੇ ਪੜ੍ਹੀਵੇ! ਲੱਖ ਹਿਕਮਤਾਂ ਵਾਲਿਆਂ ਅਨਿਕ ਪ੍ਰਕਾਰੀ ਉਪਨਿਸ਼ਦਾਂ ਦੇ ਘੋਖਣਹਾਰਿਆਂ ਨੂੰ ਹੁਣ ਤਾਈਂ ਇਹ ਭੀ ਸੂੰਹ ਨਹੀਂ ਲਗ ਸਕੀ ਕਿ 'ਸਚੁ' ਦੀ ਮਾਹੀਅਤ ਕੀ ਹੈ, ਕਿਸ ਪਦਾਰਥ ਦਾ ਨਾਉਂ 'ਸਚੁ' ਹੈ, 'ਸਚੁ' ਵਸਤ ਕੀ ਹੈ। ਐਵੇਂ ਸਭ ਸਿਆਣੇ, ਵਿਦਯਾ ਅਕਲੀ ਸਿਆਣੇ ਭੰਬਲ ਭੂਸੇ ਹੀ ਖਾਂਦੇ ਹਨ। ਕੋਈ ਵੱਡੇ ਤੋਂ ਵੱਡਾ ਜਗਤ ਸਿਆਣਾ ਅਕਲੱਈਆ ਯਾ ਫ਼ਿਲਾਸਫ਼ਰ ਅੱਜ ਤਾਈਂ ਯਕੀਨੀ ਤੌਰ ਤੇ ਇਹ ਨਹੀਂ ਨਿਰਖ ਕੇ ਨਿਸ਼ਾਨਾ ਲਾ ਸਕਿਆ ਕਿ ਆਹ 'ਸਚੁ' ਹੈ। ਇਹ ਉਹ ਦਸਣ ਦੇ ਉਖੜਪੈੜੇ ਹੀ ਮਾਰਦੇ ਹਨ। ਇਹ ਕੇਵਲ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਨੇ ਹੀ ਸੱਚ ਨਿਸ਼ਾਨੇ ਦੀ ਸਪਸ਼ਟ ਸੂੰਹ ਦਿਤੀ ਕਿ 'ਸਚੁ ਪਦਾਰਥ ਨੂੰ ਜਾਨਣਾ ਚਾਹੀਏ। ਯਥਾ ਗੁਰਵਾਕ :—

> ਨਾਨਕ ਸਾਚੇ ਕਉ ਸਚੁ ਜਾਣੁ ॥
> ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥ ਰਹਾਉ ॥ ਪੰਨਾ ੧੫
> ਸਿਰੀ ਰਾਗੁ ਮ: ੧

ਗੁਰੂ ਨਾਨਕ ਸਾਹਿਬ ਸਪਸ਼ਟ ਠਿਕਾਣੇ ਦੀ ਗੱਲ ਦਸਦੇ ਹਨ ਕਿ ਕੇਵਲ "ਸਾਚੁ" ਸਚੇ ਅਕਾਲ ਪੁਰਖ ਨੂੰ ਹੀ 'ਸਚੁ' ਜਾਣੁ। ਨਿਸਚੇ ਕਰ ਕੇ ਜਾਣੋ ਕਿ "ਸਾਚੇ" (ਵਾਹਿਗੁਰੂ) ਬਿਨਾ ਹੋਰ "ਸਚੁ" ਕੋਈ ਨਹੀਂ। "ਸਚੁ" ਹੈ ਤਾਂ ਕੇਵਲ "ਸਾਚਾ" ਵਾਹਿਗੁਰੂ ਹੀ ਹੈ। ਇਹੀ ਉਹ ਤਤ (ਅਸਲੀ) ਸਚੁ ਹੈ, ਜਿਸ ਨੂੰ ਸੇਵਿਆਂ ਸੱਚਾ ਸੁਖ ਮਿਲਦਾ ਹੈ, ਸੱਚੇ ਦੀ ਸੱਚੀ ਦਰਗਾਹੇ ਮਾਣ ਪਾਈਦਾ ਹੈ। ਕਿਤਨਾ ਉੱਚਾ ਤੇ ਸੁੱਚਾ ਏਹ "ਸਚੁ" ਦਾ ਗੁਰਮਤਿ ਆਦਰਸ਼ (ideal) ਹੈ, ਜੋ ਅਜ ਤਾਈਂ ਕਿਸੇ ਮੱਤ ਮਤਾਂਤਰੀ ਵਡੇ ਤੋਂ ਵਡੇ ਨੇਤਾ ਨੇ ਨਹੀਂ ਜਣਾਇਆ ਲਖਾਇਆ। ਜਣਾਏ ਲਖਾਏ ਕਿਵੇਂ ਕੋਈ, ਜਦ ਕਿਸੇ ਨੂੰ ਸੁਝ ਬੂਝ ਹੀ ਨ ਸੀ ਤੱਤ "ਸਚੁ" ਦੀ। ਜੇ ਕਿਸੇ ਵਡੇ ਤੋਂ ਵਡੇ ਸਿਆਣੇ, ਜਗਤ-ਪਰਸਿਧ ਫ਼ਿਲਾਸਫ਼ਰ ਨੇ 'ਸੱਚ' ਨੂੰ ਨਿਰਣਾਇਆ ਭੀ ਹੈ ਤਾਂ ਸਿਰਫ 'ਸੱਚ' ਦਾ ਫਰਜ਼ੀ ਅਨੁਮਾਨ ਹੀ ਲਾਇਆ ਹੈ, ਯਕੀਨੀ ਥਹੁ-ਥਿੱਤਾ 'ਸੱਚ' ਦਾ ਕਿਸੇ ਨੂੰ ਨਹੀਂ ਲਗਾ। ਗੁਰਮਤਿ ਅੰਦਰਿ 'ਸੱਚ' ਦੀ ਸਰੂਪ-ਲੱਖਤਾ ਭੀ ਲਖਾਈ ਗਈ ਹੈ, ਅਤੇ 'ਸੱਚ' ਦੀ ਲਖਤਾ ਲਖਾਉਣ ਹਿਤ ਸਾਧਨ ਕਮਾਈ ਭੀ ਦਰਸਾਈ ਦ੍ਰਿੜਾਈ ਗਈ ਹੈ। ਅਤੇ ਤਿਸ ਸਾਧਨ ਕਮਾਈ ਦਾ ਫਲ ਸਚੇ ਦੀ ਪ੍ਰਾਪਤੀ ਭੀ ਪ੍ਰਾਪਤਾਈ ਗਈ ਹੈ। ਗੁਰੂ ਸਾਹਿਬ ਨਿਸਚੇ ਕਰਾਉਂਦੇ ਹਨ ਕਿ 'ਸੱਚ' ਰੂਪੀ 'ਸਾਚੇ' ਯਾ 'ਸਾਚੇ' ਰੂਪੀ 'ਸੱਚ' ਦੀ ਸੇਵਾ ਐਸੀ ਹੈ ਜਿਸ ਨੂੰ ਕਮਾਇਆਂ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਅਤੇ ਐਸੀ ਮਾਣ ਵਡਿਆਈ ਪਾਈਦੀ ਹੈ ਕਿ ਸੱਚੀ ਦਰਗਾਹ ਅੰਦਰਿ ਭੀ ਏਹ ਮਾਣ ਵਡਿਆਈ ਨਿਹਚਲ ਰਹਿੰਦੀ ਹੈ, ਨਾਲਿ ਹੀ ਚਲਦੀ ਹੈ। ਸਚੁ ਸੱਚੇ ਦੀ ਵਡਿਆਈ ਐਸੀ ਹੈ ਕਿ ਐਥੇ ਭੀ ਸੁਖ ਸੱਚਾ ਪ੍ਰਾਪਤਿ ਹੁੰਦਾ ਹੈ ਅਤੇ ਸੱਚੀ ਦਰਗਾਹੇ ਭੀ ਸੱਚਾ ਸੁਖ ਮਿਲਦਾ ਹੈ। ਹੋਇਆ ਨਾ ਅਮਰ, ਅਟੱਲ ਪਦਾਰਥ ਇਹ ਗੁਰਮਤਿ ਦ੍ਰਿੜ੍ਹਾਇਆ ਲਖਾਇਆ "ਸਚੁ"। 'ਸੱਚ' ਉਤੇ ਸੱਚਾ ਈਮਾਨ ਲਿਆਉਣ ਦਾ ਦੀਖਿਆ-ਮਈ ਸਬਕ ਸਿਖਾਉਂਦੀ ਹੈ ਤਾਂ ਕੇਵਲ ਗੁਰਮਤਿ, ਗੁਰਬਾਣੀ ਹੀ ਸਿਖਾਉਂਦੀ ਹੈ।

"ਸੱਚ" ਦੀ ਸਚਾਈ (ਸੱਤਤਾ : Reality) ਨਿਰਣਾਉਂਦੀ ਹੈ ਤਾਂ ਕੇਵਲ ਗੁਰਮਤਿ, ਗੁਰਬਾਣੀ ਹੀ ਨਿਰਣਾਉਂਦੀ ਹੈ। ਗੁਰੂ ਨਾਨਕ ਨਿਰੰਕਾਰੀ ਦਾ ਨਿਰਣਾਇਆ "ਸਚੁ" ਉਹ ਹੈ ਜਿਸ ਨੂੰ ਗੁਰੂ ਨਾਨਕ ਨੇ ਆਪਿ ਲੱਖਿਆ ਅਤੇ ਲਖਾਵਣ ਦੀ ਬਿਧੀ ਸੂਚਨਕ ਦੀਖਿਆ ਭੀ ਦਰਸਾਈ। 'ਸੱਚ' ਨੂੰ ਸੇਵਣਾ—ਆਹਾ! ਐਸਾ ਨੁਕਤਾ ਹੈ, ਜਿਸ ਨੂੰ ਨੁਕਤਾਇਆਂ ਹੀ ਇਹ ਈਮਾਨ ਆਉਂਦਾ ਹੈ। ਇਹ ਸਰਧਾ ਜੰਮਦੀ ਹੈ ਕਿ ਸਚਮੁਚ "ਸੱਚ" ਇਕ ਹੱਕੁ ਹਕੀਕੀ ਸੱਤਤਾ ਸੰਪੰਨ ਅਕੱਲ ਕਲਾ ਸਮਰੱਥਾ, ਸਮਰੱਥਵਾਨਤਾ ਦੀ ਸਮੁੱਚਤਾ ਹੈ, ਜਿਸ ਦੀ ਸ਼ਕਤੀ ਸੱਤਾ ਤੋਂ ਇਨਕਾਰ ਨਹੀਂ ਹੋ ਸਕਦਾ। 'ਸੱਚ' ਕੋਈ ਖ਼ਿਆਲੀ ਸ਼ਕਤਿ ਹੀਣ ਸ਼ੈ ਨਹੀਂ ਕੋਈ ਵਜੂਦਹੀਣ, ਅਸਲੇ ਹੀਣ ਹਸਤੀ ਨਹੀਂ। ਬਲਕਿ ਸਚੀ ਪੌਰਖਤਵ ਪੁਰਖੱਤਵ ਤੱਤਤਾ ਹੈ, ਜਿਸਦੇ ਬਿਹੂਣ ਹੋਰ ਸਭ ਕੁਝ ਅਤੱਤ ਅਤੇ ਅਸੱਤ ਹੈ। ਸੱਚੀ ਸਮਰੱਥਤਾ, ਸਰਬ ਕਲਾ ਸੰਪੰਨਤਾ ਹੈ ਤਾਂ ਏਸੇ ਵਿਚ ਹੀ ਹੈ। ਗੁਰੂ ਸਾਹਿਬਾਨ ਨੇ ਇਸ ਨੂੰ ਲਖਿਆ ਅਤੇ ਲਖਾਉਣ ਦਾ ਯਕੀਨ ਦਿਵਾਇਆ। ਯਕੀਨ ਹੀ

ਨਹੀਂ ਦਿਵਾਇਆ ਸਗੋਂ ਗੁਰਸਿਖ ਸੇਵਕਾਂ ਨੂੰ ਪਰਤੱਖ ਲਖਾਇਆ। ਲਖਣ ਲਖਾਉਣ ਦੀ ਸੱਚੀ ਗੁਰਮਤਿ ਬਿਧੀ ਸਿਖਾਈ ਅਤੇ ਡੰਕੇ ਦੀ ਚੋਟ ਨਾਲਿ ਦਸਿਆ ਤੇ ਯਕੀਨ ਦਿਵਾਇਆ ਕਿ "ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥" ਹਾਂ ਜੀ! ਸੱਚ ਮਿਲਿਆ, ਸਚ ਮੁਚ ਮਿਲਿਆ, ਪਰ ਓਨ੍ਹਾਂ ਸੋਫੀਆਂ ਨੂੰ ਮਿਲਿਆ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਮਤਿ ਲੈਕੇ "ਅਮਲੁ ਗਲੋਲਾ ਕੂੜ ਕਾ" ਨਹੀਂ ਖਾਧਾ ਪੀਤਾ, ਜਿਨ੍ਹਾਂ ਨੇ ਕੂੜਾਵੇ ਮਾਯਾਵੀ ਨਸ਼ੇ ਵਿਚਿ ਬਦਮਸਤ ਹੋ ਕੇ, ਮਤਿ ਹੀਣ ਹੋ ਕੇ 'ਮਰਣ' ਨਹੀਂ ਵਿਸਾਰਿਆ। ਜੋ "ਖੁਸੀ ਕੀਤੀ ਦਿਨ ਚਾਰਿ" ਦੇ ਮਦ ਵਿਚ ਮਤੇ ਨਹੀਂ ਗਏ। 'ਸੱਚ' ਦੇ ਮੁਤਲਾਸ਼ੀਆਂ ਨੂੰ ਸੱਚ ਦਾ ਸੁਰਾਗ਼ ਮਿਲਿਆ ਤਾਂ ਗੁਰੂ ਘਰ ਵਿਚੋਂ, ਗੁਰੂ ਨਾਨਕ ਦਸਮੇਸ਼ ਦੇ ਦੁਆਰਿਓਂ ਹੀ ਮਿਲਿਆ। 'ਸੱਚ' ਦੇ ਸੱਚੇ ਆਸ਼ਕਾਂ ਨੂੰ, 'ਸੱਚ' ਮਿਲਣ ਦੇ ਸਚੇ ਸ਼ੈਦਾਈਆਂ ਨੂੰ, ਸੱਚ ਦੇ ਸਚੇ ਸੋਫੀਆਂ ਨੂੰ ਸੱਚ ਦੇ ਨਸ਼ੇ ਦਾ ਖੁਮਾਰ ਚੜ੍ਹਾਇਆ ਤਾਂ ਸਚੇ ਸਤਿਗੁਰੂ ਨੇ ਸਚ ਦੀ ਸਚੀ ਗੁੜ੍ਹਤੀ ਦੇ ਕੇ, ਸੱਚ ਦੀ ਸੱਚੀ ਸ਼ਰਾਬ ਪੀਆਇ ਕੇ ਚੜ੍ਹਾਇਆ। ਇਸ ਸੱਚ ਦੀ ਸ਼ਰਾਬ ਤਿਆਰ ਕਰਨ ਲਈ ਐਸਾ ਲਾਹਣ ਪਾਇਆ, ਜਿਸ ਵਿਚਿ ਗੁੜ ਤੇ ਕਸ ਮੇਲਣ ਦੀ ਲੋੜ ਨਾ ਰਹੀ। ਸਚੁ ਰੂਪੀ ਸੱਚੇ ਮਾਸ਼ੂਕ ਦੇ ਮਿਲਾਉਣ ਲਈ, ਸਚੇ ਪ੍ਰੀਤਮ ਵਾਹਿਗੁਰੂ ਮਈ ਸੱਚ ਦਰਸਾਉਣ ਲਈ, ਸੱਚ ਪਿਰੀਆ ਦੇ ਦਿਦਾਰੇ ਕਰਾਉਣ ਲਈ, ਸਚੇ ਨਾਮ ਰੂਪੀ ਅੰਮ੍ਰਿਤ ਬੂਟੀ ਸੰਜੋਈ ਸੰਚੋਈ। ਜਿਸ ਅੰਮ੍ਰਿਤ ਨਾਮ ਰੂਪੀ ਸੱਚ ਨੂੰ ਸਤਿਗੁਰੂ ਦੁਆਰਿਓਂ ਦੀਖਤ ਹੋ ਕੇ ਸੁਣਨ, ਪੜ੍ਹਨ, ਵਖਾਨਣਹਾਰੇ ਸਭ ਕਿਰਤ ਕਿਰਤ ਹੋ ਗਏ। ਅਤੇ ਖੀਵੇ ਮਤਵਾਲੜੇ ਹੋਇਕੈ ਸਚੇ ਪ੍ਰੀਤਮ ਦੇ ਮਹਿਲੀਂ ਜਾਇ ਪ੍ਰਾਪਤਿ ਹੋਏ। ਸੱਚ ਹੱਕ ਹਕੀਕੀ ਮਾਸ਼ੂਕੜੇ ਦੀ ਇਸ਼ਕ ਮੰਜ਼ਲੀ ਜਾ ਪੁਗ ਖਲੋਏ। ਯਥਾ ਗੁਰਵਾਕ :—

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥
ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥
ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਪੰਨਾ੧੫-੧੬
ਸਿਰੀ ਰਾਗੁ ਮਹਲਾ ੧

ਹਾਂ ਜੀ! ਸਚੇ ਦੇ ਦਰਬਾਰ ਵਿਚਿ ਸਮਾਈ ਤਿਸ ਦੀ ਹੁੰਦੀ ਹੈ, ਜਿਸ ਨੂੰ ਸੱਚ ਦੀ ਖ਼ਮੀਰ ਵਾਲਾ ਪਦਾਰਥ ਮਿਲ ਜਾਏ। ਉਹ ਸੱਚ, ਸੱਚ-ਪਦਾਰਥੁ ਨਾਮੁ ਹੈ, ਜੋ ਸਤਿਗੁਰੂ ਸਚੇ ਪਾਤਸਾਹ ਨੇ ਸਚੇ ਵਾਹਿਗੁਰੂ ਦੀ ਸਚੀ ਦਰਗਾਹੋਂ ਲਿਆਂਦਾ, ਕਲਜੁਗੀ

ਜੀਵਾਂ ਦੀ ਸਚੀ ਕਲਿਆਨ ਨਮਿਤ। ਤਾਂਤੇ ਗੁਰਬਾਣੀ ਵਿਖੇ ਜਿਥੇ ਕਿਤੇ ਭੀ 'ਸਚੁ' ਪਦ ਆਉਂਦਾ ਹੈ ਤਿਸ ਤੋਂ ਮੁਰਾਦ ਨਾਮੁ ਤੋਂ ਹੁੰਦੀ ਹੈ ਯਾ ਨਾਮੀ ਵਾਹਿਗੁਰੂ ਤੋਂ। ਨਾਮ ਤੇ ਨਾਮੀ ਅਭੇਦ ਹੋਣ ਕਰਿ 'ਸਚੁ' ਪਦ 'ਨਾਮ' ਅਤੇ ਨਾਮੀ ਪਰਥਾਇ ਹੀ ਗੁਰਬਾਣੀ ਅੰਦਰਿ ਵਰਤਿਆ ਗਿਆ ਹੈ।

'ਸੱਚ ਦੇ ਆਨ ਮਤ ਮੁਤਲਾਸ਼ੀ 'ਸੱਚ' ਦੇ ਟੋਲਣ ਲਈ ਬਾਹਯ-ਮੁਖੀ ਤਲਾਸ਼ ਤਲਾਸ਼ਦੇ ਹਨ। ਤਿਨ੍ਹਾਂ ਦੀ ਇਹ ਤਲਾਸ਼ ਅਉਝੜੀਂ ਫਿਰਨ ਵਾਲੀ ਬੇਹੂਦਗੀ ਹੈ। ਕੋਈ ਕੁਦਰਤ ਦੇ ਪਸਾਰੇ ਵਿਚਿ 'ਸੱਚ' ਨੂੰ ਭਾਲਦਾ ਹੈ। ਕੋਈ ਦ੍ਰਿਸ਼ਟਮਾਨ ਕੁਦਰਤੀ ਨਜ਼ਾਰਿਆਂ ਵਿਚਿ 'ਸੱਚ' ਨੂੰ ਟੋਲਦਾ ਹੈ। ਕੋਈ ਬਨਾਂ ਕੰਦਰਾਂ ਪਹਾੜਾਂ ਵਿਚਿ 'ਸੱਚ' ਦੀ ਲਭਤਾ ਲਈ ਪਰੇਸ਼ਾਨ ਫਿਰਦਾ ਹੈ। ਕੋਈ ਡੂੰਗਰ, ਥਲਾਂ, ਜੰਗਲਾਂ ਵਿਚਿ 'ਸੱਚ' ਨੂੰ ਢੂੰਡਣ ਦੀ ਸਿਰ-ਖਪਾਈ ਕਰਦਾ ਹੈ ਇਸ ਪ੍ਰਕਾਰ ਮਨੋ ਮਈ ਕਿਆਸਾਂ ਖਬਤਾਂ ਵਿਚਿ ਹਰ ਕੋਈ ਖਪਿ ਖਪਿ ਮਰਦਾ ਹੈ। ਪ੍ਰੰਤੂ ਮੇਰੇ ਸਤਿਗੁਰੂ, ਹਾਦੀਏ ਦੋ ਜਹਾਨ ਨੇ ਆਪਣੇ ਸਿਖਾਂ ਮੁਰੀਦਾਂ ਨੂੰ ਬਾਹਰ ਦੀਆਂ ਢੂੰਡਾਂ ਤੋਂ ਛੁਡਾਇਆ, ਘਰ ਹੀ ਮਾਹਿ, ਆਹਾ! ਘਟ ਹੀ ਮਾਹਿ 'ਸੱਚ' ਨੂੰ ਪਰਤੱਖ ਦਿਖਾਇਆ। ਜਿਸ ਵਡਭਾਗੇ ਗੁਰਸਿੱਖ ਨੇ ਗੁਰ-ਦੀਖਿਆ ਦੁਆਰਾ ਨਿਜ ਘਟ ਅੰਦਰੇ ਅੰਦਰਿ 'ਸੱਚੁ' ਦਾ ਸਪੇਖਸ਼ ਨਜ਼ਾਰਾ ਦੇਖਿਆ, ਉਹ ਬੇਹੱਦ ਖ਼ੁਸ਼ੀ ਵਿਚ ਗੱਦ ਗੱਦ ਹੋ ਕੇ ਉਛਲ ਉਠਿਆ ਅਤੇ ਢੰਡੋਰਾ ਦੇਣੋਂ ਨਹੀਂ ਰੁਕ ਸਕਿਆ :

ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ ॥
ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥੧॥੧੭॥ ਪੰਨਾ ੪੨੦
ਆਸਾ ਮਹਲਾ ੧

ਆਹਾ! ਜਿਸ ਨੇ ਗੁਰ ਪ੍ਰਸਾਦ ਕਰਿ ਅੰਦਰੋਂ ਹੀ, ਘਟ ਅੰਦਰੋਂ ਹੀ, ਘਰ ਵਿਚੋਂ ਹੀ ਸੱਚ ਨੂੰ ਲੱਭ ਲਿਆ, ਉਸਦੀ ਇਹ ਅਤ ਅਨੂਠੀ ਬਿਗਲ ਬੋਲਾਰ ਝੂਠੀ ਨਹੀਂ, ਬਿਰਥੀ ਨਹੀਂ ਕਿ ਹੁਣ ਜੰਗਲਾਂ ਵਿਚ ਜਾ ਕੇ ਢੂੰਡਣ ਵਿਚ ਕੀ ਪਿਆ ਹੈ, ਕਾਹਨੂੰ ਜੰਗਲ ਢੂੰਡਣੇ ਹਨ, ਮੇਰੇ ਘਰ ਘਟ ਅੰਦਰ ਹੀ ਬਨ ਉਪਬਨੀ ਸਚ-ਜੋਤਿ-ਵਿਗਾਸੀ ਬਾਗ਼ ਬਗੀਚਾ ਲਹਿ-ਲਹਾ ਉਠਿਆ ਹੈ, ਹਰਿਆ ਭਰਿਆ ਹੋ ਗਿਆ ਹੈ।† "ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ"। ਦਿਬ-ਜੋਤਿ-ਜਲਵਨਾ ਸੱਚ ਘਟ-ਰੂਪੀ ਘਰ ਮਾਂਹਿ ਹੀ ਆਨਿ ਪ੍ਰਗਟ ਹੋਇਆ ਅਤੇ ਰਸ-ਜੋਤਿ-ਰਤੰਨਾ ਸਚੁ ਘਰ ਵਿਖੇ ਹੀ ਆਨਿ ਟਿਕਿਆ ਅਤੇ ਤਿਸ ਸੱਚ, ਘਟ ਪ੍ਰਗਟੰਨੇ ਸੱਚ ਵਿਖੇ ਹੀ ਮੇਰੀ ਟੇਕ ਹੋ ਗਈ ਹੈ। ਇਸ ਜਲਵ ਜਲਾਲੀ, ਜੋਤਿ ਜਮਾਲੀ ਸੱਚ ਦਾ ਘੱਟ ਵਿਖੇ ਆਇ ਪ੍ਰਗਟ ਹੋਣਾ, ਘਰ ਵਿਖੇ ਆਇ ਟਿਕਣਾ ਇਸ ਭਾਨਾਂ ਭਾਨ ਸੱਚ ਵਿਖੇ ਗੁਰਸਿਖ ਜਗਿਆਸੂ ਦੀ ਟੇਕ ਹੋ ਜਾਣਾ, ਗੁਰ ਸ਼ਬਦ ਗੁਰਮੰਤ੍ਰ ਦੇ ਪ੍ਰਤਾਪ ਕਰਿ ਹੀ ਹੈ। ਗੁਰ ਸ਼ਬਦ ਗੁਰ ਦੀਖਿਅਤ ਮੰਤ੍ਰ ਦੀ ਕਮਾਈ ਦੀ ਚੁੰਭਕ ਪਾਰਸ ਕਲਾ ਦੇ ਤੁਫ਼ੈਲ ਅਚੰਭਾ ਇਹ ਹੁੰਦਾ ਹੈ ਕਿ ਇਸ ਗੁਰਮਤਿ ਖੋਜ ਢੂੰਡ

† ਸਲੋਕ ਮ: ੪—੮੪੯

ਤਲਾਸ਼ ਨੂੰ ਸੱਚ ਮਿਲਾਪ ਬਹੁਤ ਉਤਾਵਲਾ ਹੋ ਕੇ ਮਿਲਦਾ ਹੈ। ਬਹਿਰੰਗੀ (ਬਾਹਰ ਦੇ) ਸੱਚ ਮੁਤਲਾਸ਼ੀਆਂ ਵਾਂਗੂੰ ਲੰਮੀਆਂ ਤੇ ਬਿਰਥੀਆਂ ਖੋਜਾਂ ਵਿਚਿ ਗਲਤਾਨ ਨਹੀਂ ਹੋਣਾ ਪੈਂਦਾ। ਘਟਿ ਮੇਲ ਮਿਲੇ ਸੁਭਾਗ ਮੁਤਲਾਸ਼ੀਆਂ ਸ਼ਬਦ-ਅਭਿਆਸੀਆਂ ਨੂੰ ਸੱਚ ਦਾ ਘਟਿ ਚਮਤਕਾਰ ਹੋਣ ਕਰਿ ਰਸ ਵਿਗਾਸ ਮਈ ਸ਼ਬਦ ਅਭਿਆਸ ਦੀ ਐਸੀ **ਟੇਵ-ਟਿਵਾਸ** ਹੋ ਜਾਂਦੀ ਹੈ ਕਿ ਜੋਤਿ ਉਜਿਆਰਿ ਸ਼ਬਦ- ਰਸੀਆ ਇਸ ਟੇਵ ਨੂੰ ਛੱਡ ਨਹੀਂ ਸਕਦਾ, ਦਿਨੋ ਦਿਨ ਪਲੋ ਪਲ ਦੂਣ ਸਵਾਏ ਰਸ ਅਭਿਆਸ ਵਿਚਿ ਅਰੂੜ ਹੋ ਜਾਂਦਾ ਹੈ। ਜਿਸ ਦਾ ਪਾਰਸ ਪ੍ਰਤਾਪੀ ਫਲ ਇਹ ਹੁੰਦਾ ਹੈ ਕਿ ਘਟ ਵਿਚਿ ਆਇ ਟਿਕੇ (ਪ੍ਰਗਟੇ) ਸੱਚ ਦੀ ਟੇਕ ਪਸਰੇਕ ਕੇਵਲ ਘਟ ਅੰਦਰੇ ਹੀ ਨਹੀਂ ਰਹਿੰਦੀ, ਬਲਕਿ† "ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ॥ ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ" ਗੁਰਵਾਕ ਦੇ ਭਾਵ ਵਾਲੀ ਅਤਿ ਅਸਚਰਜ ਖੇਲ ਵਰਤ ਜਾਂਦੀ ਹੈ। ਪ੍ਰਿਥਮ ਸਚ-ਜੋਤਿ- ਪ੍ਰਕਾਸ਼ ਦਾ ਘਟ ਅੰਤਰੇ ਹੀ ਪੇਖਣਹਾਰਾ ਗੁਰਮੁਖ ਫਿਰ ਬਰਮਲਾ (ਅਲਲ ਇਲਾਨੀਆ) ਪੁਕਾਰ ਉਠਦਾ ਹੈ, ਸ਼ਾਹਦੇ ਹਾਲ ਹੋ ਕੇ ਸਾਖਾ ਭਰਦਾ ਹੈ ਕਿ ਹੁਣ ਮੈਂ ਤਿਸ ਸੱਚ ਦੇ ਪ੍ਰਕਾਸ਼ ਨੂੰ ਕੇਵਲ ਘਟ ਅੰਦਰ ਹੀ ਨਹੀਂ ਦੇਖਦਾ, ਬਲਕਿ ਅੰਦਰ, ਬਾਹਰ, ਆਲੇ ਦੁਆਲੇ, ਚਾਰ ਚੁਫੇਰੇ, ਧਰਤ, ਪਾਤਾਲ, ਅਕਾਸ਼ ਵਿਖੇ ਸਾਰੇ ਹੀ ਜਿਥੇ ਜਿਥੇ ਭੀ ਗੁਰਪ੍ਰਸਾਦਿ ਪ੍ਰਾਪਤਿ ਹੋਈ ਦਿਬ ਦ੍ਰਿਸ਼ਟਿ ਦੁਆਰਾ ਨਜ਼ਰ ਮਾਰਦਾ ਹਾਂ ਤਾਂ ਤਿਸੇ ਸੱਚ ਦੇ ਪ੍ਰਕਾਸ਼ ਨੂੰ ਹੀ ਸਾਂਗੋ ਪਾਂਗ ਪੇਖਦਾ ਹਾਂ। ਐਥੋਂ ਤਾਈਂ ਕਿ ਗੁਰ ਕੀ ਕਾਰ, ਗੁਰ ਦ੍ਰਿੜ੍ਹਾਈ ਕਾਰ, ਗੁਰਪ੍ਰਸਾਦੀ ਪ੍ਰਾਪਤਿ, ਦ੍ਰਿੜ੍ਹ ਹੋਈ ਕਾਰ ਨੂੰ ਕਮਾ ਕੇ 'ਸਚੁ' ਰੂਪੀ ਸਚੇ ਦਾ ਸੱਚਾ ਮਹਲੁ ਭੀ ਪਛਾਣ ਲਈਦਾ ਹੈ। ਗੁਰ ਸਬਦ ਅਭਿਆਸ ਦੀ ਸੱਚ ਕਮਾਈ ਦਾ ਏਹ ਸੱਚਾ ਪ੍ਰਤਾਪ ਵਰਤਦਾ ਹੈ ਕਿ ਸੱਚ ਮਹਲੀ ਮਹਲ ਰਸਾਈ ਹੋ ਜਾਂਦੀ ਹੈ। ਇਸ ਪਦ ਪ੍ਰਾਪਤ ਹੋ ਕੇ ਭਰਮ- ਤਾਕ ਖੁਲ੍ਹਦੇ ਹਨ ਕਿ ਇਹ 'ਸਚੁ' ਸੱਚਮੁਚ ਸੱਚਾ 'ਵਾਹਿਗੁਰੂ' ਹੀ ਹੈ। ਵਾਹਿਗੁਰੂ ਬਿਨਾਂ ਹੋਰ ਸੱਚ ਕੋਈ ਨਹੀਂ। ਵਾਹਿਗੁਰੂ ਆਪ ਅਤੇ ਵਾਹਿਗੁਰੂ ਨਾਮ ਹੀ ਤੱਤ ਸੱਚ ਹੈ। ਸੱਚ ਮੁਚ ਇਸ ਸਰੂਪ ਲਖਸ਼ਣੀ ਅਰਥਾਂ ਵਿਚਿ ਹੀ ਸਾਰੇ ਗੁਰਬਾਣੀ ਵਿਖੇ ਸੱਚ ਦਾ ਵਰਨਣ ਵਿਸਥਾਰ ਹੈ। ਸਚਾ ਵਾਹਿਗੁਰੂ ਇਸ ਆਪਣੇ ਸੱਚ ਸਰੂਪ ਨੂੰ ਆਪਣੀ **ਕਿਰਪਾ** ਕਰਿ ਮਿਲਾਵੇ ਤਾਂ ਮਿਲਾਵੇ, ਆਪੋਂ ਕੋਈ ਨਹੀਂ ਮਿਲ ਸਕਦਾ, **ਗੁਰਪ੍ਰਸਾਦ** ਕਰਿ ਹੀ ਮਿਲਦਾ ਹੈ। ਜਿਸ ਗੁਰਮੁਖ ਜਨ ਉਤੇ ਸੱਚ ਸਰੂਪ ਵਾਹਿਗੁਰੂ ਸੱਚਾ ਆਪਿ ਤੁਠਦਾ ਹੈ, ਤਿਸ ਨੂੰ ਸਚਾ ਸਤਿਗੁਰੂ ਮਿਲਾਉਂਦਾ ਹੈ। ਸਚੇ ਸਤਿਗੁਰੂ ਦੇ ਪ੍ਰਸਾਦ ਕਰਿ ਇਸ ਨੂੰ ਗੁਰਮੰਤ੍ਰਿ ਗੁਰ ਦੀਖਿਆ ਮਿਲਦੀ ਹੈ। ਤਿਸ ਗੁਰ ਦੀਖਿਆ ਦੀ ਗੁਰ ਨਦਰ ਮਿਹਰਾਵਲੀ ਕਮਾਈ ਜੋਈ ਗੁਰਮੁਖ ਜਨ ਕਰਦਾ ਹੈ, ਸੋਈ ਉਪਰ ਦਰਸਾਏ ਸੱਚ ਮੇਲ ਨੂੰ ਮਿਲਦਾ ਹੈ। ਇਸ ਬਿਧਿ ਸੱਚ ਨੂੰ ਮਿਲਿਆਂ ਸੱਚ ਦੀ ਪ੍ਰਤੀਤ, ਸ਼ਰਧਾ ਭਾਵਨੀ ਆਂਵਦੀ ਹੈ ਅਤੇ ਸਦਾ ਸੱਚੀ ਹੁਕਮ-ਰਜ਼ਾਇ ਚਲਿਆਂ, ਸਚੇ ਦੀ ਸੱਚ ਅਤੁਟ ਅਭਿਆਸ ਕਮਾਈ ਕਰਦਿਆਂ, ਸੱਚੇ ਪ੍ਰੀਤਮ ਵਾਹਿਗੁਰੂ ਮਾਅਸ਼ੂਕ, ਮਹਿਬੂਬ ਦੇ **ਅੰਕ** ਵਿਚਿ ਸਮਾਇ ਕੇ ਸਚੇ ਵਸਲ ਮਿਲਾਪ ਦਾ ਅਨੰਦ ਮਾਣਦਾ ਹੈ, ਯਥਾ † "ਆਪਿ ਮਿਲਾਵੈ ਸਚੁ ਤਾ ਮਨਿ ਭਾਵਈ॥ ਚਲੈ ਸਦਾ ਰਜਾਇ

† ਆਸਾ ਮ: ੧—੪੨੦

ਅੰਕਿ ਸਮਾਵਈ ॥" ਇਹ ਸੱਚ ਦੇ ਮਿਲਣ ਦਾ ਸੁਆਦ ਹੈ। ਇਹ ਸੱਚ ਦੀ ਸੱਚੀ ਸਰੂਪ-ਲਖਤਾ ਦਾ ਸੱਚਾ ਦਰਸ-ਅਹਿਲਾਦ ਹੈ। ਇਸ ਲਖਤਵੀ ਪਦ ਪ੍ਰਾਪਤਿ ਹੋਇ ਇਹ ਗੁੰਝਲ ਖੁਲ੍ਹਦੀ ਹੈ ਕਿ 'ਸੱਚੁ' ਜੋ ਹੈ, ਉਹ ਸਚਾ ਸਾਹਿਬ ਹੈ। ਸੱਚਾ ਸਾਹਿਬ ਹੀ ਆਪ ਸੱਚ ਸਰੂਪਾ ਹੈ। ਇਹ 'ਸੱਚੁ' ਰੂਪੀ ਸੱਚਾ ਸਾਹਿਬ ਜਿਸ ਗੁਰਮੁਖ ਜਨ ਦੇ ਹਿਰਦੇ ਘਟ ਅੰਦਰਿ ਇਕ ਵਾਰ ਵਸਿ ਗਿਆ, ਜਿਸ ਗੁਰਮੁਖ ਜਨ ਨੇ ਗੁਰ ਪ੍ਰਸਾਦ ਕਰਿ ਇਸ 'ਸਚੁ', ਸਚੇ ਸਾਹਿਬ ਵਾਹਿਗੁਰੂ ਨੂੰ ਮਨ ਵਿਖੇ ਵਸਾਇ ਪ੍ਰਗਟਾਇ ਲਿਆ, ਤਿਸ ਗੁਰਮੁਖ ਜਨ ਦੇ ਅੰਤਰਿ ਆਤਮੇ ਫਿਰ ਇਹ ਸਚਾ ਸਾਹਿਬ ਸਦਾ ਵਸਿਆ ਹੀ ਰਹਿੰਦਾ ਹੈ। ਬਸ ਜਿਸ ਦੇ ਹਿਰਦੇ ਵਿਖੇ ਵਾਹਿਗੁਰੂ ਵਸ ਗਿਆ, ਤਿਸੈ ਨੂੰ ਸੱਚ ਪ੍ਰਗਾਸ ਵਿਗੱਸ ਗਿਆ। ਸਚੇ ਸਾਹਿਬ ਦੇ ਇਸ ਵਿਗਾਸ ਦੀਆਂ ਵਡਿਆਈਆਂ ਜਿਸ ਨੂੰ ਇਕ ਵਾਰ 'ਸਚੁ' ਸਚਾ ਸਾਹਿਬ ਆਪ ਦਿੰਦਾ ਹੈ, ਫੇਰ ਹੋਰ ਤੋਂ ਹੋਰ ਵਧੇਰੇ ਵਿਗਾਸ ਵਿਚਿ ਦਿੰਦਾ ਹੀ ਰਹਿੰਦਾ ਹੈ। ਤਿਸ ਵਿਗਾਸ ਦੀ, ਤਿਸ ਵਡਿਆਸ ਵਿਗਾਸ ਦੀ, ਅਥਵਾ, ਵਿਗਾਸ ਵਡਿਆਈ ਦੀ ਫੇਰ ਤੋਟ ਕਦੇ ਨਹੀਂ ਆਂਵਦੀ। ਯਥਾ ਗੁਰਵਾਕ :

ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ ॥
ਆਪੇ ਦੇ ਵਡਿਆਈਆ ਦੇ ਤੋਟਿ ਨਾ ਹੋਈ ॥੩॥੧੭॥ ਪੰਨਾ ੪੨੦
ਆਸਾ ਮਹਲਾ ੧

ਅਬੇ ਤਬੇ ਦੀ ਚਾਕਰੀ ਕੀਤਿਆਂ ਇਹ ਵਡਿਆਈ ਨਹੀਂ ਮਿਲਦੀ। ਨਾਹੀਂ ਸੱਚ ਮਹਲੀਂ ਵਾਸਾ ਹੁੰਦਾ ਹੈ। ਸੱਚੀ ਦਰਗਾਹ ਵਾਸਾ ਤਦੇ ਹੁੰਦਾ ਹੈ, ਜੇ ਸਚੇ ਦਾ, ਕੇਵਲ ਸਚੇ ਦਾ ਹੀ ਬਣ ਰਹੇ। ਸਚੇ ਦਾ ਹੀ ਸੱਚ ਮੁਤਲਾਸ਼ੀ ਹੋਇ ਰਹੇ। ਸਤਿਗੁਰੂ ਦਾ ਅਨਿੰਨ ਗੁਰਮੁਖ ਸਿਖ ਬਣ ਕੇ ਹੀ ਇਸ 'ਸੱਚ' ਦੀ ਲਭਤਾ ਹੁੰਦੀ ਹੈ। ਗੁਰਮਤਿ ਮਾਰਗ ਤੇ ਚੱਲ ਕੇ, ਸਤਿਗੁਰੂ ਦੀ ਸੱਚੀ ਬੇੜੀ ਚੜ੍ਹ ਕੇ ਹੀ, 'ਸਚੁ' ਟੋਲ ਥਾਂਇ ਪੈਣ ਕਰਿ ਪਾਰ-ਉਤਾਰਾ ਹੁੰਦਾ ਹੈ। ਸਤਿਗੁਰੂ ਦੇ ਸਚੇ ਪਾਰ-ਉਤਾਰਨੀ ਬੇੜੇ ਬਾਝੋਂ ਹੋਰ ਸਭ ਪੱਥਰ ਦੀਆਂ ਬੇੜੀਆਂ ਹੀ ਹਨ, ਜੋ ਆਪ ਭੀ ਡੁਬ ਜਾਂਦੀਆਂ ਹਨ ਅਤੇ ਸਾਰੇ ਪੂਰ ਨੂੰ ਭੀ ਡੋਬ ਦਿੰਦੀਆਂ ਹਨ, 'ਸਚੁ' ਦੀ ਤਾਂ ਕੀ ਪਰਾਪਤੀ ਹੋਣੀ ਸੀ। ਗੁਰਵਾਕ—

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥
ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥ ਪੰਨਾ ੪੨੦
ਆਸਾ ਮਹਲਾ ੧

ਸਤਿਗੁਰ ਬੇੜੇ ਚੜ੍ਹ ਕੇ ਪਾਰ ਪਵੰਦੜਿਆਂ ਦੀਆਂ ਘਾਲ ਕਮਾਈਆਂ ਇਹ ਹੁੰਦੀਆਂ ਹਨ—

ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥
ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥੧੭॥ ਪੰਨਾ ੪੨੦
ਆਸਾ ਮਹਲਾ ੧

ਆਹਾ ! ਕੇਹੀ ਅਲੌਕਿਕ ਘਾਲਨਾ ਹੈ ਗੁਰਮੁਖਾਂ ਦੀ। ਸਤਿਗੁਰੂ ਵਿਟਹੁ ਸੀਸ ਅਰਪਣਹਾਰਿਆਂ ਅਤੇ ਆਪਨੜਾ ਮਨ ਵੇਚਣਹਾਰਿਆਂ ਗੁਰਮੁਖਾਂ ਨੂੰ 'ਸਚੁ' ਵਥੁ ਦੀ ਸੱਚੀ ਪਛਾਣ ਹੁੰਦੀ ਹੈ। ਤਿਨ੍ਹਾਂ ਨੂੰ ਹੀ ਆਪਨੜੇ ਘਟ ਰੂਪੀ ਘਰ ਦੀ ਸੱਚੀ ਭਾਲ ਟੋਲ ਕਰ ਕੇ 'ਸਚੁ ਵਖਰੁ' ਦੀ ਪ੍ਰਾਪਤੀ ਹੁੰਦੀ ਹੈ। ਸਿਰੋਂ ਪ੍ਰੰਦ ਹੋ ਕੇ ਤੇ ਸਤਿਗੁਰੂ ਪ੍ਰਾਇਣ ਹੋ ਕੇ ਕੇਵਲ ਸਤਿਗੁਰੂ ਦੇ ਹੀ ਬਣ ਕੇ, ਅਤੁਟ ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ ਹੀ 'ਸਚੁ' ਦਾ ਪਰਕਾਸ਼ ਹੁੰਦਾ ਹੈ ਅਤੇ ਸੱਚ ਘਰ ਵਿਖੇ ਨਿਵਾਸ ਹੁੰਦਾ ਹੈ।

ਆਮ ਫ਼ਹਿਮ ਇਖ਼ਲਾਕੀ ਫ਼ਿਲਸਫ਼ਾ ਮੁਠੇ ਫ਼ਿਲਾਸਫ਼ਰਾਂ ਦਾ ਫ਼ਹਿਮੀ 'ਸੱਚ', ਝੂਠ ਦੇ ਮੁਕਾਬਲੇ ਵਿਚ ਸੱਚ ਬੋਲਣਾ ਹੀ ਹੈ। ਕੂੜ ਬੋਲਣ, ਝੂਠ ਤੋਂ ਉਲਟ ਜੋ ਸਚ ਬੋਲਣਾ ਹੈ, ਇਸੇ ਨੂੰ ਹੀ 'ਸੱਚ' ਸਮਝਿਆ ਜਾਂਦਾ ਹੈ। ਆਮ ਲੋਕੀ ਇਸ ਲੌਕਿਕ ਸਮਝ ਵਾਲੇ 'ਸੱਚ' ਤੋਂ ਬਿਨਾਂ ਹੋਰ ਕੁਝ ਭੀ ਨਹੀਂ ਜਾਣਦੇ ਕਿ ਇਸ ਤੋਂ ਉਪਰ ਹੋਰ ਭੀ ਕੋਈ 'ਸਚੁ' ਹੈ। ਪਰ ਤੱਤ ਵਿਲੱਖਣੀ 'ਸਚੁ' ਸੋ ਹੈ ਜੋ ਕੇਵਲ ਗੁਰਮਤਿ ਅੰਦਰ ਹੀ, ਕੇਵਲ ਗੁਰਬਾਣੀ ਅੰਦਰ ਹੀ ਨਿਰਣਾਇਆ ਗਿਆ ਹੈ। ਏਸ 'ਸੱਚੁ' ਨੂੰ ਕੋਈ ਹੋਰ ਮੱਤ ਮਤਾਂਤਰੀ ਨੇਤਾ ਜਾਂ ਆਗੂ ਨਹੀਂ ਪਾ ਸਕਿਆ। ਨਾ ਕੋਈ ਅੱਤ ਉਚ ਦਿਮਾਗੀਆ ਜਗਤ ਪਰਸਿਧ ਜਾਨਿ ਜਾਣਾਇ ਸਕਿਆ ਹੈ। ਆਮ ਲੋਕਾਂ ਨੇ ਤਾਂ ਕੀ ਜਾਣ ਸਕਣਾ ਸੀ, ਪਛਮੀ ਪੜ੍ਹਾਈਆਂ ਦੀ ਅੰਧ ਪੜ੍ਹਾਈ ਦੀ ਤਿਮਰਤਾ ਵਿਚ ਪੜ੍ਹੇ ਹੋਏ ਅਤੇ ਆਨਮਤ ਫਿਲਾਸਫੀਆਂ ਦੇ ਮੁਠੇ ਹੋਏ ਸਿੱਖੀ ਦੇ ਦਾਅਵੇਦਾਰ ਪ੍ਰੋਫੈਸਰ ਤੇ ਰੀਫ਼ਾਰਮਰ ਭੀ ਨਹੀਂ ਜਾਣ ਪਛਾਣ ਸਕੇ, ਕਿ ਤੱਤ ਗੁਰਮਤਿ 'ਸਚੁ' ਕੀ ਹੈ ਤੇ ਕਿਹੜਾ ਹੈ। ਉਹਨਾਂ ਦੀ ਖ਼ੁਦ ਖ਼ਿਆਲੀਏ ਵਹਿਣਾਂ ਕੁਵਹਿਣਾਂ ਵਿਚ ਪਈ ਹੋਈ ਬੁੱਧੀ ਗੁਰਬਾਣੀ ਅੰਦਰ ਲਖਾਏ 'ਸਚੁ' ਦੇ ਸਤਿ ਅਰਥਾਂ (ਮਾਇਨਿਆਂ) ਦੀ ਤੱਤ ਮਹੱਤਤਾ ਨੂੰ ਦਿਮਾਗੀ ਪਕੜ ਵਿਚ ਹੀ ਨਹੀਂ ਲਿਆ ਸਕਦੀ (grasp ਨਹੀਂ ਕਰ ਸਕਦੀ), ਸਗੋਂ ਵਿੰਗੇ ਟੇਢੇ ਭਾਵਾਂ ਨੂੰ ਜਕੜ ਕੇ ਬੈਠੀ ਹੋਈ ਹੈ। ਦੇਖੋ ਅਗਲੇ ਗੁਰਵਾਕ ਅੰਦਰ 'ਸਚੁ' ਦਾ ਕੈਸਾ ਅਨੂਪਮ ਨਿਰਣਾ ਕੀਤਾ ਹੈ। ਯਥਾ :—

ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥
ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥ ੧ ॥
ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥
ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥੧ ॥ ਰਹਾਉ ॥
ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥
ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥ ੨ ॥
ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥
ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥ ੩ ॥
ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥
ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥ ੪ ॥

ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮ ਸੇਇ ॥
ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥ ੫ ॥
ਸਚੇ ਸਚਾ ਨੇਹੁ ਸਚੈ ਲਾਇਆ ॥
ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥੬॥
ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥
ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥
ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥
ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥ ਪੰਨਾ ੪੨੨
ਆਸਾ ਮਹਲਾ ੧

ਸੁਬਹਾਨ ! ਧੰਨ ਗੁਰੂ ਨਾਨਕ !! ਕਿਆ ਸੁੰਦਰ ਅਤਿ ਚੁਲੰਭਲ 'ਸੱਚ' ਦਾ ਨਿਰਣਾ ਇਸ ਗੁਰ ਵਾਕ ਅੰਦਰਿ ਨਿਰੂਪਨ ਹੋਇਆ ਹੈ। ਵਾਹੁ ! ਵਾਹੁ !! "ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ।"

'ਸੱਚ' ਦਾ ਵਖਾਨਣਾ ਹਰਿ ਰੰਗ ਰਤੇ ਵਾਹਿਗੁਰੂ ਨਾਮਿ ਰਤੇ ਗੁਰਮੁਖਾਂ ਦੇ ਮਨ ਨੂੰ ਹੀ ਸਫੁਰਨ ਬਿਸਿਮੁਰਨ ਹੁੰਦਾ ਹੈ । ਨਾਮ-ਰੰਗੇ ਗੁਰਮੁਖਾਂ ਦੇ ਮਨ ਹੀ ਵਾਸਤਵੀ 'ਸਚੁ' ਬੋਲਣਾ ਜਾਣਦੇ ਹਨ । ਨਾਮੋਂ ਘੁੱਥੇ ਮਾਇਆ ਆਲਾਇਸ਼ੀ ਮਨ, ਕੂੜ ਲਪਟਾਇਸ਼ੀ ਮਨ ਇਸ 'ਸੱਚੁ' ਦੀ ਸਾਰ ਕੀ ਜਾਨਣ, ਸਚਮੁਚ *"ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ" ਦੇ ਭਾਵ ਅਨੁਸਾਰ ਨਾਮ ਬਿਨਾਂ ਹੋਰ ਗਲਾਂ ਬਾਤਾਂ ਸਭ ਕੂੜੀਆਂ ਹਨ । ਨਾਮ ਦੇ ਬੋਲ ਬਿਨ ਸਭ ਬੋਲ- ਕੁਬੋਲ ਕੂੜਾਵੇ ਬੋਲ ਹੀ ਹਨ । ਨਾਮ ਦੀ ਭਾਖਿਆ ਬਿਨਾਂ ਹੋਰ ਕੁਛ ਮੁਖੋਂ ਭਾਖਣਾ ਆਖਣਾ ਸਭ ਕੂੜ ਕੁਸੱਤ ਵਿਚਿ ਹੀ ਦਾਖਲ ਹੈ । ਮੁਖੋਂ ਕੇਵਲ ਨਾਮ ਦਾ ਭਾਖਣਾ, ਨਾਮ ਦਾ ਆਖਣਾ, ਵਿਆਖਣਾ ਵਖਾਨਣਾ ਹੀ 'ਸੱਚ' ਬੋਲਣਾ ਹੈ । ਇਸ 'ਸਚੁ' ਬੋਲ ਤੋਂ ਬਿਨਾ ਮੁਖ ਭਾਖਣੀ ਬੋਲ ਸਭ ਕੂੜ ਹੈ । ਨਾਮ ਤੋਂ ਬਿਨਾ ਵਖਾਨਿਆ ਉਚਰਾਨਿਆ ਹੋਰ ਸਭ ਬੋਲ ਉਚਾਰਨ ਨਿਰਾ ਕੂੜ ਪਰਚਾਰਨ ਹੀ ਹੈ, ਹੋਛੀ ਗੱਲ ਗਾਲਾਰਨ ਹੀ ਹੈ । ਨਾਮ ਬਿਨਾਂ ਮੁਖੋਂ ਉਚਾਰੀਆਂ ਹੋਰ ਗੱਲਾਂ ਹੀ ਹੋਛੀਆਂ ਅਤੇ ਬੇਹੂਦਾ ਨਹੀਂ, ਬਲਕਿ ਨਾਮ ਬਿਨਾਂ ਖ਼ਿਆਲੇ ਖ਼ਿਆਲ ਭੀ ਆਲੂਦਾ ਹਨ ।† "ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ" ਦੁਨਿਆਵੀ ਲੋਕਾਂ ਦਾ ਸਚ ਬੋਲਣਾ ਭੀ ਕੂੜ ਆਲੂਦਗੀ ਬੇਹੂਦਗੀ ਦੇ ਮਾਅਨੇ ਰਖਦਾ ਹੈ । ਜਿਸ ਬੋਲ ਵਿਚਿ ਨਿਰਮੋਲਿਆ 'ਸੱਚ' ਨਹੀਂ, ਉਹ ਸਭ ਕੂੜ ਕੁਸਚੁ ਹੈ । ਨਾਮ ਬਿਨਾ ਹੋਰ ਸੱਚ ਹੈ ਹੀ ਨਹੀਂ । ਕੇਵਲ ਨਾਮ ਰੂਪੀ ਸੱਚ ਤੋਂ ਰੰਗਿਆ ਹੋਇਆ ਮਨ ਹੀ ਸੱਚ ਵਖਾਨਣਹਾਰਾ ਮਨੁ ਹੈ । ਨਾਮ-ਰੰਗੇ ਮਨ ਅੰਦਰਿ ਹੀ ਕੂੜ ਆਲੂਦਗੀ ਰਹਿਤ ਸੱਚ ਦੇ ਖ਼ਿਆਲ ਉਪਜ ਸਕਦੇ ਹਨ । ਤੱਤ ਪਰਮਾਰਥੀ ਸੱਚ ਹੀ 'ਸਚੁ' ਹੈ । ਸੁਆਰਥੀ ਬਿਉਹਾਰਥੀ ਸੱਚ ਸਭ ਅਸੱਚ ਹੈ । ਏਹ ਪਰਮਾਰਥੀ ਤੱਤ ਸਚੁ ਕੇਵਲ ਨਾਮ ਹੈ । ਹਰਿ ਨਾਇ ਰਾਤੋ ਮਨੁ, ਗੁਰਮਤਿ ਨਾਮ ਰੰਗ ਰਤੜਾ ਮਨੁ, ਨਾਮ ਤੋਂ ਬਿਨਾਂ ਹੋਰ ਕੁਛ ਨਹੀਂ ਵਖਾਣਦਾ । ਵਖਾਣਦਾ ਹੈ ਤਾਂ ਨਾਮ ਹੀ ਵਖਾਣਦਾ ਹੈ । ਤਾਂ ਤੇ "ਸਚੁ ਵਖਾਣਿਆ" ਦਾ ਭਾਵ ਅਰਥ ਨਾਮੁ

*ਸੂਹੀ ਮ: ੫—੭੬੧, † ਮ: ੫—੧੦੯੭

ਵਖਾਣਿਆ ਹੀ ਹੈ । ਗੁਰਮੁਖ ਨਾਮ ਰੰਗ ਰਤੜੇ ਮਨੂਅੜੇ ਨਾਮ ਰੂਪ ਸੱਚ ਹੀ ਵਖਾਣਦੇ ਹਨ । ਅਜਪਾ ਜਾਪੀ ਟੇਰ ਵਿਚਿ ਵਖਾਣੀ ਜਾਂਦੇ ਹਨ । ਲੋਕੁ ਭਾਵੇਂ ਕੁਛ ਕਹਿਣ, ਹੱਸਣ ਭਾਵੇਂ ਮਖੌਲ ਕਰਨ ।

"ਤੇਰੀ ਭਗਤਿ ਨਾ ਛੋਡਉ ਭਾਵੈ ਲੋਗੁ ਹਸੈ" ‡ (ਗੁਰਵਾਕ) ਲੋਕਾਂ ਦੀ ਲਾਜ ਕੁਲਾਜ ਦੀ ਏਥੇ ਕੀ ਗੁੰਜਾਇਸ਼ ਹੈ? ਹੇ ਵਾਹਿਗੁਰੂ ! ਜਦੋਂ ਨਾਮ ਰੂਪੀ ਸੱਚ ਦਾ ਹੀ ਵਿਰਦ ਰਟਨ ਤੈਨੂੰ ਭਾਵੰਦਾ ਹੈ ਤਾਂ ਪਰਵਾਹ ਨਹੀਂ, ਲੋਕਾਂ ਨੂੰ ਏਹ ਭਾਵੇ ਯਾ ਨਾ ਭਾਵੇ । ਭਗਤਾਂ ਨੇ ਨਾਮ ਵਿਰਦ ਦੀ ਸੱਚੀ ਕਾਰ, ਲੋਕ ਲਜਾਵੇ ਦੀ ਕਨੌਡ ਦੇ ਅਧੀਨ ਹੋਇਆ, ਛਡ ਨਹੀਂ ਦੇਣੀ । ਸੱਚੀ ਕਾਰ ਜੁ ਏਹੋ ਹੋਈ । ਇਹੀ ਸਚੁ ਹੈ । ਹੋਰ ਸਭ ਕੂੜਾ ਧੰਦਾ ਹੈ । ਪਰ ਲੋਕੀ ਇਸ ਕੂੜਾਵੇ ਧੰਦੇ ਨੂੰ ਸੱਚ ਸਮਝੀ ਬੈਠੇ ਹਨ . ਅਤੇ ਨਾਮ ਰੂਪੀ ਸਚੁ ਵਖਾਨਣੀ ਵਿਰਦ ਜਾਪ ਨੂੰ ਐਵੇਂ ਕੂੜਾਵੀ ਬਿਰਥਾ ਕਾਰ ਹੀ ਜਾਣਦੇ ਹਨ । ਲੋਕਾਵੀ ਕੂੜ ਕੁਲਾਜ ਦੀ ਭਗਤਾਂ ਨੂੰ ਪਰਵਾਹ ਨਹੀਂ । "ਲੋਕਾਂ ਦਾ ਕਿਆ ਜਾਇ ਜਾ ਤੁਧੁ ਭਾਣਿਆ ॥" ਨਾਮ ਭਗਤਿ ਰੂਪੀ ਰੰਗ ਰੰਗੀਜਿਆ ਮਨੂਆ, ਸੱਚ ਦੇ ਰੰਗਾਂ ਵਿਚਿ ਰਤਿਆ ਮਨੂਆ ਕੂੜਾਵੀ ਲੋਕਕ ਲਾਜ ਕੁਲਾਜ ਤੋਂ ਬੇਲਾਗ ਹੈ । ਸੱਚ ਨਾਮ ਰੂਪੀ ਭਗਤਿ(ਨਾਮ) ਦਾ ਰਸ ਜਿਨ੍ਹਾਂ ਨੂੰ ਆ ਗਿਆ ਹੈ ਅਤੇ ਇਸ ਨਾਮ ਰੂਪੀ ਸੱਚ ਦਾ ਵਿਰਦ ਅਲਾਪ ਜਦ ਸਚੇ ਨੂੰ ਭਾ ਗਿਆ ਹੈ, ਸਚੇ ਨਾਮੀ ਵਾਹਿਗੁਰੂ ਨੂੰ (ਜਿਸ ਦਾ ਨਾਮ ਜਪੀਦਾ ਹੈ) ਸੁਖਾ ਗਿਆ ਹੈ, ਓਹ ਲੋਕਾਂ ਦਿਆਂ ਮੇਹਣਿਆਂ ਮਖੌਲਾਂ ਤੋਂ ਮੁੱਤਾਅਸਰ ਹੋ ਕੇ, ਨਾਮ ਰੂਪੀ ਸਚ ਅਲਾਉਣੋਂ ਕਦ ਝਿਜਕਦੇ ਹਨ ? ਸਗੋਂ "ਜਉ ਲਗੁ ਜੀਉ ਪਰਾਣ ਸਚੁ ਧਿਆਈਐ" ਵਾਲਾ ਸਿਦਕ ਭਰੋਸਾ ਓਹਨਾਂ ਦਾ ਹੋਰ ਦ੍ਰਿੜ੍ਹ ਹੋ ਜਾਂਦਾ ਹੈ । ਜਦੋਂ ਤਾਈਂ ਉਹਨਾਂ ਦੇ ਕਲੂਬ ਅੰਦਰ ਜੀਉ ਪਰਾਣ ਕਾਇਮ ਹਨ, ਓਹ ਸੱਚ ਨੂੰ ਧਿਆਈ ਜਾਂਦੇ ਹਨ । ਇਸ ਗੁਰਵਾਕ ਪ੍ਰੰਗਤੀ ਅੰਦਰਿ ਇਹ ਗੱਲ ਸਾਫ਼ ਸਪਸ਼ਟ ਹੋ ਗਈ ਹੈ ਕਿ "ਸਚੁ ਧਿਆਈਐ" ਤੋਂ ਭਾਵ 'ਨਾਮੁ ਧਿਆਈਐ' ਦਾ ਹੈ । 'ਨਾਮ' ਨੂੰ ਏਥੇ 'ਸਚੁ' ਕਰਕੇ ਵਰਨਣ ਕੀਤਾ ਹੈ ਅਤੇ ਹੋਰ ਭੀ ਅਨੇਕ ਥਾਂ ਸਚੁ ਪਦ ਨਾਮ ਪ੍ਰਥਾਇ ਹੀ ਗੁਰਬਾਣੀ ਅੰਦਰਿ ਵਰਤਿਆ ਗਿਆ ਹੈ । 'ਸਚੁ' ਦੇ ਨਾਲਿ 'ਧਿਆਈਐ' ਆਉਣਾ ਸਪਸ਼ਟ ਕਰਦਾ ਹੈ ਕਿ 'ਸਚੁ' ਤੋਂ ਮੁਰਾਦ 'ਨਾਮੁ' ਹੈ । ਬੋਲਣ ਵਾਲਾ, ਸਦਾ ਬੋਲਿਆ ਜਾਣ ਵਾਲਾ ਲੌਕਿਕ ਸੱਚ ਕਦੇ ਧਿਆਇਆ ਜਾਂਦਾ ਹੈ ? ਕਦੇ ਨਹੀਂ । ਧਿਆਉਣ ਤਾਂ ਨਾਮ ਦਾ ਹੀ ਫਬਦਾ ਹੈ । ਤਾਂ ਤੇ ਨਿਰਸੰਦੇਹ ਇਹ ਗੱਲ ਸਾਬਤ ਹੋ ਗਈ ਹੈ ਕਿ ਗੁਰਬਾਣੀ ਅੰਦਰ 'ਸਚੁ' ਪਦ ਨਾਮ ਦੇ ਨਾਲਿ ਅਭੇਦ ਹੈ, ਅਰਥ ਰੂਪ ਹੁੰਦਾ ਅਭੇਦ ਹੈ । ਏਥੇ ਸਚੁ ਪਦ ਤੋਂ ਪਰਮਾਰਥੀ ਸਚੁ ਕੇਵਲ ਨਾਮ ਤੋਂ ਹੀ ਮੁਰਾਦ ਹੈ । ਨਾਲ ਦੀ ਤੁਕ ਖ਼ੂਬ ਨਿਸਚਿਤ ਕਰਾਉਂਦੀ ਹੈ :

ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥
ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥ ਪੰਨਾ ੪੨੨
ਆਸਾ ਮਹਲਾ ੧

‡ ਬਸੰਤ ਨਾਮਦੇਉ ਜੀ—੧੧੯੫


www.sikhbookclub.com

ਹਰਿ ਗੁਣ ਗਾਉਣ ਰੂਪੀ ਸੱਚੀ ਸਿਫਤ ਸਾਲਾਹ ਦਾ ਲਾਹਾ ਅਤੇ ਨਾਮ ਧਿਆਉਣ ਦਾ ਲਾਹਾ ਇਕ-ਮਿਕ ਅਭੇਦ ਰੂਪ ਅਰਥਾਂ ਵਿਚਿ ਗੁਰ-ਬਾਣੀ ਅੰਦਰਿ ਵਰਨਣ ਕੀਤੇ ਗਏ ਹਨ। ਸਚੇ ਸੁਖ ਦੀ ਪ੍ਰਾਪਤੀ 'ਸਚੁ ਨਾਮੁ' ਰੂਪੀ ਸਿਫਤਿ ਸਾਲਾਹ ਦੇ ਅਤੁਟ ਲਾਹੇ ਵਿਚਿ ਹੀ ਹੈ। ਸਚ ਨਾਮ ਦਾ ਲਾਹਾ, 'ਸਚੁ ਧਿਆਉਣ' ਦਾ ਲਾਹਾ, ਅਰਥਾਤ, ਨਾਮ ਧਿਆਉਣ ਰੂਪੀ ਸੱਚੀ ਸਿਫਤਿ ਸਾਲਾਹ ਦਾ ਅਭਿਆਸ ਲਾਹਾ ਇਹੀ ਸਚੀ ਕਾਰ ਹੈ। ਗੁਰਮਤਿ ਦ੍ਰਿੜ੍ਹਾਈ ਵਿਲੱਖਣ ਕਾਰ ਇਹੀ ਸਚੁ (ਨਾਮੁ) ਧਿਆਉਣ ਰੂਪੀ ਸੱਚੀ ਕਾਰ ਹੈ। "ਸਚੀ ਤੇਰੀ ਕਾਰ ਦੇਹਿ ਦਇਆਲ ਤੂੰ"। ਹੇ ਦਇਆਲ ਵਾਹਿਗੁਰੂ,ਇਹ ਸਚੁ ਧਿਆਉਣ (ਨਾਮੁ ਧਿਆਉਣ) ਰੂਪੀ ਜੇਹੜੀ ਤੇਰੀ ਸੱਚੀ ਕਾਰ ਹੈ, ਏਹੋ ਹੀ ਤੂੰ ਮੈਨੂੰ ਦੇਹਿ ਅਤੇ ਦੇ ਕੇ ਦੇਈ ਰਖੁ । ਹਰਿ ਨਾਇ ਰਤੜੇ ਹੀਅੜੇ ਵਾਲਾ ਭਗਤ ਜਨ ਇਹੀ ਅਰਾਧਨਾ ਕਰਦਾ ਹੈ। "ਹਉ ਜੀਵਾ ਤੁਧੁ ਸ਼ਾਲਾਹਿ ਮੈ ਟੇਕ ਅਧਾਰੁ ਤੂੰ"। ਮੈਂ ਤੇਰੀ ਸਿਫਤਿ ਸਾਲਾਹ ਕਰਿ ਕਰਿ ਹੀ ਜੀਵਾਂ, ਤੈਨੂੰ ਸਾਲਾਹੁੰਦਾ ਹੀ ਜੀਵਾਂ, ਜਦ ਤਾਈਂ ਜੀਵਾਂ ਤੈਨੂੰ ਸਾਲਾਹੁੰਦਾ, ਸਚੁ ਧਿਆਉਂਦਾ ਹੀ ਜੀਵਾਂ,ਕਿਉਂਕਿ ਤੂੰ ਹੀ ਮੇਰੀ ਸੱਚੀ ਟੇਕ ਹੈਂ। ਤੇਰੀ ਸਿਫਤਿ ਸਾਲਾਹ ਹੀ ਮੇਰਾ ਸੱਚਾ ਆਧਾਰ ਹੈ, ਤੂੰ ਹੀ ਮੇਰਾ ਆਧਾਰ ਹੈਂ। ਹੇ ਵਾਹਿਗੁਰੂ ਸਚਿਆ ! ਤੁਧੁ ਬਿਨਾ, ਤੇਰੀ ਸਿਫਤਿ ਸਾਲਾਹ ਬਿਨਾਂ ਮੈਂ ਜੀਉ ਨਹੀਂ ਸਕਦਾ, ਤੁਧੁ ਵਿਸਰਿਆਂ ਮੇਰਾ ਮਰਨ ਹੋ ਜਾਂਦਾ ਹੈ। ਇਕ ਛਿਨ ਵਿਸਰਨ ਦਾ ਦਰਦ ਬਿਰਹਾ ਮਰਨ ਬਰੋਬਰ ਹੈ। ਤਾਂ ਤੇ ਮੈਂ ਕਿਸੇ ਹਾਲਤ ਵਿਚਿ ਭੀ ਤੈਨੂੰ ਸਲਾਹੇ ਸਿਮਰੇ ਬਿਨਾਂ ਰਹਿ ਨਹੀਂ ਸਕਦਾ। ਮੇਰੇ ਇਸ ਦਰਦ ਫਰਾਕ ਦਾ,ਮੁਝ ਤੇਰੇ ਦਰ ਦੇ ਸੇਵਕ ਦੇ ਦਾਰਨ ਦਰਦ ਦਾ ਮਹਿਰਮ ਤੂੰ ਹੀ ਹੈਂ।ਹੇ ਮੇਰੇ ਸੱਚੇ ਪ੍ਰੀਤਮਾ ! ਤੂੰ ਹੀ ਜਾਣਚਾ ਹੈਂ ਦਰਦ ਮੁਝ ਆਪਣੇ ਦਰ ਦੇ ਸੇਵਕ ਦਰਵਾਨ ਦਾ। ਮੈਂ ਤੇਰਾ ਦਰਵਾਨ ਜੁ ਹੋਇਆ,ਦਰ ਦਾ ਸੇਵਕ। "ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ॥" ਇਸ ਦਰਦ ਨੂੰ ਗਵਾਵਨਹਾਰੀ ਕੇਵਲ ਤੇਰੀ ਭਗਤਿ ਹੀ ਹੈ। ਇਹ ਤੇਰੀ ਭਗਤੀ ਬਿਸਮਾਦ ਰੂਪ ਹੈ। ਇਸ ਭਗਤੀ ਵਿਚ ਬਿਸਮਾਦ (ਹੈਰਾਨ) ਹੋਇਆਂ ਸਾਰੇ ਦਰਦ ਰੋਗ ਆਪੇ ਹੀ ਦੂਰ ਹੋ ਜਾਂਦੇ ਹਨ। ਮੇਰੇ ਦਰਦ ਦਾ ਦਾਰੂ ਤੇਰੀ ਬਿਸਮਾਦ ਭਗਤੀ ਹੈ। "ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥" ਬੜੇ ਅਸਚਰਜ ਦੀ ਗੱਲ ਇਹ ਹੈ, ਬੜੀ ਹੈਰਾਨਗੀ ਦੀ ਗਲ ਇਹ ਹੈ ਕਿ ਤੇਰੇ ਗੁਰਮੁਖਾਂ ਭਗਤਾਂ ਦੀ ਇਹ ਨਾਮ ਸਾਲਾਹੀ (ਸਚੁ ਸਾਲਾਹ) ਰੂਪੀ ਬਿਸਮਾਦ ਭਗਤੀ ਅਗੇ ਸਚੀ ਦਰਗਾਹੇ ਭੀ ਹਾਜ਼ਰਾ ਹਜ਼ੂਰ ਜਿਉਂ ਕੀ ਤਿਉਂ,ਸਗੋਂ ਏਦੂੰ ਭੀ ਵਧ ਵਧੇਰੇ ਬਿਸਮ ਬਿਸਮੇਰੇ ਬਿਸਮਾਦ ਰੰਗਾਂ ਵਿਚਿ ਬਣੀ ਰਹਿੰਦੀ ਹੈ, ਸਦਾ ਕਾਇਮ ਦਾਇਮ ਰਹਿੰਦੀ ਹੈ। "ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥" ਸਚ ਖੰਡ ਦਰਬਾਰੀ ਦਰਗਾਹ ਵਿਚਿ ਵਾਹਿਗੁਰੂ ਨਿਰੰਕਾਰ ਦਾ ਪਰਤੱਖ ਦਰਸ਼ਨ ਦਿਦਾਰ ਸੌਂਹੇ (ਸਨਮੁਖ) ਦੇਖਦੇ ਹੋਏ ਸਚੀ ਹਜ਼ੂਰੀ ਦੇ ਹਜ਼ੂਰੀ ਭਗਤ ਗੁਰਮੁਖ ਜਨ ਨਾਮ ਜਪਦੇ ਹਨ, ਬਿਸਮਾਦ ਰੰਗਾਂ ਵਿਚਿ ਭਗਤੀ ਕਰਦੇ ਹਨ । ਪਰ ਕੋਈ ਵਿਰਲੇ ਹੀ ਗੁਰਮੁਖ ਜਨ ਇਸ ਭੇਦ ਨੂੰ ਜਾਣਦੇ ਹਨ ਤੇ ਇਸ ਰਮਜ਼ ਨੂੰ ਪਛਾਣਦੇ ਹਨ ਕਿ ਹੁਕਮ ਰਜ਼ਾਈ ਚਲ ਕੇ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ਦੇ ਭਾਵ ਅਨੁਸਾਰ ਇਸ ਲੋਕ ਵਿਖੇ

ਨਿਤਾ-ਪ੍ਰਤਿ ਅੰਮ੍ਰਿਤ ਵੇਲਾ ਸੰਭਾਲ ਕੇ, ਅਤੁਟ ਨਾਮ ਅਭਿਆਸ ਕਮਾਈਆਂ ਕਰ ਕੇ, ਸਿਫ਼ਤ ਸਾਲਾਹੀਆਂ ਵਡਿਆਈਆਂ ਵੀਚਾਰ ਕੇ, ਆਯੂ ਪ੍ਰਯੰਤ ਸ਼ਬਦ ਗੁਰ ਮੰਤ੍ਰ ਦੀ ਕਮਾਈ ਕਰ ਕੇ ਤਾਂ ਦਰਗਾਹ ਜਾ ਕੇ ਸਚ ਸ਼ਬਦ ਨਿਸ਼ਾਨੀ ਸਨਮੁਖ ਭਗਤੀ ਦਾ ਹਾਜ਼ਰਾ ਹਜ਼ੂਰ ਬਾਸ ਪਰਾਪਤਿ ਹੁੰਦਾ ਹੈ। "ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ।" ਹਾਂ ਜੀ, ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ, "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।" ਏਹ ਸਚੁ ਸਿਫਤਿ ਸਾਲਾਹ, ਅਰਥਾਤ, ਵਡਿਆਈ ਵੀਚਾਰੁ ਵੇਲਾ ਸੰਮਾਲਿਆਂ, ਮਾਨੁਖਾ ਜਨਮ ਦੀ ਸਮੱਗਰ ਯਾਤਰਾ ਵਿਚਿ ਸੰਮਾਲਿਆਂ ਹੀ, ਹਾਂ ਜੀ! ਏਥੇ ਸੱਚ ਸੰਮਾਲੀਦਾ ਹੈ, ਤਾਂ ਉਥੇ ਪਰਵਾਨ ਪ੍ਰਾਪਤੀ ਬਿਰਦ ਪਾਲੀਦਾ ਹੈ। ਕੇਹੜਾ ਸਚੁ? ਨਾਮੁ ਸਿਫਤਿ ਸਾਲਾਹ ਰੂਪੀ ਸਚੁ। 'ਸਚੁ', 'ਨਾਮੁ' ਤੇ 'ਵਡਿਆਈ ਵੀਚਾਰੁ' (ਸਿਫਤਿ ਸਾਲਾਹ) ਤਿੰਨੋ ਇਕੋ ਅਰਥਾਂ ਵਿਚਿ ਹੀ ਅਰਥਾਏ ਗਏ ਹਨ। ਨਾਮ ਰੂਪੀ ਸਚੁ, ਸਿਫਤਿ ਸਾਲਾਹ ਰੂਪੀ ਸਚੁ, ਸੰਮਾਲਣ ਦਾ ਵੇਲਾ ਅੰਮ੍ਰਿਤ ਵੇਲਾ ਹੈ। ਇਹ ਅੰਮ੍ਰਿਤ ਵੇਲਾ ਸਫਲਾ ਕੀਤਿਆਂ ਸਾਰੀ ਉਮਰ ਸੁਆਸਿ ਸੁਆਸਿ ਸ਼ਬਦ ਅਭਿਆਸ ਕਮਾਈ ਅੰਦਰਿ ਸਫਲਾ ਕੀਤਿਆਂ "ਦਰਗਹ ਨਾਮੁ ਹਦੂਰਿ" "ਵੇਲਾ ਸਚੁ ਪਰਵਾਣੁ" ਦਾ ਮਤਰਬਾ ਮਿਲਦਾ ਹੈ।

ਪਰ ਏਹ ਸੱਚ ਨਾਮ ਰੂਪੀ ਤੋਸਾ '**ਸਤੁ**' 'ਸੰਤੋਖੁ' ਅਤੇ 'ਭਾਉ' ਦੇ ਗੁਰਮਤਿ ਗੁਣ ਕਮਾਇਆਂ ਹੀ ਪ੍ਰਾਪਤਿ ਹੁੰਦਾ ਹੈ ਅਤੇ ਮਨ ਵਿਚੋਂ ਸਗਲੇ ਵਿਕਾਰ, ਜੋ ਗੁਰਮੁਖ ਜਨ ਛਡਦਾ (ਕਢਦਾ) ਹੈ, ਤਿਸ ਨੂੰ ਸੱਚਾ ਸਾਹਿਬ (ਵਾਹਿਗੁਰੂ) 'ਸਚੁ' ਦਿੰਦਾ ਹੈ, ਅਰਥਾਤ, ਨਾਮ ਦੀ ਸੱਚੀ ਦਾਤਿ ਦਿੰਦਾ ਹੈ। "ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ। ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ" ਭਾਵ ਸਚੁ ਰੂਪੀ ਨਾਮੁ ਤੋਸਾ, ਅਥਵਾ, ਨਾਮ ਰੂਪੀ ਸੱਚ ਤੋਸਾ ਸੱਚਾ ਸਾਹਿਬ (ਵਾਹਿਗੁਰੂ ਸੱਚਾ) ਤਿਸੇ ਗੁਰਮੁਖ ਜਨ ਨੂੰ ਦਿੰਦਾ ਹੈ ਜੋ ਮਨਹੁ ਵਿਕਾਰ ਛਡਦਾ ਹੈ ਅਤੇ ਸਤ, ਸੰਤੋਖੁ ਅਤੇ ਭਾਉ ਦੇ ਗੁਰਮਤਿ ਗੁਣ ਵਿਹਾਜਦਾ ਹੈ। ਇਸ ਦੁਤੁਕੀ ਦੀ ਪਿਛਲੀ ਤੁਕ ਅੰਦਰਿ 'ਸਚਾ' ਪਦ ਨਾਮੀ ਵਾਹਿਗੁਰੂ ਪ੍ਰਥਾਇ ਅਤੇ 'ਸਚੁ' ਪਦ ਵਾਹਿਗੁਰੂ ਨਾਮ ਪ੍ਰਥਾਇ ਵਰਤਿਆ ਗਿਆ ਹੈ। ਇਸ ਵਿਚ ਸੰਦੇਹ ਹੀ ਕੋਈ ਨਹੀਂ। ਫੇਰ ਅਗਲੀ ਤੁਕ "ਸਚੇ ਸਚਾ ਨੇਹੁ ਸਚੈ ਲਾਇਆ" ਅੰਦਰਿ 'ਸਚੇ' ਤੋਂ ਭਾਵ ਹੈ ਸਚਾ ਨਾਮ, ਸਚੁ ਨਾਮੁ (ਨਾਮ ਰੂਪੀ ਸਚੁ), ਅਤੇ 'ਸਚੈ' ਤੋਂ ਭਾਵ ਹੈ ਸਚੇ ਵਾਹਿਗੁਰੂ ਨੇ। ਸਾਰੀ ਤੁਕ ਦਾ ਭਾਵ ਅਰਥ ਏਹ ਬਣਿਆ:— "ਸਚੇ ਵਾਹਿਗੁਰੂ ਨੇ ਸਚ ਨਾਮ ਦਾ ਸੱਚਾ ਨੇਹੁ ਲਾਇਆ।" ਸਚ ਨਾਮ ਨਾਲਿ ਸੱਚਾ ਨੇਹੁ ਆਪ ਸੱਚਾ ਸਾਹਿਬ ਹੀ ਲਾਉਂਦਾ ਹੈ ਅਤੇ ਨੇਹੁ ਲਾ ਕੇ ਫੇਰ ਆਪੇ ਨਿਆਉਂ ਕਰਦਾ ਹੈ, ਜਿਵੇਂ ਤਿਸ ਨੂੰ ਭਾਉਂਦਾ ਹੈ। "ਆਪੇ ਕਰੇ ਨਿਆਉ ਜੋ ਤਿਸੁ ਭਾਇਆ॥" ਭਗਤਾਂ ਦੀ ਭਗਤਿ ਕਮਾਈ ਦਾ ਫਲ ਪਰਦਾਤਾ ਆਪ ਹੈ ‡"ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ" ਇਹ ਤਿਸ ਦਾ ਸੱਚਾ ਨਿਆਉਂ ਹੈ। ਫੇਰ ਅਗਲੀਆਂ ਦੋ ਤੁਕਾਂ ਅੰਦਰਿ "ਸਚੇ ਸਚੀ ਦਾਤਿ ਦੇਹਿ ਦਇਆਲੁ ਹੈ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ॥" ਨਾਮ ਅਮੋਲ ਰੂਪੀ ਸੱਚੀ ਦਾਤ ਨੂੰ ਹੀ ਸਚੁ ਆਖਿਆ ਸੁਭਾਖਿਆ ਗਿਆ ਹੈ। ਹੇ ਸਚੇ ਵਾਹਿਗੁਰੂ! ਜਿਸ ਨੂੰ ਤੂੰ ਨਾਮ ਅਮੋਲ ਰੂਪੀ ਸਚੀ ਦਾਤਿ ਦੇਵੇਂ, ਤਿਸ ਤੇ ਤੂੰ ਖ਼ਾਸ ਖ਼ਸੂਸੀਅਤ ਨਾਲਿ ਦਇਆਲੁ ਹੈਂ। ਤਿਸ

‡ ਗੋਂਡ ਮ: ੪—੮੫੯


www.sikhbookclub.com

ਅਮੋਲ ਨਾਮ ਰੂਪੀ ਸਚੀਂ ਦਾਤਿ ਨੂੰ ਮੈਂ ਦਿਨ ਰਾਤਿ ਸੇਵਦਾ ਸਿਮਰਦਾ ਰਹਾਂ । ਇਹ ਸਚਾ ਉਮਾਹੁ ਚਾਉ ਹੈ ਸਚੇ ਭਗਤਿ ਜਨ ਦਾ । ਵਾਹ ਵਾਹ ! ਅਗੇ ਕੈਸੀ ਨਿਮਰੀ ਭਾਵ ਵਾਲੀ ਪ੍ਰੇਮ ਭਗਤਿ ਬਿਨੋਦੀ ਬਿਨੇ ਹੈ— "ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥ ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥" ਹੇ ਵਾਹਿਗੁਰੂ ! ਤੂੰ **ਅਤਿ** ਉਤਮ ਹੈਂ, ਮੈਂ ਅਤਿ ਨੀਚੁ ਹਾਂ । ਪਰ ਤੈਂ ਹੁਣ ਕਢ ਕੇ ਮੈਨੂੰ ਆਪਣਾ ਸੇਵਕ ਬਣਾਇਆ ਹੈ । ਹੁਣ ਆਪਣੀ ਇਹ ਨਦਰ ਕਰੰਮੀ ਕਿਰਪਾ ਧਾਰਿ ਕਿ ਮੈਂ ਤੈਥੋਂ ਵਿਛੜੇ ਬਿਰਹੀ ਨੂੰ ਨਾਮ ਰੂਪੀ ਸਚ ਦੀ ਸਚੀ ਦਾਤਿ ਮਿਲੇ ਅਤੇ ਮਿਲ ਕੇ ਮਿਲੀ ਹੀ ਰਹੇ । ਜਿਸ ਨਾਮ ਦਾਤਿ ਦੀਆਂ ਕਮਾਈਆਂ ਕਰਿ ਮੈਂ ਤੁਧੁ ਨਾਮੀ ਨੂੰ ਮਿਲਾਂ ਅਤੇ ਮਿਲਿਆ ਹੀ ਰਹਾਂ ਅਤੇ ਮਿਲ ਕੇ ਭੀ ਤੇਰੀ ਸਿਫਤਿ ਸਾਲਾਹ ਹੀ ਕਰਾਂ । ਸਿਫਤ ਸਾਲਾਹ ਦਾ ਸੱਚਾ ਸੁਆਦ ਤਾਂ ਸਿਫਤੀ ਨੂੰ ਮਿਲ ਕੇ ਹੀ ਆਉਂਦਾ ਹੈ । ਪ੍ਰੀਤਮ ਨੂੰ ਸ਼ਨਮੁਖ ਪੇਖਿਆਂ ਹੀ ਸਚੀ ਸਿਫਤਿ ਸਾਲਾਹ ਬਣਿ ਆਉਂਦੀ ਹੈ । ਅਤੇ ਬਿਸਮਾਦ ਰੰਗਾਂ ਵਿਚਿ **ਅਤਿ** ਅਧਿਭੁਤ, ਪਰਮ ਅਧਿਭੁਤੰ ਅਹਿਲਾਦ ਬਿਸਮਾਦ ਵਿਚਿ ਬਣਿ ਆਉਂਦੀ ਹੈ । ਨਾਮ ਰੂਪੀ ਸਿਫਤ ਸਾਲਾਹ ਦਾ ਪਾਰਾਵਾਰ ਹੀ ਨਹੀਂ, ਨਾ ਕੋਈ ਹਦੁ ਸ਼ੁਮਾਰ ਹੁੰਦਾ ਹੈ । ਇਹ ਉਪਰਲੇ ਸਮੁਚੇ ਗੁਰਵਾਕ ਅੰਦਰਿ 'ਸਚੁ' ਦੇ ਅਰਥ ਅਤਿ (ਐਨ) ਨਿਰਣਾ ਕਰ ਕੇ ਨਾਮ ਦੇ ਹੀ ਜਣਾਏ ਲਖਾਏ ਗਏ ਹਨ ।

੩

# ਸਚ ਦੀ ਵਿਆਖਿਆ

ਗੁਰਮਤਿ ਸੱਚ ਇਕ ਅਗਮ ਅਗੋਚਰ ਪਦਾਰਥ ਹੈ, ਜੋ ਕੇਵਲ ਗੁਰੂ ਘਰ ਵਿਚੋਂ ਹੀ ਭਾਲ ਭਾਲਿਆਂ ਲਭਦਾ ਹੈ। ਇਸ 'ਸਚੁ' ਦੀ ਘਾਲ ਘਾਲਿਆਂ ਸਚ ਅਗਮਪੁਰੇ ਵਿਚਿ ਜਾ ਸਮਾਈਦਾ ਹੈ। ਤਿਤ ਅਗਮਪੁਰੇ ਪੁਜ ਕੇ ਤੱਤ 'ਸਚੁ' ਦੀ ਸੱਚੀ ਸੂਝ ਬੂਝ ਆਉਂਦੀ ਹੈ। ਤਿਸ ਅਗਮਪੁਰੇ ਵਿਚ ਸੱਚਾ ਗੁਣੀ ਨਿਧਾਨ ਵਸਦਾ ਹੈ, ਜਿਸਦਾ ਨਾ ਕੋਈ ਸਾਜਣਹਾਰਾ ਹੈ, ਨਾ ਤਿਸ ਦਾ ਮੂਲ ਡਾਲ ਪੇੜ ਹੈ ਨਾ ਤ੍ਰੈਗੁਣੀ ਸਾਖਾਂ ਬੀਜ ਪਤ ਸਾਖਾਂ ਹਨ। ਤੁਰੀਆ ਗੁਣੀ ਅਗਾਧ ਬੋਧ 'ਸੱਚ' ਦੀ ਸਰੂਪ ਲਖਤਾ ਗੁਰਮਤਿ ਗੁਣੀ ਸੱਚ ਲਭਤਾ ਦੇ ਆਸਰੇ ਹੈ। ਯਥਾ ਗੁਰਵਾਕ :

ਤਿਤੁ ਅਗਮ ਤਿਤੁ ਅਗਮਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥
ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥
ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥
ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ॥
ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥
ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥੨॥ ਪੰਨਾ ੪੩੬

ਆਸਾ ਮਹਲਾ ੧

ਪਹਿਲੀ ਤੁਕ ਵਿਚ ਅਗਮਪੁਰੇ ਪੁਜਣ ਦਾ ਸੰਜਮ ਉਪਾਉ ਪੁਛਿਆ ਹੈ ਕਿ ਕਿਸ ਬਿਧੀ ਯੁਕਤੀ ਨਾਲਿ ਤਿਤ ਅਗਮਪੁਰੇ ਦੀ ਪਹੁੰਚ ਰਸਾਈ ਹੁੰਦੀ ਹੈ, ਜਿਥੇ ਅਗਮ ਅਗੋਚਰ ਪਾਰਬ੍ਰਹਮ ਵਸਦਾ ਹੈ। ਦੂਜੀ ਤੁਕ ਵਿਚ ਅਗਮਪੁਰੇ ਪੁਜਣ ਦੀ ਸਾਰ ਸੰਜਮ ਯੁਕਤੀ ਦਸੀ ਗਈ ਹੈ ਕਿ ਸਾਰ ਗੁਣਾ ਵਾਲਾ ਗੁਰ ਸ਼ਬਦ ਰੂਪੀ ਜੋ ਸੱਚ ਹੈ ਤਿਸ ਦੀ ਕਮਾਈ ਰੂਪੀ ਸੰਜਮ ਯੁਕਤੀ ਦੁਆਰਾ ਹੀ ਅਗਮਪੁਰੇ ਜਾਈਦਾ ਹੈ। ਉਹ ਅਗਮਪੁਰਾ ਤੱਤ ਨਿਹਚਲ ਸਤਿ ਨਿਜ ਘਰ ਹੈ, ਜਿਸ ਦੇ ਬਿਨਾ ਹੋਰ ਦ੍ਰਿਸ਼ਟਮਾਨ ਪਸਾਰਾ ਸਭ ਅਸਤਿ ਹੈ। ਤੀਜੀ ਤੁਕ ਦਸਦੀ ਹੈ ਕਿ "ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥" ਸੱਚ ਰੂਪੀ ਸ਼ਬਦ ਦੀ, ਸ਼ਬਦ ਰੂਪੀ ਸੱਚ ਦੀ ਕਮਾਈ ਕੀਤਿਆਂ ਤਿਤ

ਅਗਮਪੁਰੇ ਜਾਇ ਪਹੁੰਚੀਦਾਂ ਹੈ ਅਤੇ ਸਚ ਘਰ ਨੂੰ ਲਭ ਕੇ ਗੁਣੀ ਨਿਧਾਨ ਸਚੇ ਵਾਹਿਗੁਰੂ ਨੂੰ ਪਾ ਲਈਦਾ ਹੈ, ਜੋ ਗੁਣੀ ਨਿਧਾਨ ਸੈਭੰ ਸਰੂਪਾ ਹੈ, ਸੁਤੇ ਪਰਕਾਸ਼ ਹੈ। ਜਿਸ ਦਾ ਉਪਾਵਨਹਾਰਾ ਕੋ ਨਾਹੀਂ। ਉਤਪਤੀ ਸਰਗੁਣ ਪਦਾਰਥਾਂ ਵਾਂਗੂੰ ਤਿਸ ਨਿਰਗੁਣੀ ਸੁਤੇ ਸ੍ਰਿਸ਼ਤੀਏ ਤੁਰੀਆ-ਗੁਣੀ ਗੁਣਾਂ ਵਾਲੇ ਗੁਣੀ ਨਿਧਾਨ ਦੀ ਨਾ ਕੋਈ ਸਾਖਾ, ਨਾ ਮੂਲ ਜੜ ਬੀਜ ਅੰਸ ਹੈ, ਨਾ ਪਤੁ ਹੈ ਤੇ ਨਾ ਡਾਲੀ ਹੈ। ਪਰ ਉਹ ਬਹੁਬਿਧਿ ਅਨਿਕ ਪ੍ਰਕਾਰੀ ਰਚਨਾ ਦਾ ਰਚਨਹਾਰ ਕਰਤਾ ਸਭਨਾ ਦੇ ਸਿਰ ਪਰਧਾਨ ਹੈ। ਸਭ ਲੋਕੀ ਜਪ ਤਪ ਆਦਿਕ ਆਨਮਤ ਸੰਜਮੀ ਕਰਮ ਕਰਿ ਕਰਿ ਥਕ ਰਹੀ, ਪਰ ਏਹਨਾਂ ਹਠ ਨਿਗ੍ਰਹੀ ਸੰਜਮਾਂ ਦੁਆਰਾ ਅਜ ਤਾਈਂ ਕਿਸੇ ਨੇ ਤਿਸ ਸਭਨਾਂ ਸਿਰ ਪਰਧਾਨ ਗੁਣੀ ਨਿਧਾਨ ਵਾਹਿਗੁਰੂ ਨੂੰ ਨਹੀਂ ਪਾਇਆ। ਪਰ ਸਤਿਗੁਰੂ ਦੀ ਸੱਚੀ ਬੂਝ ਬੁਝਾਈ ਗੁਰ ਦੀਖਿਆ ਮਈ ਸਾਰ ਸੰਜਮੀ ਸਬਦ ਗੁਰਮੰਤ੍ਰ ਸਚ ਯੁਕਤੀ ਦੁਆਰਾ ਤਿਸੁ ਗੁਣੀ ਨਿਧਾਨ ਜਗਜੀਵਨ ਕਰਤੇ ਪੁਰਖ ਪ੍ਰੀਤਮ ਦਾ ਸਹਜੇ ਹੀ ਵਸਲ ਮਿਲਾਪ ਹੋ ਜਾਂਦਾ ਹੈ। ਉਹ ਗੁਣੀ ਨਿਧਾਨ, ਸਿਰ ਸਭਨਾਂ ਪਰਧਾਨ ਹੀ ਨਹੀਂ, ਸਗੋਂ ਸਭ ਦਾ ਜੀਵਨ-ਆਸਰਾ ਹੈ, ਜੀਵਨ-ਕਲਾ-ਸਪੰਨ ਸਮਰੱਥਾਵਾਨ ਹੈ।

ਸਚੇ ਸਾਹਿਬ ਦੀ ਜਿਨ੍ਹਾਂ ਉਤੇ ਕਿਰਪਾ ਹੁੰਦੀ ਹੈ ਓਹੀ ਅਨਦਿਨ ਨਾਮ ਰੂਪੀ ਸੱਚ ਵਿਚਿ ਜੁੱਟੇ ਰਹਿੰਦੇ ਹਨ। ਅਤੇ ਨਾਮ ਰੂਪੀ ਸੱਚ ਦੀਆਂ ਸੱਚੀਆਂ ਅਭਿਆਸ ਕਮਾਈਆਂ ਕਰਨ ਵਿਚ ਤੱਤਪਰ ਹੋ ਜਾਂਦੇ ਹਨ। ਨਾਮ ਰੂਪੀ 'ਸੱਚ' ਵਿਚੋਂ ਨਿਕਸ ਕੇ ਬਾਹਰ ਨਹੀਂ ਜਾਂਦੇ। ਕੂੜਾਵੇ ਕੱਚ ਪਿਚੀ ਦੁਨਿਆਵੀ ਦ੍ਰਿਸ਼ਟਮਾਨ ਸੱਚ ਵਿਚਿ ਖੱਚਤ ਨਹੀਂ ਹੁੰਦੇ। ਸੱਚੀ ਬਖਸ਼ਿਸ਼ ਦੁਆਰਾ ਬਖ਼ਸ਼ੇ ਜਾਂਦੇ ਹਨ ਅਤੇ ਬਖ਼ਸ਼ੇ ਜਾ ਕੇ ਸੱਚੇ ਮੇਲ ਮਿਲਾਏ ਜਾਂਦੇ ਹਨ, ਸੱਚੇ ਵਾਹਿਗੁਰੂ ਦੇ ਸੱਚ ਸਰੂਪ ਵਿਚਿ ਹੀ ਸਮਾਏ ਰਹਿੰਦੇ ਹਨ। ਯਥਾ ਗੁਰਵਾਕ :

> ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ ॥
> ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ ॥੭॥੩੫॥ ਪੰਨਾ ੪੨੯
> ਆਸਾ ਮਹਲਾ ੩

'ਸਚੁ ਕਮਾਵਹਿ' ਤੋਂ ਪਹਿਲਾਂ 'ਨਾਮੇ ਲਾਇ' ਦਾ ਆਉਣਾ ਨਾਲ ਲਗਦਾ ਹੀ ਦਸਦਾ ਹੈ ਕਿ ਸੱਚ ਕਮਾਉਣ ਤੋਂ ਭਾਵ ਨਾਮ ਦੀ ਕਮਾਈ ਕਰਨਾ ਹੈ। ਨਾਮ ਤੋਂ ਬਿਨਾਂ ਹੋਰ ਸੱਚ ਸੁਚ ਕੁਛ ਨਹੀਂ।

ਇਸ ਸਚੁ ਪਿਛੇ ਸਾਰਾ ਸੰਸਾਰ ਧੰਦ ਪਿਟਦਾ ਫਿਰਦਾ ਹੈ; ਸੱਚ ਨਹੀਂ ਲਭਦਾ ਨਾ ਜਚਦਾ ਫਬਦਾ ਹੈ। ਇਸ ਸੱਚ ਖੁਣੋਂ ਐਵੇਂ ਊਣਾ ਹੀ ਚਲਿਆ ਜਾਂਦਾ ਹੈ ਅਤੇ ਆਵਾਗਉਣ (ਲਖ ਚੁਰਾਸੀ ਜੂਨਾਂ) ਵਿਚ ਭਉਂਦਾ ਫਿਰਦਾ ਹੈ। ਗੁਰ ਸਬਦ ਕਮਾਈ ਕੀਤਿਆਂ 'ਸਚੁ' ਪਰਤੱਖ ਦਿਸ ਪੈਂਦਾ ਹੈ ਅਤੇ ਸਚ ਦਾ ਸਚਾ ਨਿਰਣਾ ਹੋ ਜਾਂਦਾ ਹੈ। ਫੇਰ ਸਭ ਢੂੰਡਾਂ ਮਿਟ ਜਾਂਦੀਆਂ ਹਨ, ਚੁਰਾਸੀ ਵਿਚ ਭਉਣਾ ਭੀ ਰਹਿ ਜਾਂਦਾ ਹੈ। ਸਗੋਂ ਮਮਤਾ ਮੋਹ ਵਿਸਰਜ ਕੇ ਨਿਜ ਘਰਿ ਵਾਸਾ ਹੋ ਜਾਂਦਾ ਹੈ। ਯਥਾ ਗੁਰਵਾਕ :

ਚਲੇ ਚਲਣਹਾਰ ਵਾਟ ਵਟਾਇਆ ॥
ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ ॥ ੧ ॥
ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ ॥
ਮਮਤਾ ਮੋਹੁ ਵਿਸਰਜਿਆ ਅਪਨੈ ਘਰਿ ਆਇਆ ॥ ੧ ॥ ਰਹਾਉ ॥
ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥
ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥੨॥
ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੂ ॥
ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੂ ॥੩॥......
ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ ॥
ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ ॥੮॥
ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ ॥
ਮੈ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ ॥੯॥੧੯॥ ਪੰਨਾ ੪੧੯-੨੦

ਆਸਾ ਮਹਲਾ ੧

ਸਚਿਆਰੁ ਗੁਰਮੁਖ ਜਨੁ ਇਕ ਵਾਰ ਸੱਚ ਵਿਖੇ ਮਿਲਿਆ ਹੋਇਆ ਫੇਰ ਕੂੜ ਪਸਾਰੇ ਵਿਚ ਨਹੀਂ ਪੈਂਦਾ, ਸੱਚੇ ਵਾਹਿਗੁਰੂ ਨਾਲ ਚਿਤ ਮਿਲਿਆ ਹੋਣ ਕਰਿ ਮੁੜ ਕੇ ਚੁਰਾਸੀ ਦੇ ਗੇੜ ਵਿਚ ਨਹੀਂ ਪੈਂਦਾ। ਸ਼ਬਦ ਮੋਇਆਂ ਨੂੰ ਕੀ ਰੋਣਾ ਹੈ ਏਥੇ ਤਾਂ ਰੋਣ ਦੀ ਜਾਇ ਹੀ ਨਹੀਂ। 'ਸਚੁ' (ਨਾਮ) ਨੂੰ ਸਾਲਾਹੁੰਦਿਆਂ ਸੱਚੇ ਨੂੰ ਮਿਲਣ ਦੀਆਂ ਵੈਰਾਗ-ਦੁਹਾਈਆਂ ਦੇ ਦੇ ਰੋਣਾ ਹੁਕਮੀ ਦਾ ਹੁਕਮ ਪਛਾਨਣਾ ਹੈ। ਸੱਚੇ ਸਾਹਿਬ ਨੂੰ ਰਿਦੈ ਵਸਾਇਕੈ ਸਭ ਝੂਰੇ ਵਿਸੂਰੇ ਮਿਟ ਜਾਂਦੇ ਹਨ। ਸਚੇ ਸ਼ਬਦ ਦੀ ਕਮਾਈ ਵਿਚ ਹੀ ਲਗੇ ਰਹਿਣਾ ਚਾਹੀਦਾ ਹੈ। ਸਾਰੇ ਗੁਨਾਹ ਬਖਸ਼ੇ ਜਾਂਦੇ ਹਨ, ਬਖ਼ਸ਼ਣਹਾਰ ਆਪੇ ਬਖ਼ਸ਼ ਦਿੰਦਾ ਹੈ। ਗੁਰੂ ਨਾਨਕ ਸਾਹਿਬ ਏਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਕੇਵਲ 'ਸੱਚ' (ਨਾਮੁ) ਦੀ ਮੰਗ ਹੀ ਹਰਦਮ ਮੰਗਣੀ ਚਾਹੀਦੀ ਹੈ। ਗੁਰਮੁਖਾਂ ਨੂੰ ਏਸੇ 'ਸਚੁ' (ਨਾਮੁ) ਦੀ ਘਾਲਨਾ ਘਾਲਣੀ ਹੀ ਦਰਕਾਰ ਹੈ, ਹੋਰ ਕਾਸੇ ਦੀ ਨਹੀਂ। ਘਾਲਣੀ ਦਾ ਫਲ ਪਰਦਾਤਾ ਆਪਿ ਵਾਹਿਗੁਰੂ ਹੈ,ਜੋ ਇਸ ਘਾਲਨਾ ਤੇ ਤੁਠਕੇ ਨਦਰਾਂ ਮੇਹਰਾਂ ਵਰਸਾਉਂਦਾ ਹੈ। ਏਹਨਾਂ ਨਦਰਾਂ ਮੇਹਰਾਂ ਦੇ ਪਾਤਰ ਨਦਰੀ ਨਦਰਿ ਨਿਹਾਲ ਹੋ ਜਾਂਦੇ ਹਨ। ਐਸਾ ਸੱਚ ਕਮਾਵਣਹਾਰਾ (ਨਾਮ ਦੀਆਂ ਕਮਾਈਆਂ ਕਰਨਹਾਰਾ) ਕੋਈ ਵਿਰਲਾ ਹੀ ਗੁਰਮੁਖ ਜਨ ਹੁੰਦਾ ਹੈ। ਸੋ ਅਸਲੀ ਠਾਕੁਰ ਦਾ ਦਾਸ ਹੈ, ਸੋਈ ਅਸਲੀ ਸੇਵਕ ਹੈ, ਸੋਈ ਸੱਚਾ ਭਗਤ ਜਨੁ ਹੈ। ਯਥਾ :

ਸੇਵਕੁ ਦਾਸੁ ਭਗਤੁ ਜਨੁ ਸੋਈ ॥
ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥...੧॥


www.sikhbookclub.com

ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥ ੧ ॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥
ਮਹਲੀ ਖਸਮੁ ਸੁਣੇ ਸਾਬਾਸਿ ॥
ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੋ ਹੋਇ ॥ ੨ ॥
ਤੇਰਾ ਤਾਣੁ ਤੂ ਹੈ ਦੀਬਾਣੁ ॥
ਗੁਰ ਕਾ ਸਬਦੁ ਸਚੁ ਨੀਸਾਣੁ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥
ਸਚੁ ਨੀਸਾਣੈ ਠਾਕ ਨ ਪਾਇ ॥ ੩ ॥
ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥
ਸਾਚਾ ਰਵਿ ਰਹਿਆ ਪ੍ਰਭੁ ਸੋਇ ॥ ੪ ॥
ਕਿਆ ਹਉ ਆਖਾ ਆਖਿ ਵਖਾਣੀ ॥
ਤੂੰ ਆਪੇ ਜਾਣਹਿ ਸਰਬ ਵਿਡਾਣੀ ॥
ਨਾਨਕ ਏਕੋ ਦਰੁ ਦੀਬਾਣੁ ॥
ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥ ਪੰਨਾ ੩੫੫

ਆਸਾ ਮਹਲਾ ੧

ਸਚੁ ਰੂਪੀ ਨਾਮੁ ਗੁਰ ਸਬਦ ਮੰਤ੍ਰ ਦੀਖਿਆ ਲੈ ਕੇ ਹੀ ਕਮਾਈਦਾ ਹੈ। (ਕਮਾਇ ਸਕੀਦਾ ਹੈ) ਐਸੀਆਂ ਅਰਥਾਤ (ਸਚ ਨਾਮ ਦੀਆਂ) ਸਚੀਆਂ ਕਮਾਈਆਂ ਕਰਨਹਾਰੇ ਗੁਰਮੁਖ ਜਨ ਹੀ ਸਾਚੇ (ਸੱਚੇ ਵਾਹਿਗੁਰੂ) ਦੇ ਦਰਬਾਰ ਵਿਚ ਸਚੇ ਸਚਿਆਰ ਕਰ ਕੇ ਸਨਮਾਨੇ ਜਾਂਦੇ ਹਨ, ਸੱਚੀ ਸਚਿਆਰਤਾ ਸੇਤੀ ਪੂਰੇ ਪੂਰੇ ਉਤਰਦੇ ਹਨ। ਓਹਨਾਂ ਦਾ ਹੀ ਸਦਾ ਸ਼ਬਦ ਰਟਨਾਸਨਾ ਅਰਦਾਸ ਬੇਨਤਾ ਸੱਚੀ ਦਰਗਾਹੇ ਕਬੂਲ ਪੈਂਦਾ ਹੈ। ਤਿਨ੍ਹਾਂ ਦੀ ਇਹ ਅਰਦਾਸ ਰੂਪ ਸਬਦ ਅਭਿਆਸ ਰਟ ਪੁਕਾਰ ਸੱਚੇ ਦੇ ਮਹਿਲਾਂ ਵਿਚ ਸੁਣੀਦੀ ਹੈ। ਤਿਨ੍ਹਾਂ ਦੀ ਹੀ ਅਰਦਾਸ ਅਰਜੋਈ ਦੀ ਸੱਦ ਮਹਿਲਾਂ ਵਿਚ ਸੁਣਵਾਈ ਹੁੰਦੀ ਹੈ। ਅਤੇ ਸੁਣ ਕੇ ਸੱਚਾ ਖਸਮ ਵਾਹਿਗੁਰੂ ਤਿਨ੍ਹਾਂ ਨੂੰ ਸ਼ਾਬਾਸ਼ ਦਿੰਦਾ ਹੈ। (ਸ਼ਾਬਾਸ਼ੇ ਆਖਦਾ ਹੈ)। ਨਿਰੀ ਸ਼ਾਬਾਸ਼ ਹੀ ਨਹੀਂ ਦਿੰਦਾ, ਸੱਚਾ ਸਾਹਿਬ ਆਪਣੇ ਸੱਚੇ ਤਖਤ ਦੇ ਨਿਕਟ ਬੁਲਾਇਕੈ ਤਿਨ੍ਹਾਂ ਨੂੰ ਸੱਚੀਆਂ ਵਡਿਆਈਆਂ ਦਿੰਦਾ ਹੈ (ਸੱਚਾ ਮਾਣ ਰੂਪੀ ਥਾਪੜਾ ਦਿੰਦਾ ਹੈ)। ਉਸ ਦਾ ਕੀਤਾ ਹੀ ਜੋ ਉਸ ਨੂੰ ਭਾਉਂਦਾ ਹੈ ਸੋ ਹੁੰਦਾ ਹੈ (ਉਸਦਾ ਵਡੀਰਿਆ ਹੀ ਕੋਈ ਵਡੀਰਿਆ ਜਾ ਸਕਦਾ ਹੈ)। ਤਿਸ ਦੇ ਦੀਬਾਣ ਵਿਖੇ ਤਿਸੇ ਦਾ ਹੀ ਤਾਣ

ਪਰਵਾਣ ਚਲਦਾ ਹੈ। ਸੱਚ ਮਹਿਲੀ ਸਚੇ ਦਰਿ ਸੋਈ ਪਰਵਾਣ ਪੈਂਦੇ ਹਨ, ਜਿਨ੍ਹਾਂ ਗੁਰਮੁਖਾਂ ਦੇ ਮਸਤਕ ਉਤੇ ਗੁਰ ਸਬਦ ਦਾ ਸੱਚਾ ਨੀਸਾਣ ਹੁੰਦਾ ਹੈ। ਜਿਨ੍ਹਾਂ ਦੇ ਮਸਤਕ ਪ੍ਰਗਟੀਆਏ ਲੇਖਾਂ ਵਿਖੇ ਸੱਚੀਆਂ ਗੁਰ ਸ਼ਬਦ ਕਮਾਈਆਂ ਦਾ ਸੱਚੜਾ ਗੁਰ ਸ਼ਬਦ ਨੀਸਾਣ ਉਕਰਿਆ ਹੋਇਆ ਹੁੰਦਾ ਹੈ, **ਜੋ ਸੱਚੀ ਹੁਕਮ ਰਜਾਈ ਚਾਲ ਚਲ ਕੇ ਦਰ ਪਰਵਾਨ** ਪਏ ਹੁੰਦੇ ਹਨ (ਪੂਰਾ ਖਲੋਏ ਹੁੰਦੇ ਹਨ)'।

ਵਾਹਿਗੁਰੂ ਦੇ ਸੱਚੇ ਹੁਕਮ ਨੂੰ ਮੰਨਣਹਾਰਾ ਹੁਕਮ ਰਜਾਈ ਚਲਣਹਾਰਾ ਗੁਰਮੁਖ ਜਨੁ ਉੱਜਲ ਮੁਖ ਹੋ ਕੇ ਪ੍ਰਗਟ ਜੋਤਿ ਪ੍ਰਗਾਸੀਆ ਜਗ-ਮਗ ਦਿਦਾਰੀਆ ਮੁਖੜਾ ਲੈ ਕੇ ਨਿਧੜਕ ਸੱਚੇ ਦਰਬਾਰ ਦੀਵਾਣ ਵਿਖੇ ਜਾਇ ਪਰਵੇਸ਼ ਹੁੰਦਾ ਹੈ। ਉਸ ਦੇ ਮਸਤਕ ਉਤੇ ਨੀਸਾਣ ਹੋਣ ਕਰਕੇ ਉਸ ਨੂੰ ਸੱਚ ਦਰਬਾਰੇ ਪਰਵੇਸ਼ ਹੋਣ ਦੀ ਰੋਕ ਟੋਕ ਨਹੀਂ ਹੁੰਦੀ। ਉਸ ਨੂੰ ਠਾਕ ਕੋਈ ਨਹੀਂ ਸਕਦਾ। ਇਹ ਗੁਰ ਸ਼ਬਦ ਕਮਾਈਆਂ ਦੀ ਬਰਕਤ ਹੈ। ਇਹ ਸੱਚ ਗੁਰਮਤਿ ਮਾਰਗ ਚਲਣਹਾਰੇ ਸੱਚ ਨੀਸ਼ਾਣੀਆਂ ਦਾ ਪਰਗਟ ਪਾਹਾਰੇ ਜਾਪਦਾ ਪਰਤਾਪ ਹੈ। ਇਹ ਸੱਚ ਦੀਆਂ ਮੰਜ਼ਲ- ਰਸਾਈਆਂ ਹਨ। ਕੇਵਲ ਗੁਰਮਤਿ ਦੁਆਰੇ ਹੀ ਇਹ ਮੰਜ਼ਲ ਲਭਦੀ ਹੈ। ਗੁਰਮਤਿ ਤੇ ਚਲਣਹਾਰਿਆਂ ਨੂੰ ਹੀ 'ਸਚੁ' ਮਿਲਦਾ ਹੈ। ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਹੀ ਸਚੜੇ ਸੱਚ ਦਾ ਏਹ 'ਸਚੁ' ਮੋਅਜਜ਼ਾ ਪ੍ਰਗਟੀਆਉਂਦਾ ਹੈ। ਉਪਰਲੇ ਗੁਰਵਾਕ ਦੀਆਂ ਏਦੂੰ ਅਗਲੀਆਂ ਤੁਕਾਂ ਵਿਖੇ ਸਚੇ ਪਾਤਸ਼ਾਹ ਨੇ ਕਿਆ ਸਪਸ਼ਟ ਨਿਖੇੜਵਾਂ ਫ਼ੈਸਲਾ ਕੀਤਾ ਹੈ :

ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥
ਸਾਚਾ ਰਵਿ ਰਹਿਆ ਪ੍ਰਭੁ ਸੋਇ ॥੩॥ ਪੰਨਾ ੩੫੫
ਆਸਾ ਮਹਲਾ ੧

ਆਪਣੀ ਕਹਿਵਤੀ (so called) ਇਲਹਾਮੀ ਪੁਸਤਕ ਵੇਦ ਨੂੰ ਪੰਡਤ (ਵੇਦਾਂ ਦੇ ਸਕਾਲਰ) ਘੋਖਿ ਘੋਖਿ ਪੜ੍ਹਦੇ ਹਨ, ਵਖਾਣਦੇ ਵਿਆਖਿਆ ਕਰਦੇ ਹਨ। ਪਰ ਓਹਨਾਂ ਨੂੰ 'ਸਚੁ' ਨਹੀਂ ਲਭਦਾ। ਵੇਦ ਅੰਦਰ ਹੀ ਇਹ 'ਸਚੁ' ਹੈ ਨਹੀਂ, ਹੋਵੇ ਤਾਂ ਲਭੇ। ਇਹ ਸਚੁ ਮਈ ਤੱਤ ਵਥੂ (ਵਸਤੂ) ਤਾਂ ਘਟ ਅੰਦਰ ਹੀ ਹੁੰਦੀ ਹੈ। ਪਰ ਇਸ ਦਾ ਭੇਦ ਨਾ ਵੇਦ ਜਾਣਦੇ ਹਨ ਨਾ ਵੇਦਾਂ ਨੂੰ ਪੜ੍ਹਣਹਾਰੇ ਪੰਡਿਤ ਜਾਣਦੇ ਹਨ। ਇਸ ਸੱਚੜੇ ਭੇਦ ਦੀ ਸਚੜੀ ਸੂਝ ਬੂਝ ਸਚੜੇ ਗੁਰੂ ਬਾਝੋਂ ਨਹੀਂ ਹੋ ਸਕਦੀ। ਅਤੇ ਸਭ ਜੁਗਾਂ ਵਿਚਿ ਆਪਣਿਆਂ ਗੁਰੂ ਜਾਮਿਆਂ ਵਿਚਿ ਪ੍ਰਗਟੀਆਣਿਆਂ ਸੱਚਾ ਗੁਰੂ ਕੇਵਲ ਸਤਿਗੁਰ ਨਾਨਕ ਦੇਵ ਹੀ ਹੈ ਜੋ ਅੱਜ ਕਲ੍ਹ ਆਪਣੇ ਸੱਚੇ ਜੋਤਿ-ਜਾਮੇ ਜੁਗੋ ਜੁਗ ਅਟੱਲ ਗੁਰੂ ਜੋਤਿ ਜਾਮੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਚੜੇ ਸਰੂਪ ਵਿਚਿ ਬ੍ਰਾਜਮਾਨ ਹੈ। ਜਿਸ ਦੀ ਸਚੜੀ ਬਾਣੀ ਮਈ ਗੁਰੁ-ਜੋਤਿ-ਰੌਸ਼ਨੀ ਦੇ ਚਾਨਣੇ ਵਿਚਿ ਹੀ ਇਹੁ ਭੇਦ ਪਰਤੱਖ ਖੁਲ੍ਹਦਾ ਹੈ। ਜਿਸ ਗੁਰਬਾਣੀ ਦਰਸਾਏ ਸਚੜੇ



 www.sikhbookclub.com

ਹੁਕਮ ਨੂੰ ਕਮਾਇਆਂ ਹੀ ਇਸ ਭੇਦ ਗੁੰਝਲ ਦੀ ਸੁਲਝ ਅੰਦਰ-ਖਾਨੇ ਆ ਵਾਪਰਦੀ ਹੈ ਕਿ ਸੱਚੀ ਹੂੰ ਸਚੜਾ 'ਸਚੁ' ਵਾਹਿਗੁਰੂ ਆਪਣੇ ਸਚ ਸਰੂਪ ਵਿਚਿ ਪਰਗਟ ਪਾਹਾਰੇ ਸਾਰੇ ਹੀ ਰਵਿ ਰਹਿਆ ਹੈ। ਪ੍ਰਿਥਮ ਘਟ ਅੰਦਰੋਂ ਪ੍ਰਗਟੀਆਇਕੇ ਇਸ ਤੱਤ ਪਰਮਾਰਥੀ ਸਚ ਦੇ ਨੂਰ ਦਾ ਜ਼ਹੂਰ, ਘਟ ਘਟ ਕੇ ਪਟ ਪਟ ਅੰਦਰ ਸਾਰੇ ਨਭ ਆਕਾਸੀ ਪੁਲਾੜ ਅੰਦਰਿ ਜੋਤਿ ਪਸਰੂਰਿ ਹੋ ਕੇ ਪਸਰ ਜਾਂਦਾ ਹੈ। ਤਿਸ ਨੂਰ ਪਸਰੂਰੀ ਸਚੁ ਦੇ ਤਤ ਜ਼ਹੂਰ ਦੀ ਗਹਿਣ-ਗਤਿ ਆਖੀ ਨਹੀਂ ਜਾ ਸਕਦੀ। "ਕਿਆ ਹਉ ਆਖਾ ਆਖਿ ਵਖਾਣੀ। ਤੂੰ ਆਪੇ ਜਾਣਹਿ ਸਰਬ ਵਿਡਾਣੀ।" ਕੀ ਆਖੀ ਜਾਏ ਤੇ ਕਿਵੇਂ ਆਖ ਕੇ ਵਖਾਣੀ ਜਾਏ ? ਆਪਣੇ ਇਸ ਚੋਜ ਵਿਡਾਣ ਨੂੰ ਚੋਜ ਵਿਡਾਣੀ ਸਰਬ ਕਲਾ ਸਮਰੱਥ ਸੱਚਾ ਪਾਤਸ਼ਾਹੁ ਆਪੇ ਹੀ ਜਾਣਦਾ ਹੈ। ਸਿਰੀ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, "ਨਾਨਕ ਏਕੋ ਦਰੁ ਦੀਬਾਣੁ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥" ਵਾਹਿਗੁਰੂ ਸੱਚੇ ਦਾ ਹੀ ਇਕੋ ਸੱਚਾ ਦਰ ਅਤੇ ਇਕੋ ਸੱਚਾ ਦਰ ਦਰਬਾਰੀ ਸੱਚੀ ਕਚਹਿਰੀ ਵਾਲਾ ਸਚੜਾ ਦੀਬਾਣ ਹੈ, ਜਿਥੇ ਸਚੋ ਹੀ ਸਚੁ ਵਰਤਦਾ ਹੈ ਅਤੇ ਸੱਚੋ ਹੀ ਸੱਚ ਨਿਆਉਂ ਨਿਬੇੜਾ ਹੁੰਦਾ ਹੈ। ਤਿਥੈ ਗਰਮੁਖਾਂ ਦੀ ਹੀ 'ਸਚੁ' ਘਾਲ ਕਮਾਈ ਥਾਇ ਪੈਂਦੀ ਹੈ। ਸੱਚ ਦੀ ਕਮਾਈ ਵਾਲੇ ਗੁਰਮੁਖਾਂ ਦੀ ਹੀ ਤਿਥੇ ਸੱਚੀ ਹਸਾਈ ਸਮਾਈ (ਗੁਦਰਾਣ) ਹੁੰਦੀ ਹੈ, ਹੋਰ ਕਿਸੇ ਦੀ ਨਹੀਂ। ਵਾਹੁ ! ਵਾਹੁ ! ਸਚੁ ਵਿਗਾਸੀ, ਸਚੁ ਘਟਿ ਪਰਗਾਸੀ ਗੁਰਮੁਖਾਂ ਜਨਾਂ ਭਗਤਾਂ ਦੀ ਕੈਸੀ ਸੱਚੀ ਵਡਿਆਈ ਅਗਲੇ ਗੁਰਵਾਕ ਅੰਦਰਿ ਉਚਾਰੀ ਗਈ ਹੈ। ਯਥਾ:—

ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥
ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥
ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥
ਸਚੁ ਸਚਾ ਸਭਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ ॥
ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ ॥੨੨॥ ਪੰਨਾ ੩੧੩

ਗਉੜੀ ਕੀ ਵਾਰ ਮਹਲਾ ੪

ਵਾਹੁ ! ਵਾਹੁ ! ਸੱਚ ਦੀ ਕਿਆ ਤੱਤ ਨਿਰਖ ਨਿਰਣੇ ਵਾਲੀ ਸੱਚੀ ਵਿਆਖਿਆ ਹੈ। ਪਰਮ ਤੱਤ ਸਚੁ ਵਾਹਿਗੁਰੂ ਸਚੇ ਦੇ ਹੀ ਭਗਤ ਜਨ ਹਨ, ਜਿਨ੍ਹਾਂ ਨੇ ਸਚੁ (ਨਾਮੁ) ਅਤੇ ਸੱਚਾ (ਨਾਮੀ) ਵਾਹਿਗੁਰੂ ਅਰਾਧਿਆ ਹੈ। ਏਥੇ 'ਸਚੁ ਸਚੇ' (ਮੁਢ ਅਰੰਭਲੇ) ਤੋਂ ਭਾਵ ਪਰਮ ਤੱਤ ਸਚੁ ਵਾਹਿਗੁਰੂ ਸਚੇ ਤੋਂ ਹੈ। 'ਸਚੁ ਸਚੇ' ਤੋਂ ਭਾਵ 'ਸਚੁ ਨਾਮੁ' ਅਤੇ ਨਾਮੀ ਵਾਹਿਗੁਰੂ ਸੱਚਾ ਹੈ। ਨਿਰੇ ਲੋਕ ਫ਼ਹਿਮ ਸੱਚ ਮਾਅਨਿਆਂ ਵਾਲੇ ਸੱਚ ਦਾ ਅਰਾਧਣਾ ਹੀ ਨਹੀਂ ਬਣਦਾ। 'ਆਰਾਧਨ' ਦੀ ਕਿਰਿਆ ਇਸ ਲੌਕਿਕ ਸੱਚ ਪ੍ਰਥਾਇ ਢੁਕਦੀ ਫਬਦੀ ਹੀ ਨਹੀਂ। ਏਹ ਅਲੌਕਿਕ ਸਚੁ ਪਰਲੋਕਿਕ ਸਚੁ ਹੈ, ਪਰਮਾਰਥੀ ਸੱਚ ਹੈ, ਪਰਮਾਤਮੀ ਸੱਚ ਹੈ, ਜਿਸ ਨੂੰ ਕੇਵਲ ਗੁਰੂ ਘਰ ਦੇ ਗੁਰੂ ਵਰੋਸਾਏ ਭਗਤ ਜਨ (ਗੁਰਮੁਖ ਜਨ) ਹੀ ਆਰਾਧ ਸਕਦੇ ਹਨ। ਜਿਨ੍ਹਾਂ ਗੁਰਮੁਖ ਜਨਾਂ ਨੇ ਸਚੁ ਨਾਮੁ ਆਰਾਧ ਕੇ, ਨਾਮ ਰੂਪੀ ਸਚੁ ਆਰਾਧ ਕੇ

ਸੱਚਾਂ ਸਿਰ ਸਚੁ ਵਾਹਿਗੁਰੂ ਰੂਪੀ 'ਸੱਚੁ' ਨੂੰ ਢੂੰਡਿਆ (ਟੋਲਿਆ) ਹੈ, ਤਿਨ੍ਹਾਂ ਨੇ ਨਿਜ ਘਟ ਅੰਦਰੋਂ ਹੀ ਇਸ ਤਤੁ ਸਚੁ ਵਾਹਿਗੁਰੂ ਨੂੰ ਲਭ ਲਿਆ ਹੈ। ਐਸਾ ਪਰਮ ਤੱਤ ਸਚਾਵਲਾ ਸਚੁ, ਗੁਰਮਤਿ ਸਚੁ ਸਿਫ਼ਤਾਵਲਾ ਸੱਚ (ਨਾਮੁ) ਅਤੇ ਨਾਮੀ ਸੱਚਾ ਸਾਹਿਬ ਜਿਨ੍ਹਾਂ ਨੇ ਸੇਵਿਆ, ਭਗਤੇਵਿਆ (ਸਿਮਰਿਆ) ਸਿਮਰਨ ਕਮਾਈ ਕਰ ਕੇ ਸਿਫ਼ਤੇਵਿਆ ਹੈ, ਤਿਸ ਸਚ ਕਮਾਵਨ ਦੇ ਤੁਫ਼ੈਲ ਸਚੁ ਸੇਵਨਹਾਰਿਆਂ (ਸਿਮਰਨਹਾਰਿਆਂ) ਨੇ ਜਮੁ ਰੂਪੀ ਕੰਟਕ ਕਾਲੁ ਮਾਰ ਕੇ ਸਾਧ ਲਿਆ (ਸੋਧ ਸਿਟਿਆ) ਹੈ। 'ਸਚੁ ਸਾਹਿਬੁ ਸਚੁ' ਇਸ ਤੀਜੀ ਤੁਕ ਅੰਦਰਿ ਖ਼ਾਸ ਵਿਸ਼ੇਸ਼ਤਾ ਪੂਰਤ ਵਜ਼ਨ ਰਖਦਾ ਹੈ। ਦੋ ਬਾਰ ਏਹ 'ਸਚੁ' ਅੰਕਿਤ ਕਰ ਕੇ ਵਿਚਾਲੇ 'ਸਾਹਿਬੁ' ਪਦ ਸੁਸ਼ੋਭਤ ਕੀਤਾ ਗਿਆ ਹੈ ਕਿ 'ਸਚੁ' ਪਦ ਦੇ ਅਰਥ ਵਿਸ਼ੇਸ਼ ਕਰ ਕੇ ਨਾਮੀ ਸਾਹਿਬ ਅਤੇ ਸਾਹਿਬ ਦੇ ਨਾਮ ਪ੍ਰਥਾਇ ਵਰਤੇ ਹੀ ਨਿਸਚਿਤ ਕੀਤੇ ਜਾਣ। ਏਸੇ ਕਰ ਕੇ ਸਾਹਿਬ ਦੁਆਲੇ ਦੋ ਵਾਰ 'ਸਚੁ' ਸ਼ਬਦ ਲਿਖ ਕੇ ਮਾਨੋ ਸਚੁ ਸ਼ਬਦ ਉਤੇ ਖ਼ਾਸੀਅਤ ਤਾਣ (force, emphasis) ਦਿਤਾ ਗਿਆ ਕਿ 'ਸਚੁ' ਦੇ ਅਰਥ ਨਾਮ ਤੇ ਨਾਮੀ ਵਾਹਿਗੁਰੂ ਤੋਂ ਬਿਨਾਂ ਹੋਰ ਨਾ ਸਮਝੇ ਜਾਣ, ਨਿਸਚੇ ਕਰ ਕੇ ਵਾਹਿਗੁਰੂ ਨਾਮ ਅਤੇ ਵਾਹਿਗੁਰੂ ਪ੍ਰਥਾਇ ਹੀ ਸਚੁ ਸ਼ਬਦ ਲਿਖਿਆ ਪਰਵਾਨਿਆ ਪਰਧਾਨਿਆ ਜਾਏ। ਫੇਰ ਏਦੂੰ ਅਗਲੀ, ਅਰਥਾਤ, ਚੌਥੀ ਤੁਕ ਵਿਚ 'ਸਚੁ' ਸ਼ਬਦ ਨੂੰ ਹੋਰ ਭੀ ਨਿਖਾਰ ਕੇ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੇ ਅਰਥਾਂ ਵਿਚਿ ਜਣਾਇਆ ਗਿਆ ਹੈ। "ਸਚੁ ਸਚਾ ਸਭਦੂ ਵਡਾ ਹੈ" ਸਚੁ ਨਾਮੁ ਵਾਲਾ ਸੱਚਾ ਵਾਹਿਗੁਰੂ ਸਾਰਿਆਂ ਸੱਚਾਂ ਨਾਲੋਂ ਵਡਾ, ਸੱਚਾਂ ਸਿਰ ਸਚੁ ਹੈ। "ਸਚੁ ਸੇਵਨਿ ਸੇ ਸਚਿ ਰਲਾਧਿਆ ॥" ਜੇਹੜੇ ਵਡਭਾਗੇ ਗੁਰਮੁਖ ਜਨ ਇਸ ਸਚਾਂ ਸਿਰਿ ਸੱਚੁ, ਸਭ ਦੂੰ ਵਡੇ ਸੱਚ ਨੂੰ ਸੇਵੰਦੇ ਹਨ, ਅਤੁਟ ਭਗਤ ਕਮਾਈ ਕਰ ਕੇ ਸਿਮਰਦੇ ਹਨ, ਸੇ ਸੱਚ ਵਿਚਿ ਹੀ ਰਲ ਮਿਲ ਗਏ ਹਨ। ਸਚੇ ਵਾਹਿਗੁਰੂ ਨੇ ਆਪਣੇ ਸਚ ਸਰੂਪ ਵਿਚਿ ਹੀ ਰਲਾਇ ਮਿਲਾਇ ਸਮਾਇ ਲਏ ਹਨ। ਪੰਜਵੀਂ ਅਖ਼ੀਰਲੀ ਪੰਗਤੀ ਅੰਦਰਿ ਕਿਆ ਸੋਹਣੀ ਸਪਸ਼ਟ ਨਿਰਖ 'ਸਚੁ' ਸ਼ਬਦ ਦੀ ਕੀਤੀ ਹੈ। "ਸਚੁ ਸਚੇ ਨੋ ਸਾਬਾਸਿ ਹੈ" ਐਸੇ ਸਚੁ ਸਰੂਪੀ ਸਚੇ ਵਾਹਿਗੁਰੂ ਨੂੰ ਸ਼ਾਬਾਸ਼, ਸੁਬਹਾਨ ਕਹਿਣਾ ਲੋੜੀਏ, ਜਿਸ ਸਚ ਸਚੇ ਨੂੰ ਸੇਵ ਕੇ ਸੇਵਕ ਭਗਤ ਜਨ ਫਲਦੇ ਫੂਲਦੇ ਹਨ। (ਸਰਬ ਫਲਾਂ ਨੂੰ ਪਾਉਂਦੇ ਹਨ)। "ਸਚੁ ਸੱਚਾ ਸੇਵਿ ਫਲਾਧਿਆ।" ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦਾ ਸੇਵਨ ਸਿਮਰਨ ਹੀ ਸਰਬ ਫਲ ਪਰਦਾਤਾ ਹੈ, ਜੈਸਾ ਕਿ ਗੁਰਬਾਣੀ ਅੰਦਰਿ ਅਨੇਕ ਥਾਇਂ ਵਰਣਨ ਕੀਤਾ ਗਿਆ ਹੈ। ਇਸ ਵਿਚ ਰੰਚਕ ਸੰਦੇਹ ਹੀ ਨਹੀਂ। ਕੈਸੀ ਸੱਚ ਦੀ ਖ਼ਾਸੀਅਤ ਖ਼ੁਸੂਸੀਅਤ ਅਤੇ ਮਹਿਮਾ ਮਹੂਵੀਅਤ ਇਸ ਉਪਰਲੇ ਗੁਰਵਾਕ ਅੰਦਰਿ ਨਿਰਣਾਈ ਗਈ ਹੈ।

ਅਗਲੀ ਪਉੜੀ ਵਾਲੇ ਗੁਰਵਾਕ ਅੰਦਰਿ ਸਚੁ ਰੂਪੀ, ਸਿਫ਼ਤ ਰੂਪੀ ਸਚੇ ਨੂੰ ਸਾਰੀ ਕੁਦਰਤ ਦਾ ਸਿਰਜਨ ਸਾਜਣਹਾਰਾ ਕਾਦਰੋ ਮੁਤਲਕ ਕਰ ਕੇ ਜਾਣਾਇਆ ਗਇਆ ਹੈ। ਯਥਾ :

ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥
ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥
ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥
ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥
ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ੨੩॥ ਪੰਨਾ ੩੧੩
ਗਉੜੀ ਕੀ ਵਾਰ ਮਹਲਾ ੪

ਨਾਮ ਨਾਮੀ ਅਭੇਦ ਰੂਪ ਹੋਣ ਕਰਿ, ਨਾਮੀ ਦਾ ਸਲਾਹੁਣਾ ਅਤੇ ਨਾਮ ਦਾ ਸਲਾਹੁਣਾ ਗੁਰਬਾਣੀ ਅੰਦਰਿ ਇਕ ਹੀ ਅਰਥ ਰਖਦੇ ਹਨ। 'ਨਾਮੁ' ਨਾਮੀ ਦੀ ਸਿਫਤਿ ਸਲਾਹ ਹੈ। ਸਾਲਾਹੁਣ ਯੋਗ ਨਾਮੀ, ਸਿਫਤਿ ਸਾਲਾਹ ਸਰੂਪਾ ਨਾਮੀ ਸਾਲਾਹੀ ਹੈ। ਨਾਮ ਸਿਫਤਿ ਸਲਾਹ ਹੈ। ਸਚੁ ਨਾਮੁ ਅਭੇਦਾ ਵਾਹਿਗੁਰੂ ਨਾਮੀ ਸੱਚਾ ਕਾਦਰੇ ਮੁਤਲਕ ਕੁਦਰਤਿ ਦਾ ਕਰਨਹਾਰ ਹੁੰਦਾ ਹੋਇਆ ਅਪਨੀ ਕੁਦਰਤਿ ਅੰਦਰਿ ਓਤਿ ਪੋਤਿ ਹੋ ਕੇ ਰਵਿਆ ਹੋਇਆ ਹੈ। ਗੁਰਮਤਿ ਨੇ ਇਸ ਇਲਾਹੀ ਭੇਦ ਨੂੰ ਗੁਰਬਾਣੀ ਦੁਆਰਾ ਭਲੀ ਭਾਂਤ ਸਪਸ਼ਟਾਇਕੈ ਜਾਣਾਇਆ ਹੈ। ਕੁਦਰਤਿ ਦੇ ਮਾਲਕ ਕਰਤੇ ਪੁਰਖ ਇਸ ਸਚੇ ਕਾਦਰ ਨੇ ਅਪਨੀ ਕੁਦਰਤ (ਤਾਕਤ) ਦੁਆਰਾ ਦਿਨ ਰਾਤੀਂ ਦਿਨ ਤੇ ਰਾਤਾਂ ਬਣਾਈਆਂ ਹਨ। ਐਸੇ ਸੱਚ ਨੂੰ ਸਚੇ ਕਾਦਰ ਵਾਹਿਗੁਰੂ ਕਰਤੇ ਪੁਰਖ ਨੂੰ ਸਦਾ ਸਦਾ ਸਲਾਹਣਾ ਯੋਗ ਹੈ। ਯੋਗ ਹੀ ਨਹੀਂ, ਬਲਕਿ ਗੁਰਮਤਿ ਅੰਦਰਿ ਪਰਮ ਧਰਮ ਹੈ। "ਸੋ ਸਚੁ ਸਲਾਹੀ ਸਦਾ ਸਦਾ" ਸਦਾ ਸਦਾ ਸਚੁ ਰੂਪੀ ਸਚੇ ਵਾਹਿਗੁਰੂ ਦੀ ਸਿਫਤਿ ਸਾਲਾਹ ਕਰਨ ਦਾ ਗੁਰਮਤਿ ਅੰਦਰਿ ਪਰਮ ਧਰਮ ਸੰਪੰਨਾ ਹੁਕਮ ਹੈ, ਕਿਉਂਕਿ ਸਚੇ ਦੀਆਂ ਵਡਿਆਈਆਂ ਰੂਪੀ ਸਿਫਤਿ ਸਾਲਾਹ ਭੀ ਸਚੁ ਸਰੂਪ ਹੈ "ਸਚੁ ਸਚੇ ਕੀਆ ਵਡਿਆਈਆ।" ਅਗਲੀ ਤੀਜੀ ਤੁਕ ਅੰਦਰ ਕਿਆ ਸੋਹਣਾ ਨਿਰਣਾ ਨਿਰਖਾਇਆ ਹੈ ਕਿ ਸਿਫਤਿ ਸਾਲਾਹ (ਨਾਮੁ) ਭੀ ਸਚੁ ਹੈ (ਸਚ ਸਰੂਪ ਹੈ) ਅਤੇ ਸਾਲਾਹੁਣ ਯੋਗ 'ਸਾਲਾਹੀ' (ਨਾਮੀ, ਵਾਹਿਗੁਰੂ) ਭੀ 'ਸਚੁ' ਸਰੂਪਾ ਹੈ: "ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥" ਸਾਲਾਹੀ ਵਾਹਿਗੁਰੂ ਨਾਮ ਵਾਲਾ (ਵਾਹਿਗੁਰੂ) ਭੀ ਸਚੁ ਹੈ, ਜਿਸਦਾ ਨਾਮ ਲੈਣਾ, ਜਿਸ ਨੂੰ ਸਾਲਾਹਣਾ ਗੁਰਮਤਿ ਦਾ ਪਰਮ ਧਰਮ ਹੈ, ਉਹ ਸਾਲਾਹੀ ਭੀ ਸਚੁ ਹੈ ਅਤੇ ਉਸ ਦੀ ਸਿਫਤਿ ਸਾਲਾਹ (ਸਲਾਹ, ਨਾਮ) ਭੀ ਸਚੁ ਹੈ। ਗੁਰਬਾਣੀ ਅੰਦਰਿ ਨਾਮੀ (ਵਾਹਿਗੁਰੂ) ਨੂੰ ਭੀ ਸਚੁ ਕਰ ਕੇ ਬਰਨਿਆ ਗਿਆ ਹੈ ਅਤੇ ਨਾਮ ਨੂੰ ਭੀ ਸਚੁ ਕਰ ਕੇ ਵਰਨਣ ਕੀਤਾ ਗਿਆ ਹੈ। 'ਸਚੁ' ਨਾਮੀ (ਸਾਲਾਹੀ ਪਰਥਾਇ Epithet) ਦਾ ਗੁਣ ਭੀ ਹੈ ਅਤੇ ਨਾਮ (ਸਾਲਾਹ) ਦਾ ਭੀ। ਇਸ 'ਸਚੁ' ਦੀ ਕੀਮਤਿ ਕਿਸੇ ਨੇ ਭੀ ਨਹੀਂ ਪਾਈ। ਪਰ "ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥"

ਜਦੋਂ ਸਤਿਗੁਰੂ ਪੂਰਾ ਜਿਨ੍ਹਾਂ ਗੁਰਮੁਖ ਜਨਾਂ ਨੂੰ ਮਿਲਿਆ ਹੈ, ਤਿਨ੍ਹਾਂ ਨੂੰ ਇਸ ਅਗਮ ਅਗੋਚਰ 'ਸਚੁ' ਦੀ ਕੀਮਤਿ ਪਰਤੱਖ ਪਰਗਟ ਪਾਹਾਰੇ ਜਾਪੀ ਹੈ। ਸਚੁ ਤਿਨ੍ਹਾਂ ਨੂੰ

ਸਾਮਰਤੱਖ ਦਿਸ ਪਿਆ ਹੈ, ਹਾਜ਼ਰ ਨਦਰੀ ਆਇਆ ਹੈ। ਸੱਚਾ ਸਤਿਗੁਰੂ ਮਿਲੇ ਬਾਝੋਂ, ਸਗੁਰੇ ਹੋਏ ਬਾਝੋਂ, ਗੁਰੂ ਦੇ ਬਣੇ ਬਾਝੋਂ, ਗੁਰਮੁਖ ਸਿਖ ਸਜੇ ਬਾਝੋਂ ਨਿਗੁਰਿਆਂ ਨੂੰ ਇਸ 'ਸਚੁ' ਦੀ ਮਾਹੀਅਤ ਨਜ਼ਰ ਨਹੀਂ ਆਉਂਦੀ, ਨਾ ਸਚੁ ਦੀ ਕੀਮਤਿ ਪੈਂਦੀ ਹੈ। ਜਿਨ੍ਹਾਂ ਗੁਰਮੁਖਾਂ ਨੇ ਸਚੁ ਅਰਾਧਿਆ ਹੈ, ਸਚੁ ਸਲਾਹਿਆ ਹੈ, ਸਿਫਤਾਇਆ ਹੈ, ਤਿਨ੍ਹਾਂ ਦੀਆਂ ਭੁਖਾਂ ਸਭ ਗਵਾਈਆਂ ਗਈਆਂ ਤੇ ਡੰਝਾਂ ਮਿਟਾਈਆਂ ਗਈਆਂ ਹਨ :

ਸਚੁ ਗੁਰਮੁਖਿ ਜਿਨੀ ਸਲਾਹਿਆ
ਤਿਨਾ ਭੁਖਾ ਸਭਿ ਗਵਾਈਆ ॥

ਬਸ, ਸਚੁ ਹੈ ਤਾਂ ਸਚੁ ਪਦਾਰਥੁ ਨਾਮੁ ਹੀ ਹੈ। ਨਾਮ ਤੋਂ ਬਿਨਾਂ ਸਚੁ ਹੈ ਹੀ ਨਹੀਂ। ਅਤੇ ਇਹ ਸਚੁ ਗੁਰੂ ਘਰ ਅੰਦਰਿ ਹੀ ਹੈ, ਹੋਰ ਕਿਤੇ ਭੀ ਨਹੀਂ। ਯਥਾ ਗੁਰਵਾਕ :—

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥ ਪੰਨਾ ੨੨
ਸਿਰੀ ਰਾਗ ਮਹਲਾ ੧

ਸਚੁ ਰੂਪੀ ਵਖਰੁ, ਸਚੁ ਰੂਪੀ ਪਦਾਰਥੁ ਹੈ ਤਾਂ ਨਾਮੁ ਹੀ ਹੈ। ਏਹ ਨਾਮੁ ਰੂਪੀ ਸਚੁ, ਨਾਮ ਰੂਪੀ ਸਚੁ ਪਦਾਰਥੁ, ਨਾਮੁ ਰੂਪੀ ਸਚੁ ਵਖਰੁ ਹੀ ਮਾਣਕੁ ਹੈ, ਸਚੁ ਨਾਮੁ ਹੀ ਰਤਨੁ ਹੈ। ਸਚੁ ਨਾਮੁ ਹੀ ਹੀਰਾ ਲਾਲੁ ਹੈ। ਏਹ ਘਟਿ ਘਟਿ ਗਹਿਰ ਗੰਭੀਰ ਸਚੁ ਗੁਰਮਤਿ ਦੁਆਰਾ **ਗੁਰਪ੍ਰਸਾਦ** ਕਰਿ ਮਨ ਮਾਹਿ ਹੀ ਲਖੀਦਾ ਹੈ। ਏਹ ਹੀਰਾ ਰਤਨੁ (ਸੱਚੁ) ਤਿਨ੍ਹਾਂ ਗੁਰਮੁਖਾਂ ਨੂੰ ਹੀ ਲਭਦਾ ਹੈ, ਜਿਨ੍ਹਾਂ ਉਤੇ ਵਾਹਿਗੁਰੂ ਹਰੀ ਪਰਮਾਤਮਾ ਦੀ ਦਇਆ, ਮੇਹਰ ਨਦਰ ਹੁੰਦੀ ਹੈ, ਹੋਰ ਕਿਸੇ ਨੂੰ ਨਹੀਂ ਲਭਦਾ। ਅਗਲੇ ਗੁਰ ਵਾਕ ਅੰਦਰਿ 'ਸਚੁ' ਖ਼ੂਬ ਹੀ ਸਪਸ਼ਟ ਸਿਫਤਿ ਸਾਲਾਹੀ ਅਰਥਾਂ ਵਿਚਿ ਖ਼ੂਬਾਇਆ ਗਿਆ ਹੈ। ਯਥਾ :—

ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥
ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥
ਧਨੁ ਧਨੁ ਪੁਰਖ **ਸਾਬਾਸਿ** ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥
ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥
ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥ ਪੰਨਾ ੩੧੨
ਗਉੜੀ ਕੀ ਵਾਰ ਮਹਲਾ ੪

ਵਿਆਖਿਆ :—ਸਚੇ ਵਾਹਿਗੁਰੂ ਜੀ ਦੀ ਸਿਫਤਿ ਸਲਾਹ ਸਚੁ ਸਰੂਪ ਹੈ। ਸਿਫਤਿ

ਸਲਾਹ ਹੈ ਨਾਮੁ । ਤਾਂ ਤੇ ਸਚੇ ਵਾਹਿਗੁਰੂ ਦਾ ਨਾਮੁ ਹੀ ਸਚੁ ਸਰੂਪ ਹੈ । ਨਾਮੀ ਸਚੇ ਦਾ ਨਾਮ ਏਥੇ ਸਪਸ਼ਟ ਸਚੁ ਸਰੂਪ ਦਸਿਆ ਗਿਆ ਹੈ । ਇਸ ਸਚੁ ਰੂਪੀ ਨਾਮੁ ਮਈ ਸਿਫਤਿ ਸਲਾਹ ਨੂੰ ਸੋਈ ਗੁਰਮੁਖ ਜਨੁ ਵਾਸਤਵੀ ਸਿਮਰਨ ਵਿਚਿ ਕਰਦਾ ਹੈ, ਤਿਸੇ ਗੁਰਮੁਖ ਜਨ ਦੀ ਸਚੁ ਨਾਮੁ ਰੂਪੀ ਸਿਫਤਿ ਸਾਲਾਹ ਕੀਤੀ ਪਰਵਾਨ ਪੈਂਦੀ ਹੈ,ਜਿਸ ਦਾ ਸਿਫਤਿ ਸਾਲਾਹ ਕਰ ਕੇ (ਨਾਮੁ ਜਪਕੇ) ਅੰਦਰੁ ਭਿਜ ਜਾਂਦਾ ਹੈ, ਸਬਦ ਰਸ ਨਾਲਿ ਪਰਸਿੱਜ ਜਾਂਦਾ ਹੈ । ਜਿਨ੍ਹਾਂ ਨੂੰ ਸਿਮਰਨ ਦਾ ਰਸੁ ਆਉਂਦਾ ਹੈ, ਜਿਨ੍ਹਾਂ ਦਾ ਅੰਦਰਲਾ ਸਿਮਰਨ ਸੁਆਦ ਨਾਲਿ ਗੁਧਿਆ ਜਾਂਦਾ ਹੈ, ਤਿਨ੍ਹਾਂ ਦਾ ਹੀ ਨਾਮ ਜਪਿਆ, ਸਾਲਾਹਿਆ, ਸਿਮਰਿਆ ਸਚੇ ਲੇਖੇ ਲਗਦਾ ਹੈ। ਜਿਨ੍ਹਾਂ ਨੂੰ ਸਿਮਰਨ ਦਾ ਸੁਆਦ ਰਸੁ ਅੰਦਰ ਗਤਿ ਆ ਗਿਆ, ਸੋ ਫਿਰ ਸਿਮਰਨ ਨੂੰ ਛਡਿ ਨਹੀਂ ਸਕਦੇ । ਤਿਨ੍ਹਾਂ ਤੋਂ ਸਿਮਰਨ ਛੁਟਦਾ ਹੀ ਨਹੀਂ, ਅੰਦਰੁ ਨਾਮ ਰਸ ਗੁੱਧਾ ਤੇ ਗੀਧਾ ਹੋਣ ਕਰਿ ਓਹਨਾਂ ਦੀ ਸੁਰਤੀ ਬਿਰਤੀ ਸੁਤੇ ਸੁਭਾਵ ਹੀ ਸਿਮਰਨ ਸੇਤੀ ਪ੍ਰੋਤੀ ਜਾਂਦੀ ਹੈ । ਓਹੀ ਇਕ-ਮਨ ਇਕ-ਚਿਤ ਹੋ ਕੇ ਸੁਰਤ-ਸੁਆਸੀਆ ਨਾਮ ਅਭਿਆਸ ਸਹਜ ਸੁਭਾਵ ਕਰਨ ਵਿਚਿ ਤੱਤਪਰ ਰਹਿੰਦੇ ਹਨ । ਇਸ ਬਿਧਿ ਜਿਨ੍ਹਾਂ ਸ਼ਬਦ ਸੁਰਤ ਗੁਰਮੁਖ ਜਨਾਂ ਨੇ ਇਕ-ਮਨ ਹੋਕੇ ਇਕ ਅਕਾਲ ਪੁਰਖ ਨੂੰ ਅਰਾਧਿਆ ਹੈ ਤਿਨ੍ਹਾਂ ਦਾ ਆਤਮ-ਪਰਮਾਤਮੀ ਇਕ-ਤਾਰ ਜੋਤ ਪ੍ਰੋਤਾ ਅੰਦਰਲਾ ਮੇਲੁ ਕਦੇ ਟੁਟਦਾ ਨਹੀਂ । "ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ।" ਕੱਕੇ ਨੂੰ ਔਂਕੁੜ ਵਾਲਾ 'ਇਕੁ' ਇਕ ਅਕਾਲ ਪੁਰਖ ਦਾ ਬੋਧਕੁ ਹੈ । ਇਕੁ ਅਕਾਲ ਪੁਰਖ ਨੂੰ ਅਰਾਧਨ ਦਾ ਭਾਵ ਇਕੋ ਵਾਹਿਗੁਰੂ ਨਾਮੁ ਜਪਣਾ ਹੈ । ਜਿਵੇਂ ਨਾਮ ਨਾਮੀ ਅਭੇਦ ਹਨ, ਇਸੇ ਪਰਕਾਰ ਇਕ-ਮਨ ਇਕ-ਚਿੱਤ ਕਰ ਕੇ ਨਾਮ ਜਪਣ ਵਾਲੇ ਗੁਰਮੁਖਾਂ ਦੇ ਆਤਮਾ ਅਤੇ ਪਰਮਾਤਮਾ ਵਿਚਾਲੇ ਕੋਈ ਅੰਤਰਾ ਨਹੀਂ ਰਹਿੰਦਾ । ਓਹ ਪੁਰਖ ਧਨਤਾ ਯੋਗ ਹਨ ਅਤੇ ਸ਼ਾਬਾਸ਼ ਦੇ ਪਾਤਰ ਹਨ, ਜਿਨ੍ਹਾਂ ਦੀ ਰਸਨਾ ਹਰ ਦਮ ਸਚੁ ਅੰਮ੍ਰਿਤ ਰਸ ਨੂੰ ਪੀਂਦੀ ਚੂਸਦੀ ਰਹਿੰਦੀ ਹੈ । 'ਸਚੁ ਅੰਮ੍ਰਿਤੁ' ਤੋਂ ਭਾਵ ਨਾਮੁ ਅੰਮ੍ਰਿਤੁ ਰਸੁ ਹੈ । ਐਸਾ 'ਸਚੁ' (ਨਾਮ) ਅਤੇ ਸੱਚਾ (ਨਾਮੀ ਵਾਹਿਗੁਰੂ) ਜਿਨ੍ਹਾਂ ਦੇ ਮਨ ਅੰਦਰਿ ਭਾਵਨੀ ਕਰ ਕੇ ਵਸ ਗਿਆ ਹੈ, ਸੋਈ ਗੁਰਮੁਖ ਜਨ ਸੱਚੀ ਦਰਗਾਹੇ ਉਭਰਦੇ ਹਨ ਅਤੇ ਵਾਹਿਗੁਰੂ ਸਚੇ ਦੇ ਅੰਚਲ ਲਗਦੇ ਹਨ । ਐਸਾ ਸਚੁ ਨਾਮੁ ਹੀ ਸੱਚੀ ਦਰਗਹ ਦਾ ਵਾਸਲੁ ਹੈ । ਸਚੁ ਨਾਮ ਹੀ ਤਿਨ੍ਹਾਂ ਦਾ ਮੁਖ ਉੱਜਲ ਕਰਨਹਾਰਾ ਹੈ । ਐਥੇ ਓਥੇ ਸਚੁ (ਨਾਮ) ਹੀ ਤਿਨ੍ਹਾਂ ਨੂੰ ਸੁਰਖ਼ਰੂ ਕਰਦਾ ਹੈ ।

੪

# ਸੱਚ ਭੰਡਾਰੇ ਦਾ ਮਾਲਕ ਗੁਰੂ ਨਾਨਕ ਦੇਵ ਹੈ

ਅਗਲੇਰੇ ਗੁਰਵਾਕ ਅੰਦਰਿ ਤਾ 'ਸਚੁ' ਦੀ ਅਤਿ ਅਪਾਰ ਮਹਿਮਾ ਵਡੀਰੀ ਬਿਸਥੀਰੀ ਗਈ ਹੈ। ਅਤੇ 'ਸਚੁ' ਨੂੰ,'ਗੁਰਮਤਿ ਸਚੁ' ਨੂੰ ਸਭ ਤੋਂ ਵੱਡਾ ਮਰਤਬਾ ਦਿਤਾ ਗਿਆ ਹੈ। ਯਥਾ :—

ਸਚੁ ਸਚਾ ਸਭਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ॥
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ॥
ਓਇ ਬੋਲੈ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ॥੮॥ ਪੰਨਾ ੩੦੪
ਗਉੜੀ ਕੀ ਵਾਰ ਮਹਲਾ ੪

ਨਾਮੁ ਤੇ ਨਾਮੀ ਨੂੰ ਅਭੇਦ ਰੂਪ ਹੋਣ ਕਰਿ,ਇਕ ਸਰੂਪ ਕਰਿ ਹੀ ਗੁਰਬਾਣੀ ਅੰਦਰਿ, ਵਰਨਣ ਕੀਤਾ ਗਿਆ ਹੈ। ਨਾਮੁ ਹੈ ਸਚੁ ਤੇ ਨਾਮੀ ਹੈ ਸੱਚਾ। ਇਹ ਗੁਰਮਤਿ ਨਿਰੂਪਿਆ ਇਕ-ਮਿਕੀ "ਸਚੁ ਸਚਾ" ਸਭ ਸੱਚਾਂ ਤੋਂ (ਸਭਦੂੰ) ਵੱਡਾ ਹੈ। ਹੋਰ ਸੱਚ ਸਭ ਏਦੂੰ ਹੇਠਾਂ ਹਨ। ਵਾਹਿਗੁਰੁ ਅਤੇ ਵਾਹਿਗੁਰੂ ਨਾਮੁ ਤੋਂ ਵੱਡਾ ਹੋਰ ਕੌਣ ਹੋ ਸਕਦਾ ਹੈ ? ਵਾਹਿਗੁਰੂ ਅਤੇ ਵਾਹਿਗੁਰੂ ਨਾਮੁ ਤੋਂ ਵੱਡਾ ਤੇ ਉੱਚਾ ਸਚੁ ਹੋਰ ਕੇਹੜਾ ਹੋ ਸਕਦਾ ਹੈ ? ਏਹ ਸਭ ਦੂੰ ਵਡਾ ਤੇ ਸਭਦੂੰ ਉੱਚਾ 'ਸਚੁ' ਸਭ ਤੋਂ ਪਹਿਲਾਂ ਮਿਲਿਆ ਤਾਂ ਸਚੇ ਸਤਿਗੁਰੂ, ਸਭ ਤੋਂ ਵਡੇ ਸਤਿਗੁਰੂ ਨਾਨਕ ਦੇਵ ਜੀ ਨੂੰ ਮਿਲਿਆ। ਸਚ ਨਾਮ ਦੇ ਭੰਡਾਰ ਦਾ ਮਾਲਕ, ਅਕਾਲ ਪੁਰਖ ਦੇ ਹੁਕਮ ਅਨੁਸਾਰ,ਸਭ ਤੋਂ ਪਹਿਲਾਂ ਬਣਿਆ ਤਾਂ ਸੱਚਾ ਸਤਿਗੁਰੂ ਗੁਰੂ ਨਾਨਕ ਦੇਵ ਹੀ ਬਣਿਆ। ਸਚੁ ਨਾਮ ਦਾ ਭੰਡਾਰੀ ਬਣਨ ਦਾ ਸ਼ਰਫ਼ ਹਾਸਲ ਹੋਇਆ ਤਾਂ ਸਤਿਗੁਰੂ ਨਾਨਕ ਸਾਹਿਬ ਨੂੰ ਹੋਇਆ। ਇਸ ਸਚੁ ਨਾਮ ਦੇ ਭੰਡਾਰੇ ਵਿਚੋਂ ਗੁਰਪ੍ਰਸਾਦ ਕਰਿ, ਗੁਰੂ ਨਾਨਕ ਦੇਵ ਦੇ ਪ੍ਰਸਾਦ ਕਰਿ ਸਭ ਜਗਤ ਵਰੋਸਾਇਆ। ਜਿਸ ਜਿਸ ਜਨ ਉਤੇ

ਜਗਤ ਗੁਰੂ ਨਾਨਕ ਤੁੱਠਾ, ਤਿਸ ਤਿਸ ਨੂੰ ਸਚੁ ਨਾਮੁ ਰੂਪੀ ਖੋਸ਼ਾ ਤੋਸ਼ਾ ਇਸ ਅਤੁਟ ਭੰਡਾਰੇ ਵਿਚੋਂ ਮਿਲਿਆ। ਅਧਿਕਾਰ ਪਾਤਰਤਾ ਅਨੁਸਾਰ ਮਿਲਿਆ, ਪਰ ਇਸ ਸਚੁ ਨਾਮੁ ਅਤੁੱਟ ਭੰਡਾਰੇ ਦੀ ਸੌਂਪਣਾ ਕੇਵਲ, ਕੇਵਲ ਸਤਿਗੁਰੂ ਸਚੇ ਪਾਤਸ਼ਾਹ ਨੂੰ ਹੋਈ, ਅਕਾਲ ਪੁਰਖ ਦੇ ਥਾਪੇ ਗੁਰੂ ਸਤਿਗੁਰੂ ਨਾਨਕ ਦੇਵ ਨੂੰ ਹੋਈ। ਫਿਰ ਗੁਰੂ ਅਕਾਲ ਪੁਰਖ ਦੀ ਅਚਲ ਅਬਦੀ ਰਜ਼ਾ ਅਨੁਸਾਰ ਇਸ ਸਚ ਭੰਡਾਰੇ ਦੇ ਵਰਤਾਰੇ ਦੀ ਸੌਂਪਣਾ ਤਿਸੇ ਗੁਰੂ ਜੋਤਿ ਜਾਮੇ ਨੂੰ ਹੋਈ, ਜਿਸ ਨੂੰ ਕਿ ਅਕਾਲ ਪੁਰਖ ਦੇ ਥਾਪੇ ਸਤਿਗੁਰੂ ਨੇ ਨਿਜ ਥਾਂਜਾ-ਨਸ਼ੀਨ ਥਾਪਿਆ, ਜਿਸ ਨੂੰ ਕਿ ਸਤਿਗੁਰੂ ਸਚੇ ਪਾਤਸ਼ਾਹ ਨੇ ਇਸ 'ਸਚੁ ਨਾਮੁ' ਭਗਤਿ ਭੰਡਾਰੇ ਦਾ ਭੰਡਾਰੀ ਟਿੱਕਿਆ। ਗੁਰੂ ਅਕਾਲ ਪੁਰਖ ਟਿੱਕੇ, ਗੁਰ ਸਤਿਗੁਰ ਟਿੱਕੇ ਹਰ ਇਕ ਭੰਡਾਰੀ ਵਲੋਂ ਇਸ 'ਸਚੁ ਨਾਮੁ' ਦੇ ਸਮੁੱਚੇ ਭੰਡਾਰੇ ਵਿਚੋਂ 'ਸਚੁ ਨਾਮੁ' ਦੀਆਂ ਦਾਤਾਂ ਅਨੇਕ ਅਧਿਕਾਰੀਆਂ ਅਤੇ 'ਸਚੁ ਨਾਮੁ' ਦੇ ਵਾਪਾਰੀਆਂ ਨੂੰ ਮਿਲੀਆਂ। ਪਰ ਗੁਰੂ ਅਕਾਲ ਪੁਰਖ ਦੇ ਹੁਕਮ ਰਜਾਈ ਟਿੱਕੇ (ਥਾਪੇ) ਸਤਿਗੁਰੂ ਬਾਝਹੁ ਇਸ 'ਸਚੁ ਨਾਮੁ' ਭੰਡਾਰ ਦਾ ਭੰਡਾਰੀ ਹੋਰ ਕੋਈ ਨਹੀਂ ਬਣਿਆ, ਨਾਹੀ ਬਣ ਸਕਿਆ। ਹੁਕਮੀ ਅਕਾਲ ਪੁਰਖ ਦੇ ਹੁਕਮ ਪਠਾਏ, ਹੁਕਮ ਰਜਾਏ, ਥਾਪ ਥਪਾਏ, ਸਚੁ ਨਾਮੁ ਭੰਡਾਰਚੀ ਮਹਾਂਪੁਰਖ ਹੀ ਸਤਿਗੁਰੂ ਸਦਾਏ, ਸਤਿਗੁਰੂ ਦੀ ਮਹਾਂ ਉਚ ਪਦਵੀ ਨੂੰ ਪ੍ਰਾਪਤਿ ਹੋਏ। ਆਪੇ ਬਣਿ ਬੈਠੇ ਪੋਚ ਗੁਰੂ, ਇਸ ਗੁਰੂ ਪਦਵੀ ਤੋਂ ਵਾਂਜੇ ਹੀ ਰਹੇ। ਵਾਂਜੇ ਹੀ ਨਹੀਂ ਰਹੇ, ਸਗੋਂ ਗੁਰੂ ਘਰ ਵਿਚੋਂ ਹੀ ਧੱਕੇ ਗਏ। ਸਚ ਨਾਮ ਦੇ ਭੰਡਾਰੀ ਤਾਂ ਉਹਨਾਂ ਨੇ ਕੀ ਹੋਣਾ ਸੀ, ਓਹ ਤਾਂ ਸਚ ਨਾਮ ਦੇ ਕਿਣਕੇ ਮਾਤ੍ਰ ਤੋਂ ਭੀ ਵੰਚਤ ਹੀ ਰਹਿ ਗਏ। ਸਚ ਸਚੇ ਦੀ ਸਿਫਤਿ ਸਾਲਾਹ ਦਾ ਅੰਮ੍ਰਿਤ-ਕਿਣਕਾ ਭੀ ਤਿਨ੍ਹਾਂ ਨੂੰ ਮਿਲਿਆ, ਜੋ ਗੁਰ ਸਤਿਗੁਰ ਦੇ ਪੰਨੇ ਪਏ, ਜੋ ਸਚਮੁਚ ਗੁਰਦੀਖਿਆ ਲੈ ਕੇ ਗੁਰੂ ਦੇ ਸਿਖ ਬਣੇ। ਪਰ ਸਚੁ ਸੱਚਾ ਸਭਦੂੰ ਵਡਾ ਮੇਲਾਰਾ ਅਤੁਟ ਭਗਤਿ ਭੰਡਾਰਾ ਤਾਂ ਤਿਸ ਮਹਾਂ ਪੁਰਸ਼ ਨੂੰ ਹੀ ਮਿਲਿਆ, ਜਿਸ ਨੂੰ ਹੁਕਮੀ ਦੇ ਹੁਕਮ, ਅਕਾਲ ਦੀ ਰਜਾਇ ਅਨੁਸਾਰ ਸਤਿਗੁਰੂ ਦਾ ਸੱਚਾ ਮਰਾਤਬਾ ਮਿਲਿਆ, ਜੋ ਧੁਰ ਦਰਗਾਹੋਂ ਸਤਿਗੁਰੂ ਕਰ ਕੇ ਟਿਕਿਆ ਗਿਆ। ਇਸ ਸਚ ਭੰਡਾਰ ਦਾਤਿ ਤੋਂ ਸੁੰਞੇ ਵੰਞੇ ਸਤਿਗੁਰੂ ਹੀ ਨਹੀਂ ਕਹਾ ਸਕਦੇ। ਐਵੇਂ ਆਪੇ ਹੀ ਸਤਿਗੁਰੂ ਬਣਿ ਬਣਿ ਬਹਿੰਦੇ ਹਨ, ਅਤੇ ਸਚੁ (ਨਾਮੁ) ਦੇ ਭੰਡਾਰੀ ਆਪਣੇ ਆਪ ਨੂੰ ਸਦਾਉਂਦੇ ਹਨ। ਪੱਲੇ ਓਹਨਾਂ ਦੇ ਕੱਖ ਭੀ ਨਹੀਂ ਹੁੰਦਾ, ਨਾਮ ਰੂਪੀ ਸੱਚ ਦਾ ਫੱਕਾ ਭੀ ਨਹੀਂ ਹੁੰਦਾ। ਓਹ ਸਚ ਨਾਮ ਦੀ ਕਮਾਈ ਹੀ ਨਹੀਂ ਕਰ ਸਕਦੇ। ਤਾਂ ਕਰਿ ਸਕਣ ਜੇ ਓਹਨਾਂ ਦੇ ਪਲੇ ਕੁਛ ਹੋਵੇ। ਨਾਮੁ ਧਿਆਇ ਹੀ ਨਹੀਂ ਸਕਦੇ। ਮਿੱਟੀ ਦੇ ਮਟੁੰਨ ਆਪੋਂ ਬਣੇ ਪੋਚ ਗੁਰੂਆਂ ਦੀ ਇਹ ਪੱਕੀ ਨਿਸ਼ਾਨੀ ਹੁੰਦੀ ਹੈ ਕਿ ਓਹ ਸਚ (ਨਾਮ) ਵਲੋਂ ਉੱਕੇ ਹੀ ਫੋਕੇ ਹੁੰਦੇ ਹਨ। ਐਵੇਂ ਫੋਕਟ ਭੰਡਾਰੀ ਸਦਾਉਂਦੇ ਹਨ। ਸੋ ਸੱਚੇ ਸਤਿਗੁਰੂ ਦੀ ਪਹਿਲੀ ਨਿਸ਼ਾਨੀ ਤਾਂ ਇਹ ਹੈ ਕਿ ਉਹ ਧੁਰ ਦਰਗਾਹੋਂ ਥਾਪਿਆ ਹੋਇਆ ਹੈ। ਦੂਜੀ ਨਿਸ਼ਾਨੀ ਇਹ ਕਿ ਸਚ ਨਾਮ ਭੰਡਾਰ ਦੀ ਸੌਂਪਣਾ ਭੀ ਉਸ ਨੂੰ ਧੁਰ ਦਰਗਾਹੋਂ ਹੀ ਮਿਲੀ ਹੋਈ ਹੁੰਦੀ ਹੈ। ਤੀਜੀ ਨਿਸ਼ਾਨੀ ਇਹ, ਸੱਚ ਨਾਮ ਦਾ ਭੰਡਾਰੀ ਹੁੰਦਾ ਹੋਇਆ ਉਹ ਸਚ ਨਾਮ ਨੂੰ ਖ਼ੁਦ ਭੀ ਧਿਆਉਂਦਾ (ਸਿਮਰਦਾ) ਹੈ। "ਸੋ ਸਤਿਗੁਰੂ

ਜਿ ਸਚੁ ਧਿਆਇਦਾ"। ਸਚੁ ਨੂੰ 'ਸਚੁ ਨਾਮੁ ਨੂੰ ਧਿਆਉਣਹਾਰਾ ਹੁੰਦਾ ਹੋਇਆ ਹੀ ਸਤਿਗੁਰੂ, ਸੱਚਾ ਸਤਿਗੁਰੂ ਹੋਰਨਾਂ ਨੂੰ ਸਚੁ ਧਿਆਉਣ, ਨਾਮੁ ਧਿਆਉਣ ਦਾ ਉਪਦੇਸ਼ ਦੇ ਸਕਦਾ ਹੈ। ਨਹੀਂ ਤਾਂ "ਅਵਰ ਉਪਦੇਸੈ ਆਪਿ ਨ ਕਰੈ" ਦੀ ਕਰਤੂਤ ਵਾਲਾ ਗੁਰੂ ਮਿੱਟੀ ਦਾ ਮਟੁੰਨ ਘੁਗੂ ਦਾ ਘੁਗੂ ਹੀ ਸਮਝੋ, ਸੱਚ ਗੁਰੂ ਨਹੀਂ ਬਲਕਿ ਕਚ ਗੁਰੂ,ਪਾਖੰਡੀ ਗੁਰੂ ਹੈ। ਉਹ "ਅਵਰ ਉਪਦੇਸੈ ਆਪਿ ਨ ਕਰੈ" ਦੀ ਕਰਤੂਤ ਵਾਲਾ ਝੂਠਾ ਗੁਰੂ "ਆਵਤ ਜਾਵਤ ਜਨਮੈ ਮਰੈ" ਦੀ ਦੁਰਗਤੀ ਨੂੰ ਪ੍ਰਾਪਤਿ ਹੁੰਦਾ ਹੈ। ਤਾਂ ਤੇ ਭਗਤਿ ਭੰਡਾਰੇ ਵਾਲਾ ਨਾਮੁ ਰੂਪੀ ਸਚੁ ਭੰਡਾਰੇ ਵਾਲਾ ਗੁਰੂ ਸੋਈ ਹੋਊ, ਜਿਸਦੇ ਉਪਰ "ਸੋ ਸਤਿਗੁਰੁ ਜਿ ਸਚੁ ਧਿਆਇਦਾ" ਵਾਲੀ ਪ੍ਰੀਖਿਆ ਘਟੂ, ਜੋ ਇਸ ਕਸਉਟੀ ਉਤੇ ਪੂਰਾ ਉਤਰੂ। 'ਸਚੁ ਧਿਆਇਨਿ' ਉਸਦਾ ਪਰਮ ਸੱਚ ਵਿਲਖੱਣਤਾ ਵਾਲਾ ਹੋਊ। ਜਿਸ਼ ਸਚੁ ਵਿਲੱਖਣਤਾ ਦੀ ਧਿਆਉਣੀ ਧਿਆਉਣਾ ਸਤਿਗੁਰੂ ਦੀ ਨਿਜ ਜ਼ਾਤੇ-ਪਾਕ ਪ੍ਰਥਾਇ ਘਟਦਾ ਹੈ, ਉਹ ਸੱਚ ਧਿਆਉਣੀ ਹਰ ਕੋਈ ਥੋੜੇ ਧਿਆਇ ਸਕਦਾ ਹੈ। ਸਤਿਗੁਰਿ ਉਪਦੇਸੇ ਸਿਖ, ਸਤਿਗੁਰ ਦੀ ਦੀਖਿਆ ਦਿਖਸੇਤੇ ਸਿਖ ਭੀ ਸਚੁ ਨਾਮੁ ਧਿਆਉਣਹਾਰੇ ਹੁੰਦੇ ਹਨ। ਪਰ ਉਹਨਾਂ ਰੰਗਾਂ,ਆਤਮ ਰੰਗਾਂ ਵਿਚ ਸੁਰੂ ਤੋਂ ਹੀ ਧਿਆਉਣਹਾਰੇ ਨਹੀਂ ਹੁੰਦੇ, ਜਿਸ ਉੱਚ ਪਰਮਾਰਥੀ ਧਿਆਨ ਰੰਗਾਂ ਵਿਚਿ ਸਤਿਗੁਰੂ ਦਾ ਸਿਮਰਨ ਧਿਆਨ ਧੇਅ ਵਿਚਿ ਜੁੜਿਆ ਹੋਇਆ ਹੁੰਦਾ ਹੈ। ਅਕਾਲ ਪੁਰਖ ਪਰਮਾਤਮਾ ਸੇਤੀ ਇਕ-ਮਿੱਕ ਹੋਇਆ ਸਤਿਗੁਰੂ ਦਾ ਆਤਮਾ ਨਿਰਾ ਪਰਾਤਮ ਰੂਪ ਹੀ ਹੋਇਆ ਵਿਆ ਹੁੰਦਾ ਹੈ। ਓਥੇ ਧਿਆਤਾ, ਧਿਆਨ, ਧੇਅ ਦਾ ਵਿਤਕਰਾ ਹੀ ਨਹੀਂ ਰਹਿੰਦਾ। ਸੋ ਸੱਚੀ ਧਿਆਉਣੀ, ਸਚ ਵਿਲੱਖਣੀ ਧਿਆਉਣੀ ਸਤਿਗੁਰੂ ਹੀ ਧਿਆਉਂਦਾ ਹੈ। ਸਤਿਗੁਰੂ ਦਾ ਪਰਮਾਤਮ ਧਿਆਨੁ ਤਾਂ ਪਰ-ਮਾਤਮ ਗਿਆਨੁ ਹੀ ਹੁੰਦਾ ਹੈ। ਧਿਆਨੁ ਗਿਆਨੁ ਭੀ ਏਹ ਸਾਂਗੋ ਪਾਂਗ ਸਰੂਪ ਵਿਚਿ ਹੁੰਦਾ ਹੈ। ਕਦੇ ਨਾ ਅਧੋਅ ਹੋਣ ਵਾਲਾ ਧਿਆਨ, ਕਦੇ ਨਾ ਅਗੋਅ ਹੋਣ ਵਾਲਾ ਗਿਆਨੁ ਕੇਵਲ ਸਤਿਗੁਰੂ ਦਾ ਹੁੰਦਾ ਹੈ,ਧੇ ਸਰੂਪ ਗੇ ਸਰੂਪ ਪਰਮਾਤਮਾ ਦੇ ਨਾਲਿ·ਤੱਦ ਰੂਪ ਹੋਇਆ ਵਿਆ। ਆਪੇ ਬਣ ਬੈਠੇ ਕਈ ਡਿੰਭੀ ਗੁਰੂ ਆਪਣੇ ਆਪਿ ਨੂੰ ਗੁਰੂ ਸਿਧ ਕਰਨ ਲਈ ਆਮ ਤੌਰ ਤੇ ਇਹ ਗੁਰਵਾਕ ਪੇਸ਼ ਕਰਿਆ ਕਰਦੇ ਹਨ।* "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥" ਪਰ ਓਹਨਾਂ ਨੂੰ ਇਹ ਪਤਾ ਨਹੀਂ ਕਿ ਜੇਹੜੀ ਜਾਨਣੀ ਸਤਿਗੁਰ ਨੇ ਸਤਿ ਪੁਰਖ ਨੂੰ ਜਾਣਿਆ ਹੈ, ਉਹ ਜਾਨਣੀ ਸਿਖ ਨਹੀਂ ਜਾਣ ਸਕਦਾ। ਸਤਿਗੁਰੂ ਦਾ ਸਤਿਪੁਰਖੁ ਨੂੰ ਜਾਨਣਾ ਪੂਰਨ ਗਿਆਨ ਸਰੂਪ ਵਿਚਿ ਹੁੰਦਾ ਹੈ। ਅਪ੍ਰੋਖਸ਼ ਗਿਆਨ ਕਰ ਕੇ ਸਤਿਪੁਰਖ ਨੂੰ ਸਤਿਗੁਰੂ ਪਰਤੱਖ ਪੇਖਦਾ ਹੈ। ਸਦਾ ਹਾਜ਼ਰਾ ਹਜ਼ੂਰ ਪਰਤੱਖ ਪੇਖਣੀ ਵਿਚਿ ਸਤਿਪੁਰਖ ਨੂੰ ਪੇਖਣਾ ਕੇਵਲ ਸਤਿਗੁਰੂ ਦੀ ਉਚ ਜ਼ਾਤ ਪਾਕ ਨੂੰ ਬਣਿ ਆਉਂਦਾ ਹੈ। ਪਰਤੱਖ ਦਰਸ਼ਨ ਅਪ੍ਰੋਖਸ਼ੀ ਸਨਮੁਖ ਦੀਦਾਰਿਆਂ ਦਾ ਪੇਖਣਹਾਰ ਗਿਆਨ ਹੀ ਸਚੁ ਗਿਆਨ, ਤੱਤ ਗਿਆਨ,ਸਭਨ੍ਹਾਂ ਤੇ ਉੱਚਾ ਸੁੱਚਾ ਗਿਆਨ,ਸਭਦੂੰ ਵਡਾ ਗਿਆਨ ਹੈ। ਸੋ ਕੇਵਲ ਸਤਿਗੁਰੂ ਦੇ ਵਿਰਸੇ ਵਿਚਿ ਹੀ ਆਇਆ ਹੈ। ਧੁਰੋਂ ਪਠਾਏ ਸਤਿਗੁਰੂ ਦੇ ਵਿਰਸੇ ਵਿਚਿ ਹੀ ਖ਼ਸੂਸੀਅਤ ਨਾਲਿ ਮਖ਼ਸੂਸਿਆ

*ਸੁਖਮਨੀ, ਪੰਨਾ ੨੮੬

ਗਿਆ ਹੈ। ਧੁਰੋਂ ਪਠਾਏ ਸਤਿਗੁਰੂ ਦੇ ਗਿਆਨ ਮਰਤਬੇ ਨੂੰ ਪੁਜਣ ਦੀ ਡੀਂਗ ਸਤਿਗੁਰੂ ਦਾ ਵਰੋਸਾਇਆ ਸਿਖ ਭੀ ਨਹੀਂ ਮਾਰ ਸਕਦਾ। ਆਪੋਂ ਬਣਿ ਬੈਠੇ ਡਿੰਭੀ ਗੁਰੂਆਂ ਨੇ ਤਾਂ ਇਸ ਗਿਆਨ ਦੀ ਡੀਂਗ ਕੀ ਮਾਰ ਸਕਣੀ ਹੋਈ ਸਤਿਗੁਰੂ ਦਾ ਗਿਆਨ ਸਹਜ ਅਵਸਥਾ ਵਾਲਾ ਗਿਆਨ ਹੈ। ਧੁਰੋਂ ਬਖ਼ਸ਼ਿਆ ਸਹਜ ਗਿਆਨ ਕੇਵਲ ਧੁਰੋਂ ਪਠਾਏ ਸਤਿਗੁਰੂ ਨੂੰ ਹੀ ਪ੍ਰਾਪਤਿ ਹੈ। ਇਸ ਸਹਜ ਪਦ ਵਾਲੇ ਗਿਆਨ ਦੀ ਜਾਨਣੀ ਸਤਿਪੁਰਖ ਨੂੰ ਜਿਸ ਨੇ ਜਾਣਿਆ ਹੈ, ਤਿਸ ਦਾ ਨਾਉਂ ਸਤਿਗੁਰੂ ਹੈ। ਹਾਂ ਜੀ, "ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ" ਦੀ ਇਹ ਉਪਰ ਵਿਆਖੀ ਵਿਆਖਿਆ ਹੈ। ਸਿਖ ਦੇ ਘਟ ਅੰਦਰਿ ਜੋਤਿ–ਚਾਨਣੇ ਦੀ ਪਹਿਲੇ ਪਹਿਲ ਇਕ ਕਿਰਣ ਮਾਤ੍ਰ ਹੀ ਪਰਗਾਸਦੀ ਹੈ। ਜੇ ਇਸ ਘਟਿ ਜੋਤਿ-ਕਿਰਣ ਪਰਗਾਸ ਦੇ ਕਿਣਕੇ ਨੂੰ ਹੀ ਕੋਈ ਅਭਾਗਾ ਸਿਖ ਪੂਰਨ ਗਿਆਨ ਪਰਕਾਸ਼ ਘਟਿ ਉਦੇ ਹੋਇਆ ਸਮਝ ਲਵੇ ਤਾਂ ਉਸ ਦੀ ਇਹ ਨਿਰੀ ਮਤਸਰ ਹੀ ਹੈ, ਅਗਿਆਨ ਮਈ ਮਤਸਰ ਹੈ। ਪਰਮਾਤਮਾ ਜੋਤੀ ਸਰੂਪ ਦੀ ਪੂਰਨ ਜੋਤਿ, ਜਲਵ-ਭਾਨਾਨ ਭਾਨ ਜੋਤਿ ਦੇ ਬੁਕੇ ਦਾ ਪੂਰਨ ਸੂਰਜ ਜੋਤਿ ਪ੍ਰਕਾਸ਼ੀ ਗਿਆਨ ਕੇਵਲ ਸਤਿਗੁਰੂ ਦੇ ਘਟ ਅੰਦਰਿ ਹੀ ਉਦੇ ਹੁੰਦਾ ਹੈ। ਪੂਰਨ ਗਿਆਨ ਜਾਨਣੀ ਵਾਲਾ ਸਤਿਪੁਰਖ ਨੂੰ ਜਾਨਣਾ ਏਹ ਹੈ ਜੋ ਕੇਵਲ ਸਤਿਗੁਰੂ ਨੇ ਹੀ ਜਾਣਿਆ ਹੈ। ਏਸੇ ਪਰਕਾਰ ਸਤਿਗੁਰੂ ਦਾ ਵਰੋਸਾਇਆ ਸਿਖ ਨਾਮ ਨੂੰ ਧਿਆਉਂਦਾ ਹੈ। ਉਸ ਦੇ ਘਟ ਅੰਦਰਿ ਨਾਮ ਦਾ ਰਸ ਭੀ ਲਸਿ ਆਉਂਦਾ ਹੈ। ਇਸ ਅੰਮ੍ਰਿਤ ਰਸ ਦੇ ਘਟਿ ਅੰਦਰਿ ਲਸਿ ਆਉਣ ਕਰਿ ਗਰਸਿਖ ਦਾ ਧਿਆਨ ਨਾਮ ਵਿਚਿ ਹੋਰ ਭੀ ਅਧਿਕ ਜੁੜਦਾ ਹੈ। ਪਰ ਜਿਸ ਬਚਿੱਤ੍ਰਤਾ ਸੇਤੀ ਅਮਿਅ-ਰਸ ਝਰਨਾ ਨਾਮ ਧਿਆਇਦਿਆਂ ਹੋਇਆਂ ਸਤਿਗੁਰੂ ਦੇ ਘਟਿ ਅੰਦਰਿ ਝਰਦਾ ਹੈ, ਉਹ ਸਿਖ ਦੇ ਘਟ ਅੰਦਰ ਤਾਂ ਨਹੀਂ ਝਰਨ ਲੱਗ ਪੈਂਦਾ।

ਸਤਿਗੁਰੂ ਤਾਂ ਧਿਆਨ-ਰਸ-ਅੰਮ੍ਰਿਤ ਸਰੋਵਰੀ ਸਰਸ਼ਾਰ ਚਸ਼ਮਾ ਹੈ। ਸੋ ਜਿਸ ਧਿਆਨ ਧਿਆਉਣੀ ਸਤਿਗੁਰੂ ਦਾ ਸਚੁ ਨਾਮੁ ਧਿਆਉਣਾ ਹੈ, ਉਸ ਨੂੰ ਸਿਖ ਦਾ ਧਿਆਉਣਾ ਤਾਂ ਨਹੀਂ ਪੁਜ ਸਕਦਾ। ਧਿਆਨ ਧੇਈ ਇਕਮਿੱਕਤਾ ਵਾਲਾ ਧਿਆਉਣਾ ਕੇਵਲ ਸਤਿਗੁਰੂ ਨੂੰ ਹੀ ਸੋਭਦਾ ਹੈ। ਇਸ ਧਿਆਨ ਧੇਈ ਸਮਸਰਤਾ ਵਾਲੇ ਅਰਥਾਂ ਵਿਚਿ ਇਸ "ਸੋ ਸਤਿਗੁਰੁ ਜਿ ਸਚੁ ਧਿਆਇਦਾ" ਵਾਲੀ ਪੰਗਤੀ ਨੂੰ ਅਰਥਾਉਣਾ ਹੀ ਉਚਿਤ ਹੈ। ਅਗਲੀ ਪੰਗਤੀ ਇਸ ਤੁਕ ਦੀ ਦਸਦੀ ਹੈ ਕਿ "ਸਚੁ ਸਚਾ ਸਤਿਗੁਰੁ ਇਕੇ ॥" ਗੁਰਮਤਿ ਅਨੁਸਾਰ ਗੁਰੂ ਘਰਿ ਅੰਦਰਿ ਸਚੁ ਪਰਮਾਤਮਾ ਭੀ ਇਕੋ ਹੀ ਹੈ, ਸਚੁ ਨਾਮੁ (ਗੁਰਮਤਿ ਨਾਮ) ਭੀ ਇਕੋ ਹੀ ਹੈ, ਸੱਚਾ ਸਤਿਗੁਰੂ ਭੀ ਇਕੋ ਹੀ ਹੈ। ਇਕੋ ਵਕਤ ਅੰਦਰਿ ਇਕੋ ਸਤਿਗੁਰੂ ਹੀ ਸਚੀ ਗੁਰੱਤਤਾ ਦੀ ਸੱਚੀ ਪਾਤਸ਼ਾਹੀ ਦੇ ਸੱਚੜੇ ਤਖਤ ਉਤੇ ਬ੍ਰਾਜਮਾਨ ਹੈ, ਦੂਜਾ ਹੋ ਹੀ ਨਹੀਂ ਸਕਦਾ। ਨਾ ਇਕ ਅਕਾਲ ਪੁਰਖੁ ਦਾ ਕੋਈ ਦੂਜਾ ਸਾਨੀ ਹੈ, ਨਾ ਸਤਿਗੁਰੂ ਦਾ ਕੋਈ ਹੋਰ ਡਿੰਭੀ ਗੁਰੂ ਸ਼ਰੀਕ, ਦੂਜਾ ਸ਼ਰੀਕ ਹੋ ਸਕਦਾ ਹੈ। ਏਸੇ ਪਰਕਾਰ ਗੁਰਮਤਿ ਨਾਮ ਭੀ ਇਕੋ ਸੱਚ ਹੀ ਹੈ, ਹੋਰ ਸਭ ਕਿਰਤਮ ਨਾਮ ਹਨ, ਮਾਨਵੀ ਕਿਰਤ ਸ੍ਰਿਸ਼ਟੇ ਘੜੇ

ਹੋਏ ਨਾਮ ਹਨ । ਸੱਚਾ ਨਾਮੁ,ਸਤਿਨਾਮੁ,ਸਚੁ ਗੁਰਮਤਿ ਨਾਮੁ ਇਕੋ ਹੀ ਹੈ, ਦੂਜਾ ਨਹੀਂ । ਉਪਰਲੇ ਗੁਰਵਾਕ ਦੀ ਤੀਜੀ ਤੁਕ ਅੰਦਰਿ ਸਤਿਗੁਰੂ ਪਦਵੀ ਦੀ ਪਛਾਣ ਦੀ ਹੋਰ ਵਿਲੱਖਣ ਨਿਸ਼ਾਨੀ ਨਿਰੂਪਨ ਹੋਈ ਹੈ । "ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥" ਪੰਜੇ ਦੂਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਵਸਿ ਕਰ ਕੇ ਛਿਕੇ ਤੇ ਟੰਗ ਕੇ ਰਖਣਹਾਰਾ ਕੇਵਲ ਸਤਿਗੁਰੂ ਹੀ ਹੈ, ਹੋਰ ਕੋਈ ਨਹੀਂ ਹੋ ਸਕਦਾ । ਸੂਖਸ਼ਮ ਅੰਸ਼ ਤਾਂ ਏਹਨਾਂ ਪੰਜਾਂ ਦੀ ਸਭਨਾਂ ਦੇ ਅੰਦਰਿ ਹੀ ਰਹਿ ਜਾਂਦੀ ਹੈ, ਪਰ ਏਹਨਾਂ ਪੰਜਾਂ ਨੂੰ ਉੱਕਾ ਹੀ ਮਾਰ ਕੇ ਕਾਬੂ ਕਰਿ ਰਖਣਾ ਇਹ ਸਤਿਗੁਰੂ ਦਾ ਹੀ ਮਕਦੂਰ ਹੈ । ਵਿਰਲੇ ਤੋਂ ਵਿਰਲੇ ਖ਼ਾਸ ਗੁਰੂ ਨਦਰ ਨਦਰਾਏ ਸਿੱਖ ਦੀ ਇਸ ਪਦ ਪਹੁੰਚ ਹੋਵੇ ਤਾਂ ਹੋਵੇ, ਹਰ ਸਿੱਖ ਦੀ ਪਹੁੰਚ ਨਹੀਂ । ਮੀਣੇ ਤੇ ਝੂਠੇ ਅਲਪਗ ਗੁਰੂਆਂ ਦੀ ਤਾਂ ਏਥੇ ਦਾਲ ਹੀ ਨਹੀਂ ਗਲ ਸਕਦੀ। ਉਹਨਾਂ ਨੂੰ ਤਾਂ ਏਸੇ ਝੂਠੇ ਹੰਕਾਰ ਨੇ ਹੀ ਖਾ ਛਡਿਆ ਹੈ ਕਿ 'ਮੈਂ ਗੁਰੂ ਹਾਂ ।' ਜਿਸ ਨੂੰ ਗੁਰੂ ਹੋਣ ਦੀ ਅਣਹੋਈ ਹੰਗਤਾ ਹੈ, ਉਸ ਦੀ ਪੰਜੇ ਦੂਤ ਵਸਗਤਿ ਕਰਨ ਦੀ ਕੀ ਪ੍ਰੋਖੋਂ ਹੋ ਸਕਦੀ ਹੈ ?

ਜੇਹੜੇ ਨਿਗੁਰੇ, ਨਿਗੋਸਾਏਂ, ਸਤਿਗੁਰੂ ਦੇ ਸ਼ਰੀਕ ਬਣਿ ਬਹਿਣ ਵਾਲੇ ਅਲਪਗ ਪੁਰਸ਼,ਸਤਿਗੁਰੂ ਦੇ ਸਚੇ ਸਿਖ ਸੇਵਕ ਬਣੇ ਬਿਨਾ ਹੀ ਆਪਣਾ ਆਪ ਜਣਾਉਂਦੇ ਫਿਰਦੇ ਹਨ, ਆਪਣੇ ਆਪ ਨੂੰ ਭੀ ਕੁਛ ਗਿਣਦੇ ਹਨ, ਤਿਨ੍ਹਾਂ ਦੇ ਅੰਦਰਿ ਨਿਰਾ ਕੂੜੁ ਹੀ ਵਸਿਆ ਹੋਇਆ ਹੁੰਦਾ ਹੈ । ਉਥੇ ਸਚ ਦਾ ਨਮੂਦ ਨਹੀਂ ਹੁੰਦਾ, ਸਚੁ ਨਾਮੁ ਤਾਂ ਕੀ ਹੋਣਾ ਸੀ । ਓਹਨਾਂ ਦੇ ਮੂੰਹ (ਚੇਹਰੇ) ਤੇ ਫਿਟਕਾਰ (ਗੁਰੂ ਕੀ ਮਾਰ) ਛਾਈ ਹੋਈ ਹੁੰਦੀ ਹੈ ਅਤੇ ਨਿਰਾ ਫਿਕਾਪਣ ਹੀ ਛਾਇਆ ਹੋਇਆ ਹੁੰਦਾ ਹੈ । "ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥" ਓਹ ਸਤਿਗੁਰੂ ਦੇ ਧੱਕੇ ਹੋਏ,ਗੁਰੂ ਘਰ ਤੋਂ ਬਾਈਕਾਟ ਕੀਤੇ ਹੋਏ ਕਾਲੇ ਮੂੰਹ ਵਾਲੇ ਕਿਸੇ ਨੂੰ ਬੋਲੇ ਭੀ ਨਹੀਂ ਭਾਉਂਦੇ । "ਓਇ ਬੋਲੈ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥" ਗੁਰਮਤਿ ਸਚ ਤੋਂ ਘੁੱਥੇ ਹੋਏ ਗੁਰ ਆਕੀਆਂ ਦੇ ਬੂਥੇ ਸਚਮੁੱਚ ਏਹੋ ਜੇਹੇ ਹੀ ਹੁੰਦੇ ਹਨ ।

ਅਗਲੇ ਗੁਰਵਾਕ ਅੰਦਰਿ ਤਾਂ **ਅਤਿ** ਸਪਸ਼ਟ ਹੀ 'ਸਚੁ' ਸ਼ਬਦ ਨਾਮੁ ਨਾਮੀ ਪ੍ਰਥਾਇ ਵਰਤਿਆ ਗਿਆ ਹੈ । ਯਥਾ ਗੁਰਵਾਕ :

ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ ॥
ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ ॥
ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ ॥
ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥੨੧॥ ਪੰਨਾ ੩੧੨

ਗਉੜੀ ਕੀ ਵਾਰ ਮਹਲਾ ੪

ਜਗ ਵਿਚਿ ਐਸੇ ਗੁਰਮੁਖ ਜਨ ਵਿਰਲੇ ਹੀ ਪਾਏ ਜਾਂਦੇ ਹਨ ਜੋ ਸਚੁ (ਨਾਮੁ) ਨੂੰ

ਐਸੀ ਰਵਨੀ ਰਵਦੇ ਹਨ ਕਿ ਉਠਦਿਆਂ ਬਹਿੰਦਿਆਂ ਸੁਤਿਆਂ ਜਾਗਦਿਆਂ ਇਕ ਛਿਨੁ ਭੀ ਸਚੁ ਰਵਨੋਂ ਨਹੀਂ ਰਹਿੰਦੇ। ਓਹਨਾਂ ਦੀ ਸਚੁ (ਨਾਮੁ) ਰਵਨੀ ਐਸੀ ਅਰੂੜ ਹੋਈ ਵੀ ਹੁੰਦੀ ਹੈ ਕਿ ਸੁਤਿਆਂ ਪਿਆਂ ਭੀ ਓਹਨਾਂ ਦਾ ਸਚੁ ਅਰਾਧਨ ਰੂਪੀ ਨਾਮ ਅਭਿਆਸ ਚਲਦਾ ਰਹਿੰਦਾ ਹੈ। ਜਾਗਣ ਸਾਰ ਹੀ ਸਚੁ ਨਾਮੁ ਚਉਂਦੇ ਉਠਦੇ ਹਨ। ਓਹਨਾਂ ਦਾ ਸਚੁ ਨਾਮ ਚਉਂਦਿਆਂ ਹੀ ਸੁਤਿਆਂ ਉਠਣਾ, ਇਸ ਗੱਲ ਦੀ ਪੂਰੀ ਅਤੇ ਪੱਕੀ ਤਸਦੀਕ ਹੈ ਕਿ ਓਹ ਸੁੱਤੇ ਪਏ ਭੀ ਜ਼ਰੂਰ ਨਾਮੁ ਜਪਦੇ ਰਹਿੰਦੇ ਹਨ। ਪਰ ਇਸ ਸੁਤਿਆਂ ਜਾਗਦਿਆਂ ਸੁਆਸਿ ਸੁਆਸਿ ਸਚੁ ਚਵਣ ਤੇ ਸਚੁ ਰਵਣ ਵਾਲੀ ਸੱਚੀ ਕਾਰ ਵਿਰਲਿਆਂ ਗੁਰਮੁਖਾਂ ਦੀ ਹੀ ਹੁੰਦੀ ਹੈ। 'ਚਵਣ' ਤੇ 'ਰਵਣ' ਵਾਲੀ ਕਿਰਿਆ ਨਾਮੁ ਪ੍ਰਥਾਇ ਹੀ ਬਣਦੀ ਹੈ। ਤਾਂ ਤੇ 'ਸਚੁ' ਸਬਦ 'ਨਾਮੁ' ਦੇ ਪਰਥਾਇ ਹੀ ਵਰਤਿਆ ਗਿਆ ਹੈ। ਅਗਲੀ ਤੀਜੀ ਤੁਕ ਇਸ ਗੁਰਵਾਕ ਦੀ ਹੋਰ ਭੀ ਸਪਸ਼ਟੀ ਕਰਾਉਂਦੀ ਹੈ ਕਿ ਗੁਰਮਤਿ 'ਸਚੁ' ਸੋ ਹੈ ਜੋ ਅਨਦਿਨ ਲਵੀ ਜਾਈਦਾ ਹੈ, ਸੁਆਸਿ ਸੁਆਸਿ ਸਚੁ ਲਉਣਾ (ਅਲਾਉਣਾ) ਤੇ ਲਵੀ (ਆਲਾਈ) ਜਾਣਾ ਸਿਵਾਏ ਨਾਮੁ ਰੂਪੀ ਸਚੁ ਦੇ ਹੋਰ ਕਿਸੇ ਐਰੇ ਗੈਰੇ ਅਰਥਾਂ ਵਾਲੇ 'ਸੱਚ' ਦਾ ਨਹੀਂ ਬਣਦਾ। ਜੋ ਜਨ ਸਾਸਿ ਗਿਰਾਸ ਤੇ ਦਿਨ ਰਾਤ ਸਚੁ,ਅਰਥਾਤ,ਨਾਮੁ ਲਵੀ (ਆਲਾਈ) ਜਾਂਦੇ ਹਨ ਤੇ ਸਚੁ ਨਾਮੁ ਲਉਂਦੇ (ਅਲਾਉਂਦੇ) ਹੀ ਰਹਿੰਦੇ ਹਨ, ਤਿਨ੍ਹਾਂ ਵਿਟਹੁ ਗੁਰੂ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ। ਇਸ ਬਿਧਿ ਜਿਨ੍ਹਾਂ ਨੂੰ ਮਨ ਤਨ ਕਰਕੇ ਸਚੁ(ਨਾਮ ਚਵਣਾ) ਹੀ ਸੱਚ ਕਰ ਕੇ ਭਾਉਂਦਾ ਹੈ,ਸੇ ਸੱਚੇ ਦੀ ਸੱਚੀ ਦਰਗਾਹ ਵਿਚਿ ਗਉਣ ਕਰਦੇ ਹਨ, ਸਿਧੇ ਸੱਚੀ ਦਰਗਾਹੇ ਜਾ ਵੜਦੇ ਹਨ। ਤਿਥੇ ਹੀ ਤਿਨ੍ਹਾਂ ਦਾ ਵਾਸਾ ਜਾ ਹੁੰਦਾ ਹੈ। ਸਭ ਤੋਂ ਪਿਛਲੀ ਤੁਕ ਵਿਖੇ ਬਣਾ ਕੇ ਨਿਖਾਰ ਦਿਤਾ ਗਿਆ ਹੈ ਕਿ 'ਸਚੁ' ਸ਼ਬਦ ਨਾਮ ਦਾ ਹੀ ਲਖਾਇਕ ਹੈ। ਪਿਛਲੀਆਂ ਚੌਹਾਂ ਤੁਕਾਂ ਅੰਦਰਿ ਤਾਂ ਕੇਵਲ ਇਕੱਲਾ 'ਸਚੁ' ਸ਼ਬਦ ਹੀ ਆਉਂਦਾ ਰਿਹਾ, ਏਥੇ ਪਿਛਲੀ ਤੁਕ ਅੰਦਰਿ ਪ੍ਰੌੜ੍ਹਤਾ ਪੂਰਬਕ ਸਪਸ਼ਟ ਲਖਾਉਣ ਲਈ ਸਚੁ ਦੇ ਨਾਲ ਨਾਮੁ 'ਸਚੁ ਨਾਮੁ' ਇਕੱਠਾ ਹੀ ਲਿਖ ਦਿਤਾ ਹੈ ਅਤੇ ਨਿਖਾਰਿਆ ਹੈ ਕਿ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਚੁ ਨਾਮੁ ਹੀ ਰਸਨਾ ਤੋਂ ਖਿਨ ਖਿਨ ਬੋਲਣਾ ਪਰਮ ਤੱਤ ਗੁਰਮਤਿ ਹੈ। ਇਸ ਨਾਮੁ ਰੂਪੀ ਸਚੁ ਬੋਲਣ (ਜਪਣ) ਵਿਚਿ ਐਸੀ ਸੁਤੇ ਸ਼ਕਤਨੀ ਪਾਰਸ ਕਲਾ ਹੈ ਕਿ ਜਿਉਂ ਜਿਉਂ ਸਚੁ ਨਾਮੁ ਬੋਲੀ (ਉਚਰੀ, ਜਪੀ) ਜਾਉਗੇ ਤਿਉਂ ਤਿਉਂ ਨਵੇਂ ਤੋਂ ਨਵਾਂ ਅਕ੍ਰਖਣ ਚੰਭੜੀ ਸੁਆਦ-ਰਸ ਬਿਸਮਾਦ ਜ਼ਹੂਰ ਸਚ ਨਾਮ ਦਾ ਤੇ ਸੱਚੇ ਨਾਮੀ (ਵਾਹਿਗੁਰੂ) ਦਾ ਜ਼ਹੂਰਤ ਉਦੂਰਤ ਹੋਵੇਗਾ। "ਸਚੁ ਸਚਾ ਸਦਾ ਨਵੇ" ਸਦਾ ਨਵੇਂ ਤੋਂ ਨਵੇਂ ਰੰਗਾਂ ਵਿਚਿ ਵਿਗਸੂਰ ਵਿਗਸੀ ਜ਼ਹੂਰ ਪਜ਼ੀਰ ਹੁੰਦਾ ਹੈ,ਸਚੁ (ਨਾਮੁ) ਅਤੇ ਸੱਚਾ (ਨਾਮੀ ਵਾਹਿਗੁਰੂ)।

ਹੁਣ ਦੇਖੋ ਅਗਲੇਰੇ ਗੁਰਵਾਕ ਵਿਚਿ 'ਸਚੁ' ਕਿਸ ਸੱਚਤਾ ਵਿਚਿ ਵਿਆਖਤ ਹੁੰਦਾ ਹੈ, ਜ਼ਰਾ ਗ਼ੌਰ ਕਰ ਕੇ ਦੇਖਣਾ। ਯਥਾ ਗੁਰਵਾਕ :

ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥

ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥
ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥
ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ॥੧੮॥ ਪੰਨਾ ੩੧੧
ਗਉੜੀ ਕੀ ਵਾਰ ਮਹਲਾ ੪

ਸਚੁ ਸਿਫਤਿ ਨੂੰ ਸਾਲਾਹ ਕੇ ਨਹੀਂ ਰਜੀਦਾ । ਇਹ ਸਚੁ ਸਿਫਤਿ ਸਾਲਾਹ ਸਚ (ਨਾਮ) ਦੀ ਅਤੇ ਸੱਚੇ ਨਾਮੀ (ਵਾਹਿਗੁਰੂ) ਦੀ ਵਡਿਆਈ ਹੈ । ਸਾਲਾਹੀ (ਵਾਹਿਗੁਰੂ) ਭੀ ਸਚੁ ਸਰੂਪ ਹੈ ਅਤੇ ਸਲਾਹ (ਵਾਹਿਗੁਰੂ ਦਾ ਨਾਮ) ਭੀ ਸਚੁ ਸਰੂਪ ਹੈ । ਏਦੂੰ ਬਾਹਰਾ ਹੋਰ ਸਚੁ ਨਹੀਂ । ਇਸ ਗੁਰਮਤਿ 'ਸੱਚ' ਦੀ, ਸੱਚੇ ਸਚ, ਤੱਤ ਸਚ, ਅਸਲੀ ਸੱਚ ਦੀ ਕੀਮਤਿ ਕਿਨੈ ਨਹੀਂ ਪਾਈ । ਕੀਮਤਿ ਤਾਂ ਕੀ ਪਾਉਣੀ ਸੀ, ਇਸ ਸੱਚ ਦਾ ਪਤਾ ਹੀ ਕਿਸੇ ਨੂੰ ਨਹੀਂ ਲੱਗਾ । ਇਸ ਸਚ ਵਾਸਤਵੀ ਦੀ ਖੋਜ (discovery) ਹੋਈ ਤਾਂ ਗੁਰਮਤਿ ਦੁਆਰਾ ਹੀ ਹੋਈ, ਗੁਰੂ ਘਰ ਅੰਦਰਿ ਹੀ ਹੋਈ । ਅਤੇ ਏਥੇ ਹੀ ਇਸ 'ਸਚੁ' ਦੀ ਕੀਮਤਿ ਪਈ, ਸਚੁ ਦਾ ਸੱਚਾ ਰਸੁ ਚਖ ਕੇ ਪਈ । ਅੰਤਰਿ ਆਤਮੇ ਘਟ ਅੰਦਰ ਹੀ ਸੱਚ ਦਾ ਸੱਚਾ ਰਸ, ਸੱਚਾ ਅੰਮ੍ਰਿਤੁ ਰਸੁ ਆ ਪ੍ਰਕਰਿਆ, ਤਾਂ ਸਚ ਦੀ ਸੱਚੀ ਕੀਮਤਿ ਪਈ । ਇਸ 'ਸੱਚੁ' ਦਾ ਸੱਚਾ ਅੰਮ੍ਰਿਤ ਰਸੁ ਜਿਨ੍ਹਾਂ ਨੇ ਚਖਿਆ, ਜਿਨ੍ਹਾਂ ਗੁਰੂ ਘਰ ਦੇ ਵਡਭਾਗੇ ਗੁਰਮੁਖ ਜਨਾਂ ਨੇ ਚਖਿਆ ਹੈ, ਸੇ ਜਨ ਇਹ ਸਚੁ ਅੰਮ੍ਰਿਤ ਰਸੁ ਚਖ ਕੇ ਬਸ ਤ੍ਰਿਪਤ ਆਘਾਇ ਹੀ ਰਹੇ, ਬਿਸਮਾਦ ਹੋ ਗਏ । 'ਸਚੁ ਅੰਮ੍ਰਿਤੁ' ਰਸ ਚਖ ਕੇ ਹੋਰ ਕਿਸੇ ਨੂੰ ਦੱਸ ਨਹੀਂ ਸਕੇ । ਓਹੀ, ਬਸ ਓਹੀ ਜਾਣਦੇ ਹਨ ਜਿਨ੍ਹਾਂ ਨੇ ਇਹੁ ਸਚੁ ਰੂਪੀ ਹਰਿ ਰਸੁ, ਹਰਿ ਨਾਮੁ ਰਸੁ ਚਖਿਆ ਹੈ, ਚਖ ਕੇ ਦੇਖਿਆ ਹੈ । ਰਸ ਚਖਣ ਸਾਰ ਹੀ ਗੁੰਦੇ ਹੋ ਗਏ, ਗੂੰਗੇ ਹੋ ਗਏ, ਭਲਾ ਹਰਿ ਰਸੁ, ਸਚੁ ਅੰਮ੍ਰਿਤ ਰਸੁ, ਸੱਚ ਦੇ ਬਿਸਮਨ ਰੰਸ ਦੀ ਸੱਚੀ ਮਠਿਆਈ ਖਾ ਕੇ ਗੁਟ ਹੋਇਆ ਗੂੰਗਾ ਕੀ ਦੱਸੇ । ਰਸੁ ਬਿਸਮਾਦੁ ਮਿਠਾਸ ਗੁੰਗਸ਼ਟ ਜਨ, ਸਚੁ ਅੰਮ੍ਰਿਤ ਰਸੁ ਵਿਚਿ ਬਿਸਮ ਹੋਇਆ ਵਿਆ ਗੂੰਗਾ ਪੁਰਸ਼ ਕੀ ਦਸੇ ਕਿ ਇਹ ਸਚੁ ਅੰਮ੍ਰਿਤੁ ਰਸੁ ਕੇਹੋ ਜੇਹਾ ਹੈ ਅਤੇ ਕਿਤਨਾ ਕੁ ਮਿੱਠਾ ਹੈ, ਜੈਸੇ ਕਿ ਬੇਜ਼ਬਾਨਾ ਅਮਰੋਂ ਹੀ ਜਿਹਬਾ ਕਰਕੇ ਗੂੰਗਾ ਹੋਇਆ ਵਿਆ ਸੰਸਾਰੀ ਪੁਰਸ਼ ਰਸਾਂ ਕਸਾਂ ਦੀ ਮਿਠਾਸ ਦਾ ਸੁਆਦ ਨਹੀਂ ਦਸ ਸਕਦਾ । ਏਹ ਨਿਰੰਕਾਰੀ ਸਚੁ ਅੰਮ੍ਰਿਤ ਰਸੁ ਸੁਆਦ ਤਾਂ ਅਤਿ ਅਗਮ ਅਗਾਧ ਹੋਇਆ, ਅਕਹਿ ਅਹਿਲਾਦੁ ਵਾਲਾ ਹੋਇਆ । ਇਸ ਸਚੁ ਅੰਮ੍ਰਿਤ ਰਸੁ ਪ੍ਰਾਪਤੀ ਦੀ ਵਧਾਈ ਦਾ ਡੰਕਾ ਵਜ ਗਿਆ, ਗੁਰਮੁਖ ਜਨਾਂ ਦੇ ਘਟ ਅੰਦਰ ਹੀ ਸਚੁ ਐਲਾਨੀ ਦਾ ਖ਼ੁਸ਼ਨਵੈਦੀ ਗਿੱਧਾ ਪੈਣ ਲੱਗ ਪਿਆ, ਜਦੋਂ ਗੁਰ ਪੂਰੇ ਦੁਆਰਾ, ਸਚੇ ਸਤਿਗੁਰੂ ਦੇ ਪਰਸਾਦ ਕਰਿ ਹਰਿ ਪ੍ਰਭੁ ਵਾਹਿਗੁਰੂ ਨੂੰ ਸੇਵਿਆ, ਵਾਹਿਗੁਰੂ ਨਾਮ ਦਾ ਸਿਮਰਨ ਕੀਤਾ ਗੁਰੂ ਘਰ ਦੇ ਗੁਰਮੁਖ ਜਨਾਂ ਨੇ । ਇਹ ਸਚੁ ਦਗਨ ਪਲੀਤਾ ਗੁਰਮੁਖ ਘਟਾਂ ਅੰਦਰਿ ਐਸਾ ਦਗਿਆ ਤੇ ਜਗਿਆ ਕਿ

ਰਸ ਜੋਤਿ ਜਲਵ ਜਲਾਲੇ ਚੇਹਰਿਆਂ ਉਤੇ ਜਗਮਗਾ ਕੇ ਬਾਹਰ ਭੀ ਪ੍ਰਗਟ ਹੋ ਗਿਆ। "ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ"† ਆਸ਼ਕਾਰ ਹੋਇਆ। ਪ੍ਰਕਾਸ਼ ਦਾ ਸੁਤੇ ਆ-ਮੁਹਾਰਾ ਡੰਕਾ ਵਜ ਗਿਆ ਅਤੇ ਲਗੀਆਂ ਮਿਲਣ ਵਧਾਈਆਂ, ਸਚੁ ਲਧੋ-ਵਾਰਿਆਂ ਗੁਰਮੁਖ ਜਨਾਂ ਨੂੰ। ਪਹਿਲਾਂ ਤਾਂ ਗੁਰਮੁਖਾਂ ਦੇ ਮਨ ਅੰਦਰ ਹੀ ਵਧਾਈ ਵਜੀ ਸੀ, ਸਚੁ ਘਟਿ ਪਰਗਟ ਹੋਣ ਪਰ । ਸਚੁ ਮਸਤਕੀ ਮੱਥੇ ਹੀ ਪਰਗਣ ਥੀਣ ਕਰਿ ਬਾਹਰੋਂ ਭੀ ਵਧਾਈਆਂ ਮਿਲਣ ਲਗ ਗਈਆਂ। ਇਹ 'ਸਚੁ' ਗੁਝੜਾ ਥੋੜੋ ਹੀ ਰਹਿੰਦਾ ਹੈ। ਆਪੋਂ ਹੀ ਪ੍ਰਗਟ ਹੋ ਜਾਂਦਾ ਹੈ, ਜਦ ਲਾਲੀਆਂ ਮੱਥੇ ਤੇ ਦਗ ਪੈਂਦੀਆਂ ਹਨ।

ਅਗਲੀ ਗੁਰਵਾਕ ਪਉੜੀ ਅੰਦਰਿ 'ਸਚੁ' ਦੀ ਗੁਰਮਤਿ ਸਰਿਆਈ ਕਿਆ ਹੋਰ ਭੀ ਖ਼ੂਬ ਸੂਚਨ ਕਰਾਈ ਗਈ ਹੈ। ਯਥਾ ਗੁਰਵਾਕ :

ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ ॥
ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ ॥
ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ ॥
ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ ॥
ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ ॥੧੯॥

ਪੰਨਾ ੩੧੧—ਗਉੜੀ ਕੀ ਵਾਰ ਮਹਲਾ ੪

ਸਾਲਾਹੀ (ਵਾਹਿਗੁਰੂ) ਤੇ ਸਚੁ (ਵਾਹਿਗੁਰੂ ਨਾਮੁ) ਦੇ ਸਾਲਾਹੁਣ ਦਾ ਇਹ ਫਲ ਹੁੰਦਾ ਹੈ ਕਿ ਸਚੁ ਰੂਪੀ ਸੱਚਾ ਪੁਰਖ ਵਾਹਿਗੁਰੂ ਸਲਾਹੁਣਹਾਰੇ ਗੁਰਮੁਖ ਜਗਿਆਸੂ ਨੂੰ ਨਿਰਾਲਾ ਹੀ ਦਿਸਣ ਲੱਗ ਪੈਂਦਾ ਹੈ। ਅਗਮ ਅਗੋਚਰ ਵਾਹਿਗੁਰੂ ਦੇ ਪਰਤੱਖ ਦਰਸ਼ਨ ਓਸ ਨੂੰ ਹੋਣ ਲਗ ਪੈਂਦੇ ਹਨ। ਸਚੁ (ਨਾਮੁ) ਅਰਾਧਿਆਂ, ਸੇਵਿਆਂ, ਸਿਮਰਨ ਕੀਤਿਆਂ ਸਚੁ (ਨਾਮੀ ਵਾਹਿਗੁਰੂ) ਮਨ ਵਿਖੇ ਵਸ ਜਾਂਦਾ ਹੈ ਅਤੇ ਸਚੁ (ਵਾਹਿਗੁਰੂ) ਸੱਚਾ ਹਰੀ ਪਰਮਾਤਮਾ ਹਰ ਬਾਬ ਉਸ ਦੀ ਰਖਿਆ ਕਰਨ ਲੱਗ ਪੈਂਦਾ ਹੈ। ਤੀਜੀ ਤੁਕ ਦਸਦੀ ਹੈ ਕਿ ਸਚੁ (ਨਾਮੁ) ਸੱਚਾ ਪੁਰਖ (ਵਾਹਿਗੁਰੂ) ਜਿਨ੍ਹਾਂ ਨੇ ਅਰਾਧਿਆ ਹੈ, ਸੇ ਓੜਕ ਸਚੁ (ਵਾਹਿਗੁਰੂ) ਨਾਲਿ ਹੀ ਜਾਇ ਰਲੇ, ਵਾਹਿਗੁਰੂ ਦੇ ਸਰੂਪ ਵਿਚਿ ਹੀ ਲੀਨ ਹੋ ਗਏ, ਵਾਹਿਗੁਰੂ ਜੋਤੀ ਸਰੂਪ ਵਿਖੇ ਜੋਤੀ ਜੋਤਿ ਹੋਇਕੈ ਜਾਇ ਸਮਾਏ। ਐਸਾ ਸਚੁ (ਨਾਮੁ) ਅਤੇ ਨਾਮੁ ਅਭੇਦ ਸੱਚਾ (ਨਾਮੀ ਵਾਹਿਗੁਰੂ) ਜਿਨ੍ਹਾਂ ਨੇ ਨਹੀਂ ਸੇਵਿਆ (ਸਿਮਰਿਆ, ਆਰਾਧਿਆ) ਸੇ ਮਨਮੁਖ ਮੂੜ ਬੇਤਾਲੇ ਹੀ ਰਹਿ ਗਏ, ਪਤਿ-ਹੀਣ ਬਉਰੇ ਪਾਗਲ ਹੀ ਹੋ ਗਏ। ਉਹ ਸਚੁ (ਨਾਮੁ) ਨੂੰ ਛਡ ਕੇ ਸਚੁ ਨਾਮੁ ਅਤੇ ਨਾਮੀ ਤੋਂ ਬੇਮੁਖ (ਮੁਨਹਰਫ਼) ਹੋਣ ਕਰਿ ਨਾਮ ਜਪਣ ਦੀ ਥਾਉਂ ਮੁਖੋਂ ਨਾਮੁ ਰੂਪੀ ਸੱਚੁ ਉਚਾਰਨ ਦੀ ਥਾਉਂ ਐਵੇਂ ਆਲ ਪਤਾਲ (ਅਰਲ ਬਰਲ) ਹੀ ਮੁਖੋਂ ਬੋਲਣ ਲਗ ਪਏ, ਜਿਵੇਂ ਮਦ (ਸ਼ਰਾਬ) ਪੀ ਕੇ ਮਤਵਾਲੇ ਹੋਏ ਵੇ ਸ਼ਰਾਬੀ ਬੋਲਿਆ ਕਰਦੇ ਹਨ। ਤਾਂਤੇ ਨਾਮੁ ਰੂਪੀ ਸਚੁ ਤੋਂ ਘੁੱਥੇ ਹੋਏ

†ਮ: ੫, ਪੰਨਾ ੧੦੯੬

ਹੋਰ ਅਰਲ ਬਰਲੀ ਅਖੌਤੀ (so called) ਸੱਚ ਬੋਲਣ ਵਾਲੇ ਸਭ ਮਨਮੁਖ ਮੂੜ ਬੇਤਾਲੇ ਪਾਗਲ ਲੋਕ ਹੀ ਹਨ। ਐਵੇਂ ਸੱਚ ਦੀ ਪਾਗਲਪਣੇ ਵਾਲੀ ਡੀਂਗ ਮਾਰਦੇ ਹਨ।

ਇਸ ਉਪਰਲੇ ਗੁਰਵਾਕ ਦੀ ਵਿਆਖਿਆ ਤੋਂ ਸਿਧ ਹੋਇਆ ਕਿ ਆਮ ਬੋਲ ਚਾਲੀ ਅਲ ਪਲਾਲੀ ਸੱਚ ਨਾਲੋਂ ਗੁਰਮਤਿ ਦ੍ਰਿੜਾਇਆ ਗੁਰਮਤਿ ਲਖਾਇਆ 'ਸਚੁ' ਅਤਿ ਉੱਚਾ ਸੁੱਚਾ 'ਸਚੁ' ਹੈ। ਸੱਚ ਦੇ ਅਸਲੀ ਅਰਥਾਂ ਵਿਚਿ ਸਚੁ ਏਹੋ ਹੈ ਜੋ ਗੁਰਮਤਿ ਨੇ ਨਿਰੂਪਨ ਕੀਤਾ ਹੈ। ਜਿਸ 'ਸਚੁ' ਦੀ ਤਲਾਸ਼ ਪਿਛੇ ਆਮ ਦੁਨੀਆ ਬੌਰੀ ਹੋਈ ਫਿਰਦੀ ਹੈ, ਉਹ 'ਸਚੁ' ਕੇਵਲ ਗੁਰਮਤਿ ਗ੍ਰਹਿਣ ਕੀਤਿਆਂ ਹੀ ਮਿਲਦਾ ਹੈ, ਐਵੇਂ ਨਹੀਂ। ਇਸ ਸਭਦੂੰ ਉਚੇ ਸੁਚੇ 'ਸਚੁ' ਪ੍ਰਥਾਇ ਅਗਲਾ ਗੁਰਵਾਕ ਹੋਰ ਭੀ ਚਾਨਣਾ ਪਾਉਂਦਾ ਹੈ :

ਤੂ ਹੈ ਸਚਾ ਸਚੁ ਤੂ ਸਭਦੂ ਉਪਰਿ ਤੂ ਦੀਬਾਣੁ ॥
ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥
ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥
ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥
ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥੧੩॥ ਪੰਨਾ ੩੦੭

ਗਉੜੀ ਕੀ ਵਾਰ ਮਹਲਾ ੪

ਹੇ ਵਾਹਿਗੁਰੂ ! ਤੂੰ ਹੀ ਸੱਚਾ ਹੈਂ, ਅਤੇ ਤੂੰ ਹੀ ਸਚੁ ਹੈਂ। ਸਭਦੂੰ ਉਪਰ ਤੂੰ ਹੀ ਦੀਬਾਣ ਰੂਪ ਹੈਂ। ਤੁਧ ਸਚੁ ਦੀਬਾਣ ਦਾ ਹੀ ਸਚੁ ਫੁਰਮਾਣ ਸਾਰਿਆਂ ਦੇ ਉਪਰ ਹੈ। ਸਭ ਸੱਚਾਂ ਸਿਰ ਸਚੁ ਸਭਦੂੰ ਉਪਰਲਾ ਸਚੁ ਤੂੰ ਹੀ ਹੈਂ, ਹੇ ਵਾਹਿਗੁਰੂ ! ਜੋ ਜਨ ਤੁਧੁ ਸਚੁ ਸਭ ਤੋਂ ਸਿਖਰਲੇ ਸਚੁ ਨੂੰ, ਤੁਧ ਸੱਚ ਮੁਜੱਸਮ ਨੂੰ ਧਿਆਉਂਦੇ ਹਨ, ਸੇਈ ਸਚੁ ਸੇਵਨ-ਹਾਰੇ ਸਚੇ ਸੇਵਕ ਹਨ। ਤਿਨ੍ਹਾਂ ਨੂੰ ਤੁਧ ਸਚ ਸੇਵਨਹਾਰੇ ਹੋਣ ਕਰਿ ਤੇਰਾ ਹੀ ਤਾਣੁ ਹੈ। ਤੂੰ ਹੀ ਤਿਨ੍ਹਾਂ ਦਾ ਦੀਬਾਣ ਹੈਂ। ਤਿਨ੍ਹਾਂ ਦੇ ਹੀ ਅੰਦਰਿ ਸੱਚ ਵਰਤਦਾ ਹੈ। ਸਚੁ (ਵਾਹਿਗੁਰੂ) ਤਿਨ੍ਹਾਂ ਦੇ ਅੰਦਰਿ ਵਰਤਣ ਕਰਿ ਤਿਨ੍ਹਾਂ ਦੇ ਮੁਖ ਸਦ ਉਜਲੇ ਹਨ। ਸੇ ਜਨ "ਅੰਦਰਿ ਸਚੁ ਮੁਖ ਉਜਲੇ" ਵਾਲੇ ਮੁਖੋਂ ਭੀ ਸਚੁ ਹੀ ਬੋਲਦੇ ਹਨ, ਸਚੁ ਨਾਮੁ ਉਚਰੋਲਦੇ ਹਨ। ਤਿਨ੍ਹਾਂ ਨੂੰ ਤੇਰਾ ਹੀ ਤੇਰੇ ਸਚ ਨਾਮ ਦਾ ਹੀ ਤਾਣੁ ਹੈ। ਜਿਨ੍ਹਾਂ ਗੁਰਮੁਖਾਂ ਨੇ ਇਸ ਬਿਧਿ ਸਚੁ ਉਚਰੋਲ ਕੇ,ਸਚੁ ਮੁਖੋਂ ਬੋਲ ਕੇ, ਜਾਪ ਜਪੋਲ ਕੇ 'ਸਚੁ' ਨੂੰ ਸਾਲਾਹਿਆ ਹੈ, ਸੇਈ ਸਚੇ ਭਗਤ ਹਨ। ਕੇਹੜੇ 'ਸਚੁ' ਨੂੰ ਸਾਲਾਹਿਆ ਹੈ ? ਸ਼ਬਦ ਨੀਸ਼ਾਨੇ ਸਚੁ ਨਾਮੁ ਨਾਮੀ ਨੂੰ। ਜੇਹੜੇ ਇਸ ਸਚੁ ਅਤੇ ਸਚੇ ਅਰਥਾਤ ਸੱਚ ਨਾਮੁ ਅਤੇ ਸਚੇ ਸਾਹਿਬ (ਨਾਮੀ ਵਾਹਿਗੁਰੂ) ਨੂੰ ਸਿਮਰਨ ਸਿਫਤਿ ਸਾਲਾਹ ਕਰਿ ਕਰਿ ਸੇਂਵਦੇ ਹਨ, ਸੁਆਸਿ ਸੁਆਸਿ ਸੇਂਵਦੇ ਹਨ,ਤਿਨ੍ਹਾਂ ਵਿਟਹੁ ਵਾਰੇ ਘੋਲੇ ਕੁਰਬਾਨੇ ਜਾਈਐ !

ਸਾਰੇ ਸਿਮ੍ਰਿਤਿ ਸਾਸਤਰ ਸੋਧਿ ਸੋਧਿ ਦੇਖੇ, ਇਸ 'ਸਚੁ' ਦੀ ਕਿਨੇ ਭੀ ਕੀਮਤਿ ਨਾ

ਜਾਣੀ। ਨਾ ਸਿਮ੍ਰਤੀਆਂ ਸ਼ਾਸਤਰਾਂ ਨੇ, ਨਾ ਏਹਨਾਂ ਨੂੰ ਘੋਖ ਘੋਖ ਕੇ ਪੜ੍ਹਨਹਾਰਿਆਂ ਨੇ ਰਾਈ ਭਰ 'ਸਚੁ' ਦੀ ਕੀਮਤ ਮਹੱਤਤਾ ਜਾਣੀ। ਜਾਨਣ ਕਿਥੋਂ ? ਤਿਥੇ ਸਚ ਦਾ, ਤੱਤ ਸਚ ਦਾ ਨਮੂਦ ਹੀ ਨਹੀਂ। ਜਿਨ੍ਹਾਂ ਨੂੰ ਗੁਰੂ ਘਰ ਵਿਖੇ ਆ ਕੇ ਸੱਚੀ •ਸਾਧ ਸੰਗਤਿ, ਸਤਿ ਸੰਗਤਿ ਪ੍ਰਾਪਤਿ ਹੁੰਦੀ ਹੈ, ਸੋਈ ਹਰਿ ਰੰਗ ਰੂਪੀ ਸਚੁ ਰੰਗੁ ਮਾਣ ਸਕਦੇ ਹਨ। ਗੁਰ ਸੰਗਤੀਂ ਪ੍ਰਾਪਤ ਹੋਇਆਂ ਨੂੰ ਨਿਰਾ 'ਸਚੁ' ਦਾ ਸੱਚ ਪਤਾ ਹੀ ਨਹੀਂ ਲਗ ਜਾਂਦਾ, ਓਹਨਾਂ ਨੂੰ 'ਸਚੁ' ਲੱਭ ਹੀ ਨਹੀਂ ਪੈਂਦਾ, ਬਲਕਿ ਓਹ 'ਸਚੁ' ਨੂੰ ਘਟ ਅੰਤਰੇ ਲਭ ਕੇ ਆਤਮ ਰੰਗ ਮਾਣਦੇ ਹਨ, ਸਚ ਨਾਮ ਨੂੰ ਸਿਮਰਿ ਸਿਮਰਿ ਕੇ ਸਚ ਨਾਮ ਰਸੁ ਜੋਤਿ ਨੂੰ ਅੰਦਰੋਂ ਹੀ ਪਰਜੁਲਤ ਕਰ ਲੈਂਦੇ ਹਨ। ਇਸ ਬਿਧਿ ਅੰਦਰੋਂ ਅੰਦਰ ਹੀ ਹਰਿ ਰੰਗ ਮਾਣਦੇ ਹਨ। ਇਹ ਸਚੁ ਨਾਮੁ ਕਰਤਾ ਪੁਰਖੁ ਸਰੂਪ ਹੈ। ਆਤਮ ਪਰਮਾਤਮ ਜੋਤਿ ਰੰਗੁ ਉਪਜਾਉਣਹਾਰ ਹੋਣ ਕਰਿ ਇਹ ਸਚੁ (ਨਾਮੁ) ਕਰਤਾ ਪੁਰਖੁ ਰਤਨਾਂ ਖਾਣੀ ਹੈ। ਆਤਮ ਜੋਤਿ ਰਤੰਨੀ ਇਹ ਸਚੁ ਨਾਮ-ਖਾਣ ਹੈ। ਸਚੁ ਨਾਮੁ ਕਮਾਇਆ ਹੋਇਆ, ਘਟ ਅੰਤਰਿ ਜਮਾਇਆ ਹੋਇਆ, ਕ੍ਰੋੜਾਂ ਹੀਰੇ ਲਾਲਾਂ ਤੋਂ ਵਧੇਰਾ ਜੋਤਿ ਰਤੰਨਾ ਚਾਨਣਾ ਚਨਣਾਉਣਹਾਰਾ ਰਸ ਜੋਤਿ ਪ੍ਰਗਟਾਉਣਹਾਰਾ ਹੈ। ਤਾਂਹੀ ਤੇ ਇਹ ਸਚੁ ਨਾਮ ਰਤਨ ਖਾਣੀ ਹੈ। ਜਿਨ੍ਹਾਂ ਦੇ ਧੁਰਿ ਮਸਤਕਿ ਲਿਖਿਆ ਹੋਵੇ, ਸੋ ਇਸ 'ਸਚੁ' 'ਨਾਮੁ' ਦਾ ਸਿਮਰਨ ਕਰੇ, ਤਿਨ੍ਹਾਂ ਨੂੰ ਹੀ ਸਚੁ ਨਾਮੁ ਰੂਪੀ ਸਚੜਾ ਤੋਸ਼ਾ ਮਿਲਦਾ ਹੈ ਤੇ ਸਚੇ ਵਾਹਿਗੁਰੂ ਦੇ ਦਰੋਂ ਘਰੋਂ ਵਰੋਸਾਉਣ ਵਾਲੇ ਸੱਚ ਤੋਸ਼ੀਏ ਮਿਹਮਾਣ ਹਨ। ਤਿਨ੍ਹਾਂ ਮੇਹਮਾਨਾਂ ਦੀ ਸਚੜਾ ਜਜਮਾਨ ਵਾਹਿਗੁਰੂ ਸਦਾ ਪ੍ਰਾਹੁਣਚਾਰੀ ਮੇਹਮਾਨਦਾਰੀ ਕਰਦਾ ਹੈ, ਸਚੁ ਨਾਮੁ ਤੋਸ਼ਾ ਤਿਨ੍ਹਾਂ ਨੂੰ ਸਦ ਸਦਾ ਭੁੰਚਾਇਕੈ। ਯਥਾ ਗੁਰਵਾਕ :

ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ ॥
ਜੋ ਜਨੁ ਭੇਟੈ ਸਾਧ ਸੰਗਿ ਸੋ ਹਰਿ ਰੰਗੁ ਮਾਣੀ ॥
ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥
ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥
ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ ॥੪॥ **ਪੰਨਾ ੩੧੯**
**ਗਉੜੀ ਕੀ ਵਾਰ ਮਹਲਾ ੫**

ਏਹ 'ਸਚੁ' ਮੇਹਮਾਣੀ ਸਚੁ ਨਾਮੁ ਤੋਸ਼ੀਏ ਜਨ ਸਦਾ ਸਦਾ ਆਪਣੇ ਸਚੜੇ ਜਜਮਾਨ, ਸਚੜੇ ਸ਼ਾਹ ਵਾਹਿਗੁਰੂ ਤੋਂ ਏਹੋ ਦਾਨ ਮੰਗਦੇ ਹਨ। ਯਥਾ ਗੁਰਵਾਕ :

ਤੂ ਸਚਾ ਸਾਹਿਬੁ ਆਪਿ ਹੈ ਸਚੁ ਸਾਹ ਹਮਾਰੇ ॥
ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ ॥
ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ ॥
ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ॥
ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥੧੪॥ **ਪੰਨਾ ੩੦੮**
**ਗਉੜੀ ਕੀ ਵਾਰ ਮਹਲਾ ੪**

ਸਚੁ ਸਰੂਪਾ ਸਚੁ ਮੁਜੱਸਮ ਸੱਚਾ ਸਾਹਿਬ ਤੂੰ ਆਪ ਹੈਂ । ਹੇ ਵਾਹਿਗੁਰੂ ! ਹੇ ਸਾਡੇ ਸਚੇ ਸ਼ਾਹਾ ! ਹੇ ਸਚੁ ਨਾਮ ਦੇ ਭੰਡਾਰਿਆਂ ਦੇ ਮਾਲਕਾ, ਸੱਚੇ ਸਾਹਾ ! ਸਾਨੂੰ ਸਚੁ ਨਾਮੁ ਰੂਪੀ ਸਚੜੀ ਪੂੰਜੀ ਦ੍ਰਿੜ੍ਹਾਇ ਦਿਵਾਇ ਦੇ।ਅਸੀਂ ਥਾਰੇ ਵਣਜਾਰੇ ਹਾਂ ਤੁਧਨੋ ਵਣਜਣਹਾਰੇ। ਅਸੀਂ ਸਚੁ (ਨਾਮੁ) ਹੀ ਵਣਜਨਹਾਰੇ ਹਾਂ । ਤੇਰੇ ਨਿਰਾਲੇ ਸੱਚ ਵਿਲੱਖਣੀ ਸੱਚ ਸੁਲੱਖਣੀ ਗੁਣਾਂ ਨੂੰ ਕਥਨਹਾਰੇ ਹਾਂ । ਤੇਰੇ ਸਚ ਗੁਣ ਕਥਿ ਕਥਿ ਗੁਣਾਂ ਰੂਪੀ 'ਸਚੁ' ਵਥ ਦਾ ਵਾਪਾਰੁ ਕਰਿ ਕਰਿ ਤੈਨੂੰ ਹੀ ਵਿਹਾਜਣ ਆਏ ਹਾਂ । ਤੈਨੂੰ ਵਿਹਾਜਣਾ ਕੀ ਹੈ ? ਤੁਧੁ ਨੂੰ ਮਿਲਣਾ ਹੈ । ਤੇਰਾ ਵਸਲ ਪ੍ਰਾਪਤ ਕਰਨਾ, ਤੇਰਾ ਵਸਲ ਵਸਲਾਉਣਾ ਹੀ ਤੁਧ ਨੂੰ ਪ੍ਰਾਪਤਿ ਹੋਣਾ ਹੈ, ਤੈਨੂੰ ਮੇਲਿ ਮਿਲਣਾ ਹੈ । ਸੇਵਕ ਭਾਇ ਕਰਿ ਤੈਨੂੰ ਸੇਈ ਜਨ ਮਿਲਦੇ ਹਨ, ਜੇਹੜੇ ਗੁਰ ਸਬਦ ਦੁਆਰਾ ਸਵਾਰੇ ਹੋਏ ਹਨ । ਤਿਨ੍ਹਾਂ ਗੁਰ ਸ਼ਬਦਿ ਸਮਾਰਿਆਂ, ਸੁਆਰਿ ਸੁਆਰਿ ਨਾਮ **ਜਪਣ**-ਹਾਰਿਆਂ ਨੂੰ ਤੂੰ ਪਰਗਟ ਪਹਾਰੇ ਆਸ਼ਕਾਰ ਹੁੰਦਾ ਹੈ। ਤੂੰ ਸੱਚਾ ਸਾਹਿਬ ਅਲੱਖ ਹੈਂ, ਆਪੋਂ ਕਿਸੇ ਤੋਂ ਨਹੀਂ ਲਖਿਆ ਜਾਂਦਾ । ਲਖਿਆ ਜਾਂਦਾ ਹੈਂ ਤਾਂ ਬੱਸ ਗੁਰ ਸ਼ਬਦ ਦੁਆਰਾ 'ਸਚੁ ਨਾਮੁ' ਦੀ ਕਮਾਈ ਦੁਆਰਾ ਹੀ ਲਖਿਆ ਜਾਂਦਾ ਹੈ। ਐਸੀ ਹੈ ਇਸ ਨਾਮ ਰੂਪੀ ਸੱਚ ਦੀ ਸੱਚਤਾ । ਇਹ ਤੱਤ ਸੱਚ ਦੀ ਸੱਚੀ ਲਖਤਾ ਹੈ । ਇਸ ਬਿਧਿ 'ਸਚੁ' ਦੀ ਟੋਲ ਥਾਇੰ ਪੈਂਦੀ ਹੈ । ਤਿਸ ਦੇ ਸਭੇ ਟੋਲ ਸੁਹਾਵਣੇ ਹੋ ਜਾਂਦੇ ਹਨ, ਜਿਸ ਦੇ ਘਟ ਅੰਙਣ ਵਿਚਿ ਸਚੜਾ ਸ਼ਹੁ ਚੌਂਕੜਾ ਮਾਰ ਕੇ ਆਪਿ ਆ ਬਹਿੰਦਾ ਹੈ । ਕਿਤਨੀ ਭਾਰੀ ਅਜ਼ਮਤ ਹੈ ਗੁਰਮਤਿ 'ਸਚੁ' ਦੀ, 'ਸਚੁ ਨਾਮੁ' ਦੀ, 'ਸਚੁ ਨਾਮੁ' ਕਮਾਈ ਦੀ, ਕਿ ਅਲੱਖ ਨਿਰੰਜਨ ਨਿਰੰਕਾਰ ਵਾਹਿਗੁਰੂ 'ਸਚੁ ਨਾਮੁ' ਧਿਆਵਨਹਾਰੇ ਦੇ ਅੰਦਰਿ ਬਹਿ ਕੇ ਉਸ ਦੇ ਸਗਲੇ ਦੁਖ ਰੋਗ ਗਵਾ ਦਿੰਦਾ ਹੈ, ਉਸ ਦੀਆਂ ਸਗਲੀਆਂ ਡੰਝਾਂ ਮਿਟਾ ਦਿੰਦਾ ਹੈ । ਸੱਚ ਮੁਚ ਜਿਸ ਕਿਸੇ ਗੁਰਮੁਖ ਜਨ ਨੇ ਗੁਰ ਪ੍ਰਸਾਦ ਕਰਿ ਇਕ-ਮਨਿ ਇਕ-ਚਿਤ ਹੋ ਕੇ ਸਚ ਨਾਮ ਨੂੰ ਧਿਆਇਆ ਹੈ, ਤਿਸ ਦਾ ਦੁਖ ਦਲਿੱਦਰ ਸਭੋ ਹੀ ਗਵਾਇਆ ਗਿਆ ਹੈ। ਤਿਸੁ ਸਚੁ ਸੱਚੜੇ ਵਾਹਿਗੁਰੂ ਦਾ ਹੋਰ ਕੋਈ ਸ਼ਰੀਕ ਨਹੀਂ । ਤਿਸ 'ਸਚੁ' ਦਾ ਹੋਰ ਸਾਨੀ ਹੀ ਕੋਈ ਨਹੀਂ । ਇਸ 'ਸੱਚ' ਦੇ ਲਵੇ ਹੀ ਹੋਰ ਦੁਨੀਆਵੀ ਸੱਚ ਨਹੀਂ ਲਗ ਸਕਦੇ । ਹੋਰ ਦੁਤੀਏ 'ਸੱਚ' ਦੀ ਏਥੇ **ਸੁਣਵਾਈ** ਹੀ ਨਹੀਂ ਹੋ ਸਕਦੀ। ਇਸ ਨਿਰੰਜਨੀ 'ਸਚੁ', ਇਸ ਨਿਰੰਕਾਰੀ 'ਸਚੁ' ਜੇਵਡ ਹੋਰ ਦੁਤੀਆ ਦਾਤਾ ਭੀ ਕੋਈ ਨਹੀਂ । ਇਹੀ ਸਭਨਾਂ ਤੋਂ ਵਡਾ 'ਸਚੁ' ਭਗਤਾਂ ਮਨਿ ਭਾਇਆ ਹੈ, ਇਹ 'ਸਚੁ' ਸਚੇ ਸਚੁ ਨਾਇ ਵਾਲਾ ਸੱਚਾ ਸਾਹਿਬੁ ਆਪ ਹੈ । ਯਥਾ ਗੁਰਵਾਕ :

ਤੂ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ ॥
ਜਿਨੀ ਤੂ ਇਕ ਮਨਿ ਸਚੁ ਧਿਆਇਆ ਤਿਨ ਕਾ ਸਭੁ ਦੁਖੁ ਗਵਾਇਆ ॥
ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ ॥
ਤੁਧੁ ਜੇਵਡੁ ਦਾਤਾ ਤੂ ਹੈ ਨਿਰੰਜਨਾ ਤੂ ਹੈ ਸਚੁ ਮੇਰੈ ਮਨਿ ਭਾਇਆ ॥
ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ ॥੨॥ ਪੰਨਾ ੩੦੧

ਗਉੜੀ ਕੀ ਵਾਰ ਮਹਲਾ ੪



 www.sikhbookclub.com

ਇਸ 'ਸਚੁ ਨਾਮੁ' ਵਾਲੇ ਸੱਚੜੇ ਸਾਹਿਬ ਨੂੰ 'ਸਚੁ ਨਾਮੁ' ਦੀ ਸੱਚੜੀ ਸੱਦ ਦੁਆਰਾ ਘਟ ਮਹਿਲ ਅੰਦਰਿ ਹੀ ਬੁਲਾ ਲਈਦਾ ਹੈ, ਅੰਦਰੋਂ ਪਰਜੁਲਤ ਕਰਾ ਲਈਦਾ ਹੈ। ਸੱਚੇ ਸਾਹਿਬ ਦੇ ਅੰਦਰਿ ਆਉਣ ਕਰਿ ਇਹ ਘਟ ਮਹਿਲੁ ਸੱਚੜਾ ਮਹਿਲੁ ਬਣ ਜਾਂਦਾ ਹੈ। ਮਹਿਲੀ ਮਹਿਲੁ ਬਣ ਜਾਂਦਾ ਹੈ। ਪਰ ਬਣਦਾ ਕਿਕੁਰ ਹੈ ? ਇਕੁਰ ਇਸਿ ਬਿਧਿ ਬਣਦਾ ਹੈ। ਯਥਾ ਗੁਰਵਾਕ :

ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥
ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥
ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥
ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥
ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ ॥
ਸਚੇ ਦੈ ਦਰਿ ਜਾਇ ਸਚੁ ਚਵਾਈਐ ॥
ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥
ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥੧੫॥ ਪੰਨਾ ੧੪੫

ਵਾਰ ਮਾਝ ਮਹਲਾ ੧

ਭਰਮ ਚੁਕਾਇ ਕੇ ਸਰਧਾ ਭਾਵਨੀ ਸਹਿਤ ਸਤਿਗੁਰ ਦੀ ਨਿਰਸੰਕੋਚ ਨਿਸੰਗ ਸੇਵਾ ਭਗਤੀ ਕੀਤੀ ਹੋਈ ਕਦੇ ਅਹਲੀ ਨਹੀਂ ਜਾਂਦੀ। ਪਰ ਤਾਂ ਜੇ ਸਾਵਧਾਨਤਾ ਸਹਿਤ ਚੌਕਸ ਹੋ ਕੇ ਸੋਈ ਕਾਰ ਕਮਾਈ ਜਾਵੇ, ਜਿਸ ਦੇ ਕਮਾਉਣ ਦਾ ਸਤਿਗੁਰੂ ਵਲੋਂ ਖ਼ਾਸ ਹੁਕਮ ਫ਼ੁਰਮਾਨ ਹੋਵੇ। ਸਤਿਗੁਰ ਦੀ ਹੁਕਮ ਰਜ਼ਾ ਮੰਨਣਹਾਰੇ, ਤਿਸ ਗੁਰਸਿਖ ਉਤੇ ਸਤਿਗੁਰੂ ਤੁੱਠਦਾ ਅਤੇ ਪੁਜ ਕੇ ਦਇਆਲ ਹੁੰਦਾ ਹੈ। ਉਸ ਦੀ ਦਇਆਲਤਾ ਦੁਆਰਾ ਨਾਮ ਧਿਆਉਣ ਦੀ ਸੱਚੀ ਕਾਰ ਤੋੜ ਨਿਬੜਦੀ ਹੈ। ਅਜੇਹੇ ਸਤਿਗੁਰੂ ਦੀ ਸੁੱਚੜੀ ਕਾਰ ਕਮਾਵਣ-ਹਾਰੇ ਗੁਰਮੁਖ ਜਨ ਹੀ ਮਾਨਸ ਜਨਮ ਦਾ ਸੱਚੜਾ ਲਾਹਾ ਲੈ ਜਾਂਦੇ ਹਨ। ਕਿਉਂਕਿ ਸਾਰ ਲਾਹਾ ਮਾਨਸ ਜਨਮ ਦਾ ਸੱਚੀ ਭਗਤੀ, 'ਸਚੁ ਨਾਮੁ' ਗੁਰਮਤਿ ਨਾਮ ਧਿਆਇਣੀ ਭਗਤੀ ਹੈ। ਇਸ ਭਗਤੀ ਰੂਪੀ 'ਸਚੁ ਨਾਮੁ' ਵਿਹਾਜਣੇ ਵਾਪਾਰ ਵਿਹੂਣ ਗੁਰਮਤਿ ਮਾਰਗੋਂ ਘੁਥੇ ਹੋਏ ਮਨਮੁਖ ਪੁਰਸ਼ ਨਿਰਾ ਕੂੜ ਹੀ ਕਮਾਉਂਦੇ ਹਨ। ਸੱਚ ਦਾ ਸੁਰਾਗ਼ ਓਹਨਾਂ ਨੂੰ ਲਭਦਾ ਹੀ ਨਹੀਂ, ਕੂੜ ਗੁਬਾਰ ਵਿਚਿ ਹੀ ਭੰਬਲ ਭੂਸੇ ਖਾਂਦੇ ਫਿਰਦੇ ਹਨ। "ਸਚੇ ਦੈ ਦਰਿ" ਜਾਇਕੈ ਹੀ ਸੱਚੇ ਸਤਿਗੁਰੂ ਦੇ ਦਰ ਘਰ ਨੂੰ ਪ੍ਰਾਪਤਿ ਹੋ ਕੇ ਹੀ 'ਸਚੁ' ਲਭਦਾ ਲਭਾਈਦਾ ਹੈ। ਤਿਥੈ ਹੀ ਸਚੁ ਚਵਾਈਦਾ, ਸਚੁ ਅੰਮ੍ਰਿਤ ਨਾਮੁ ਸੰਚਹਾਈਦਾ ਹੈ। ਇਸਿ ਬਿਧਿ ਅੰਮ੍ਰਿਤੁ ਤੱਤ ਮਈ ਸਚੁ ਸੰਚਰਤ ਹੋਣ ਕਰਿ ਇਸ 'ਸਚੁ' ਦੇ ਤੁਫ਼ੈਲ, ਇਸ ਸਚੁ ਨਾਮੁ ਅੰਮ੍ਰਿਤ ਦੀ ਬਸੀਠੀ ਦੁਆਰਾ ਸਚੁ ਵਾਹਿਗੁਰੂ ਪ੍ਰੀਤਮ ਦੇ ਸਚ ਮਹਲ ਅੰਦਰਿ ਸਮਾਈ ਹੁੰਦੀ ਹੈ। ਸੱਚਾ ਵਾਹਿਗੁਰੂ ਆਪ ਆਪਣੇ ਮਹਲ ਅੰਦਰਿ ਸਦ ਕੇ ਬੁਲਾਉਂਦਾ ਹੈ।

ਦੇਖੋ ਅਸਚਰਜ ! ਆਪਣੇ ਮਹਲ ਅੰਦਰਿ ਸਦ ਬੁਲਾਉਣ ਦੇ ਥਾਉਂ, ਵਾਹਿਗੁਰੂ ਪ੍ਰੀਤਮ ਪ੍ਰੇਮੀ ਗੁਰਮੁਖਾਂ ਦੇ ਘਟ ਅੰਦਰਿ ਹੀ ਆਪਣਾ ਮਹਲ ਆ ਬਣਾਉਂਦਾ ਹੈ। ਵਾਹਿਗੁਰੂ ਪ੍ਰੀਤਮ ਦੀਆਂ ਗੁਰਮੁਖੀਆਂ ਸੁਹਾਗਣੀਆਂ, ਪ੍ਰਮਾਰਥੀ ਮਨੋਰਥ ਵਾਲੀਆਂ ਆਤਮ ਜਗਿਆਸਾ ਦੀਆਂ ਕਾਮਣੀਆਂ, ਪਿਰ ਰਾਵਣਹਾਰੀਆਂ ਡੂਹੜੀਆਂ ਪਿਰ ਰੀਸਾਲੂ ਨੂੰ ਅੰਤਰਿ ਆਤਮੇ ਰਾਵ ਰਾਵ ਕੇ ਸੱਚੇ ਪੁਰਖੱਤਵ ਪਦ ਨੂੰ ਪ੍ਰਾਪਤਿ ਹੁੰਦੀਆਂ ਹਨ। ਗੁਰਮਤਿ ਅੰਦਰ ਸੱਚੇ ਪੁਰਖ ਏਕ ਅਕਾਲ ਪੁਰਖ ਬਿਨਾਂ ਹੋਰ ਕੋਈ ਪੁਰਖ ਨਹੀਂ, ਹੋਰ ਸਗਲੀਆਂ ਨਾਰ ਸਬਾਈਆਂ ਹਨ। "ਪੁਰਖੈ ਸੇਵਹਿ ਸੇ ਪੁਰਖ ਹੋਵਹਿ" ਵਾਲੇ ਗੁਰਵਾਕ ਅਨੁਸਾਰ ਪ੍ਰੀਤਮ ਪੁਰਖ ਨੂੰ ਸੇਵ ਰਾਵ ਕੇ ਪ੍ਰੀਤਮ ਪੁਰਖ ਸੇਤੀ ਇਕ ਮਿਕ ਹੋਈਆਂ ਰੂਹਾਂ ਨਾਰੀਆਂ ਨਹੀਂ ਕਹਿਲਾਉਂਦੀਆਂ, ਓਹ ਭੀ ਪੁਰਖ ਹੀ ਹੋ ਜਾਂਦੀਆਂ ਹਨ। ਨਹੀਂ ਤਾਂ ਪਿਰ ਪ੍ਰੀਤਮੀ ਸੋਹਾਗ ਤੋਂ ਸੁੰਜੜੇ ਨਰ ਜਾਮੇ ਵਾਲੇ ਪੁਰਖ ਭੀ ਇਸਤ੍ਰੀ ਜਾਮੇ ਵਾਲੀਆਂ ਨਾਰੀਆਂ ਹੀ ਹਨ। ਅਜੇਹੀਆਂ ਸਚੁ ਰਤੀਆਂ ਸੱਚ ਮਹਲ ਅੰਤ੍ਰਾਗਤਿ ਸੋਹਾਗਣੀਆਂ ਪ੍ਰਤੀ ਹੇਠ ਲਿਖਿਆ ਗੁਰਵਾਕ ਕਿਆ ਖ਼ੂਬ ਢੁਕਦਾ ਹੈ। ਯਥਾ ਗੁਰਵਾਕ :

ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥
ਆਵਹੁ ਦਇਆ ਕਰੇ ਜੀਉ
ਪ੍ਰੀਤਮ ਅਤਿ ਪਿਆਰੇ ॥
ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ ॥
ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥
ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ ॥
ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ॥੩॥ ਪੰਨਾ ੨੪੫

ਗਉੜੀ ਮਹਲਾ ੩

ਗੁਰਮਤਿ ਦ੍ਰਿੜ੍ਹਾਈ ਸਦਾ ਨਾਮ ਦੀ ਕਾਰ ਰੂਪੀ ਸੱਚੀ ਵੀਚਾਰ ਨੂੰ ਵਿਚਰਾਇਕੈ ਅਰਥਾਤ ਗੁਰਮਤਿ ਨਾਮ ਦੀਆਂ ਸੱਚੀਆਂ ਅਭਿਆਸ ਕਮਾਈਆਂ ਕਰਿ ਕਰਿ ਕੇ ਗੁਰਮਤਿ ਜਗਿਆਸਾ ਜਗਿਆਸਨੀ ਕਾਮਣਿ ਘਟ ਅੰਤਰਿ ਹੀ ਜੋਤਿ ਜਗਾਇਕੈ ਪਿਰ ਪ੍ਰੀਤਮ ਵਾਹਿਗੁਰੂ ਨੂੰ ਪ੍ਰਗਟਾਇ ਲੈਂਦੀ ਹੈ ਅਤੇ ਹਿਰਦੇ ਮਈ ਤਖਤ ਉਤੇ ਬਿਠਲਾਇ ਲੈਂਦੀ ਹੈ।ਪੁਜ ਕੇ ਨਾਮ ਦੀ ਕਾਰ ਕਮਾਵਣ ਕਰਿ ਇਹ ਪਦੁ ਤਿਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੇ ਕਿ ਦਿਨ ਰਾਤੀ ਅੰਮ੍ਰਿਤੁ ਨਾਮੁ ਗਟਾਕ ਪੀ ਪੀ ਕੇ ਦੂਜੀ ਦੁਬਿਧਾ ਨੂੰ ਮਾਰ ਕੇ ਅੰਦਰੋਂ ਨਿਵਾਰ ਦਿਤਾ ਹੋਵੇ। ਐਸੀ ਸਚ ਨਾਮ ਸੋਹਾਗ ਸੋਹਾਗਣੀ ਗੁਰੂ ਪੁੰਗਰਾਏ ਅਤਿ ਅਪਾਰੁ

ਹੇਤ ਪਿਆਰ ਦਾ ਸਦਕਾ 'ਸਚੁ' ਪ੍ਰੀਤਮ ਵਾਹਿਗੁਰੂ ਸੇਤੀ ਮਿਲੀ ਮਿਲਾਈ ਰਹਿੰਦੀ ਹੈ । ਵਾਹਿਗੁਰੂ ਸੱਚ ਨਾਮ ਦੀਆਂ ਟੇਰਾਂ ਟੇਰ ਟੇਰ ਕੇ ਸਦਾ ਮਿਲੇ ਰਹਿਣ ਦੀਆਂ ਲੇਰਾਂ ਲੇਰ ਲੇਰ ਕੇ ਵਾਹਿਗੁਰੂ ਅਤੇ ਪਿਆਰੇ ਪ੍ਰੀਤਮ ਨੂੰ ਆਪਣੇ ਘਰਘਟੀ ਮਹਿਲ ਅੰਦਰਿ ਵਸਾਉਂਦੀ ਹੈ ਅਤੇ ਸਦਾ ਰਹਿਣ ਲਈ, ਅੰਤਰ ਆਤਮੇ ਸਦਾ ਮਿਲੇ ਰਹਿਣ ਲਈ ਲੇਲ੍ਹੜੀਆਂ ਕੱਢਦੀ ਰਹਿੰਦੀ ਹੈ। ਜਿਉਂ ਜਿਉਂ ਮੇਲ ਵਸਲ ਦਾ ਸੁਆਦ ਆਉਂਦਾ ਹੈ, ਤਿਉਂ ਤਿਉਂ ਹੋਰ ਵਸਲ ਵਸਲਾਉਣ ਲਈ ਸਚ ਸਬਦਿ ਸੀਗਾਰੀ ਹੋਈ, ਹੋਰ ਹੋਰ ਸੁਆਦ ਲੁਭਫ਼ ਲਤੀਫ਼ੀਆਂ ਸਚੁ ਸਬਦੁ ਸਿਫ਼ਤਿ ਸਿਫ਼ਤੀਫ਼ੀਆਂ ਬੇਨਤੀਆਂ ਅਲਾਉਂਦੀ ਹੈ । ਇਹ ਬੇਨਤੀ ਆਲਾਪੁ ਸੁਆਸਿ ਸੁਆਸਿ ਅਭਿਆਸਿਆ ਅਰਦਾਸਿਆ ਸਚ ਨਾਮ ਦਾ ਅਜਪਾ ਜਾਪੁ ਹੁੰਦਾ ਹੈ । ਇਸ ਬਿਨੈ ਅਲਾਪ ਵਿਚਿ ਆਪੇ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ । ਸੱਚ ਅੰਮ੍ਰਿਤ ਸਬਦ ਦਾ ਰਸ ਜੋਤਿ ਰਸਾਇਆ ਸੀਗਾਰੁ, ਪਾਰਸ ਪਰਸਾਰੁ ਅੰਦਰਹੁੰ ਹਉਮੈ ਨੂੰ ਮਾਰ ਕੇ ਬਾਹਰਿ ਕਢਿ ਦਿੰਦਾ ਹੈ । ਇਸ ਬਿਧ ਗੁਰਮਤਿ ਸੱਚੇ ਸੁਹਾਗ ਵਾਲਾ ਕਾਰਜ ਸਵਾਰਿਆ ਜਾਂਦਾ ਹੈ ਅਤੇ ਮਹਲੀ ਮਹਲ ਰੰਗ ਮਾਨਣ ਵਾਲਾ ਅਨਦ ਬਿਨੋਦੀ 'ਸਚੁ ਪਦੁ' ਪ੍ਰਾਪਤਿ ਰਸ ਬਿਸਮਾਦ ਖਿੜਦਾ ਹੈ । ਅਪਰ ਅਪਾਰਾ **ਪਰਮ ਸਚੁ** ਰੂਪੀ ਸੱਚਾ ਸਾਹਿਬੁ ਜੁਗ ਜੁਗ ਏਕੋ ਹੀ ਹੈ। ਪਰ ਇਸ ਦੀ ਸੂਝ ਬੂਝ ਪੈਂਦੀ ਹੈ ਗੁਰੂ ਬਖ਼ਸ਼ੀ ਵੀਚਾਰ, ਸੱਚ ਸ਼ਬਦ ਕਮਾਈ ਵਾਲੀ ਕਾਰ ਦੁਆਰਾ ਹੀ । ਹੋਰ ਕਿਸੇ ਨੂੰ ਇਸ **ਪਰਮ ਸਚੁ** ਦੀ ਸੂਝ ਬੂਝ ਨਹੀਂ ਆਉਂਦੀ, ਕਿਉਂਕਿ ਸਚ ਨਾਮੋਂ ਊਰੀ ਹੋਰ ਸਭ ਲੁਕਾਈ ਮਨਮੁਖਤਾ ਦੇ ਕਾਰਨ ਕਾਮ ਵਿਆਪੀ, ਮੋਹਿ ਸੰਤਾਪੀ ਹੋਈ ਹੈ । ਮੋਹ ਮਮਤਾ ਵਿਚਿ ਮਤਿਆਂ, ਕਾਮ ਸੁਆਰਥੀ ਵਿਚਿ ਅੱਟਿਆਂ ਮਨਮੁਖਾਂ ਨੂੰ ਇਸ ਸਾਰ ਵਸਤ ਦੀ ਕਿਵੇਂ ਸਾਰ ਆਵੇ ਅਤੇ ਕਿਸ ਅਗੇ ਜਾਇਕੈ ਪੁਕਾਰ ਕਰਨ । ਗੁਰੂ ਨਾਨਕ ਸਾਹਿਬ ਸੱਚ ਫ਼ੁਰਮਾਉਂਦੇ ਹਨ ਕਿ ਬਿਨ ਗੁਰ ਅੱਤ ਪਿਆਰੇ ਦੇ ਮਨਮੁਖੀ ਦੁਹਾਗਣ ਦੁਨੀਆ ਨੂੰ ਕਿਤੇ ਭੀ ਢੋਈ ਨਹੀਂ ਮਿਲਦੀ ।

ਜਿਨ੍ਹਾਂ ਦੇ ਪੋਤੇ ਪੁੰਨ ਹੁੰਦਾ ਹੈ ਤਿਨ੍ਹਾਂ ਨੂੰ 'ਸਚੁ' ਸਤਿਗੁਰੂ ਦੁਆਰਾ ਮਿਲ ਜਾਂਦਾ ਹੈ। ਘੁੰਮਦੇ ਘੁਮਾਉਂਦਿਆਂ ਦਾ ਗੁਰੂ ਘਰ ਵਿਖੇ ਜਿਨ੍ਹਾਂ ਦਾ ਪੂਰਬਲੇ ਪੁੰਨ ਕਰਮਾਂ ਕਰਿ ਆਉਣਾ ਹੋ ਜਾਂਦਾ ਹੈ, ਤਿਨ੍ਹਾਂ ਨੂੰ 'ਸਚੁ' ਸਤਿਗੁਰੂ ਦੁਆਰਾ ਮਿਲਣ ਕਰਿ ਗੁਰੂ ਰੂਪ ਬਾਣੀ ਨਾਲਿ ਵਾਸਤਾ ਪੈ ਜਾਂਦਾ ਹੈ । ਸਤਿਗੁਰੂ ਦੁਆਰਿਓਂ, ਗੁਰਬਾਣੀ ਦੁਆਰਿਓਂ ਗੁਰ ਸ਼ਬਦ ਰੂਪੀ ਸਚੁ ਦੀ ਸੱਚੀ ਦੀਖਿਆ ਮਿਲਦੀ ਹੈ । ਗੁਰ ਸ਼ਬਦ ਦੀ ਅਭਿਆਸ-ਕਮਾਈ ਦੇ ਪਰਤਾਪ ਕਰਿ ਤਿਨ੍ਹਾਂ ਦੇ ਘਟ ਅੰਦਰਿ 'ਸਚੁ' ਦਾ ਪ੍ਰਕਾਸ਼ ਮਈ ਨਿਵਾਸ ਹੋ ਜਾਂਦਾ ਹੈ । ਅਤੇ ਜਿਸ ਘਟ ਵਿਖੇ ਸਚੁ ਰੂਪੀ ਸ਼ਬਦ ਦਾ ਨਿਵਾਸ ਹੁੰਦਾ ਹੈ, ਤਿਸ ਘਟ ਵਿਚੋਂ ਦੂਖ, ਰੋਗ, ਭੈ, ਭਰਮ, ਸਭਿ ਦੂਰਿ ਹੋ ਜਾਂਦੇ ਹਨ । ਸਚ ਸਹਜ ਰੂਪੀ ਪਰਗਟ ਗਿਆਨ ਰਤਨ ਮਾਹਿ ਤਿਨ੍ਹਾਂ ਦੀ ਸਮਾਈ ਹੋ ਜਾਂਦੀ ਹੈ । ਓਹ ਸਚੜੇ ਨਾਮ ਧਨ ਦੇ ਧਨਵੰਤੇ ਹੋ ਜਾਂਦੇ ਹਨ । ਇਸ ਨਾਮੁ ਰੂਪੀ ਸਚ ਧਨ ਜੇਵਡ ਹੋਰ ਧਨ ਕੋਈ ਨਹੀਂ । ਇਹ 'ਸਚੁ ਧਨੁ' ਤਿਸ ਨੂੰ ਮਿਲਦਾ ਹੈ ਜਿਸ ਨੂੰ ਸੱਚਾ ਵਾਹਿਗੁਰੂ ਆਪਿ ਬਖ਼ਸ਼ਦਾ ਹੈ । ਪੂਰੇ ਸ਼ਬਦ ਦੁਆਰਾ ਇਹ 'ਸਚੁ ਧਨੁ' ਮਨ ਵਿਖੇ ਵਸਦਾ ਹੈ । ਇਸ ਸਚ ਰੂਪੀ ਨਾਮ ਨਾਲਿ ਰੱਤਿਆਂ ਹੀ ਸੱਚੇ ਸੁਖੁ

ਦੀ ਪ੍ਰਾਪਤੀ ਹੁੰਦੀ ਹੈ। ਯਥਾਂ ਗੁਰਵਾਕ :

ਜਿਨ ਕੈ ਪੋਤੈ ਪੁੰਨੁ ਤਿਨਾ ਗੁਰੂ ਮਿਲਾਏ ॥
ਸਚੁ ਬਾਣੀ ਗੁਰੂ ਸਬਦੁ ਸੁਣਾਏ ॥
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਇ ॥
ਗਿਆਨਿ ਰਤਨਿ ਸਾਚੈ ਸਹਜਿ ਸਮਾਇ ॥ ੪॥
ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥
ਜਿਸਨੋ ਬਖਸੇ ਸਾਚਾ ਸੋਇ ॥
ਪੂਰੈ ਸਬਦਿ ਮਨਿ ਵਸਾਏ ॥
ਨਾਨਕ ਨਾਮਿ ਰਤੇ ਸੁਖੁ ਪਾਏ ॥੫॥੫੦॥ ਪੰਨਾ ੩੬੪
ਆਸਾ ਮਹਲਾ ੩ ਪੰਚਪਦੇ

ਵਾਹਿਗੁਰੂ ਰੂਪੀ ਸਚੁ ਸਾਥੋਂ ਦੂਰ ਨਹੀਂ, ਸਭ ਦੇ ਨੇੜੇ ਸਭ ਦੇ ਸੰਗਿ ਵਸਦਾ ਹੈ। ਕਰਨ ਕਰਾਵਨਹਾਰਾ ਸਭ ਕੁਝ ਇਹੀ ਇਕੁ ਵਾਹਿਗੁਰੂ ਰੂਪੀ 'ਸਚੁ' ਹੀ ਹੈ। ਗੁਰਮਤਿ ਬੁਧਿ, ਬੀਚਾਰ ਬਿਬੇਕ ਦੁਆਰਾ ਇਹ 'ਸਚੁ' ਲਭਦਾ ਹੈ। ਇਸ ਵਾਹਿਗੁਰੂ ਰੂਪੀ 'ਸਚੁ' ਨੂੰ ਹਰਿ ਰੰਗ ਰੰਗੇ ਬੁਧ, ਬੀਚਾਰ ਬਿਬੇਕ ਦੁਆਰਾ ਹੀ ਸਾਲਾਹ ਕੇ ਪਾਈਦਾ ਹੈ। ਯਥਾ ਗੁਰਵਾਕ :

ਕਰਨ ਕਰਾਵਨ ਸਭੁ ਕਿਛੁ ਏਕੈ ॥
ਆਪੇ ਬੁਧਿ ਬੀਚਾਰਿ ਬਿਬੇਕੈ ॥
ਦੂਰਿ ਨ ਨੇਰੈ ਸਭ ਕੈ ਸੰਗਾ ॥
ਸਚੁ ਸਲਾਹਣੁ ਨਾਨਕੁ ਹਰਿ ਰੰਗਾ ॥੮॥੧॥ ਪੰਨਾ ੨੩੬
ਗਉੜੀ ਮਹਲਾ ੫

**ਸਚੁ-ਪ੍ਰਾਪਤਿ** ਵਾਲੇ ਗੁਰੂ ਘਰ ਦੇ ਸਿਖ ਸੇਵਕ ਦਾਸਾਂ ਨੂੰ 'ਸਚੁ' ਮਿਲਣ ਕਰ ਕੇ ਸੱਚਾ ਸੁਖ ਹੋ ਜਾਂਦਾ ਹੈ। ਜਿਨ੍ਹਾਂ ਨੂੰ ਸਚੁ ਵਹਿਗੁਰੂ ਦੀ ਪ੍ਰਾਪਤੀ ਹੋਈ ਵੀ ਹੁੰਦੀ ਹੈ, ਤਿਨ ਸੱਚ ਪ੍ਰਾਪਤੀ ਵਾਲਿਆਂ ਦਾ ਸਾਰਾ ਦੁਖ ਵਿਸਰ ਜਾਂਦਾ ਹੈ। ਸਚੁ (ਸੱਚੇ ਵਾਹਿਗੁਰੂ ਦਾ) ਦਰਸ਼ਨ ਦੇਖ ਕੇ ਹੀ ਤਿੰਨਾਂ ਦੀ ਸੱਚੜੇ ਸਚ ਤੋਂ, ਊਰੀ ਮਤਿ ਪੂਰੀ ਹੋ ਜਾਂਦੀ ਹੈ। ਵਾਹਿਗੁਰੂ ਸਚੇ ਦੀ ਚਰਨ ਧੂੜੀ ਪ੍ਰਾਪਤਿ ਹੋਇਆਂ ਅਠਸਠ ਤੀਰਥਾਂ ਦਾ ਸੱਚ ਮਜਨੀ ਇਸ਼ਨਾਨ ਹੋ ਜਾਂਦਾ ਹੈ। ਤਿਨ੍ਹਾਂ ਦੇ ਨੇਤਰ 'ਸਚੁ' (ਵਾਹਿਗੁਰੂ) ਲਿਵ-ਤਾਰ ਵਿਚਿ ਸੰਤੋਖੇ ਹੋਏ ਹੁੰਦੇ ਹਨ। ਤਿਨ੍ਹਾਂ ਦਾ ਜਿਹਬਾ 'ਸਚੁ ਹਰਿ ਰਸੁ' ਰੂਪੀ ਸਾਰ ਸਚਿਆਈ ਵਿਚਿ ਰੱਤੀ ਹੋਈ ਹੋਣ ਕਰਿ ਸਚੀ ਸੁਚੱਤਾ ਸੂਤਰ ਭਰੀ ਹੋਈ ਵੀ ਹੁੰਦੀ ਹੈ। ਘਟ ਅੰਤਰਲੀ ਸਚੁ ਅਭਿਆਸ ਸੇਵਾ ਕਮਾਈ ਕਰਿ ਤਿਨ੍ਹਾਂ ਦੀ ਕਰਨੀ ਸਚੁ ਕਰਨੀ ਕਹਾਉਂਦੀ ਹੈ। ਤਿਨ੍ਹਾਂ ਦਾ ਮਨੁ ਸਚ ਅਲੱਖ ਅਭੇਵ ਦੇ ਸਨਮੁਖ ਦਰਸ਼ਨ ਕਰਿ ਤਿਪਤਾਸਿਆ ਹੁੰਦਾ ਹੈ। ਐਸੇ ਸਰਬ ਅੰਗ ਕਰਿ ਸਚ

ਰੰਗ ਰਤੜੇ ਗੁਰਮੁਖ ਜਹਾਂ ਤਹਾਂ ਸਾਰੇ ਸਚੁ ਹੀ ਸਚੁ ਦੇਖਦੇ ਹਨ । ਸਾਚਾ ਵਾਹਿਗੁਰੂ ਹੀ ਇਹੁ ਸਚੁ ਹੈ ਜੋ ਓਹ ਸਗਲੀਂ ਠਾਈਂ ਪਰਤੱਖ ਦੇਖਦੇ ਹਨ । 'ਸੱਚੁ' ਦੀ ਇਸ ਸੱਚੀ ਬੂਝ ਬਿਨਾਂ ਸਾਰਾ ਜਗ ਕੱਚ ਸੱਚ ਦੇ ਪਿਛੇ ਹੀ ਝਖ ਮਾਰਦਾ ਫਿਰਦਾ ਹੈ । ਜਗ ਸਿਆਣੇ ਪਏ ਝਗੜਿ ਝਗੜਿ ਮਰਦੇ ਹਨ । ਪਰ ਤਤ 'ਸਚੁ' ਦੀ ਸਤਿ ਸੋਝੀ ਕਿਸੇ ਨੂੰ ਭੀ ਨਹੀਂ ਹੋਈ ਅਜ ਤਾਈਂ, ਨਾ ਹੋਵੇਗੀ ਅਗੇ ਨੂੰ । ਜਿਨ੍ਹਾਂ ਨੂੰ ਸੱਚੇ ਗੁਰੂ ਦੀ ਮਤਿ ਆਈ ਤਿਨ੍ਹਾਂ ਗੁਰੂ ਸਮਝਾਇਆਂ ਨੂੰ ਹੀ ਤੱਤ ਸਚ ਦੀ ਸੋਝੀ ਹੁੰਦੀ ਹੈ । ਬਸ, ਕੋਈ ਵਿਰਲਾ ਗੁਰਮੁਖ ਹੀ 'ਸਚੁ' ਦੀ ਤੱਤਤਾ ਨੂੰ ਬੁਝਦਾ ਹੈ, ਜਿਸ ਨੂੰ ਰਖਣਹਾਰਾ ਵਾਹਿਗੁਰੂ ਨਿਰਾਲਾ ਹੀ ਚੁਣ ਕੇ ਕਢਿ ਲੈਂਦਾ ਹੈ, ਲਾਂਭੇ ਰਖ ਲੈਂਦਾ ਹੈ । ਸੱਚ ਮੁਚ 'ਸਚੁ' ਦੀ ਤੱਤ ਬੂਝ ਬਿਨਾਂ ਸਭੇ ਜਗਤ ਸਿਆਣੇ ਬੇਸਮਝ ਪਸੂਆਂ ਦੀ ਨਿਆਈਂ ਹੀ ਹਨ । ਸਤਿਗੁਰੂ ਨੇ ਸਚੁ ਫੁਰਮਾਇਆ, ਜੋ ਸਚੁ ਸਤਿਗੁਰੂ ਨੇ ਦ੍ਰਿਸਟਾਇਆ ਦ੍ਰਿੜ੍ਹਾਇਆ ਹੈ । ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਸ 'ਸਚੁ' ਤੋਂ ਬਿਨਾਂ ਹੋਰ ਦੂਜਾ ਸੱਚ ਹੈ ਹੀ ਨਹੀਂ । ਫੇਰ ਹੋਰ ਕਿਸ ਨੂੰ ਦੇਖ ਕੇ ਕਿਸ ਸੱਚ ਨੂੰ 'ਸਚੁ' ਮੰਨ ਕੇ ਪੂਜਿਆ ਜਾ ਸਕਦਾ ਹੈ । ਇਕ ਗੁਰਮਤਿ ਲਖਾਏ ਸੱਚ ਬਿਨਾਂ ਹੋਰ ਦੂਜੇ ਸੱਚ ਦੀ ਪੂਜਾ ਨਹੀਂ ਹੋ ਸਕਦੀ । ਇਹ ਜੋ ਤ੍ਰਿਭਵਨ ਰਚਨਾ ਵਾਹਿਗੁਰੂ ਨੇ ਧਾਰੀ ਹੋਈ ਹੈ, ਰਚੀ ਹੋਈ ਹੈ, ਇਸ ਰਚਨਾ ਅੰਦਰਿ ਗੁਰਮੁਖ ਸੰਤ ਜਨ ਰਚਨਹਾਰ ਵਾਹਿਗੁਰੂ 'ਸਚੁ' ਨੂੰ ਪਰਤੱਖ ਰਮਿਆ ਹੋਇਆ ਦੇਖਦੇ ਹਨ । ਆਤਮਾ ਨੂੰ ਚੀਨਣਹਾਰੇ ਗੁਰਮੁਖ ਜਨ ਹੀ ਇਸ ਪਰਮਾਤਮ ਸੱਚ ਦੇ ਤੱਤ-ਦਰਸੀ ਹਨ । ਤਿਨ੍ਹਾਂ ਨੂੰ 'ਸੱਚ' ਦਾ ਸਦਾ ਬੋਧ ਬੀਚਾਰੁ ਹੈ । ਤਿਨ੍ਹਾਂ ਦੇ ਹਿਰਦੇ ਅੰਦਰਿ ਸੱਚੜਾ 'ਸਚੁ' ਟਿਕਦਾ ਹੈ । 'ਸਚੁ' ਪ੍ਰੇਮ ਦਾ ਨਿਵਾਸ ਭੀ ਤਿਨ੍ਹਾਂ ਦੇ ਹਿਰਦੇ ਅੰਦਰ ਹੁੰਦਾ ਹੈ । ਯਥਾ ਗੁਰਵਾਕ :

ਐਸੋ ਦਾਸੁ ਮਿਲੈ ਸੁਖੁ ਹੋਈ ॥
ਦੁਖੁ ਵਿਸਰੈ ਪਾਵੈ ਸਚੁ ਸੋਈ ॥ ੧ ॥
ਦਰਸਨੁ ਦੇਖਿ ਭਈ ਮਤਿ ਪੂਰੀ ॥
ਅਠਸਠਿ ਮਜਨੁ ਚਰਨਹਿ ਧੂਰੀ ॥ ੧ ॥ ਰਹਾਉ ॥
ਨੇਤ੍ਰ ਸੰਤੋਖੇ ਏਕ ਲਿਵਤਾਰਾ ॥
ਜਿਹਵਾ ਸੂਚੀ ਹਰਿ ਰਸੁ ਸਾਰਾ ॥ ੨ ॥
ਸਚੁ ਕਰਣੀ ਅਭ ਅੰਤਰਿ ਸੇਵਾ ॥
ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥ ੩॥
ਜਹ ਜਹ ਦੇਖਉ ਤਹ ਤਹ ਸਾਚਾ ॥
ਬਿਨੁ ਬੂਝੇ ਝਗਰਤ ਜਗੁ ਕਾਚਾ ॥ ੪ ॥
ਗੁਰੁ ਸਮਝਾਵੈ ਸੋਝੀ ਹੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥ ੫ ॥
ਕਰਿ ਕਿਰਪਾ ਰਾਖਹੁ ਰਖਵਾਲੇ ॥
ਬਿਨੁ ਬੂਝੇ ਪਸੂ ਭਏ ਬੇਤਾਲੇ ॥ ੬ ॥

ਗੁਰਿ ਕਹਿਆ ਅਵਰੁ ਨਹੀ ਦੂਜਾ ॥
ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥ ੭ ॥
ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥
ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥ ਪੰਨਾ ੨੨੪

ਗਉੜੀ ਮਹਲਾ ੧

ਸਚੁ ਪ੍ਰੇਮ ਰਿਦ ਨਿਵਾਸੀਆਂ ਦੇ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਅਸੀਂ ਦਾਸ ਹਾਂ ।

ਇਸ 'ਸਚੁ' ਨੂੰ ਹਉਮੈ ਗ੍ਰਸਤ ਆਨਮਤ ਭੇਖੀਆਂ ਨੇ ਨਹੀਂ ਜਾਣਿਆ । ਜਿਤਨੇ ਭੀ ਭੇਖ (ਮਤ) ਸੰਸਾਰ ਅੰਦਰ ਹਨ, ਸਭ ਇਸ ਹਉਮੈ ਦੇ ਹੀ ਸ਼ਿਕਾਰ ਹਨ । ਹਉਮੈ ਬੰਧਨ ਵਿਚਿ ਬੰਧੇ ਹੋਏ ਅਨਮਤਿ ਅਵਲੰਬੀ ਵਡੇ ਤੋਂ ਵਡੇ ਜਗਤ ਸਿਆਣੇ ਭੀ ਇਸ 'ਸਚੁ' ਪਦਾਰਥ ਦੇ ਯਥਾਰਥ ਗਿਆਨ ਤੋਂ ਸੁੰਞੇ ਹਨ । ਗੁਰਮਤਿ ਭਗਤੀ ਭਾਵ ਵਾਲੇ ਵਿਰਲੇ ਗੁਰਮੁਖਾਂ ਨੂੰ ਹੀ 'ਸਚੁ' ਦਾ ਸੱਚ ਮਨ ਮਾਨੀ ਗਿਆਨ ਹੈ । ਗੁਰਮਤਿ ਨਾਮ ਵਿਹੂਣਿਆਂ ਤੋਂ ਭਗਤੀ ਨਹੀਂ ਹੋ ਸਕਦੀ । ਨਾਮੋਂ ਸੁੰਨੇ,ਭਗਤਿ ਵਿਹੂਣਿਆਂ ਤੋਂ ਹਉਮੈ ਦਾ ਅਭਾਵ ਨਹੀਂ ਹੋ ਸਕਦਾ । ਆਪਣੀਆਂ ਵਿਦਯਾ-ਅਕਲਾਂ, ਸਹਸ ਸਿਆਣਪਾਂ ਦਾ ਹਉਮੈ ਗੁਮਾਨ ਰਖਣੇ ਵਾਲੇ ਇਤਰ ਮਈ ਫ਼ਿਲਾਸਫ਼ੀ ਦੇ ਅਨਿਕ ਪ੍ਰਕਾਰੀ ਨੇਤਾ 'ਸਚੁ' ਪ੍ਰਾਪਤੀ ਤੋਂ ਮੂਲੋਂ ਹੀ ਸੁੰਞੇ ਹਨ । ਇਹ 'ਸਚੁ' ਮਈ ਪਰਮ ਪਦੁ ਤਿਨ੍ਹਾਂ ਹੀ ਪਾਇਆ ਹੈ, ਜਿਨ੍ਹਾਂ ਦੇ ਅੰਦਰਿ ਹਉਮੈ ਦਾ ਅਭਾਵ ਹੋ ਗਿਆ ਹੈ । ਅਤੇ ਹਉਮੈ ਕਰਿ ਹੁਈ ਦੂਈ ਦਾ ਨਾਸ ਹੋ ਗਿਆ ਹੈ । ਹਉਮੈ ਕਰਿ ਉਪਜੀ ਰਾਜ ਮੱਦ ਵਾਲੀ ਅਕਲ ਦੇ ਰਾਣੇ ਬਘੇਰੇ ਰਾਜੇ 'ਸਚੁ' ਦੀ ਤਲਾਸ਼ ਵਿਖੇ ਧਾਉਂਦੇ (ਭਰਮਦੇ) ਫਿਰੇ ਹਨ,ਪਰ ਓਹਨਾਂ ਨੂੰ 'ਸਚੁ' ਨਹੀਂ ਲੱਭਾ; ਹਉਮੈ ਕਰਿ ਖਪਿ ਖਪਿ ਮਰ ਗਏ, ਆਵਾ-ਗਵਣੀ ਚੁਰਾਸੀ ਦੇ ਗੇੜ ਵਿਚਿ ਜਾ ਪਏ । ਕੇਵਲ ਗੁਰ ਸ਼ਬਦ ਕਮਾਈ ਕਰਿ ਹੀ ਹਉਮੈ ਨਿਵਰਦੀ ਹੈ । ਗੁਰ ਸ਼ਬਦ ਦੀ ਕਮਾਈ ਕਰਿ ਹੀ ਚੰਚਲ ਮਤਿ ਦਾ ਤਿਆਗਨ ਹੁੰਦਾ ਹੈ ਅਤੇ ਪੰਜ ਦੂਤਾਂ ਦਾ ਸੰਘਾਰਨ ਹੁੰਦਾ ਹੈ । ਰਿਦੰਤਰਿ ਹੀ 'ਸਾਚੁ' ਦਾ ਸਹਜ ਘਰਿ ਵਾਸੁ ਹੁੰਦਾ ਹੈ ਤੇ ਰਾਜਾਨ ਰਾਜ ਸਚੇ ਸਾਹਿਬ ਦਾ ਪ੍ਰਚੰਡ ਗਿਆਨੁ ਹੁੰਦਾ ਹੈ । ਗੁਰਮਤਿ ਸਚੁ ਕਰਣੀ ਹੀ ਕੂੜੇ ਕੀ ਪਾਲ ਮਈ ਭਰਮ ਭੀਤ ਵਿਚਹੁੰ ਗੰਵਾਉਂਦੀ ਹੈ ਅਤੇ ਬਜਰ ਕਪਾਟ ਖੁਲ੍ਹਾਉਂਦੀ ਹੈ । ਸਚ ਨਾਮ ਦੀ ਭਗਤਿ ਕਮਾਈ ਰੂਪੀ ਕਰਨੀ ਕਰਿ ਹੀ ਗੁਰਮੁਖ ਭਗਤ ਜਨ ਦੀ ਨਿਰਭਉ ਨਿਰੰਕਾਰ ਦੇ ਘਰਿ ਤਾੜੀ ਲਗਦੀ ਹੈ ਅਤੇ ਵਾਹਿਗੁਰੂ ਦੇ 'ਸਚੁ' ਸਰੂਪ ਵਿਚਿ ਇਸਥਿਤੀ ਹੁੰਦੀ ਹੈ । 'ਸਚੁ' ਦੀ ਤਲਾਸ਼ ਪਿਛੇ ਫੋਕੀਆਂ ਫ਼ਿਲਾਸਫ਼ੀਆਂ ਤੇ ਅਕਲਾਂ ਦੌੜਾ ਦੌੜਾ ਕੇ ਖਪਿ ਖਪਿ ਮਰਨ ਨਾਲਿ ਕੱਖ ਨਹੀਂ ਬਣਦਾ । ਸਚੁ ਲੱਭਦਾ ਹੀ ਨਹੀਂ । ਪੂਰਾ ਗੁਰ ਭੇਟਣ ਕਰਿ ਇਸ ਖਪ ਖਪਾਈ ਦਾ ਝਗੜਾ ਮੁਕਦਾ ਚੁਕਦਾ ਹੈ । **ਝਗੜ ਝਗੜਾਣੀ ਖਪਿ ਖਪਾਣੀ** ਲੁਕਾਈ ਦੀ ਜੇਤੀ ਭੀ 'ਸਚੁ' ਦੀ ਟੋਲ ਹੈ, ਕਿਸੇ ਭੀ

ਲੇਖੇ ਨਹੀਂ (ਕਿਹੁ ਨਾਹੀ)। ਗੁਰਮੁਖ ਜਨ 'ਸਚੁ' ਮਈ ਅਪ੍ਰੋਖਸ਼ ਗਿਆਨ ਨੂੰ ਭੇਟ ਕੇ, ਸਚੁ ਸੱਚੇ ਨੂੰ ਭੇਟ ਕੇ ਵਾਹਿਗੁਰੂ 'ਸਚੁ' ਨੂੰ ਸਨਮੁਖ ਹਜ਼ੂਰੀ ਵਿਚਿ ਪਰਤਖ ਪੇਖਿ ਪੇਖਿ ਗੁਣ ਗਾਉਂਦੇ ਹਨ। ਇਸ ਅਸਲ 'ਸੱਚੁ' ਤੋਂ ਅਗਿਆਤ ਮਨਮੁਖ ਹਉਮੈ ਬੰਧਨਾਂ ਦੇ ਬੰਧਨ (ਗੇੜ) ਵਿਚਿ ਹੀ ਭਉਂਦੇ ਫਿਰਦੇ ਹਨ। ਗੁਰੂ ਨਾਨਕ ਸਾਹਿਬ ਦੇ ਸਚ ਮਤਿ ਗੌਰਵੀ ਗੁਰਮੁਖ ਜਨ ਨੂੰ ਤਾਂ ਗੁਰਮਤਿ ਰੂਪੀ 'ਸਚੁ' ਸਾਰ ਗਰਾਹੀ ਹੋਣ ਵਿਚ ਹੀ ਸੱਚੇ ਸੁਖ ਦੀ ਪ੍ਰਾਪਤੀ ਹੈ। ਯਥਾ ਗੁਰਵਾਕ :

ਹਉਮੈ ਕਰਤ ਭੇਖੀ ਨਹੀ ਜਾਨਿਆ ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥ ੧ ॥
ਹਉ ਹਉ ਕਰਤ ਨਹੀ ਸਚੁ ਪਾਈਐ ॥
ਹਉਮੈ ਜਾਇ ਪਰਮ ਪਦੁ ਪਾਈਐ ॥ ੧ ॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥
ਹਉਮੈ ਖਪਹਿ ਜਨਮਿ ਮਰਿ ਜਾਵਹਿ ॥ ੨ ॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥
ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥ ੩ ॥
ਅੰਤਰਿ ਸਾਚੁ ਸਹਜ ਘਰਿ ਆਵਹਿ ॥
ਰਾਜਨੁ ਜਾਣਿ ਪਰਮ ਗਤਿ ਪਾਵਹਿ ॥ ੪ ॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥
ਨਿਰਭਉ ਕੈ ਘਰਿ ਤਾੜੀ ਲਾਵੈ ॥ ੫ ॥
ਹਉ ਹਉ ਕਰਿ ਮਰਣਾ ਕਿਆ ਪਾਵੈ ॥
ਪੂਰਾ ਗੁਰੁ ਭੇਟੇ ਸੁ ਝਗਰੁ ਚੁਕਾਵੈ ॥ ੬ ॥
ਜੇਤੀ ਹੈ ਤੇਤੀ ਕਿਹੁ ਨਾਹੀ ॥
ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥ ੭ ॥
ਹਉਮੈ ਬੰਧਨ ਬੰਧਿ ਭਵਾਵੈ ॥
ਨਾਨਕ ਰਾਮ ਭਗਤਿ ਸੁਖੁ ਪਾਵੈ ॥ ੮॥੧੩॥ ਪੰਨਾ ੨੨੬-੨੭
ਗਉੜੀ ਮਹਲਾ ੧

ਗੁਰਮਤਿ ਧੀਰਜਤਾ ਵਾਲੀ ਬਿਰਤਿ ਧਾਰਨ ਕੀਤਿਆਂ ਸਚ ਪ੍ਰੀਤਮ ਸ਼ਹੁ ਸਜਨ ਦਾ ਮਨ ਵਿਖੇ ਹੀ ਸਹਜ ਸੁਹਾਗ ਮਈ ਸੰਤੁਸ਼ਟਤਾ ਵਾਲਾ ਮੇਲਾ ਹੋ ਜਾਂਦਾ ਹੈ। ਸਹਜ ਸੁਹਾਗਣ ਇਕ ਵਾਰ ਮੇਲਾ ਹੋ ਜਾਣ ਪਰ ਫੇਰ ਭੀ ਨਾਮੁ ਨਾ ਛਡੇ, ਨਾਮੁ ਭਗਤੀ ਵਿਖੇ ਜੁਟਿਆ ਹੀ ਰਹੇ, ਤਾਂ ਏਹ ਸਹਜ ਸੁਹਾਗ ਬਣਿਆ ਹੀ ਰਹਿੰਦਾ ਹੈ। ਇਸ ਬਿਧਿ ਨਾਮ ਦੀਆਂ ਅਤੁਟ ਕਮਾਈਆਂ ਦੁਆਰਾ ਸਹਜ ਪਦ ਵਿਖੇ ਸਮਾ ਜਾਈਦਾ ਹੈ। ਯਥਾ ਗੁਰਵਾਕ :

ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥

ਨਾਨਕ ਨਾਮੁ ਨ ਛੋਡੈ ਸਾਧਨ ਨਾਮਿ ਸਹਜਿ ਸਮਾਣੀਆ ॥੨॥ ਪੰਨਾ ੨੪੨
ਗਉੜੀ ਪੂਰਬੀ ਮਹਲਾ ੧

ਬਸ, ਗੁਰਮਤੀ ਹੀ ਸਹੁ ਜਾਣਿਆ ਜਾਂਦਾ ਹੈ। ਸਹੁ ਸਜਣ ਸੱਚੜੇ ਮੇਲਿ ਮੇਲਾਇਆ ਅਤੇ **ਸਹਜਿ** ਸਮਾਇਆ ਜਾਂਦਾ ਹੈ।

'ਸਚੁ' ਦੀ ਗੁਰਮਤਿ ਵਿਲੱਖਣਤਾ ਦਾ ਲਖਤਾਉ ਹੇਠ ਲਿਖੇ ਗੁਰਵਾਕ ਅੰਦਰਿ ਕਿਆ ਸੋਹਣਾ ਲਖਾਇਆ ਗਿਆ ਹੈ। ਯਥਾ ਗੁਰਵਾਕ :

ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥
ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥
ਸਾ ਧਰਤਿ ਸੁਹਾਵੀ ਜਿਤੁ ਵਸਹਿ **ਹਰਿ ਜਨ**
ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥
ਸਚੁ ਵਡਾਈ ਕੀਮ ਨ ਪਾਈ ॥
ਕੁਦਰਤਿ ਕਰਮੁ ਨ **ਕਹਣਾ** ਜਾਈ ॥
ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥੨॥
ਸਚੁ ਸਾਲਾਹਣੁ **ਵਡਭਾਗੀ** ਪਾਈਐ ॥
ਗੁਰ ਪਰਸਾਦੀ ਹਰਿ ਗੁਣ ਗਾਈਐ ॥
ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥੩॥
ਸਚੇ ਅੰਤੁ ਨ ਜਾਣੈ ਕੋਈ ॥
ਥਾਨਿ ਥਨੰਤਰਿ ਸਚਾ ਸੋਈ ॥
ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ ॥੪॥੩੭॥੪੪॥
ਪੰਨਾ ੧੦੭-ਮਾਝ ਮਹਲਾ ੫

ਜਿਸ ਘਰ ਮੰਦਰ, ਘਟ ਮੰਦਰ ਵਿਚਿ ਸਚੁ (ਨਾਮੁ, ਵਾਹਿਗੁਰੂ) ਧਿਆਈਦਾ ਹੈ, ਉਹ ਮੰਦਰ ਭੀ ਸਚੁ ਸਰੂਪਾ ਹੋ ਜਾਂਦਾ ਹੈ। ਜਿਸ ਰਿਦੇ ਅੰਤਰੋਂ ਸੱਚੜੇ ਹਰਿ ਗੁਣ ਗਾਈਦੇ ਹਨ, ਸੋ ਰਿਦਾ ਭੀ ਸੁਹੇਲਾ ਹੋ ਜਾਂਦਾ ਹੈ, ਜਿਸ ਧਰਤੀ ਤੇ ਸੱਚੜੇ ਹਰਿ ਗੁਣ ਗਾਵਣਹਾਰੇ ਹਰਿ ਜਨਾਂ ਦਾ ਵਾਸਾ ਹੋ ਜਾਂਦਾ ਹੈ, ਸੋ ਧਰਤੀ ਭੀ ਸੁਹਾਵੀ ਹੋ ਜਾਂਦੀ ਹੈ। ਜਿਸੁ ਸਚੁ ਨਾਮੁ ਨੂੰ ਗੁਰਮੁਖਿ ਆਰਾਧਦੇ ਹਨ, ਤਿਸੁ ਸੱਚੇ ਨਾਮ ਵਿਟਹੁੰ ਘੋਲੇ ਵਾਰਨੇ ਹੋ ਜ਼ਾਣਾ ਚਾਹੀਦਾ ਹੈ। ਇਸ 'ਸਚੁ' ਦੇ ਵਡੱਪਣ ਦੀ ਕੀਮਤਿ ਹੀ ਨਹੀਂ ਪੈਂਦੀ। ਇਹ ਕਹਿਆ ਹੀ ਨਹੀਂ ਜਾ ਸਕਦਾ ਕਿ ਇਹ 'ਸਚੁ' **ਕੇਵਡ** ਵਡਾ ਹੈ। ਨਾ ਇਸ 'ਸਚੁ' ਦੀ, ਨਾ ਸਚ ਕਮਾਈ ਦੀ ਸਕਤਿ ਤਾਕਤ (ਕੁਦਰਤ) ਹੀ ਕਹੀ ਜਾ ਸਕਦੀ ਹੈ। 'ਸਚੁ' ਸ਼ਬਦ ਨੂੰ ਸੱਚੜੇ ਜਨ ਧਿਆਇ ਧਿਆਇ ਹੀ ਜੀਵੰਦੇ ਹਨ ਤੇ ਸਚ ਸ਼ਬਦ ਦੇ ਸੱਚੜੇ ਰੰਗਾਂ ਨੂੰ ਮਨ ਹੀ ਮਨ ਵਿਖੇ ਮਾਣਦੇ ਹਨ। ਵੱਡੇ ਭਾਗਾਂ ਕਰਿ ਸਚੁ ਸਲਾਹਣੁ ਮਰਤਬਾ ਪ੍ਰਾਪਤਿ ਹੁੰਦਾ ਹੈ। ਗੁਰ ਪ੍ਰਸਾਦ ਕਰਿ ਹੀ ਸਚੁ ਸਲਾਹਣੁ ਰੂਪੀ ਹਰਿ ਗੁਣ ਗਾਵਣ ਦਾ ਸਚਾ ਪ੍ਰੇਮੁ ਪੈਦਾ ਹੁੰਦਾ ਹੈ। ਇਸ ਬਿਧਿ ਸਚ ਰੰਗਿ ਰੱਤੇ ਹੀ ਗੁਰਮੁਖ ਜਨ ਸੱਚੇ ਸਾਹਿਬ ਨੂੰ ਭਾਉਂਦੇ

ਹਨ। ਇਹ ਸਚੁ ਨਾਮੁ ਨੀਸਾਣੀਏ ਸਦਾਉਂਦੇ ਹਨ, ਜਿਨ੍ਹਾਂ ਨੇ ਸਚੁ ਪਦੁ ਦੀ ਸਚੜੀ ਪ੍ਰਾਪਤੀ ਕੀਤੀ ਹੈ। ਏਹਨਾਂ ਸਚ ਨਾਮ ਨੀਸਾਣੀਏ ਗੁਰਮੁਖ ਜਨਾਂ ਤੋਂ ਬਿਨਾਂ ਸਚੁ ਸੱਚੇ ਦੀ ਮਾਹੀਅਤ ਕੋਈ ਨਹੀਂ ਪਛਾਣਦਾ। ਸਚੁ ਸਚੇ ਦਾ ਅੰਤੁ ਤਾਂ ਜਾਣਿਆ ਹੀ ਨਹੀਂ ਜਾਂਦਾ। ਖੰਡਾਂ ਬ੍ਰਹਿਮੰਡਾਂ ਆਕਾਸ਼ਾਂ ਪਾਤਾਲਾਂ ਵਿਖੇ ਸਾਰੇ ਥਾਨ ਥਨੰਤਰੀ ਸੋਈ ਸੱਚਾ ਵਾਹਿਗੁਰੂ ਭਰਪੂਰ ਹੈ। 'ਸਚੁ' (ਨਾਮੁ) ਨੂੰ ਸਦਾ ਧਿਆਉਣ ਕਰਿ ਸਚੀ **ਅੰਤਰਯਾਮਤਾ** ਦਿਬ ਦ੍ਰਿਸ਼ਟੀ ਪ੍ਰਾਪਤਿ ਹੋ ਜਾਂਦੀ ਹੈ, ਜਿਸ ਤੋਂ ਸਾਰੇ 'ਸਚੁ' ਹੀ 'ਸਚੁ' ਭਰਪੂਰ ਲੀਣਾ ਹੋ ਕੇ ਦਿਖਾਈ ਦਿੰਦਾ ਹੈ।

ਗੁਰੂ ਦੀ ਕਿਰਪਾ ਤੇ ਹੀ 'ਸਚੁ' ਪਾਈਦਾ ਹੈ ਅਤੇ 'ਸਚੁ' ਵਾਪਾਰੁ ਗੁਰ ਪ੍ਰਸਾਦੀ ਹੀ ਵਣੰਜਿਆ ਜਾ ਸਕਦਾ ਹੈ :

ਆਪੁ ਵਞਾਏ ਤਾ ਸਭ ਕਿਛੁ ਪਾਏ ॥
ਗੁਰ ਸਬਦੀ ਸਚੀ ਲਿਵ ਲਾਏ ॥
ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ ॥
ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ ॥੧॥ ਰਹਾਉ ॥
ਵੇਲਾ ਵਖਤ ਸਭਿ ਸੁਹਾਇਆ ॥
ਜਿਤੁ ਸਚਾ ਮੇਰੇ ਮਨਿ ਭਾਇਆ ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥
ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥
ਅਨਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥
ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥
ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥
ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮਦਰਿ ਚੋਟਾ ਖਾਵਣਿਆ ॥੪॥
ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥
ਨਿਰਮਲ ਬਾਣੀ ਸਬਦਿ ਵਖਾਣਹਿ ॥
ਸਚੇ ਸੇਵਿ ਸਦਾ ਸੁਖੁ ਪਾਇਨਿ ਨਉਨਿਧਿ ਨਾਮੁ ਮੰਨਿ ਵਸਾਵਣਿਆ ॥੫॥
ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥
ਸਤ ਸੰਗਤਿ ਬਹਿ ਹਰਿ ਗੁਣ ਗਾਇਆ ॥
ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥
ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥
ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥

ਸਚਾ ਸਾਹਿਬੁ ਮੈ ਅਤਿ ਪਿਆਰਾ ॥
ਪੂਰੇ ਗੁਰ ਕੈ ਸਬਦਿ ਅਧਾਰਾ ॥
ਨਾਨਕ ਨਾਮਿ ਮਿਲੈ ਵਡਿਆਈ ਦੂਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥

**ਪੰਨਾ੧੧੫-੧੬— ਮਾਝ ਮਹਲਾ ੩**

ਗੁਰ ਸ਼ਬਦ ਦੀ ਕਮਾਈ ਨਾਲਿ ਆਪੁ ਗਵਾਈਦਾ ਹੈ। ਤੇ ਆਪੁ ਗਵਾ ਕੇ ਸਭੁ ਕਿਛੁ ਪਾਈਦਾ ਹੈ। ਤੱਤ 'ਸਚੁ' ਸਚੇ ਵਾਹਿਗੁਰੂ ਸੇਤੀ ਸਚੀ ਲਿਵ ਭੀ ਗੁਰ ਸਬਦੀ ਹੀ ਲਗਦੀ ਹੈ। ਸਚੁ ਨਾਮੁ ਵਣੰਜਿਆਂ ਹੀ, ਸਚੁ ਤੱਤ ਸਚੁ ਸੰਗ੍ਰਹਿਨ ਕਰੀਦਾ ਹੈ। ਸਚੁ ਸੰਗ੍ਰਹਿਨ ਕਰਕੇ ਭੀ ਸਚੁ ਵਾਪਾਰੁ ਕਰੀ ਹੀ ਜਾਈਦਾ ਹੈ। ਜਿਉਂ ਜਿਉਂ ਵਾਪਾਰ ਕਰੀ ਜਾਈਦਾ ਹੈ, ਤਿਉਂ ਤਿਉਂ 'ਸਚੁ ਪਦਾਰਥੁ' ਹੋਰੋਂ ਹੋਰ ਬਿਸਮ ਬਿਨੋਦੀ ਜੋਤਿ ਰੰਗਾਂ ਵਿਚਿ ਸੰਗ੍ਰਹਿਨ ਹੁੰਦਾ ਹੈ। 'ਸਚੁ' ਬਿਸਮਤਾ ਮਈ ਰਸ ਜੋਤਿ ਬੇਅੰਤਤਾ ਦਾ ਥਾਹ ਕਛ ਹੈ ਨਹੀਂ। ਪਰੇ ਤੋਂ ਪਰੇ ਖੇਡ ਹੈ। ਇਸ ਕਰਕੇ ਹੀ 'ਰਸੁ-ਨਾਮੁ-ਸਚੁ' ਦੇ ਰਸੀਏ ਅਨਦਿਨੁ ਨਾਮੁ ਜਪੀ ਹੀ ਜਾਂਦੇ ਹਨ। ਜਿਉਂ ਜਿਉਂ ਜਪਦੇ ਹਨ ਤਿਉਂ ਤਿਉਂ ਰਸ ਅਮਿਉ ਰਸਾਇਣ ਝਰਨਾ ਤਿਨ੍ਹਾਂ ਦੇ ਘਟੰਤਰਿ ਹੋਰ ਛਹਿਬਰ ਲਾ ਕੇ ਝਰਦਾ ਹੈ। ਅਜੇਹੇ ਰਸ ਅਮਿਉ ਝਰਨੀਏ ਅਨਦਿਨ ਹਰਿ ਨਾਮ ਉਚਰਨੀਏ ਗੁਰਮੁਖ ਜਨਾਂ ਤੋਂ ਬਾਰੰਬਾਰ ਵਾਰਨੇ ਬਲਿਹਾਰਨੇ ਜਾਈਏ। ਜੋ ਰਸ ਪ੍ਰਾਇਣ ਹੋ ਕੇ ਹਰਿ ਗਾਵਣ ਵਿਚਿ ਹੀ ਦਿਨ ਰਾਤਿ ਜੁਟੇ ਰਹਿੰਦੇ ਹਨ। ਐਸੇ ਹਰਿ ਗੁਣ ਗਾਵਣਹਾਰਿਆਂ ਨੂੰ ਗੁਣੀ ਠਾਕੁਰ ਪੂਜਯ ਹੋ ਕੇ ਸਦਾ ਸਨਮੁਖ ਦਿਖਾਈ ਦਿੰਦਾ ਹੈ। ਇਸ ਬਿਧਿ ਸੱਚੀ ਠਾਕੁਰ ਪੂਜਾ ਕਰਦੇ ਹੋਏ ਓਹ ਠਾਕੁਰ ਦੇ ਹੀ ਬਣਿ ਜਾਂਦੇ ਹਨ ਅਤੇ ਠਾਕੁਰ ਓਹਨਾਂ ਦਾ ਬਣ ਰਹਿੰਦਾ ਹੈ। ਇਹ ਵਡਿਆਈ ਠਾਕੁਰ ਤੇ ਸੇਵਕ ਦੇ ਇਕ ਮਿਕ ਹੋ ਰਹਿਣ ਦੀ ਗੁਰ ਸ਼ਬਦ ਕਮਾਈ ਦੇ ਪਰਤਾਪ ਕਰਕੇ ਹੀ ਉਦੇ ਹੁੰਦੀ ਹੈ। ਅਜੇਹੀਆਂ ਸਾਰੀਆਂ ਥਿਤਾਂ ਮਹੂਰਤਾਂ ਘੜੀਆਂ ਸਫਲੀਆਂ ਤੇ ਸੁਹਾਵਣੀਆਂ ਹਨ, ਜਿਤ ਕਰਕੇ ਸਚੇ ਠਾਕੁਰ ਦੀ ਇਹ ਸੱਚੀ ਭਗਤੀ ਬਣਿ ਆਉਂਦੀ ਹੈ। ਭਗਤੀ ਭਗਤਾਂ ਦੇ ਮਨਿ ਭਾਉਂਦੀ ਹੈ। ਸੱਚੇ ਵਾਹਿਗੁਰੂ ਦੀ ਇਸ ਤਾੜੇ ਆਈ ਭਾਉ ਭਗਤੀ ਸੇਵਾ ਭਗਤੀ 'ਸਚੁ' ਦੀ ਤੱਤ ਲਖਤਾ ਕਰਾਵਨਹਾਰੀ ਹੈ। 'ਸਚੁ' ਤੱਤ ਲਖਤਾ ਦੀ ਸੱਚੀ ਤੇ ਵੱਡੀ ਵਡਿਆਈ, 'ਸਚੁ' ਉਚ ਪਦ ਪ੍ਰਾਪਤਾਉਣੀ ਵਡਿਆਈ ਸੱਚ ਸ਼ਬਦ ਦੀ ਉਪਰ ਦਸੀ ਅਤੁਟ ਕਮਾਈ ਦੁਆਰਾ ਹੀ ਵਡੀਰੀ ਜਾਂਦੀ ਹੈ। ਇਉਂ ਗੁਰ ਕਿਰਪਾ ਦੇ ਪਾਤਰ ਪੁਰਖ ਹੀ 'ਸਚੁ' ਨੂੰ ਪਾਉਂਦੇ ਹਨ। "ਗੁਰ ਕਿਰਪਾ ਤੇ ਸਚੁ ਪਾਵਣਿਆ" ਦਾ ਇਹ ਅਨੁਵਾਦ ਹੈ। 'ਸਚੁ' ਰੂਪੀ ਭਾਉ 'ਸਚੁ' ਰੂਪੀ ਭੋਜਨੁ ਸਤਿਗੁਰ ਤੁਠੇ ਤੇ ਪਾਈਦਾ ਹੈ। ਜਿਨ੍ਹਾਂ ਨੇ ਐਸਾ ਭਾਉ ਭੋਜਨੀ 'ਸਚੁ ਪਦਾਰਥੁ' ਪਾ ਲਿਆ ਹੈ, ਓਹ ਫੇਰ ਆਨ ਰਸਾਂ ਕਸਾਂ ਦੇ ਵਾਪਾਰੀ ਨਹੀਂ ਬਣਦੇ, ਨਾਹੀ ਆਨ ਰਸਾਂ ਕਸਾਂ ਵਿਚਿ ਖੱਚਤ ਹੁੰਦੇ ਹਨ। ਓਹਨਾਂ ਤੋਂ ਅਨਰਸਾਂ ਦੀਆਂ ਧਾਵਨੀਆਂ, ਅਨਰਸ ਖਾਵਨ ਖਾਵਨੀਆਂ, ਸਭ ਉੱਕੀਆਂ ਚੁਕੀਆਂ ਹੀ ਮੁੱਕ ਚੁੱਕ ਜਾਂਦੀਆਂ ਹਨ। ਸਦਾ ਠਾਕੀਆਂ ਡਾਕੀਆਂ (ਡਕੀਆਂ) ਹੀ ਰਹਿੰਦੀਆਂ ਹਨ। "ਅਨਰਸੁ ਚੂਕੈ ਠਾਕ

ਰਹਾਏ" ਇਸ ਕਰ ਕੇ ਰਹਿੰਦੇ ਹਨ ਕਿ ਓਹਨਾਂ ਦੇ ਅੰਤਰਿ ਆਤਮੇ 'ਨਾਮੁ ਮਹਾ ਰਸੁ' ਮਈ ਸੱਚਾ ਰਸ,ਸੱਚੀ ਹੂੰ ਸਚੁ ਰਸੁ ਅਤਿ ਬਰਬਲ ਰਸਕ ਰਸਾਇਣੀ ਦਸ਼ਾ ਵਿਚਿ ਰਸਿਆ ਹੋਇਆ ਹੁੰਦਾ ਹੈ, ਜਿਸ ਨੂੰ ਓਹ ਇਕ ਛਿਨ ਭੀ ਛਡਿ ਨਹੀਂ ਸਕਦੇ। ਆਨਰਸਾਂ ਦੀ ਰੁਚੀ ਹੀ ਰਾਈ ਮਾਤ੍ਰ ਓਹਨਾਂ ਦੀ ਨਹੀਂ ਰਹਿੰਦੀ, ਐਵੇਂ ਠਾਠਾ ਬਾਗਾ ਭਾਵੇਂ ਰਹੇ। ਸਚੁ ਰਸੁ ਅਮਿਉਣੀ ਸੋਭਾ ਰਸਰੋਭਾ ਹੀ ਨਿਆਰੀ ਹੈ। ਸਚੁ ਰਸੁ ਰੂਪੀ ਸੱਚੜਾ ਸੰਤੋਖ, ਸਚੁ ਰਸੁ ਰੂਪੀ ਸੱਚੜਾ ਸੁਖੁ ਅਤੇ ਸਚੁ ਰਸੁ ਰਸਾਇਣੀ ਸਹਜੁ ਪਦੁ ਪੂਰੇ ਗੁਰ ਤੋਂ ਹੀ ਪਾਈਦਾ, ਪਾ ਸਕੀਦਾ ਹੈ ਅਤੇ ਪੂਰੇ ਗੁਰੂ ਦੀ ਸਚੁ ਸੰਚਾਰਨੀ ਸਚੁ ਵਿਸਥਾਰਨੀ ਬਾਣੀ ਦੁਆਰੇ ਹੀ ਲਭ ਸਕੀਦਾ ਹੈ। ਐਸੇ ਸਚੁ ਸੁਖੁ ਬਾਣੀ-ਨਿਧਾਨੁ ਸਤਿਗੁਰੂ ਨੂੰ ਜੋ ਨਹੀਂ ਸੇਂਵਦੇ, ਐਸੇ ਸਚੁ ਨਿਜ ਪ੍ਰਗਟਾਨ ਸਚੁ ਸੁਬਹਾਨ ਸਤਿਗੁਰੂ ਦੇ ਜੋ ਪ੍ਰਾਨੀ ਸੇਵਕ ਸਿਖ ਨਹੀਂ ਬਣਦੇ,ਸੋ ਮੂਰਖ ਹਨ ਤੇ ਮੂਰਖ ਹੀ ਰਹਿਣਗੇ। ਅੰਧੇ ਹਨ,ਸਦਾ ਅੰਨ੍ਹੇ ਹੀ ਰਹਿਣਗੇ। ਗਵਾਰ ਹਨ ਤੇ ਅਬਦ ਤਾਈਂ ਗਵਾਰ ਹੀ ਰਹਿਣਗੇ। ਜਦ ਤਾਈਂ ਓਹ ਸਤਿਗੁਰੂ ਦੀ ਸਰਨੀ ਆ ਕੇ ਗੁਰੂ ਦੁਆਰਿਓਂ ਸਚੁ (ਗੁਰਮੰਤ੍ਰ) ਦੀਖਿਆ,ਸਚੁ ਅੰਮ੍ਰਿਤ ਪਰਸਾਦੁ ਨਹੀਂ ਪ੍ਰਾਪਤਿ ਕਰਦੇ। ਐਸੇ ਸਤਿਗੁਰੂ ਨੂੰ ਛਡ ਕੇ ਫੇਰ ਓਹ ਕਿਥੋਂ ਅਤੇ ਕਿਸ ਬਿਧਿ ਮੋਖ ਦੁਆਰ ਪ੍ਰਾਪਤਿ ਪਦਵੀ ਨੂੰ ਪਹੁੰਚ ਸਕਦੇ ਹਨ ? ਪਹੁੰਚ ਤਾਂ ਕੀ ਸਕਣਾ ਸੀ, ਓਹ ਮੋਖ ਦੁਆਰ ਪੰਧ ਦੇ ਪੰਧਾਊ ਹੀ ਨਹੀਂ ਹੋ ਸਕਦੇ। ਬਸ, ਓਹਨਾਂ ਛੁਟੜ ਤਿਲ ਬੂਆੜਾਂ ਦਾ ਏਹੋ ਹਸ਼ਰ ਹੁੰਦਾ ਹੈ ਕਿ ਓਹ ਬਾਰੰਬਾਰ ਮਰਿ ਮਰਿ ਜੰਮਦੇ ਹਨ। ਫਿਰਿ ਫਿਰਿ ਆਵਾ ਗਵਣ ਦੇ ਗੇੜ ਵਿਚਿ ਪੈਂਦੇ ਹਨ। ਉਹ ਗੇੜ ਫਿਰਿ ਓਹਨਾਂ ਦਾ ਚੁਕਦਾ ਹੀ ਨਹੀਂ। ਬਸ, ਸਦਾ ਜਮਾਂ ਦੇ ਵਸਿ ਪੈ ਕੇ ਜਮਦਰੀ ਚੋਟਾਂ ਹੀ ਖਾਂਦੇ ਰਹਿੰਦੇ ਹਨ।

ਓਦੋਂ ਉਨ੍ਹਾਂ ਮੂਰਖਾਂ ਨੂੰ ਪਤਾ ਲਗਦਾ ਹੈ ਕਿ ਨਾਮ ਭੀ ਕੋਈ ਵਸਤੂ ਹੈ, ਜਿਸ ਦੇ ਨ ਮੰਨਣ ਕਰ ਕੇ ਉਨ੍ਹਾਂ ਦੀ ਇਹ ਦੁਰਗਤਿ ਹੋ ਰਹੀ ਹੈ, ਯਥਾ ਗੁਰਵਾਕ :

ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥੬੫॥ ਪੰਨਾ ੧੩੬੯

ਸਬਦ ਗੁਰਮੰਤ੍ਰ ਦਾ ਸੁਆਦ, ਅੰਮ੍ਰਿਤ ਗਟਾਕੀ ਸੁਆਦ ਜਾਣੇ ਤੋਂ ਹੀ ਆਪੁ ਪਛਾਣਿਆ ਜਾ ਸਕਦਾ ਹੈ, ਆਪਾ ਚੀਨਿਆ ਜਾ ਸਕਦਾ ਹੈ। ਆਪਾ ਚੀਨ ਕੇ ਹੀ ਆਤਮ ਰੰਗ ਮਾਨਣ ਦੀ ਪਰਬੀਨਤਾ ਹਾਸਲ ਹੁੰਦੀ ਹੈ। ਰਸ-ਜੋਤ ਰੰਗੀਣੀ ਸਬਦ ਅਭਿਆਸ ਕਮਾਈ ਵਿਚਿ ਰੰਗੀ ਜਾ ਕੇ ਹੀ ਗੁਰਬਾਣੀ ਨੂੰ ਲਿਵ ਨਿਰਮਲੀ ਲੈ ਵਿਚਿ ਵਖਾਨਣ ਦਾ ਆਨੰਦੁ ਆਉਂਦਾ ਹੈ। ਗੁਰ ਸ਼ਬਦੀ ਇਉਂ ਨਿਰਮਲ ਬਾਣੀ ਵਖਾਨਣਾ ਸਚੇ ਵਾਹਿਗੁਰੂ ਦੀ ਸੱਚੀ ਸਿਫਤਿ ਸਾਲਾਹਣੀ ਸੇਵਾ ਹੈ। ਸਚ ਦੀ ਏਹ ਸੱਚੀ ਸੇਵਾ ਸਦਾ ਸੁਖਦਾਤੀ ਹੈ। ਅੰਮ੍ਰਿਤ ਸੁਖਾਂ ਦੇ ਅਨਹਦ ਨਾਦੀ, ਨਉਨਿਧਿ ਬਿਸਮਾਦੀ ਨਾਮ ਦਾ ਘਟ ਅੰਦਰਿ ਹੀ ਰਸ-ਜੋਤਿ ਅਨੰਦੀ ਨਿਵਾਸੁ ਹੋ ਜਾਂਦਾ ਹੈ। ਐਸੇ ਘਟ,ਗਿਆਨ ਪ੍ਰਗਾਸੀ ਥਾਨ,ਸੁਹਾਵੇ ਹੋ ਜਾਂਦੇ ਹਨ। ਸੋਈ ਥਾਨ ਹੀ ਹਰਿ ਮਨਿ ਭਾਂਵਦਾ ਹੈ (ਭਾਇਆ ਹੈ) ਜਿਥੇ ਸਤਿਸੰਗਤਿ ਜੁੜਦੀ ਹੈ, ਜਿਥੇ ਬਹਿ ਕੇ ਹਰਿਗੁਣ ਗਾਂਵੀਦੇ ਹਨ ਅਤੇ ਦਿਨੇ ਰਾਤ ਸਚੇ ਸਾਹਿਬ ਦੀ ਸਿਫਤ ਸਾਲਾਹ ਹੁੰਦੀ ਹੈ ਅਤੇ ਨਿਰਮਲ ਨਾਦ ਬਜਾਉਂਦੇ ਹਨ। ਪਰ ਮਨਮੁਖਾਂ ਦੀ ਖੇਪ ਖ਼ਾਲੀ ਹੀ ਜਾਂਦੀ ਹੈ, ਕਿਉਂਕਿ ਰਾਸ ਪੂੰਜੀ ਭੀ ਉਨ੍ਹਾਂ ਦੇ ਪਾਸ ਖੋਟੀ ਹੀ ਹੁੰਦੀ ਹੈ ਤੇ ਇਸ ਖੋਟੀ

ਰਾਸ ਦਾ ਵਾਪਾਰ ਭੀ ਖੋਟਾ ਹੀ ਹੁੰਦਾ ਹੈ। ਬਸ ਓਹ ਕੂੜ ਹੀ ਕਮਾਂਵਦੇ ਹਨ। ਕੂੜ ਕਮਾਵੇਂਦਿਆਂ ਦੁਖੁ ਭੀ ਬੜਾ ਭਾਰਾ ਲਗਦਾ ਹੈ। ਓਹ ਦੁਖੀਏ ਹੋਇ ਹੋਇ ਦਿਨ ਰਾਤੀ ਭਰਮਾਂ ਵਿਹਿ ਭੁਲੇ ਭਟਕਾਂ ਖਾਂਦੇ ਫਿਰਦੇ ਹਨ । ਕੂੜਿ ਲਗਿਆਂ ਨੂੰ ਕੂੜਾਵਾ ਫਲ ਹੀ ਮਿਲਦਾ ਹੈ। ਕੇਵਲ ਨਾਮੁ ਹੀ ਸਚੁ ਹੈ, ਹੋਰ ਸਭ ਕੂੜ ਹੀ ਕੂੜ ਹੈ, ਬਸ ਕੂੜ ਦਾ ਹੀ ਧੰਦ ਪਸਾਰਾ ਹੈ । ਏਸੇ ਤਰ੍ਹਾਂ ਕੂੜ ਦੀ ਕੂੜ ਧਾਵਨੀ ਪਿਛੇ ਹੀ ਹੀਰਾ ਜਨਮ ਅਜਾਈਂ ਬਿਰਥਾ ਹੀ ਗੰਵਾ ਲੈਂਦੇ ਹਨ ਤੇ ਚੁਰਾਸੀ ਦੇ ਗੇੜ ਵਿਚਿ ਜਾਇ ਪੈਂਦੇ ਹਨ। ਸਚੋਂ ਖੁੰਝਿਆਂ ਦਾ ਏਹੋ ਹਾਲ ਹੁੰਦਾ ਹੈ। ਜਿਨ੍ਹਾਂ ਨੂੰ ਪੂਰੇ ਗੁਰੂ ਦੁਆਰਾ 'ਸਚੁ ਸਬਦੁ' ਮਿਲਿਆ ਹੈ ਓਹ ਸਚ ਸ਼ਬਦ ਦੇ ਆਧਾਰ ਹੀ ਜੀਉਂਦੇ ਹਨ ਅਤੇ ਸਚ ਸਬਦ ਆਧਾਰੀ ਹੋਣ ਕਰਿ, ਨਿਰੰਕਾਰੀ ਨਾਮ ਦੇ ਆਹਾਰੀ ਹੋਣ ਕਰਿ,ਓਹਨਾਂ ਨੂੰ ਨਿਰੰਕਾਰ ਸੱਚਾ ਸਾਹਿਬੁ ਭੀ ਅਤਿ ਪਿਆਰਾ ਲਗਦਾ ਹੈ। ਜਿਨ੍ਹਾਂ ਨੂੰ ਨਾਮ ਦੀ ਨਿਰੰਕਾਰੀ ਨਾਮੁ (ਸਚੁ) ਦੀ ਏਵਡ ਵਡੀ ਵਡਿਆਈ ਮਿਲਦੀ ਹੈ,ਓਹਨਾ ਨੂੰ ਦੁਖੁ ਸੁਖੁ ਸਮਾਨ ਜਾਨਣ (ਸਮਿ ਕਰ ਜਾਨਣ) ਦੀ ਪੁਗੀ ਹੋਈ ਸਚ ਸਹਜ ਅਵਸਥਾ ਪ੍ਰਾਪਤਿ ਹੁੰਦੀ ਹੈ ।

ਐਸੀ ਸਚ ਸਹਜ/ਬਿਵਸਥਾ ਵਿਚਿ ਤਿਸੁ ਗੁਰਮੁਖ ਪਿਆਰੇ ਨੂੰ ਸੱਚਾ ਸਾਹਿਬ ਵਾਹਿਗੁਰੂ ਸਹਜ ਸੁਭਾਇ ਹੀ ਰੰਗ ਦਿੰਦਾ ਹੈ, ਜਿਸ ਨੂੰ ਗੁਰੂ ਦੇ ਸ਼ਬਦ ਦੀਆਂ ਅਭਿਆਸ ਕਮਾਈਆਂ ਦਾ ਹਰਿ ਰੰਗ ਚੜ੍ਹਦਾ ਹੈ, ਜਿਸ ਨੂੰ ਸੱਚਾ ਸਾਹਿਬ ਸੱਚੁ ਨਦਰੁ ਕਰਿ ਇਹ ਸੱਚੜਾ ਰੰਗ ਚੜ੍ਹਾਉਂਦਾ ਹੈ,ਉਸ ਦਾ ਮਨੁ ਭੀ, ਤਨੁ ਭੀ ਸਚ ਰੰਗਿ ਰਤੜਾ ਹੋ ਜਾਂਦਾ ਹੈ। ਉਸ ਦੀ ਰਸਨਾ ਭੀ ਰੱਪ ਕੇ ਰੰਗ ਚਲੂਲੜੀ ਹੋ ਜਾਂਦੀ ਹੈ। ਸੱਚੜੇ ਦੇ ਸੱਚੁ ਭੈ ਭਾਉ ਰੰਗੁ ਚੜ੍ਹਾਉਣਹਾਰਿਆਂ ਨੂੰ ਇਹ ਰੰਗ ਰਸੀਲੜੀ ਬਿਵਸਥਾ ਪ੍ਰਾਪਤਿ ਹੁੰਦੀ ਹੈ। ਹਰਿ ਨਿਰਭਉ ਨੂੰ ਨਿਰਭਉ ਰੰਗ ਵਿਚ ਮਨ ਵਸਾਵਣਹਾਰਿਆਂ ਗੁਰਮੁਖਾਂ ਤੋਂ ਸਦਾ ਵਾਰਨੇ ਬਲਿਹਾਰਨੇ ਜਾਈਐ। ਜਿਨ੍ਹਾਂ ਗੁਰੂ ਦੁਲਾਰਿਆਂ ਨੇ ਗੁਰੂ ਦੀ ਕਿਰਪਾ ਪ੍ਰਸਾਦ ਕਰਿ ਨਿਰਭਉ ਨਿਰੰਕਾਰ (ਵਾਹਿਗੁਰੂ) ਨੂੰ ਧਿਆਇਆ ਹੈ ਤੇ ਵਡਭਾਗੇ ਗੁਰਮੁਖ ਜਨ ਨਿਰਭਉ ਨਾਮੁ ਧਿਆਇ ਕੈ ਬਿਖੁ ਰੂਪੀ ਭਵਜਲ ਨੂੰ ਤਰ ਕੇ ਪਾਰ ਪਏ ਹਨ ਅਤੇ ਜੀਉਂਦੇ ਹੀ ਮੁਕਤ ਹੋ ਗਏ ਹਨ।

ਸ਼ਬਦੁ ਨਾਮੁ ਹੀ ਸਾਰ (ਤੱਤ) ਸਚੁ ਹੈ । ਸਚੁ ਸਬਦੁ ਕਰਣੀ ਹੀ,ਅਰਥਾਤ,ਸਚੁ ਨਾਮੁ ਅਭਿਆਸ ਕਮਾਈ ਰੂਪੀ ਕਰਣੀ ਹੀ ਤੱਤ ਸਾਰ ਕਰਣੀ ਹੈ । ਇਹ ਸਚੁ ਸ਼ਬਦ ਸਾਰ ਪੂਰੇ ਗੁਰੂ ਦੁਆਰਾ ਹੀ ਪ੍ਰਾਪਤਿ ਹੁੰਦਾ ਹੈ। ਪੂਰੇ ਗੁਰੂ ਦੀ ਕਿਰਪਾ ਕਰਿ ਹੀ ਇਸ ਸਚੁ ਸਾਰ ਸ਼ਬਦ ਦੀ ਸਚੁ ਅਭਿਆਸ ਕਮਾਈ ਦੀ ਜੁਗਤਿ ਪ੍ਰਾਪਤਿ ਹੁੰਦੀ ਹੈ ਅਤੇ ਗੁਰ ਪ੍ਰਸਾਦ ਕਰਿ ਪ੍ਰਾਪਤਿ ਹੋਈ ਬਿਧਿ ਸਾਰ ਅਭਿਆਸ ਸੱਚ ਸਾਰ ਕਰਨੀ ਦੁਆਰਾ ਹੀ ਮੋਖ ਦੁਆਰੁ ਮਿਲਦਾ ਹੈ। ਦਿਨ ਰਾਤੀ ਗੁਰਬਾਣੀ ਪੜ੍ਹਨ ਸੁਣਨ ਗਾਵਨ ਕਰਿ ਸਚੁ ਨਾਮ ਅਭਿਆਸ ਰੰਗਾਂ ਵਿਚਿ ਅਰੁੜ੍ਹਤ ਇਸਥਿਤੀ ਹੁੰਦੀ ਹੈ। ਇਸ ਬਿਧਿ ਸਚੁ (ਸੱਚੜਾ·ਸਚੁ) ਜੋਤਿ ਰੰਗਾਂ ਵਿਚਿ ਪਰਜੁਲਤ ਹੁੰਦਾ ਹੈ। ਅਤੇ ਇਸ ਜੋਤਿ ਪਰਜੁਲਤ ਸੱਚ ਦੇ ਜਲਵ ਰੰਗਾਂ ਵਿਚਿ ਰੰਗੀਜੇ ਰਹੀਦਾ ਹੈ। ਇਸ ਬਿਧਿ 'ਸੱਚ' ਜੋਤਿ ਰੰਗ ਸੁਭਰ ਭਰੇ ਸਰੋਵਰ ਵਿਚਿ ਨ੍ਹਾਵਣਾ ਹੁੰਦਾ ਹੈ। 'ਸਚੁ' ਦਾ ਜੋਤਿ ਸੁਭਰ ਭਰਾ ਰੰਗ ਸਰੋਵਰੁ, ਉਛਲ ਉਛਲ ਕੇ ਨਾਮ ਅਭਿਆਸੀ ਸਚ-ਰੰਗ-ਰਾਸੀ ਨੂੰ ਆਪ ਅਮਿਉ ਮੱਜਨ ਕਰਾਂਵਦਾ ਹੈ। ਉਸ ਦੀ ਰਸਨਾ ਵੀ

ਅੰਮ੍ਰਿਤ ਮਜਨੀ ਹੋ ਜਾਂਦੀ ਹੈ। ਸਚ ਅੰਮ੍ਰਿਤ ਨ੍ਹਾਤੀ ਜਾਂਦੀ, ਸਚੁ ਅੰਮ੍ਰਿਤ ਰੰਗ ਵਿਚਿ ਹੀ ਰਾਤੀ ਜਾਂਦੀ ਹੈ। ਉਸ ਦਾ ਮਨ ਭੀ ਤੇ ਤਨੁ ਭੀ ਸਚ ਅੰਮ੍ਰਿਤ ਰੰਗਿ ਮਜਨਾ ਹੋ ਜਾਂਦਾ ਹੈ. ਸੱਚ ਦੇ ਅੰਮ੍ਰਿਤ ਰੰਗਿ ਸੁਭਰ ਭਰੇ ਸਰੋਵਰ ਵਿਚਿ ਅਹਿਨਿਸਿ ਤਾਰੀਆਂ ਲਾਉਣਹਾਰਾ ਹੋ ਜਾਂਦਾ ਹੈ ਅਤੇ ਸਹਜ ਸੁਭਾਇ ਹੀ ਸੱਚ ਅਮਿਉ ਤ੍ਰੰਗੀ ਬਿਸਮ ਰੰਗਾਂ ਵਿਚਿ ਬਿਮੋਹਤ ਹੋ ਜਾਂਦਾ ਹੈ। ਅਤੇ ਸਚੁ ਰੰਗ ਰੰਗੀਸਰੁ ਪ੍ਰੀਤਮੁ ਦਾ ਸਹਿਜੇ ਸਹਜ ਮਿਲਾਵੜਾ ਭੀ ਏਥੇ ਹੀ ਹੁੰਦਾ ਹੈ। ਇਸ ਬਿਧਿ ਰੰਗ ਰੰਗੀਜੇ ਜਿਸ ਗੁਰਮੁਖ ਜਨ ਦੇ ਅੰਦਰ (ਘਟ ਅੰਦਰ) 'ਸਚੁ' ਸੱਚੜਾ ਰੰਗ ਹੁੰਦਾ ਹੈ ਸੋਈ ਸਚ ਗੁਣ ਗਾਵੰਦਾ ਸੋਹੰਦਾ (ਸੋਭਦਾ) ਹੈ। ਜਿਉਂ ਜਿਉਂ ਸਚ ਰੰਗਿ ਰਤੜਾ ਹੋ ਕੇ ਗੁਣ ਗਾਉਂਦਾ ਹੈ ਤਿਉਂ ਤਿਉਂ ਤਿਸ ਨੂੰ ਸਹਜ ਸੁਖ ਦੀ ਪ੍ਰਾਪਤਿ ਹੋਰ ਤੇ ਹੋਰ ਹੋਈ ਚਲੀ ਜਾਂਦੀ ਹੈ। ਤਿਨ੍ਹਾਂ ਗੁਰੂ ਦੇ ਸਵਾਰਿਆਂ ਸਚ ਸਹਜ ਰੰਗਿ ਸੀਗਾਰਿਆਂ ਵਿਟਹੁੰ ਲਖ ਲਖ ਵਾਰ ਸਦਕੜੇ ਜਾਈਐ। ਜਿਨ੍ਹਾਂ ਦਾ ਚਿਤ ਐਸੀ ਸਚੁ ਰੰਗ ਰੰਗੀਜੀ ਸੇਵਾ ਭਗਤੀ ਵਿਚਿ ਲਿਵਲੀਨ ਹੋਇਆ ਹੈ, ਸੱਚਾ ਵਾਹਿਗੁਰੂ ਭੀ ਅਜੇਹੇ ਸੱਚ ਰੰਗ ਲਿਵ-ਲੀਣੀਆਂ ਦੀ ਸਚ ਭਗਤਿ ਕਮਾਈ ਉਤੇ ਹੀ ਰੀਝਦਾ ਹੈ। ਐਸੇ ਗੁਰਪ੍ਰਸਾਦੀਆਂ ਦਾ ਅੰਦਰੁ ਨਿਰੇ 'ਸਚੁ' ਨਾਲਿ ਹੀ ਭਿਜਿਆ ਹੋਇਆ ਹੁੰਦਾ ਹੈ, ਸੱਚ ਰੰਗ ਰੰਗੀਜਿਆ ਹੋਇਆ ਹੁੰਦਾ ਹੈ। ਐਸੇ ਰੰਗ ਰੰਗੀਜੇ ਸਚ ਰੰਗੀ ਜਨ ਆਤਮ ਰੰਗਾਂ ਵਿਚਿ ਅਰੂੜ ਹੋਇ ਜਿਸ ਭਾਗ ਸੁਭਾਗੇ ਅਸਥਾਨ ਤੇ ਬੈਠ ਕੇ ਹਰਿ ਗੁਣ ਗਾਵੰਦੇ ਹਨ, ਤਿਥੇ ਸੱਚ ਦਾ ਜੋਤ ਰੰਗੀ ਜ਼ਹੂਰ ਪ੍ਰਗਟ ਪਹਾਰੇ ਜਾਪ ਰਿਹਾ ਹੁੰਦਾ ਹੈ ਅਤੇ ਪੇਖਣਹਾਰਿਆਂ ਨੂੰ ਸਤਿ ਕਰ ਕੇ ਤੱਤ 'ਸਚੁ' ਦੀ ਦ੍ਰਿੜ੍ਹ ਨਿਸਚਤਾ ਮਨੌਤੀ ਆਪੇ ਹੀ ਹੋ ਜਾਂਦੀ ਹੈ। ਮਨਾਵਣਹਾਰਾ ਆਪੇ ਹੀ ਮਨਾ ਲੈਂਦਾ ਹੈ, ਸੱਚ ਮਨੌਤੀ ਕਰਾ ਲੈਂਦਾ ਹੈ। ਜਿਸ ਨੂੰ ਸੱਚਾ ਵਾਹਿਗੁਰੂ ਆਪਣੀ ਸੱਚੀ ਨਦਰ ਕਰੰਮੀ ਮੇਹਰ ਕਰਦਾ ਹੈ, ਸੋਈ ਇਸ ਪਦ ਪੁਗੀ ਸਚ ਲਖਤਾ ਨੂੰ ਪ੍ਰਾਪਤਿ ਹੁੰਦਾ ਹੈ। ਹਉਮੈ ਦਾ ਪੂਰਾ ਅਭਾਵ ਗੁਰਪ੍ਰਸਾਦੀ ਇਸ ਪਦ ਪ੍ਰਾਪਤੀ ਕਰ ਕੇ ਹੀ ਹੁੰਦਾ ਹੈ। ਐਸੀ ਸੱਚ ਰੰਗਿ ਰਤੜੀ ਬਿਵਸਥਾ ਵਿਚਿ ਹੀ ਸਚੁ ਨਾਮੁ ਜਿਨ੍ਹਾਂ ਦੇ ਘਟਾਂ ਅੰਦਰਿ ਵਸਦਾ ਹੈ, ਓਹੀ ਸਚ ਰੰਗਿ ਰਤੜੇ ਗੁਰਮੁਖ ਪਿਆਰੇ ਨਾਮ ਸਵਾਰੇ ਸੱਚੇ ਦੀ ਸੱਚੀ ਦਰਗਾਹ ਵਿਚਿ ਜਾਇਕੇ ਸੱਚੀ ਸੋਭਾ ਪਾਉਣ ਦੇ ਪਾਤ੍ਰ ਬਣਦੇ ਹਨ। ਪਾਤਰ ਕੀ ? ਸੋਭਾ ਪਾਉਣਹਾਰੇ ਹੋ ਜਾਂਦੇ ਹਨ, ਸੋਭਾ ਨੂੰ ਪਾ ਹੀ ਲੈਂਦੇ ਹਨ। ਯਥਾ ਗੁਰਵਾਕ :

ਆਪੇ ਰੰਗੇ ਸਹਜਿ ਸੁਭਾਏ ॥
ਗੁਰ ਕੈ ਸਬਦਿ ਹਰਿ ਰੰਗੁ ਚੜਾਏ ॥
ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ ॥ ੧ ॥
ਹਉ ਵਾਰੀ ਜੀਉ ਵਾਰੀ ਨਿਰਭਉ ਮੰਨਿ ਵਸਾਵਣਿਆ ॥
ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ
ਬਿਖੁ ਭਉਜਲੁ ਸਬਦਿ ਤਰਾਵਣਿਆ ॥ ੧ ॥ ਰਹਾਉ ॥
. . . . . . ਸਚੁ ਕਰਣੀ ਸਬਦੁ ਹੈ ਸਾਰੁ ॥

ਪੂਰੈ ਗੁਰਿ ਪਾਈਐ ਮੋਖ ਦੁਆਰੁ ॥
ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥ ੪ ॥
ਰਸਨਾ ਹਰਿ ਰਸਿ ਰਾਤੀ ਰੰਗੁ ਲਾਏ ॥
ਮਨੁ ਤਨੁ ਮੋਹਿਆ ਸਹਜਿ ਸੁਭਾਏ ॥
ਸਹਜੇ ਪ੍ਰੀਤਮੁ ਪਿਆਰਾ ਪਾਇਆ ਸਹਜੇ ਸਹਜਿ ਮਿਲਾਵਣਿਆ ॥ ੫ ॥
ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥
ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥
ਹਉ ਬਲਿਹਾਰੀ ਸਦਾ ਤਿਨ ਵਿਟਹੁ ਗੁਰ ਸੇਵਾ ਚਿਤੁ ਲਾਵਣਿਆ ॥ ੬ ॥
ਸਚਾ ਸਚੋ ਸਚਿ ਪਤੀਜੈ ॥
ਗੁਰਪਰਸਾਦੀਅੰਦਰੁ ਭੀਜੈ ॥
ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ ॥ ੭ ॥
ਜਿਸ ਨੋ ਨਦਰਿ ਕਰੇ ਸੋ ਪਾਏ ॥
ਗੁਰਪਰਸਾਦੀ ਹਉਮੈ ਜਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥੮॥੯॥

ਪੰਨਾ੧੧੪— ਮਾਝ ਮਹਲਾ ੩

ਲੌਕਕ ਮਨੋ ਕਲਪਿਆ ਸੱਚ ਖ਼ਿਆਲ ਅਨੁਮਾਨਿਆ ਅਨੁਮਾਨਕ ਸੱਚ ਭੀ ਕੋਈ ਸਚੁ ਹੈ ? ਜਿਸ ਦਾ ਥਾਉਂ ਥੇਹੁ ਹੀ ਕੋਈ ਨਹੀਂ । ਇਕ ਗੁਰਮਤਿ ਲਖਾਇਆ ਗੁਰਮਤਿ ਦ੍ਰਿੜ੍ਹਾਇਆ ਸਚੁ ਹੀ ਹੈ, ਜੋ ਨਿਹਚਲ ਸੱਚੁ ਹੈ ਜਿਸਨੂੰ ਗੁਰੂ ਸੱਚੇ ਪਾਤਸ਼ਾਹ ਨੇ ਆਪਣੇ ਹੁਕਮੀ ਬੰਦੇ ਸਿਖਾਂ ਦੇ ਦਿਲਾਂ ਅੰਦਰਿ ਪਰਗਟਾਇ ਦਿਤਾ । ਗੁਰ ਕੇ ਸ਼ਬਦ ਦੁਆਰਾ ਪਰਖ ਪਰਖਾਇਕੈ ਹੀਰੇ ਲਾਲ ਵਾਂਗੂੰ ਗੁਰਮੁਖ ਘਟਾਂ ਅੰਦਰਿ ਚਮਕਾਇ ਦਿਤਾ । ਐਸਾ ਹੀਰੇ ਲਾਲ ਵਤ ਚਮਕਦਾ ਸਚੁ ਸਦਾ ਨਿਹਚਲ ਸਚੁ ਹੈ । ਗੁਰਵਾਕ :

ਅੰਦਰਿ ਹੀਰਾ ਲਾਲੁ ਬਣਾਇਆ ॥
ਗੁਰ ਕੈ ਸਬਦਿ ਪਰਖਿ ਪਰਖਾਇਆ ॥
ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥
ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੧॥ ਰਹਾਉ ॥
ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥
ਮੇਰਾ ਠਾਕੁਰੁ ਸਚੁ ਦ੍ਰਿੜਾਏ ॥
ਗੁਰ ਪਰਸਾਦੀ ਸਚਿ ਚਿਤੁ ਲਾਏ ॥

ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੩॥
ਵੇਪਰਵਾਹੁ ਸਚੁ ਮੇਰਾ ਪਿਆਰਾ ॥
ਕਿਲਵਿਖ ਅਵਗਣ ਕਾਟਣਹਾਰਾ ॥
ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ ॥੪॥
ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥
ਆਪੇ ਦੇਇ ਨ ਪਛੋਤਾਵੈ ॥
ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥੫॥
ਹਰਿ ਤੁਧੁ ਬਾਝਹੁ ਮੈ ਕੋਈ ਨਾਹੀ ॥
ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ ॥
ਆਪੇ ਮੇਲਿ ਲੈਹੁ ਪ੍ਰਭ ਸਾਚੇ ਪੂਰੈ ਕਰਮਿ ਤੂੰ ਪਾਵਣਿਆ ॥੬॥
ਮੈ ਹੋਰੁ ਨ ਕੋਈ ਤੁਧੈ ਜੇਹਾ ॥
ਤੇਰੀ ਨਦਰੀ ਸੀਝਸਿ ਦੇਹਾ ॥
ਅਨਦਿਨੁ ਸਾਰਿ ਸਮਾਲਿ ਹਰਿ ਰਾਖਹਿ ਗੁਰਮੁਖਿ ਸਹਜਿ ਸਮਾਵਣਿਆ ॥੭॥
ਤੁਧੁ ਜੇਵਡੁ ਮੈ ਹੋਰੁ ਨ ਕੋਈ ॥
ਤੁਧੁ ਆਪੇ ਸਿਰਜੀ ਆਪੇ ਗੋਈ ॥
ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ ॥੮॥੫॥੬॥

**ਪੰਨਾ੧੧੨-੧੩—ਮਾਝ ਮਹਲਾ ੩**

ਇਹ ਹੈ ਸੱਚ ਦਾ ਕਉਤਕ ਕਟਾਕਸ਼ੀ ਸਿਧਾਂਤ । ਜਿਨ੍ਹਾਂ ਘੋਲ ਘੁਮਾਉਣੇ ਗੁਰਸਿਖਾਂ ਨੇ ਗੁਰਬਾਣੀ ਮਨਿ ਵਸਾਈ ਹੈ, ਮਨਿ ਵਸਾਕੇ ਗੁਰਬਾਣੀ ਅੰਦਰਿ ਦਰਸਾਏ ਤਤੁ ਹੁਕਮ ਦੀ ਅਤੁਟ ਅਭਿਆਸ ਘਾਲ ਘਾਲਣੀ ਕਾਰ ਕਮਾਈ ਹੈ ਤਿਨ੍ਹਾਂ ਗੁਰਮੁਖ ਗੁਰਸਿਖਾਂ ਨੇ ਗ੍ਰਿਸਤ ਅਦਰਿ ਰਹਿੰਦੇ ਹੋਏ ਮਾਇਆ (ਅੰਜਨ) ਮਾਹਿ ਹੀ ਨਿਰੰਜਨ ਨਿਰੰਕਾਰ ਵਾਹਿਗੁਰੂ ਨੂੰ ਪਾ ਲਿਆ ਹੈ । ਨਾਮ ਨਿਰੰਜਨੇ ਗੁਰ ਕੇ ਸ਼ਬਦ (ਗੁਰਮੰਤ੍ਰ) ਦੀ ਪਾਰਸ ਕਲਾ ਵਾਲੀ ਸਪਰਸ਼ ਦੁਆਰਾ ਓਹਨਾਂ ਦੇ ਘਟ ਅੰਦਰਿ ਹੀ ਨਿਰੰਜਨੁ ਨਿਰੰਕਾਰੁ ਵਾਹਿਗੁਰੂ ਜੋਤਿ ਪ੍ਰਕਾਸ਼ ਵਾਲਾ ਹੀਰਾ ਲਾਲ ਹੋ ਕੇ ਦਮਕ ਉਠਿਆ ਹੈ (ਪਰਗਟ ਹੋਇਆ ਹੈ)। ਏਹ ਪਰਗਟ ਪਾਹਾਰੇ ਜਾਪਦਾ, ਗੁਰ ਸ਼ਬਦ ਦੀ ਪਾਰਸ ਜੋਤਿ ਕਲਾ ਦੁਆਰਾ ਪਰਖਿਆ ਪਰਖਾਇਆ 'ਸਚੁ' ਹੈ, ਪਰਤੱਖ ਲਖਿਆ ਲਖਾਇਆ ਸਚੁ ਹੈ । ਗੁਰਮਤਿ ਤੱਤ ਆਦਰਸ਼ਕ 'ਸਚੁ' ਹੈ ਤਾਂ ਇਹ ਹੈ, ਜੋ ਹੀਰੇ ਲਾਲ ਵਤ ਗੁਰਮੁਖਿ ਘਟਾਂ ਅੰਦਰਿ ਦਮਕਦਾ ਹੈ । ਜਿਨ੍ਹਾਂ ਦੇ ਅੰਦਰਿ ਇਹ 'ਸਚੁ' ਹੈ, ਜਿਨ੍ਹਾਂ ਦੇ ਅੰਙਣੇ ਇਹ 'ਸਚੁ' ਜੋਤਿ ਕਿਰਣੀਆ ਦਮਕਾਂ ਮਾਰਦਾ ਹੈ, ਓਹਨਾਂ ਦੇ ਅੰਦਰੋਂ ਇਹੀ ਸਚੁ ਫੁਟ ਫੁਟ ਕੇ ਨਿਕਲਦਾ ਹੈ । ਓਹਨਾਂ ਦੇ ਮੁਖੋਂ ਇਹ ਸਚੁ ਉਚਰਣਤ ਹੁੰਦਾ ਹੈ । ਜੀਅੜੇ ਅੰਦਰਿ, ਹੀਅੜੇ ਅੰਦਰਿ ਭਰਪੁਰ ਲੀਣਾ ਸਚੁ ਹੀ ਮੁਖ ਦੁਆਰਾ ਬਾਹਰਿ ਉਗਵਦਾ ਹੈ । ਗੁਰਮੁਖ ਜਨ ਆਪਣੇ ਮੁਖੋਂ ਇਹੀ ਸਚੁ ਉਚਰਦੇ ਹਨ, ਇਹੀ ਸਚੁ ਵਖਾਣਦੇ ਹਨ । ਏਸ ਸਚ ਬਿਨਾਂ ਹੋਰ ਸੱਚ ਹੀ ਕੋਈ ਨਹੀਂ । ਵਖਾਨਣ ਯੋਗ ਉਚਰਨ ਯੋਗ ਸਚੁ ਹੈ ਤਾਂ

ਇਹੀ ਨਾਮ ਨਿਰਮੋਲਕਾ ਸਚੁ ਹੈ। ਨਾਮੀ ਨਾਮ ਅਭੇਦ ਜੋਤਿ ਅਮੋਲਕਾ ਸਚੁ ਹੈ। ਵਾਹਿਗੁਰੂ ਚਵਨ ਚਵਨੋਲ ਕੇ, ਸਚ ਬਾਝੋਂ ਹੋਰ ਬੋਲਿ ਬੋਲਿਆ ਸੱਚ ਗੁਰਮਤਿ ਤੋਲਿ ਤੋਲਿਆ 'ਸਚੁ' ਨਹੀਂ। ਗੁਰਮਤਿ ਤੱਤ ਵਿਰੋਲਿਆ ਸਚੁ ਹੈ ਤਾਂ ਇਹੀ ਹੈ, ਜਿਸ ਨੂੰ ਉਪਰ ਖੋਲ੍ਹ ਕੇ ਦਸਿਆ ਗਿਆ ਹੈ। ਗੁਰਮਤਿ ਕਸੌਟੀ ਤੇ ਲਾਇਆ ਪਰਖਿ ਪਰਖਾਇਆ 'ਸਚੁ' ਹੀ ਅਸਲ 'ਸਚੁ' ਹੈ।

---



www.sikhbookclub.com

੫

# ਸੰਸਾਰਕ ਸੱਚ ਤੇ ਪ੍ਰਮਾਰਥਕ ਸੱਚ ਦਾ ਭੇਦ

ਸੰਸਾਰਕ ਵਿਹਾਰਾਂ ਕਾਰਾਂ ਵਿਖੇ ਬੋਲਿਆ ਸੱਚ ਬਹੁਤ ਨੀਵਾਂ ਸੱਚ ਹੈ। ਹੋਛੇ ਸਉਦੇ ਵਾਲਾ ਸੱਚ ਭੀ ਕੋਈ ਸੱਚ ਹੈ ? ਕੰਮਾਂ ਕਾਜਾਂ ਵਿਹਾਰਾਂ ਬਚਨ ਬੋਲਾਰਾਂ ਅੰਦਰਿ ਬੋਲਿਆ ਰਾਸਤ ਗੋਈ ਵਾਲਾ ਸੱਚ ਕੂੜ ਕੂਧੰਦੜਾ ਸੱਚ ਹੈ। ਇਹ ਭੀ ਤਦੇ ਨਿਭਦਾ ਹੈ,ਜੇ ਅੰਦਰਿ ਹੀਰੇ ਲਾਲ ਜੜੰਨਾ ਆਤਮ ਤੱਤ ਵਾਲਾ ਸਚੁ ਹੋਵੇ । ਇਲਮ ਇਖ਼ਲਾਕੀਆ ਰਾਸਤ-ਗੋਈ ਦੇ ਮਾਅਨਿਆਂ ਵਾਲਾ ਸੱਚ ਐਵੇਂ ਫਾਦਲ-ਬੋਲੀਆ ਸੱਚ ਹੈ,ਜੇ ਅੰਦਰਿ ਤੱਤ ਸੱਚ ਦੀ ਜੋਤਿ-ਕਣੀ ਨਹੀਂ । ਇਸ ਜੋਤਿ ਕਣੀਏ ਤੱਤ-ਸੱਚ ਦੀ ਕਲਾ ਕ੍ਰਿਸ਼ਮੀ ਅੰਦਰਲੀ ਟੇਕ (support) ਬਾਝੋਂ ਇਲਮੀ ਤੇ ਇਖਲਾਕੀ ਰਾਸਤ-ਗੋਈਆਂ ਵਾਲੇ ਸੱਚ ਸਿਰੇ ਨਹੀਂ ਚੜ੍ਹਦੇ, ਜਦ ਸੱਚੀਆਂ ਕਸੌਟੀਆਂ ਸਿਰ ਤੇ ਆਉਂਦੀਆਂ ਹਨ, ਜਦੋਂ ਭੀੜੀਆਂ ਪੈਂਦੀਆਂ ਹਨ, ਮਾਮੂਲੀ ਸਾਣ ਚੜ੍ਹਨ ਸਮੇਂ ਹੀ ਏਹ ਕੂੜਾਵਾ ਸੱਚ, ਕੂੜ ਦੀ ਨੀਂਹ ਉਤੇ ਉਸਾਰਿਆ ਸੱਚ ਪਾਸ਼ ਪਾਸ਼ ਹੋ ਜਾਂਦਾ ਹੈ। ਓਥੇ ਰਾਸਤ-ਗੋਈਆਂ ਸਭ ਭੁਲ ਜਾਂਦੀਆਂ ਹਨ। ਬਚਨ ਕੁਬਚਨ ਹੋ ਜਾਂਦੇ ਹਨ,ਸੱਚ ਕੁਸੱਚ ਹੋ ਜਾਂਦੇ ਹਨ । ਜਿਨ੍ਹਾਂ ਦੇ ਘਟ ਅੰਦਰਿ ਆਤਮ ਸਚ ਦਾ ਅਹਿੱਲ ਥੰਮ ਗਡਿਆ ਹੋਇਆ ਹੁੰਦਾ ਹੈ, ਓਹੀ ਆਪਣੇ ਸੱਚ ਬੋਲਾਂ ਤੇ ਸੱਚ ਕੌਲਾਂ ਤੇ ਕਾਇਮ ਰਹਿੰਦੇ ਹਨ। ਇਹ ਸੱਚ ਭੀ ਓਹੀ ਸਚਿਆਰ ਸੁਖ਼ਨ-ਪਾਲ ਸਚੇ ਮਰਦ ਬੋਲ ਸਕਦੇ ਹਨ ਜਿਨ੍ਹਾਂ ਦੇ ਪਲੇ ਅੱਛਣ ਅੱਚਲੇ ਦਿੱਬ ਅੰਜਨੀ ਨਿਰੰਜਨ ਸਚੁ ਗਹਿ ਕਰ ਬੱਧਾ ਹੋਇਆ ਹੁੰਦਾ ਹੈ। ਆਹਾ ! "ਜਿਨ ਸਚੁ ਪਲੈ ਸਚੁ ਵਖਾਣਹਿ" ਵਾਲੀ ਪੰਗਤੀ ਇਸ ਉਪਰਲੇ ਗੁਰਵਾਕ ਵਿਖੇ ਕਿਆ ਸੋਹਣਾ ਸਚ ਸਿਧਾਂਤੀ ਨਿਰਣਾ ਕਰਦੀ ਹੈ। ਪਰ ਤਿਨ੍ਹਾਂ ਦੀ ਤਤ ਸਚੁ ਵਖਾਨਣੀ ਨਾਮ ਦੇ ਧੁਰਵੇ ਦੁਆਲੇ ਹੀ ਧਰੁਵਤ ਹੈ, ਨਾਮ ਦੇ ਦਾਇਰੇ ਅੰਦਰਿ ਹੀ ਦਰੁੱਵਤ ਹੈ। ਇਹ ਧੁਰਵਾ ਇਤਨਾ ਅਮੀਕ ਹੈ, ਇਹ ਦਾਇਰਾ ਇਤਨਾ ਵਸੀਅ ਹੈ ਕਿ ਇਸ ਦੀ ਥਾਹ ਤਿਨ੍ਹਾਂ ਨੂੰ ਹੀ ਆ ਸਕਦੀ ਹੈ ਤੇ ਤਿਨ੍ਹਾਂ ਤੋਂ ਹੀ ਇਸ ਦੀ ਕਦਰ ਕੀਮਤਿ ਪੈ ਸਕਦੀ ਹੈ,ਜਿਨ੍ਹਾਂ ਉਤੇ "ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ" ਵਾਲੀ ਘਟਨਾ ਘਟੀ ਹੈ, ਪਰਤੱਖ ਵਾਪਰੀ ਹੈ। ਹਾਂ ਜੀ ! ਸਚ ਮੁਚ ਗੁਰਮਤਿ 'ਸਚੁ' ਵਖਾਣਿਆਂ, ਗੁਰਮਤਿ ਸਿਧਾਂਤੀ ਸਚੁ ਪਲੇ ਆਣਿਆਂ, ਇਹ ਉਪਰ ਦਸਿਆ ਪਾਰਸ ਰਸਾਇਣੀ ਫਲੁ, ਕੰਵਲ ਫੁਲ ਵਾਂਗ ਖਿੜ ਕੇ ਘਟ ਅੰਦਰਿ ਹੀ

ਭਾਨਾਨ ਭਾਨ ਜੋਤਿ ਕ੍ਰਿਣ ਸੂਰਜ ਆਇ ਉਦੇ ਹੁੰਦਾ ਹੈ, ਜਿਸ ਦਾ ਉਜਿਆਰਾ, ਜੋਤਿ ਪਾਸਾਰਾ ਅਤਿ ਅਗਮ ਅਪਾਰਾ ਹੋ ਕੇ ਘਟ ਕਾਇਆਂ ਅੰਦਰਿ ਬਾਹਰ ਉਫ਼ਕ ਆਕਾਸ਼ ਪੁਲਾੜ ਵਿਖੇ ਸਾਰੇ ਹੀ ਪਸਰ ਜਾਂਦਾ ਹੈ। ਪਰ ਇਸ ਜੋਤਿ ਨਿਰੰਜਨੀ ਪਸਰਜਤ ਨਜ਼ਾਰੇ ਨੂੰ ਸੋਈ ਜਨ ਪੇਖਦਾ ਪਾਉਂਦਾ ਹੈ, ਜਿਸ ਗੁਰਮੁਖ ਨੂੰ ਜੋਤੀ ਸਰੂਪ ਵਾਹਿਗੁਰੂ ਆਪਣੀ ਬਖਸ਼ਸ਼ ਕਰ ਕੇ ਆਪਣੀ ਜੋਤਿ ਵਿਖੇ, ਆਪਣੇ ਸਰੂਪ ਵਿਖੇ ਆਪ ਮਿਲਾਇ ਲੈਂਦਾ ਹੈ। ਜਿਨ੍ਹਾਂ ਬਖ਼ਸ਼ਿਆਂ ਹੋਇਆਂ ਗੁਰਮੁਖਾਂ ਨੂੰ ਮੇਰਾ ਵਾਹਿਗੁਰੂ ਗੁਰ ਪ੍ਰਸਾਦੀ, ਗੁਰੂ ਦੀ ਬਸੀਠੀ ਦੁਆਰਾ ਗੁਰਮਤਿ ਸਚੁ ਦ੍ਰਿੜ੍ਹਾਇ ਦਿੰਦਾ ਹੈ, ਉਨ੍ਹਾਂ ਦਾ ਚਿਤ ਹੀ ਇਸ 'ਸਚੁ' ਵਿਚਿ ਗਡਦਾ ਹੈ। ਉਸ ਦੀਆਂ ਦਿਬ ਦ੍ਰਿਸ਼ਟਾਈਆਂ ਨਜ਼ਰਾਂ ਵਿਚਿ "ਸਚੋ ਸਚੁ ਵਰਤੈ ਸਭਨੀ ਥਾਈ" ਸਭਨੀ ਥਾਈਂ ਸਚੋ ਹੀ ਸਚੁ ਵਰਤਣ ਦਾ ਪਰਤੱਖ ਨਜ਼ਾਰਾ ਦਿਸਦਾ ਹੈ। ਸਚੇ ਦੇ ਸੱਚ, ਸਚੇ ਦੀ ਜੋਤਿ ਅਨੂਪੀ ਸਰੂਪ ਵਿਚਿ ਹੀ ਉਸ ਦੀ ਸਦਾ ਸਮਾਈ ਰਹਿੰਦੀ ਹੈ। ਸਚੁ ਜੋਤੀ ਸਰੂਪ ਵਾਹਿਗੁਰੂ ਪਿਆਰਾ ਆਪਣੇ ਪ੍ਰੇਮੀਆਂ ਵਿਚਿ ਅਤੇ ਪ੍ਰੇਮੀ ਵਾਹਿਗੁਰੂ ਪ੍ਰੀਤਮ ਪਿਆਰੇ ਦੇ ਸਰੂਪ ਵਿਚਿ ਪਰਸਪਰ ਓਤਿਪੋਤਿ ਇਕ ਮਿਕ ਹੋਏ ਰਹਿੰਦੇ ਹਨ। ਜਿਨ੍ਹਾਂ ਗੁਰਮੁਖ ਘਟਾਂ ਅੰਦਰਿ "ਵੇਪਰਵਾਹ ਸਚੁ" ਪ੍ਰੀਤਮ ਪਿਆਰਾ ਸੱਚਾ ਵਾਹਿਗੁਰੂ ਵਸਿ ਗਿਆ ਹੈ ਤਿਨ੍ਹਾਂ ਦੇ ਸਭ ਮਹਾਂ ਬਜਰ ਦੋਖ ਪਾਪਾਂ ਅਤੇ ਸਾਰੇ ਅਵਗੁਣਾਂ ਦਾ ਕਾਟਣਹਾਰਾ ਹੋ ਗਿਆ ਹੈ। ਉਨ੍ਹਾਂ ਦੇ ਸਭ ਅਵਗੁਣ, ਮਹਾਂ ਕਿਲਵਿਖ, ਦੋਖ, ਪਾਪ ਸਭ ਕੱਟੇ ਜਾਂਦੇ ਹਨ। ਐਸਾ ਹੈ ਵੇ-ਪਰਵਾਹ ਸਚੁ ਦਾ ਅਮਰੁ।

"ਵੇਪਰਵਾਹੁ ਸਚੁ" ਦੀ ਪੰਗਤੀ ਕੇਵਲ ਵਾਹਿਗੁਰੂ ਪ੍ਰਥਾਇ ਹੀ ਹੈ। ਪ੍ਰੀਤਮ ਵਾਹਿਗੁਰੂ ਦੀ ਭਾਉ ਭਾਇ ਪ੍ਰੇਮ ਭਗਤੀ ਜਿਨ੍ਹਾਂ ਨੂੰ ਦ੍ਰਿੜ ਹੋ ਗਈ ਹੈ, ਦ੍ਰਿੜ੍ਹਿ ਦ੍ਰਿੜ੍ਹਾਈ ਗਈ ਹੈ, ਓਹ ਪ੍ਰੇਮੀ ਵਾਹਿਗੁਰੂ ਦੇ ਪਿਆਰੇ ਸਦਾ ਹੀ ਪ੍ਰੇਮ ਪ੍ਰੀਤ ਸਹਿਤ ਸਚੁ ਵਾਹਿਗੁਰੂ ਨੂੰ ਵਾਹਿਗੁਰੂ ਰੂਪੀ ਸਚੁ ਨੂੰ ਧਿਆਉਂਦੇ ਹਨ। ਸਚੈ ਸਾਹਿਬ ਦੀ ਭਗਤੀ ਹੀ ਸੱਚੀ ਹੈ। ਸਚ ਨਾਮ ਸਿਫਤਿ ਸਾਲਾਹ ਰੂਪੀ ਸੱਚੀ ਭਗਤੀ ਹੀ ਸਚੇ ਸਾਹਿਬ ਨੂੰ ਭਾਉਂਦੀ ਹੈ। ਏਦੂੰ ਉਪਰ ਹੋਰ ਕੋਈ ਸਚੁ ਨਹੀਂ, ਸਭ ਤੋਂ ਵੱਡਾ ਸਚੁ ਇਹੀ ਹੈ। ਇਹ ਸਚੁ ਵਾਹਿਗੁਰੂ ਸੱਚਾ ਜਿਸ ਤੇ ਤੁਠਦਾ ਹੈ, ਉਸ ਨੂੰ ਆਪ ਹੀ ਦਿੰਦਾ ਹੈ, ਦੇ ਕੇ ਫੇਰ ਲੈਂਦਾ ਨਹੀਂ, ਸੁਪਰਸੰਨਤਾ ਸਹਿਤ ਦੇਈ ਰਖਦਾ ਹੈ। ਏਹ ਦੇਵਨਹਾਰ ਸਭਨਾਂ ਜੀਆਂ ਦਾ ਇਕੋ ਦਾਤਾ ਹੈ। ਐਥੋਂ ਤਾਈਂ ਸਮਰੱਥ ਸੱਚਾ ਹੈ ਕਿ ਜੀਆਂ ਨੂੰ ਮਾਰ ਕੇ ਫੇਰ ਜੀਵਾਲ ਦਿੰਦਾ ਹੈ। ਪਰ ਜਿਸ ਨੂੰ ਸੱਚ ਸ਼ਬਦ ਦੀ ਚੋਟ ਨਾਲ ਮਾਰਦਾ ਹੈ, ਉਸ ਨੂੰ ਮਾਰ ਕੇ ਜੀਵਨ-ਮੁਕਤ ਕਰ ਦਿੰਦਾ ਹੈ। ਸੋ ਇਸ ਸਭ ਤੋਂ ਵਡੇ ਸਮਰੱਥ 'ਸਚੁ' (ਸਾਹਿਬ) ਦੀ ਸਚੁ ਸਾਲਾਹਣੀ ਸੇਵਾ ਚਾਕਰੀ ਕਰਨੀ ਹੀ, ਗੁਰਸਿਖੀ ਦਾ ਮੁਖ ਤੇ ਮੁਕੱਦਮ ਧਰਮੁ ਕਰਮੁ ਹੈ। ਸੱਚਾ ਸਾਹਿਬ ਇਸ ਬਿਧਿ ਕੀਤੀ ਅਨਿੰਨ ਸੱਚ ਭਗਤੀ ਦੁਆਰਾ ਆਪੇ ਹੀ ਆਪਣੇ ਪੂਰ ਕਰੰਮੇ ਸਚ ਸਾਲਾਹੀਆਂ ਨੂੰ ਆਪਣੇ ਸਚ ਸਰੂਪ ਵਿਚਿ ਮਿਲਾਇ ਲੈਂਦਾ ਹੈ। ਇਸ ਸਭ ਤੋਂ ਸਿਰੋਮਣੀ 'ਸਚੁ' ਸਚੇ ਸਾਹਿਬ ਜੇਵਡ ਵੱਡਾ ਹੋਰ ਕੋਈ ਨਹੀਂ, ਜਿਸ ਨੂੰ ਨਦਰਾ

ਕੇ ਆਪਣੇ ਸਚ ਖ਼ਜ਼ਾਨੇ ਵਿਚੋਂ ਇਕ ਖੋਸ਼ਾ ਦੇ ਕੇ ਹੀ ਨਿਹਾਲ ਕਰ ਦਿੰਦਾ ਹੈ। ਮਾਨੁਖਾ ਦੇਹੀ ਨੂੰ ਸਚ ਸੀਗਾਰ ਦੀ ਸੁਪਰਸਤਾ ਸੇਤੀ ਸੰਵਾਰ ਸਾਧਾਰ ਦਿੰਦਾ ਹੈ। ਸਚ ਸਾਲਾਹਣਹਾਰੇ ਆਪਣੇ ਗੁਰਮੁਖ ਭਗਤ ਦੀ ਅਨਦਿਨ ਸਾਰ ਸੰਭਾਲਦਾ ਹੈ ਅਤੇ ਆਪਣੇ ਬਣਾਇ ਕੇ ਰਖਦਾ ਹੈ ਅਤੇ ਓੜਕ ਸਚੁ ਸਹਜ ਸਰੂਪ ਵਿਖੇ ਸਮਾਇ ਲੈਂਦਾ ਹੈ। ਘੜਨ ਭੰਨਣਹਾਰ ਸਮਰੱਥ ਸੱਚਾ ਸਾਈਂ **ਢਾਹਿ ਉਸਾਰਨਹਾਰ** ਦੀ ਸਮਰੱਥਾ ਵਾਲਾ ਹੋਣ ਕਰਿ,ਆਪਣੀ ਸਚ ਨਾਮ ਦੀ ਸ਼ਕਤਿ ਕਲਾ ਸ਼ਕਤਾਇਕੈ ਸਭ ਨੂੰ ਸੋਭਾਇਮਾਨ ਕਰਨਹਾਰਾ ਹੈ। ਅਗਲਾ ਗੁਰਵਾਕ ਤਾਂ ਪੁਰੋ ਪੁਰ ਗੁਰਮਤਿ ਸਚ ਸਿਧਾਂਤ ਦੀ ਮਹਿਮਾ ਦਾ ਪਰਗਟਾਊ ਹੈ। ਯਥਾ ਗੁਰਵਾਕ :

ਸੇ ਸਚਿ ਲਾਗੇ ਜੋ ਤੁਧੁ ਭਾਏ ॥
ਸਦਾ ਸਚੁ ਸੇਵਹਿ ਸਹਜ ਸੁਭਾਏ ॥
ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥ ੧ ॥
ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥
ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥ ੧ ॥ ਰਹਾਉ ॥
ਜਹ ਦੇਖਾ ਸਚੁ ਸਭਨੀ ਥਾਈ ॥
ਗੁਰ ਪਰਸਾਦੀ ਮੰਨਿ ਵਸਾਈ ॥
ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥ ੨ ॥
ਮਨਸਾ ਮਾਰਿ ਸਚਿ ਸਮਾਣੀ ॥
ਇਨਿ ਮਨਿ ਡੀਠੀ ਸਭ ਆਵਣ ਜਾਣੀ ॥
ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥ ੩ ॥
ਗੁਰ ਕੈ ਸਬਦਿ ਰਿਦੈ ਦਿਖਾਇਆ ॥
ਮਾਇਆ ਮੋਹੁ ਸਬਦਿ ਜਲਾਇਆ ॥
ਸਚੋ ਸਚਾ ਵੇਖਿ ਸਾਲਾਹੀ
ਗੁਰ ਸਬਦੀ ਸਚੁ ਪਾਵਣਿਆ ॥੪॥
ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥
ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥
ਸਚੈ ਸਬਦਿ ਆਪਿ ਮਿਲਾਏ ਸਤ ਸੰਗਤਿ ਸਚੁ ਗੁਣ ਗਾਵਣਿਆ ॥੫॥
ਲੇਖਾ ਪੜੀਐ ਜੇ ਲੇਖੇ **ਵਿਚਿ** ਹੋਵੈ ॥
ਓਹ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥
ਤ੍ਰਿਸਨਾ ਜਾਲੇ ਸੁਧਿ ਨ ਕਾਈ ॥

ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰਪਰਸਾਦੀ ਏਕੋ ਜਾਣਾ ॥
ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ੮॥੧੭॥੧੮॥

ਪੰਨਾ੧੧੯-੨੦—ਮਾਝ ਮਹਲਾ ੩

ਜਣਾ ਕਣਾ 'ਸਚੁ' ਦਾ ਮੁਤਲਾਸ਼ੀ ਨਹੀਂ ਬਣਿ ਸਕਦਾ । ਮਨ ਮੰਨੀ ਆਪੋ ਹੁਦਰੀ ਜੁਸਤਜੂ (ਢੂੰਡ) ਦੁਆਰਾ ਸਚੁ ਲਭਦਾ ਹੀ ਨਹੀਂ । ਐਵੇਂ ਮ੍ਰਿਗ ਤ੍ਰਿਸ਼ਨਾ ਵਾਲੀ ਭਟਕਣਾ ਵਿਚਿ ਭਟਕਦਾ ਫਿਰਦਾ ਹੈ । ਸੋ ਵਡਿਭਾਗੀ ਜਨ ਹੀ 'ਸਚੁ' ਦੀ ਸੱਚੀ ਤਲਾਸ਼ ਦੇ ਮਾਰਗ ਤੇ ਲਗਦਾ ਹੈ, ਜਿਸ ਨੂੰ ਸੱਚਾ ਸਾਹਿਬ ਸੱਚੇ ਸਤਿਗੁਰੂ ਦੀ ਬਸੀਠੀ ਦੁਆਰਾ ਆਪਿ ਲਾਉਂਦਾ ਹੈ । ਸੱਚੇ ਸਤਿਗੁਰ ਦੀ ਸਮੁੱਤੇ ਲਗ ਕੇ ਸੱਚ ਦੇ ਹਕੀਕੀ ਮੁਤਲਾਸ਼ੀਆਂ ਨੂੰ ਸਚੁ ਸੇਵਨ, ਸਚੁ ਟੋਲਣ ਦੀ ਸੱਚੀ ਸੂਝ ਸਹਜ ਸੁਭਾਇ ਹੀ ਪੈ ਜਾਂਦੀ ਹੈ । ਉਹਨਾਂ ਨੂੰ ਪਹਿਲਾਂ ਇਹ ਸੱਚਾ ਗੁਰਮਤਿ ਗਿਆਨੁ ਪ੍ਰਕਾਸ਼ਤ ਹੁੰਦਾ ਹੈ ਕਿ ਤੱਤ 'ਸਚੁ' ਜੋ ਹੈ ਸੋ ਸੱਚਾ ਸਾਹਿਬ ਵਾਹਿਗੁਰੂ ਹੀ ਹੈ ਯਾ ਉਸ ਦਾ ਅਭੇਦ ਸਰੂਪ ਨਾਮੁ ਹੈ । 'ਸਚੁ ਨਾਮੁ' ਸਚੇ ਦੀ ਸਿਫਤਿ ਸਾਲਾਹ ਹੈ । ਸਚੁ ਨਾਮੁ ਮਈ ਸਿਫਤਿ ਨੂੰ ਸਾਲਾਹ ਕੇ ਹੀ ਸੱਚਾ ਸਾਹਿਬ (ਨਾਮੀ ਵਾਹਿਗੁਰੂ) ਮਿਲਦਾ ਹੈ—ਜੋ ਸਭਨਾਂ ਸੱਚਾਂ ਸਿਰ ਸੱਚ ਹੈ । ਪਹਿਲਾਂ ਸਤਿਗੁਰੂ ਦੁਆਰਿਓਂ ਸਿਫਤਿ ਸਾਲਾਹ ਰੂਪੀ ਸਚੁ ਮਿਲਦਾ ਹੈ, ਅਰਥਾਤ,ਨਾਮੁ ਗੁਰਮੰਤ੍ਰ ਮਿਲਦਾ ਹੈ । ਫੇਰ ਨਾਮ ਅਭਿਆਸ ਦੀ ਕਮਾਈ ਦੁਆਰਾ (ਸਿਫਤਿ ਸਾਲਾਹ ਦੁਆਰਾ) ਸਾਲਾਹੀ ਵਾਹਿਗੁਰੂ ਦਾ ਵਸਲੁ ਮਿਲਾਪ ਹੋ ਜਾਂਦਾ ਹੈ । ਅਭਿਆਸ ਕਮਾਈ ਦੁਆਰਾ ਨਾਮੁ ਹੀ, ਜੋਤਿ ਪ੍ਰਗਟੰਨਾ ਹੋ ਕੇ ਘਟ ਅੰਦਰ ਹੀ ਨਾਮੀ ਸਰੂਪ ਬਣ ਜਾਂਦਾ ਹੈ । ਨਾਮੀ ਦੇ ਜਾਗਤ ਜੋਤੀਸ਼ ਸਰੂਪ ਵਿਚਿ ਪਰਕਾਸ਼ਤ ਹੋ ਜਾਂਦਾ ਹੈ । ਨਾਮ ਦਾ ਅਭਿਆਸ ਰਸਾਇਣ ਰੂਪ ਹੈ । ਇਸ ਵਿਚਿ ਗੋਝ ਪਾਰਸ ਕਲਾ ਹੈ । ਬਾਰੰਬਾਰ ਪ੍ਰੇਮ ਰਸਾਇਣੀ ਅਤੁੱਟ ਅਭਿਆਸ ਦੀ ਰਗੜ ਲਗਣ ਕਰਿ ਨਾਮੁ ਪ੍ਰਚੰਡ ਹੋ ਜਾਂਦਾ ਹੈ । ਘਟ ਅੰਤਰਿ ਪੇਖਿਆ ਬਸੇਖਿਆ ਇਹ ਪ੍ਰਚੰਡ ਚਾਨਣਾ ਤੱਤ 'ਸਚੁ' ਦੀ ਹੋਂਦ ਹਸਤੀ ਉਤੇ ਸਤਿ ਪ੍ਰਤੀਤ ਲਿਆਉਂਦਾ ਹੈ । ਘਟ ਅੰਦਰਿ ਹੀ ਪਰਤੱਖ ਜੋਤਿ ਪ੍ਰਚੰਡਤਾ ਨੂੰ ਪੇਖ ਲੈਣ ਤੋਂ ਵਧ ਕੇ ਸਚ ਦੀ ਹੋਂਦ ਹਸਤੀ ਦੀ ਹੋਰ ਕੇਹੜੀ ਮੁਸੱਦਕਾ ਪ੍ਰਤੀਤ ਹੋ ਸਕਦੀ ਹੈ ? ਏਸ ਸਚੁ ਹਸਤੀ ਬਿਨਾਂ ਹੋਰ ਸਭ ਨੇਸਤੋ ਨਾਬੂਦ ਹੈ । ਭਰਮ ਭੁਲੀ ਦੁਨੀਆ ਨੇਸਤ ਨਾਬੂਦੀ ਕੂੜ ਕੱਚ ਪਿਛੇ ਹੀ ਧਾਵੰਦੀ ਫਿਰਦੀ ਹੈ । ਸੱਚ ਦੀ ਸੂਝ ਏਸ ਨੂੰ ਪੈਂਦੀ ਹੀ ਨਹੀਂ, ਪੈ ਸਕਦੀ ਹੀ ਨਹੀਂ । ਸੋ ਸੱਚ, ਹਕੀਕੀ ਸੱਚ ਦਾ ਪਰਕਾਸ਼ ਕੇਵਲ ਗੁਰ ਸ਼ਬਦ (ਨਾਮੁ) ਰੂਪੀ ਸਚੁ ਹੀ ਹੈ । ਸਚੁ ਨਾਮੁ (ਗੁਰ ਸ਼ਬਦ) ਦੁਆਰਾ ਸਾਲਾਹਿਆ ਸੱਚਾ ਵਾਹਿਗੁਰੂ ਅੰਤਰਿ ਆਤਮੇ ਹੀ ਪਰਕਾਸ਼ਤ ਹੋ ਕੇ ਮਿਲ ਜਾਂਦਾ ਹੈ । ਇਉਂ ਆਤਮੇ ਨੂੰ ਪਰਮਾਤਮੇ ਦੀ ਸਚੀ ਪਰਤੀਤ ਆਉਂਦੀ ਹੈ । ਏਥੋਂ ਹੀ ਸੱਚੀ ਆਸਤਕਤਾ ਦਾ ਅਰੰਭ ਹੁੰਦਾ ਹੈ,



 www.sikhbookclub.com

ਕਿਉਂਕਿ ਇਹ ਆਤਮ ਪਰਮਾਤਮ ਮੇਲੁ ਮਿਲਉਨੀ ਹਕੁ ਹਕੀਕੀ ਹੁੰਦੀ ਹੈ। ਜਿਨ੍ਹਾਂ ਨੇ ਇਸ ਬਿਧਿ ਸਚੁ ਸਾਲਾਹ ਕੇ ਅੰਦਰੋਂ ਹੀ 'ਸੱਚ' ਦੇ ਜੋਤਿ ਸਰੂਪ ਨੂੰ ਜਲਵਾਗਰ ਕੀਤਾ, ਤਿਨ੍ਹਾਂ ਸਚੁ ਸਾਲਾਹਣਹਾਰੇ ਗੁਰਮੁਖ ਭਗਤ ਜਨਾਂ ਤੋਂ ਸਦ ਸਦ ਵਾਰ ਵਾਰਨੇ ਬਲਿਹਾਰਨੇ ਜਾਈਐ। ਇਉਂ ਜੋ ਅਨਿੰਨ ਅਭਿਆਸ ਕਮਾਈਆਂ ਕਰ ਕੇ ਸਚੁ (ਨਾਮੁ) ਨੂੰ ਧਿਆਉਂਦੇ ਹੁਨ, ਓਹ ਧਿਆਇ ਧਿਆਇ ਸਚ (ਦੇ ਜੋਤਿ ਰੰਗ) ਵਿਚਿ ਹੀ ਰੰਗੇ ਜਾਂਦੇ ਹਨ, ਸਚ (ਨਾਮ) ਵਿਚਿ ਹੀ ਲੀਨ ਹੋ ਜਾਂਦੇ ਹਨ ਅਤੇ ਸਚੇ ਵਾਹਿਗੁਰੂ ਵਿਚਿ ਹੀ ਸਮਾਇ ਜਾਂਦੇ ਹਨ। (ਰਹਾਉ)। ਜਿਨ੍ਹਾਂ ਨੂੰ ਸਚੁ (ਨਾਮੁ) ਦਾ ਜੋਤਿ ਪ੍ਰਕਾਸੀ ਪ੍ਰਚੰਡ ਗਿਆਨ ਘਟ ਅੰਤਰੇ ਹੀ ਹੋ ਜਾਂਦਾ ਹੈ, ਓਹ ਜਿਥੇ ਭੀ ਦੇਖਦੇ ਹਨ ਅੰਤਰਿ ਬਾਹਰਿ ਸਭਨੀਂ ਥਾਈਂ ਸਚੁ ਹੀ ਸਚੁ ਜਲਵਾਗਰ ਹੋ ਕੇ ਝਲੂਕਾਂ ਮਾਰਦਾ ਹੈ। ਜਿਨ੍ਹਾਂ ਨੇ ਝਲੂਕਾਂ ਮਾਰਦੇ ਸਚੁ ਰੂਪੀ ਸੂਰਜ ਨੂੰ ਨਿਜ ਮਨ ਅੰਦਰਿ ਹੀ ਗੁਰ ਪ੍ਰਸਾਦਿ ਕਰਿ ਪ੍ਰਗਟਾਇ ਲਿਆ ਹੈ, ਓਹਨਾਂ ਦਾ ਤਨੁ ਭੀ ਸਚੁ ਜੋਤਿ ਰਤੰਨਾ ਹੋ ਗਿਆ ਹੈ। ਓਹਨਾਂ ਸਚੁ ਸਿਮਰਨਹਾਰਿਆਂ ਦੀ ਰਸਨਾ ਭੀ ਸਚੁ ਅੰਮ੍ਰਿਤ ਰਸ ਰਤੰਨੀ, ਜੋਤਿ-ਕਿਰਣ-ਭਿੰਨੀ ਹੋ ਗਈ ਹੈ। ਸਚੁ (ਨਾਮੁ) ਨੂੰ ਸੁਣਨ ਤੇ ਆਖਿ ਵਖਾਨਣਹਾਰਿਆਂ ਦੇ ਤਨ ਮਨ ਅੰਦਰਿ ਏਹ ਪਾਰਸ ਕਉਤਕੀ ਚਲਤ ਵਰਤਦੇ ਹਨ। ਤਿਨ੍ਹਾਂ ਸਚ-ਰਸ-ਗੀਧਿਆਂ ਗੁਰਮੁਖ ਜਨਾਂ ਨੇ ਆਸਾ ਮਨਸਾ ਮਈ ਸਭ ਸੰਕਲਪ ਵਿਕਲਪ ਮਾਰ ਕੇ ਮਲ ਦਲ ਛਡੇ ਹਨ, ਪੀਪੂ ਕਰ ਲਏ ਹਨ। ਸਚੁ ਸਿਮਰਨੀ ਅਕਸੀਰ ਨੇ ਮਨਸਾ ਨੂੰ ਮਾਰ ਕੇ ਚਕਨਾਚੂਰ ਕਰ ਦਿਤਾ ਹੈ। ਮਾਨੋ ਮਨਸਾ ਮਰ ਕੇ ਸਚੁ ਵਿਚਿ ਹੀ ਸਮਾ ਗਈ ਹੈ। ਸਚ-ਨਾਮ-ਪ੍ਰਗਾਸੀਆਂ ਨੇ ਇਸ ਮਨਸਾ ਨੂੰ ਆਵਣ ਜਾਣ ਚੁਰਾਸੀ ਦੇ ਗੇੜ ਦੀ ਕਲਾ-ਮੂਲ ਬਲਾ ਸਮਝ ਕੇ ਮਨੋਂ ਮਾਰ ਛਡਿਆ ਹੈ। ਇਉਂ ਮਨਸਾ ਮਨੋਂ ਮਰ ਕੇ ਸਤਿਗੁਰੂ ਦੇ ਸਿਖਾਂ ਸੇਵਕਾਂ ਦੇ ਮਨ ਨਿਹਚਲ ਹੋ ਗਏ ਹਨ ਅਤੇ ਨਿਹਚਲ ਹੋ ਕੇ ਸਚੇ ਵਾਹਿਗੁਰੂ ਨਿਜ ਸਰੂਪ ਘਰ ਵਿਚਿ ਵਾਸਾ ਪਾ ਗਏ ਹਨ। ਗੁਰ ਕੇ ਸ਼ਬਦ (ਨਾਮ ਅਭਿਆਸ ਕਮਾਈ) ਨੇ ਇਹ ਪਰਗਟ ਮੁਅਜਜ਼ਾ ਵਰਤਾਇਆ ਕਿ ਅਗਮ ਅਗੋਚਰ ਸਚੁ ਨੂੰ ਰਿਦੇ ਅੰਦਰ ਹੀ ਗੁਰਮੁਖਾਂ ਸ਼ਬਦ ਅਭਿਆਸੀਆਂ ਨੂੰ ਦਿਖਾਇਆ, ਦਿਖਾ ਦਿਤਾ ਹੈ। ਸ਼ਬਦ ਅਭਿਆਸ ਦਾ ਦੂਜਾ ਮੁਅਜਜ਼ਾ ਇਹ ਵਰਤਿਆ ਕਿ ਮਾਇਆ ਮੋਹ ਜਲ ਕੇ ਭਸਮ ਹੋ ਗਿਆ। ਮਾਇਆ ਮੋਹ ਦਾ ਪੜਦਾ ਉਠਣ ਦੀ ਦੇਰ ਹੀ ਸੀ, ਕੂੜ ਦੇ ਭਰਮ ਛਉੜੇ ਕੱਟੇ ਜਾਣ ਦੀ ਢਿੱਲ ਹੀ ਸੀ ਕਿ ਨਿਰੇ ਸਚੁ ਹੀ ਸਚੁ ਦਾ ਜੋਤਿ ਵਿਗਾਸੀ ਉਘਾੜ ਹੋ ਗਿਆ ਅਤੇ ਸੱਚੇ ਸਾਹਿਬੁ ਵਾਹਿਗੁਰੂ ਦੇ ਸਚੁ ਚਮਤਕਾਰੀ ਦਿਦਾਰੇ ਦਾ ਸਨਮੁਖੀ ਆਸ਼ਕਾਰ ਹੋ ਗਿਆ, ਸਭ ਤੋਂ ਵੱਡਾ ਮੁਅਜਜ਼ਾ ਇਹ ਵਰਤਿਆ। ਐਸੇ ਏਵਡ ਮੁਅਜਜ਼ਿਆਂ ਦੇ ਮੁਅਜਜ਼ਾਣੀ ਹੋਇਕੈ ਸਚੁ ਲਭਤ ਲਭਾਣੀ ਗੁਰਮੁਖ ਜਨ ਨਾਟਕ ਚੇਟਕੀ ਮੁਅਜਜ਼ਿਆਂ (ਕਰਾਮਾਤਾਂ) ਦੇ ਦਿਖਾਉਣ ਦੀ ਗਿਰਾਵਟ ਵਿਚਿ ਕਦੇ ਪੈ ਸਕਦੇ ਹਨ? ਅਰਥਾਤ ਨਹੀਂ ਪੈ ਸਕਦੇ। ਜਿਨ੍ਹਾਂ ਵਾਹਿਗੁਰੂ ਪ੍ਰੀਤਮ ਸੱਚੇ ਦਾ ਸੱਚਾ ਹਾਜ਼ਰ ਹਜ਼ੂਰੀ ਜ਼ਹੂਰ ਸਨਮੁਖ ਪੇਖਿ ਲਇਆ ਹੈ, ਓਹ ਪ੍ਰੀਤਮ ਨੂੰ ਸੋਹੇਂ ਸੋਹੇਂ ਪੇਖਿ ਪੇਖਿ ਹੀ ਨਹੀਂ ਰਜਦੇ। ਸੱਚ ਦੇ ਇਸ ਬਿਸਮਾਦੀ

ਅਲੌਕਕ ਜ਼ਹੂਰ ਨੂੰ ਵੇਖਿ ਵੇਖਿ 'ਸੱਚ' ਦੇ ਸ਼ਊਰ ਵਾਲੇ ਸੱਚੜੇ, ਬਿਸਮ ਹੋਇ ਹੋਇ ਹੋਰ ਸਲਾਹੁੰਦੇ ਹਨ, ਸਾਲਾਹੀ ਜਾਂਦੇ ਹਨ। ਓਹਨਾਂ ਦੀ ਸੁਰਤਿ ਹੋਰ ਦੂਜੇ ਪਾਸੇ ਪਲਟਦੀ ਹੀ ਨਹੀਂ। ਓਹਨਾਂ ਨੂੰ ਤੁਛ ਮੁਅਜਜ਼ੇ (ਹੋਛੀਆਂ ਕਰਾਮਾਤਾਂ) ਦਿਖਾਉਣ ਦਾ ਵੇਹਲ ਹੀ ਨਹੀਂ, ਏਸ ਪਾਸੇ ਪੈਣ ਦਾ ਝੱਸ ਹੀ ਨਹੀਂ ਉਪਜਦਾ। ਪਰਮ ਤੱਤਵੀ ਸਚੁ ਨੂੰ ਛਡ ਕੇ ਕੱਚ ਵਿਹਾਜਣ ਦਾ ਸੁਦਾ (ਕਮਲਪੁਣਾ) ਹੀ ਓਹਨਾਂ ਦੇ ਮਗਜ਼ ਅੰਦਰਿ ਨਹੀਂ ਮਗਚੌਲਦਾ। ਹੋਛੀਆਂ ਕੱਚੀਆਂ ਮਗ਼ਜ਼ੌਲੀਆਂ ਮਾਰਨਾ ਸਚੁ ਸਪੇਖਸ਼ੀਆਂ ਦਾ ਸੀਗ਼ਾ ਹੀ ਨਹੀਂ। ਐਸਾ ਸਾਪੇਖਸ਼ੀ ਸਚੁ ਦਰਸ਼ਨ ਕੇਵਲ ਗੁਰ ਸ਼ਬਦ ਦੀਖਸ਼ੇਕੀਆਂ ਨੂੰ ਹੀ ਮਿਲਦਾ ਹੈ। ਬਸ ਗੁਰਪ੍ਰਸਾਦੀ ਅਤੇ ਗੁਰਸ਼ਬਦੀ ਹੀ ਇਹ 'ਸਚੁ' ਪਾਈਦਾ ਹੈ।

ਜੇਹੜੇ ਇਸ ਸਚੁ ਨਾਲਿ ਰਤੇ ਹੋਏ ਹਨ, ਤਿਨ੍ਹਾਂ ਨੂੰ ਸੱਚੀ ਲਿਵਲੀਨਤਾ ਪ੍ਰਾਪਤਿ ਹੁੰਦੀ ਹੈ। ਇਸ ਲਿਵਲੀਨਤਾ ਵਿਚਿ ਭੀ ਸਚੇ ਦੀ ਸਿਫਤਿ ਸਾਲਾਹ ਹੋਈ ਜਾਂਦੀ ਹੈ, ਸੁਰਤਿ ਬਿਧੰਨੀ ਸੁਰਤਿ ਜੁੜੰਨੀ ਹੋਇ ਕੈ ਹੋਈ ਜਾਂਦੀ ਹੈ। ਇਸ ਲਿਵਲੀਨਤਾ ਦੇ ਪਦ ਪੁਜ ਕੇ, ਪੁਗ ਕੇ ਭੀ ਜੋ ਸਚੁ ਸਿਫਤਿ ਸਾਲਾਹ ਦੀ ਸੰਭਾਲਨਾ ਕਰਦੇ ਹਨ, ਉਹ ਪੁਜ ਕੇ ਵਡਭਾਗੀ ਹਨ। ਸੁਰਤਿ ਸ਼ਬਦ ਦੀ ਸਚੀ ਲੀਨਤਾ ਵਿਚਿ ਜੁੜੇ ਜੁੜਾਏ, ਮਿਲੇ ਮਿਲਾਏ ਰਹਿੰਦੇ ਹਨ। ਖ਼ੁਦ ਇਸ ਲਿਵਲੀਨਤਾ ਦਾ ਅਨੰਦ ਮਾਣਦੇ ਹੋਏ ਸਤਸੰਗਤਿ ਵਿਚਿ ਬਹਿ ਕੇ ਸਚ ਗੁਣ ਗਾਂਵਦੇ ਹੋਏ ਹੋਰਨਾਂ ਨੂੰ ਭੀ ਸ਼ਬਦ-ਲੀਨਤਾ ਦੇ ਸੁਰਤੇ ਬਣਾਉਂਦੇ ਹਨ। ਬਸ, ਇਹ ਅਗਮ ਅਗੋਚਰ ਸਚੁ ਸ਼ਬਦ ਸੁਰਤਿ ਕਰ-ਕੇ ਹੀ ਸੁੱਧ (ਪਰਤੱਖ) ਹੁੰਦਾ ਹੈ। ਗਣਤੀ ਗਣਿਆਂ, ਪੜ੍ਹਤਾਂ ਪੜ੍ਹਿਆਂ, ਪੜ੍ਹਿ ਪੜ੍ਹਿ ਕੜ੍ਹਿਆਂ ਇਹ ਸਚੁ ਨਹੀਂ ਮਿਲਦਾ। ਅਕਲੱਈਆਂ ਦੇ ਅਕਲੀ ਸੋਚਾਂ (meditations) ਵਿਚਿ ਇਹ ਸਚੁ ਨਹੀਂ ਆਉਂਦਾ। **ਫ਼ਿਲਾਸਫ਼ਰਾਂ ਦੀ ਖਲਜਗਣ ਫ਼ਿਲਾਸਫ਼ੀ ਦੇ ਫ਼ਹਿਮਾਂ ਵਿਚਿ ਇਹ ਸਚੁ ਨਹੀਂ ਆਉਂਦਾ। ਆਹਾ! ਕਿਆ ਢੁਕਵੀਂ ਫਬਤ ਵਾਲੀ ਗੁਰ-ਵਾਕ-ਤੁਕ ਹੈ :**

ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥੬॥ ਪੰਨਾ ੧੨੦
ਮਾਝ ਮਹਲਾ ੩

ਬਸ, ਗੁਰ ਸ਼ਬਦ ਜਾਪ ਅਲਾਪ ਦੁਆਰਾ ਅਨਦਿਨ ਇਸ ਦਿਬ-ਲਤੀਫ਼ਾ-ਸ੍ਰਿਸ਼ਤ ਵਾਲੇ 'ਸਚੁ' ਨੂੰ ਸਾਲਾਹੀ ਹੀ ਜਾਈਏ। ਇਹੀ 'ਸਚੁ' ਦਾ ਸੱਚਾ ਗਿਆਨੁ ਹੈ। ਹੋਰ ਕੋਈ ਚੁੰਚ ਗਿਆਨ ਯਾ ਚੁੰਚ ਗਿਆਨੀ ਇਸ ਸਚ ਦੀ ਕੀਮਤ ਨਹੀਂ ਪਾ ਸਕਦਾ। ਸਚ ਦੀ ਇਤਰ ਮਤ ਫ਼ਿਲਾਸਫ਼ੀ ਦੀਆਂ ਪੁਸਤਕਾਂ ਪੜਿ ਪੜਿ ਬਥੇਰੇ ਪੜ੍ਹਾਕੂ ਥਕ (ਹੰਭ) ਚੁੱਕੇ ਹਨ, ਪਰ ਤਿਨ੍ਹਾਂ ਨੂੰ ਇਹ ਫ਼ਿਲਸਫ਼ੇ **ਪੜ੍ਹ ਪੜ੍ਹ ਕੇ ਸੱਚੀ ਸ਼ਾਂਤੀ** ਨਹੀਂ ਆਈ। ਤਿਨ੍ਹਾਂ ਤ੍ਰਿਸ਼ਨਾ ਦਧਿਆਂ (ਜਲਿਆਂ) ਨੂੰ ਸਚੁ ਦੀ ਸੁਧ (ਸੂਝ) ਹੀ ਨਹੀਂ ਪੈਂਦੀ। ਭਲਾ ਕੂੜ ਦੇ ਪੁਜਾਰੀਆਂ ਨੂੰ, ਸਚ ਦੇ ਭੁਲੇਖੇ ਕੂੜ ਦੇ ਟੋਲ ਟੋਲਾਰੀਆਂ ਨੂੰ ਤੱਤ ਸਚ ਦੀ ਸੁੱਧ ਬੁੱਧ ਹੀ

ਕੀ ? ਬਿਖ ਦੇ ਮੋਹ ਪਿਆਸਿਆਂ ਨੇ ਬਿਖ ਹੀ ਬਿਹਾਜਣੀ ਹੋਈ ਤਤ ਅੰਮ੍ਰਿਤ ਸਚ ਦੇ ਵਾਪਾਰੀ ਇਛਾਧਾਰੀ ਵਿਰਲੇ ਹੀ ਹੁੰਦੇ ਹਨ। ਜਿਨ੍ਹਾਂ ਗੁਰਮਖਾਂ ਨੇ ਗੁਰਪ੍ਰਸਾਦੀ ਇਕ ਅਕਾਲ ਪੁਰਖ ਨੂੰ ਹੀ ਜਾਣਿਆ ਹੈ,ਓਹਨਾਂ ਦਾ ਮਨੁ ਦੂਈ ਦੁਬਿਧਾ ਨੂੰ ਮਾਰ ਕੇ ਇਕ ਸੱਚ ਵਿਚਿ ਸਮਾਇਕੈ ਲੀਨ ਹੋ ਗਿਆ ਹੈ। ਓਹਨਾਂ ਦੇ ਮਨ ਅੰਦਰਿ ਹਰ ਵਕਤ ਇਕੋ ਨਾਮ ਹੀ ਵਰਤਦਾ ਹੈ। ਗੁਰ ਪ੍ਰਸਾਦੀ ਨਾਮੁ ਰੂਪੀ ਸਚੁ ਪਾਵਣਹਾਰਿਆਂ ਦਾ ਇਹ ਸੱਚਾ ਮੇਅਰਾਜ ਹੈ, ਜੋ ਗੁਰੂ ਸਾਹਿਬ ਨੇ ਇਸ ਇਕੇ ਗੁਰਵਾਕ ਵਿਖੇ ਬਿਸਥੀਰਨ ਕੀਤਾ ਹੈ। ਐਉਂ ਸਚ ਦੇ ਫੋਕੇ ਫ਼ਿਲਾਸਫ਼ਰਾਂ ਦੀ ਧਰਨ ਠਿਕਾਣੇ ਕੀਤੀ ਹੈ।

ਅਸੀਂ ਸੱਚ ਦੀ ਫੋਕੀ ਫ਼ਿਲਾਸਫ਼ੀ ਦੀ ਫਿਟਕ ਵਾਲੇ ਕਈ ਸਿਖ ਭੀ ਇਹ ਕਹਿੰਦੇ ਸੁਣੇ ਹਨ, ਗੁਰਬਾਣੀ ਪੜ੍ਹਨ ਦੀ ਕੀ ਲੋੜ ਹੈ, ਨਾਮ ਜਪਣਾ ਕੋਈ ਜ਼ਰੂਰੀ ਨਹੀਂ ਰਹਿਤ ਬਹਿਤ ਰਖਣੀ ਭੀ ਲਾਜ਼ਮੀ ਨਹੀਂ, ਗੁਰਬਾਣੀ ਦਾ ਕੀਰਤਨ ਕਰਨਾ ਭੀ ਬਿਰਥਾ ਹੀ ਹੈ। ਬਸ, ਇਕ ਸੱਚ ਬੋਲਣਾ ਹੀ ਦਰਕਾਰ ਹੈ। ਕੌਲ ਫ਼ੇਅਲਾਂ ਵਿਚਿ,ਵਿਹਾਰ ਵਰਤੋਂ ਵਿਚਿ ਸਚੇ (ਰਾਸਤ ਬਾਜ਼) ਹੋਣਾ ਹੀ ਪਰਮ ਧਰਮ ਹੈ। ਬਸ ਇਤਨੇ ਵਿਚਿ ਹੀ ਸਭ ਕੁਛ ਆ ਗਿਆ। ਟੋਭੇ ਦੇ ਡੱਡੂ ਵਾਂਗੂ ਏਦੂੰ ਪਰੇ ਹੋਰ ਸੱਚ ਓਹਨਾਂ ਦੇ ਭਾ ਦਾ ਹੈ ਹੀ ਨਹੀਂ, ਬਸ ਏਸੇ ਪੋਚ-ਸੋਚੀ ਸੱਚ ਦੇ ਮਤਸਰੀ ਸਚਿਆਰ ਬਣਿ ਬਣਿ ਆਪ ਗੁਮਰਾਹ ਹੁੰਦੇ ਹਨ ਤੇ ਦੂਜਿਆਂ ਨੂੰ ਗੁਮਰਾਹ ਕਰੀ ਜਾਂਦੇ ਹਨ। ਆਪ ਡੁਬੇ ਹੋਏ ਹਨ ਦੂਜਿਆਂ ਨੂੰ ਡੁਬੋਈ ਜਾਂਦੇ ਹਨ। ਸਤਿਗੁਰੂ ਤਿਨ੍ਹਾਂ ਨੂੰ ਸੁਮਤ ਬਖ਼ਸ਼ੇ ਕਿ ਸਿਖੀ ਦੇ ਬਿਰਦ ਬਾਣੇ ਨੂੰ ਲਾਜ ਨਾ ਲਾਉਣ।

ਅਗਲਾ ਗੁਰਵਾਕ ਹੋਰ ਪ੍ਰੋੜ੍ਹਤਾ ਪੂਰਬਕ ਗੁਰਮਤਿ ਸਚੁ ਸਿਧਾਂਤ ਨੂੰ ਨਿਖਾਰਦਾ ਹੈ। ਯਥਾ ਗੁਰਵਾਕ :

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥  
ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥  
ਫਿਰਿ ਓਹ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥ ੪ ॥  
ਮਾਇਆ ਮਹਿ ਫਿਰਿ ਚਿਤੁ ਨ ਲਾਏ ॥  
ਗੁਰ ਕੈ ਸਬਦਿ ਸਦ ਰਹੈ ਸਮਾਏ ॥  
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥ ੫ ॥  
ਸਚੁ ਸਾਲਾਹੀ ਸਦਾ ਹਜੂਰੇ ॥  
ਗੁਰ ਕੈ ਸਬਦਿ ਰਹਿਆ ਭਰਪੂਰੇ ॥  
ਗੁਰਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥ ੬ ॥  
ਸਚੁ ਮਨ ਅੰਦਰਿ ਰਹਿਆ ਸਮਾਇ ॥  
ਸਦਾ ਸਚੁ ਨਿਹਚਲੁ ਆਵੈ ਨ ਜਾਇ ॥  
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥ ੭ ॥  
ਸਚੁ ਸਾਲਾਹੀ ਅਵਰੁ ਨ ਕੋਈ ॥

ਜਿਤੁ ਸੇਵਿਐ ਸਦਾ ਸੁਖੁ ਹੋਈ ॥
ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥੧੮॥੧੯॥

**ਪੰਨਾ੧੨੦-੨੧— ਮਾਝ ਮਹਲਾ ੩**

ਸਾਰ ਸਿਧਾਂਤੀ ਸਚੁ,ਜੋ ਗੁਰੂ ਕਾ ਸਬਦ (**ਗੁ**ਰਮੰਤ੍ਰ ਨਾਮ) ਹੈ,ਇਸ ਨੂੰ ਕੋਈ ਵਿਰਲਾ ਹੀ ਬੁਝਦਾ ਹੈ। ਕਿਸੇ ਵਿਰਲੇ ਨੂੰ ਹੀ ਇਹ ਮਿਲਦਾ ਹੈ। ਪਰ ਜਿਸ ਨੂੰ ਮਿਲਦਾ ਹੈ ਅਰ ਜੋ ਕੋਈ ਇਸ ਨੂੰ ਬੁਝਦਾ ਹੈ,ਉਹ ਆਪਾ ਭਾਵ ਨੂੰ ਮਾਰ ਕੇ ਆਪੋ ਤੋਂ ਉਚੇਰਾ ਚਲਿਆ ਜਾਂਦਾ ਹੈ। ਉਸ ਨੂੰ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ। ਨਾ ਉਹ ਫਿਰਿ ਮਰਦਾ ਹੈ,ਨਾ **ਮੁੜ ਕੇ** ਚੁਰਾਸੀ ਦੇ ਗੇੜ ਵਿਚਿ ਪੈਂਦਾ ਹੈ। ਸੱਚਾਂ ਸਿਰਿ ਸਚੁ,ਸਚੇ ਵਾਹਿਗੁਰੂ ਦੇ ਸਰੂਪ ਵਿਚਿ ਉਸ ਦੀ ਸਮਾਈ ਹੋ ਜਾਂਦੀ ਹੈ। ਜੀਉਂਦੇ ਜੀ ਫਿਰਿ ਉਹ ਮਾਇਆ ਵਿਚਿ ਖੱਚਤ ਨਹੀਂ ਹੁੰਦਾ। ਸਦਾ ਸਚਦਾਨੰਦ ਗੁਰ ਸ਼ਬਦ ਅਹਿਲਾਦ ਖੇੜੇ ਦੀ ਲਿਵ ਮਸਤ ਲੀਨਤਾ ਵਿਚਿ ਸਮਾਇਆ ਰਹਿੰਦਾ ਹੈ। ਸਭਨਾਂ ਘਟਾਂ ਅੰਦਰਿ ਉਹ ਇਕ ਜੋਤਿ ਤਾਰ ਪ੍ਰੋਤੇ 'ਸਚੁ' ਨੂੰ ਪੇਖਦਾ ਹੈ ਅਤੇ ਪੇਖਿ ਪੇਖਿ ਵਿਗਸਦਾ ਹੈ। ਉਸ ਨੂੰ ਸਾਰੇ ਘਟਾਂ ਅੰਦਰਿ ਖੰਡਾਂ ਬ੍ਰਹਮੰਡਾਂ ਅੰਦਰਿ 'ਸਚੁ ਹੀ ਸਚੁ' ਦੀ ਸੁਹਾਵੀ ਜੋਤਿ ਗੁਲਜ਼ਾਰ ਹੀ ਖਿੜੀ ਦਿਸਦੀ ਹੈ। ਸਚ ਦੇ ਖਿੜੇ ਗੁਲਸ਼ਨ ਨੂੰ ਸਦਾ ਲਹਿ ਲਹਿ ਕਰਦਾ ਉਹ ਆਪਣੀ ਹਜ਼ੂਰੀ ਵਿਚਿ ਵੇਖਿ ਵੇਖਿ ਅਨੰਦਤ ਹੁੰਦਾ ਹੈ। ਇਹ ਸਦਾ ਸਨਮੁਖ ਹਜ਼ੂਰੀ ਲਹਿ ਲਹਾਉਂਦੇ ਵਿਗਾਸ ਵਾਲਾ ਖਿੜਿਆ ਹਰਿਆ 'ਸਚੁ' ਦਾ ਮੁਹੀਤ ਬਾਗ਼ ਸਾਰੇ ਆਕਾਸੀਂ, ਪਾਤਾਲੀਂ, ਲੋਈਂ, ਪੁਰਈਂ ਉਸ ਨੂੰ ਜੋਤਿ ਸ਼ਗੁਫ਼ਤੀ ਫੈਲਾਉ ਪਸਰਾਉ ਵਿਚਿ ਭਰਪੁਰ ਲੀਣਾ ਦਿਸਦਾ ਹੈ। ਜਿਸ ਨੂੰ ਗੁਰਪ੍ਰਸਾਦੀ ਐਸੀ ਭਰਪੁਰ ਲੀਨਤਾ ਵਾਲਾ ਸਚੁ ਪਰਤੱਖ ਅਖੀਂ ਦਿਸ ਪਿਆ ਹੈ, ਉਹ ਫੇਰ ਸਦਾ ਇਸ ਆਨੰਦ **ਹਯਾਤੀ** ਅਮਰ ਅਨੰਦੀ ਸਚੁ ਦੇ ਹੇਲ ਮੇਲ ਵਿਚਿ ਹੀ ਕੇਲਾਂ ਕਰਿ ਕਰਿ ਰੰਗ ਰਲੀਆਂ ਮਾਣਦਾ ਹੈ। ਇਹ ਨਿਹਚਲ ਸਚੁ ਸਦਾ ਅਬਿਚਲੀ ਜੋਤਿ ਵਾਲਾ ਸਚੁ, ਅਰਥਾਤ,ਸੱਚਾ ਵਾਹਿਗੁਰੂ ਕਦੇ ਭੀ ਘਟ ਅੰਦਰਹੁ ਦੂਰ ਨਹੀਂ ਹੁੰਦਾ, ਅੰਦਰੇ ਸਮਾਇਆ ਹੀ ਰਹਿੰਦਾ ਹੈ। ਇਸ ਸਚ ਦਾ ਜੋਤਿ ਜਲਵਾ ਕਦੇ ਭੀ ਮੱਧਮ ਨਹੀਂ ਹੁੰਦਾ । ਸਚ ਦੀ ਪੁੰਨਿਉਂ ਦਾ ਨੂਰ-ਭਾਨਾਨੀ ਚੰਦ ਸਦ ਨੂਰ ਅਫ਼ਸ਼ਾਨੀ ਚੜਾਉ ਵਿਚਿ ਘਟ ਅੰਦਰ ਚੜ੍ਹਿਆ ਹੀ ਰਹਿੰਦਾ ਹੈ, ਨਾ ਕਦੇ ਘਟਦਾ ਹੈ,ਨਾ ਮੱਧਮ ਪੈਂਦਾ ਹੈ। ਇਸ ਸਦ ਨੂਰ ਜ਼ਹੂਰੀਏ ਚੰਦ ਚਰਾਗ਼ ਦੀ ਮੁਨੱਵਰੀ ਲਾਗ ਜਿਨ੍ਹਾਂ ਮਨਾਂ ਨੂੰ ਲਗ ਜਾਂਦੀ ਹੈ,ਓਹ ਮਨ ਭੀ ਸਚ ਸੱਚੇ ਦੀ ਨਵ ਪਵਿਤਰੀ ਲਾਗ ਨਾਲਿ ਸਦਾ ਨਿਰਮਲ ਹੋ ਜਾਂਦੇ ਹਨ। ਇਹ "ਗੁਰਮਤੀ ਸਚਿ ਸਮਾਵਣਿਆ" ਦੀ ਅਗਾਧ ਬੋਧ ਕਥਾ ਹੈ। ਇਸ ਕਰਕੇ ਗੁਰਸਿਖਾਂ ਨੂੰ ਇਹ ਗਲ ਲਾਜ਼ਮੀ ਹੋ ਗਈ ਹੈ ਕਿ ਓਹ 'ਸਚੁ' ਤੋਂ ਬਿਨਾਂ,ਭਾਵ,ਸੱਚੇ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਸਾਲਾਹੁੰਦੇ. ਕਿਉਂਕਿ ਵਾਹਿਗੁਰੂ ਰੂਪੀ 'ਸਚੁ' ਦੀ ਸੇਵਾ ਭਗਤੀ ਬਿਨਾਂ ਹੋਰ ਕਿਸੇ ਦੀ ਸੇਵਾ ਭਗਤੀ ਵਿਚਿ ਸੁਖ ਨਹੀਂ। ਸੱਚਾ ਸੁਖ ਕੇਵਲ ਸਚੇ ਵਾਹਿਗੁਰੂ ਦੀ ਸਚੁ ਸਿਫਤਿ ਸਾਲਾਹੀ ਸੇਵਾ ਵਿਚਿ ਹੈ। **ਤਾਂ ਤੇ** ਸਾਰ ਸਿੱਟਾ ਇਹ ਹੈ ਕਿ

ਨਿਰੋਲ ਸੱਚੋ ਸੱਚ ਕਮਾਵਣਹਾਰੇ ਕੇਵਲ ਗੁਰੂ ਘਰ ਦੇ ਨਾਮ-ਰੱਤੇ 'ਸਚੁ' ਵੀਚਾਰ ਵਾਲੇ ਬਿਬੇਕੀ ਸਿਖ ਹੀ ਹਨ ।

ਸਚੀ ਸੇਵਾ ਸਾਲਾਹ ਦੀ ਬਚਿਤ੍ਰਤਾ ਇਸ ਅਗਲੇ ਗੁਰਵਾਕ ਤੋਂ ਹੋਰ ਵਾਚੋ :

ਸਚਾ ਸੇਵੀ ਸਚੁ ਸਾਲਾਹੀ ॥
ਸਚੈ ਨਾਇ ਦੁਖੁ ਕਬਹੀ ਨਾਹੀ ॥
ਸੁਖ ਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥ ੧ ॥
ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥
ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥ ੧ ॥ ਰਹਾਉ ॥
ਸਭੁ ਕੋ ਤੇਰਾ ਭਗਤੁ ਕਹਾਏ ॥
ਸੇਈ ਭਗਤ ਤੇਰੈ ਮਨਿ ਭਾਏ ॥
ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥ **ਪੰਨਾ ੧੨੨**

ਮਾਝ ਮਹਲਾ ੩

'ਸਚੁ' ਨਾਮ ਨੂੰ ਸਾਲਾਹਣਾ ਸਚੇ (ਵਾਹਿਗੁਰੂ) ਦੀ ਇਹੀ ਸੱਚੀ ਸੇਵਾ ਹੈ । ਸਚੁ ਨਾਉ ਸਾਲਾਹਨੀ ਸੇਵਾ ਭਗਤੀ ਕੀਤੀ ਹੋਈ ਸਦਾ ਸੁਖਦਾਈ ਹੈ । ਸਚੁ ਨਾਉਂ ਸਾਲਾਹਿਆਂ ਕਦੇ ਭੀ ਕੋਈ ਦੁਖ ਨਹੀਂ ਲਗਦਾ । ਸਚੇ ਵਾਹਿਗੁਰੂ ਸੁਖਦਾਤੇ ਅਤੇ ਸਦਾ ਸੁਖਦਾਈ ਵਾਹਿਗੁਰੂ ਨਾਮੁ ਰੂਪੀ ਸਚੁ ਨੂੰ ਜੋ ਖ਼ਾਸ ਗੁਰਮਤਿ ਬਿਧੀ ਯੁਕਤੀ ਅਨੁਸਾਰ ਸੇਂਵਦੇ ਸਲਾਹੁੰਦੇ ਹਨ, ਓਹ ਸਚੇ ਸੁਖ ਨੂੰ ਪਾਉਂਦੇ ਹਨ । ਸਚੇ ਸਾਹਿਬ ਵਾਹਿਗੁਰੂ ਸੁਖਦਾਤੇ ਨੂੰ ਮਨਿ ਵਸਾਇਕੈ, ਓਹ ਸੁਖ ਸਹਜ ਸਮਾਧੀ ਲਾਉਣਹਾਰੇ ਹੋ ਜਾਂਦੇ ਹਨ । ਇਸ ਬਿਧਿ ਸੁਖ ਸਹਜ ਸਮਾਧੀ ਲਾ ਕੇ ਭੀ ਸੇਵਾ ਭਗਤੀ ਕਰੀ ਜਾਣ ਵਾਲੇ ਸੋਭਾ ਸੁਰਤਿ ਸੁਹਾਵਣੇ ਪੰਚ ਪਰਵਾਨ ਜਨ ਹੀ ਹਰਿ ਦਰਗਹ ਸੁਹੰਦੇ ਹਨ (ਸੋਭਾ ਪਾਉਂਦੇ ਹਨ) । ਸੋਈ ਸੋਭਾ ਸੁਰਤੀ ਸੋਤੀ ਭਗਤ ਜਨ ਹੀ ਸਚੇ ਦੇ ਦਰਿ ਪਰਵਾਨ ਪੈਂਦੇ ਹਨ । ਸੇਈ ਸਚੇ ਨੂੰ ਭਾਉਂਦੇ ਹਨ, ਹੋਰ ਕਹਿਣ ਕਹਾਵਣੀ ਕਰਕੇ ਬਥੇਰੇ ਆਪਣੇ ਆਪ ਨੂੰ ਭਗਤ ਸਦਾਉਂਦੇ ਫਿਰਦੇ ਹਨ । ਪਰ ਕੇਵਲ ਗੁਰਮਤਿ ਮਾਰਗੀ ਗੁਰਮੁਖ ਭਗੁਤ ਜਨਾਂ ਦੀ ਸਚੁ ਸਫਲ ਭਗਤਿ ਕਮਾਈ ਹੀ ਲੇਖੇ ਪੈਂਦੀ ਹੈ । ਗੁਰਬਾਣੀ ਦੁਆਰਾ ਗੁਰਮਤਿ ਸਚੁ ਸਬਦੁ ਪ੍ਰਾਪਤਿ ਕਰ ਕੇ ਸਚੇ ਵਾਹਿਗੁਰੂ ਨੂੰ ਸਲਾਹੁਣਹਾਰੇ ਗੁਰਮੁਖ ਜਨ ਹੀ ਭਗਤਿ ਰੰਗਾਵਲੇ, ਸਚ ਭਗਤਿ ਰਸਾਲੜੇ, ਸਚ ਰੰਗਿ ਰੱਤੜੇ ਭਗਤ ਜਨ ਬਣ ਸਕਦੇ ਹਨ ।

ਗੁਰਮਤਿ ਸਚੁ ਸਿਧਾਂਤੁ ਨਿਰਖਾਊ ਅਗਲਾ ਗੁਰਵਾਕ ਭੀ ਵਾਚਣ ਯੋਗ ਹੈ :

ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥
ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥

ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥ ੧ ॥
ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥
ਸਤਿਗੁਰਿ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥ ੧ ॥ ਰਹਾਉ ॥
ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥
ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥
ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥ ੨ ॥
ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥
ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥
ਸਭੁ ਆਤਮਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥ ੩ ॥
ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥
ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥ ੪ ॥
ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥
ਜਮਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥
ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥ ੫ ॥
ਏਹੁ ਜਗੁ ਜਲਤਾ ਦੇਖਿਕੈ ਭਜਿ ਪਏ ਸਤਿਗੁਰ ਸਰਣਾ ॥
ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥
ਸਤਿਗੁਰੁ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥ ੬ ॥
ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥
ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥
ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ ॥ ੭ ॥
ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥
ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥
ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੨੫॥ਪੰਨਾ ੭੦

ਸਿਰੀ ਰਾਗੁ ਮਹਲਾ ੩

ਵਿਆਖਿਆ : ਸਤਿਗੁਰ ਦੀ ਸੇਵਾ ਕਰਨ ਕਰਿ ਮਨੁ ਨਿਰਮਲੁ ਹੋ ਜਾਂਦਾ ਹੈ। "ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ"* ਦੇ ਗੁਰਵਾਕ ਅਨੁਸਾਰ ਸਤਿਗੁਰੂ ਦੀ ਸੱਚੀ ਸੇਵਾ ਗੁਰ ਭਗਤਿ ਹੈ। 'ਗੁਰ ਭਗਤਿ' ਤੋਂ ਭਾਵ ਗੁਰੂ ਦ੍ਰਿੜ੍ਹਾਈ ਹਰੀ ਦੀ ਭਗਤੀ ਹੈ, ਕਿਉਂਕਿ ਦੂਜੀ ਥਾਊਂ ਗੁਰਬਾਣੀ ਅੰਦਰਿ ਇਹ ਤੁਕ ਭੀ ਆਉਂਦੀ ਹੈ "ਗੁਰ ਕੀ ਸੇਵਾ ਸਬਦੁ ਵੀਚਾਰੁ"† ਅਰਥਾਤ ਗੁਰ ਸ਼ਬਦ ਅਭਿਆਸ ਕਮਾਈ ਹੀ ਗੁਰ ਕੀ ਸੇਵਾ ਹੈ। ਤਾਂ ਤੇ ਉਪਰਲੇ ਗੁਰਵਾਕ ਦੀ ਤੁਕ ਦਾ ਤੱਤ ਭਾਵ ਇਹ ਹੋਇਆ : ਸਤਿਗੁਰ ਦੀ ਸੇਵਾ ਕੀਤਿਆਂ ਅਰਥਾਤ ਸਤਿਗੁਰੂ ਦ੍ਰਿੜ੍ਹਾਈ ਭਗਤੀ ਗੁਰ ਸ਼ਬਦ ਅਭਿਆਸ ਕਮਾਈ

*ਸਿਰੀਰਾਗੁ ਮ: ੩—੬੬, †ਗਉੜੀ ਮ: ੧-੨੨੩

ਕੀਤਿਆਂ ਮਨੁ ਨਿਰਮਲੁ ਹੋ ਜਾਂਦਾ ਹੈ । ਮਨ ਹੀ ਨਹੀਂ, ਸਰੀਰ ਭੀ ਪਵਿਤ੍ਰ ਹੋ ਜਾਂਦਾ ਹੈ। ਐਸੀ ਪਾਰਸ ਕਲਾ ਹੈ, ਗੁਰ ਭਗਤੀ ਗੁਰ ਸਬਦ ਅਭਿਆਸ ਕਮਾਈ ਦੀ। ਮਨ ਨਿਰਮਲ ਹੀ ਨਹੀਂ ਹੁੰਦਾ ਬਲਕਿ ਮਨ ਦੇ ਅੰਦਰਿ ਸਦਾ ਸੁਖੁ, ਅਟੱਲ ਸੁਖ ਵਾਲਾ ਆਨੰਦੁ, ਮਹਾਂ ਆਨੰਦ ਪਰਵੇਸ਼ ਹੋ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਦੀ ਪਾਰਸ ਕਲਾ ਦੁਆਰਾ ਘਟ ਅੰਦਰਿ ਹੀ ਆਨੰਦ ਰਸ ਦਾ ਜੋਤਿ ਚਸ਼ਮਾ, ਮਹਾਂ ਆਨੰਦੀ ਸੱਚਾ ਗਹਿਰ ਗੰਭੀਰ ਵਾਹਿਗੁਰੂ ਭੇਟ ਲਈਦਾ ਹੈ। ਇਸ ਕਰ-ਕੇ ਮਨ ਅੰਦਰਿ ਮਹਾਂ ਅਨੰਦੁ ਪਰਵੇਸ਼ ਹੋ ਜਾਂਦਾ ਹੈ। ਆਨੰਦੀ ਵਾਹਿਗੁਰੂ ਦੀ ਘਟ ਅੰਤਰਲੀ ਭੇਟ ਸੁਪਰਸ਼ਨਾ ਬਿਸਮ ਅਨੰਦ ਦੇ ਖੇੜੇ ਖਿੜਾ ਦਿੰਦੀ ਹੈ। ਘਟ-ਅੰਙਣਾ ਨਿਰਾ ਆਨੰਦ ਰੂਪ ਹੀ ਹੋ ਜਾਂਦਾ ਹੈ। ਐਸੇ ਗਹਿਰ ਗੰਭੀਰ ਵਾਹਿਗੁਰੂ ਆਨੰਦੀ ਪੁਰਖ ਘਟਿ ਸੁਪਰਸੀਵੀਆਂ (ਘਟ ਵਾਹਿਗੁਰੂ ਭੇਟਣਹਾਰਿਆਂ ਗੁਰਮੁਖਾਂ) ਦੀ ਸੱਚੀ ਸੰਗਤਿ ਵਿਚਿ ਬੈਸਣ (ਬਹਿਣ) ਕਰਿ ਪਰਮਾਰਥੀ ਜਗਿਆਸੂ ਦਾ ਮਨੁ ਧੀਰਦਾ ਹੈ। ਸਚ ਦੇ ਮੁਤਲਾਸ਼ੀ ਜਗਿਆਸੂ ਦੇ ਮਨ ਅੰਦਰਿ ਪਰਮਾਰਥੀ ਸਚ ਦੀ ਧੀਰਜਤਾ, ਦ੍ਰਿੜ੍ਹਤਾ ਆਉਂਦੀ ਹੈ ਕਿ ਸੱਚ ਮੁਚ ਨਾਮ ਤੋਂ ਬਿਨਾਂ ਹੋਰ ਸਚੁ ਕੋਈ ਨਹੀਂ। ਨਾਮੁ ਹੀ ਸੱਚਾ ਪਰਮਾਰਥੀ ਸਚੁ ਹੈ। ਐਸੇ ਸਤਿਗੁਰੂ ਤਾਰਿਆਂ ਗੁਰਸਿਖਾਂ ਦੀ ਸੰਗਤ ਤੇ ਪਰਭਾਵ ਕਰਕੇ ਜਗਿਆਸੂ ਜਨ ਦੇ ਮਨ ਨੂੰ ਸਤਿਗੁਰੂ ਸੇਵਨ ਦੀ, ਸਤਿਗੁਰੂ ਦੀ ਨਿਸੰਗ (ਨਿਰਸੰਕੋਚ) ਸੇਵਾ ਕਰਨ ਦੀ ਦ੍ਰਿੜ੍ਹਤਾ ਆਉਂਦੀ ਹੈ। ਗੁਰਸਿਖਾਂ ਦੀ ਪਾਰਸ ਸੰਗਤਿ ਪ੍ਰੋਤਿਆ ਹੋਇਆ ਜਗਿਆਸੂ ਜਨ ਸਤਿਗੁਰੂ ਦੁਆਰਿਓਂ ਦੀਖਿਆ ਲੈਂਦਾ ਹੈ। ਗੁਰ ਦੀਖਿਆ (ਗੁਰ ਮੰਤ੍ਰ) ਲੈ ਕੇ ਵਾਹਿਗੁਰੂ ਦੀ ਭਗਤੀ ਵਿਚ ਨਿਸੰਗ ਹੋ ਕੇ ਜੁਟ ਜਾਂਦਾ ਹੈ। ਸਤਿਗੁਰੂ ਦੀਖਿਆ ਦੁਆਰਾ ਦ੍ਰਿੜ੍ਹ ਹੋਈ ਸੇਵਾ-ਭਗਤੀ ਦੀ ਬਰਕਤ ਦੁਆਰਾ ਨਿਰੰਕਾਰ ਹਰੀ ਪ੍ਰਮਾਤਮਾ ਵਾਹਿਗੁਰੂ ਮਨ ਅੰਦਰ ਹੀ ਆ ਵਸਦਾ (ਗੁਪਤੋਂ ਪਰਗਟ ਹੋ ਜਾਂਦਾ) ਹੈ। ਫਿਰ ਜਗਿਆਸੂ ਦੇ ਮਨ ਨੂੰ ਪਤੰਗ ਮਾਤਰ ਭੀ ਮੈਲ ਨਹੀਂ ਲਗਦੀ, ਮੈਲ ਦਾ ਪੰਗ ਭੀ ਨਹੀਂ ਲਗਣ ਪਾਉਂਦਾ। ਇਉਂ ਜਗਿਆਸੂ ਦੇ ਮਨ ਅੰਦਰਿ ਸਚੇ ਸ਼ਬਦ ਦੁਆਰਾ ਸੱਚੀ ਪਤਿ ਪਤੀਜਨੀ ਪਰਤੀਤ ਉਪਜਦੀ ਹੈ ਕਿ ਵਾਹਿਗੁਰੂ ਸਚੇ ਦਾ ਨਾਉਂ ਹੀ ਤੱਤ ਪ੍ਰਮਾਰਥੀ ਸਚੁ ਹੈ। ਜਿਨ੍ਹਾਂ ਉਤਮ ਜਗਿਆਸੂਆਂ ਨੇ ਆਪਣੇ ਅੰਦਰਹੁੰ ਸਹਸ ਸਿਆਣਪਾਂ ਵਾਲੀ ਅਹੰਗਤਾ ਨੂੰ ਕਢ ਕੇ, ਅਮੋੜ ਮਤਿ ਵਾਲੀ ਹਉਮੈ ਨੂੰ ਮਾਰ ਕੇ ਗੁਰਪ੍ਰਸਾਦੀ ਤਤ ਗੁਰਮਤਿ ਸਿਧਾਂਤੀ ਸਚੁ ਨੂੰ ਪਛਾਣਿਆ ਹੈ, ਤਿਨ੍ਹਾਂ ਵਿਟਹੁੰ ਜਿਤਨਾ ਭੀ ਕੁਰਬਾਨ ਹੋ ਸਕੀਏ, ਉਤਨਾ ਹੀ ਥੋੜਾ ਹੈ। ਮਨਮੁਖ ਮਨਮਤੀਏ ਪੁਰਸ਼, ਆਨਮਤ ਮਾਨ-ਮਤੀਏ ਪੁਰਸ਼ ਇਸ ਗੁਰਮਤਿ ਉੱਚੇ ਆਦਰਸ਼ੀ ਸਚੁ ਨੂੰ ਜਾਣ ਹੀ ਨਹੀਂ ਸਕਦੇ। "ਮਨਮੁਖ ਸਚੁ ਨ ਜਾਣਨੀ" ਸਚੁ ਨਾ ਜਾਨਣ ਕਰਕੇ ਤਿਨ੍ਹਾਂ ਨੂੰ ਕਿਤੇ ਭੀ ਥਾਉਂ ਠਿਕਾਣਾ ਨਹੀਂ ਮਿਲਦਾ। ਸਚੁ ਥੇਹਹੁੰ ਥਾਵਹੁੰ ਘੁਥਿਆਂ ਨੂੰ ਥਾਉਂ ਠਿਕਾਣਾ ਕਿਥੇ ? ਜਿਨ੍ਹਾਂ ਗੁਰਮੁਖਾਂ ਨੂੰ ਗੁਰੂ ਘਰ ਵਿਚੋਂ ਹੀ ਗੁਰਪ੍ਰਸਾਦ ਕਰਿ 'ਸਚੁ' ਲਭ ਥਿਆਇਆ ਹੈ, ਤਿਨ੍ਹਾਂ ਦਾ ਸਚੇ (ਸੱਚ ਸਰ-ਚਸ਼ਮੇ ਦੇ ਨਿਕਾਸ ਸਰੂਪ) ਵਿਚਿ ਹੀ ਨਿਵਾਸ ਹੋ ਗਿਆ ਹੈ। ਤਿਨ੍ਹਾਂ ਦਾ ਖਾਣਾ ਭੀ ਸਚੁ, ਪੈਨਣਾ

ਭੀ ਸਚੁ ਹੀ ਹੋ ਗਿਆ ਹੈ। ਅਰਥਾਤ ਸਚੁ ਹੀ ਉਹ ਖਾਂਦੇ ਹਨ, ਸਚੁ ਹੀ ਪੈਨ੍ਹਦੇ ਹਨ। ਹੋਰ ਖਾਣ ਪੀਣ ਪੈਨ੍ਹਣ ਦੀ ਓਹਨਾਂ ਦੀ ਸਰਧਾ ਗਈ ਗੁਆਚੀ ਹੋ ਜਾਂਦੀ ਹੈ। ਸਚ ਨਾਮ ਦਾ ਆਧਾਰ ਹੀ ਓਹਨਾਂ ਦਾ ਆਹਾਰ ਹੋ ਜਾਂਦਾ ਹੈ। ਸਚ ਨਾਮ ਦੀ ਅਮਿਉ ਪੁਹਾਰ, ਓਹਨਾਂ ਦੇ ਸਰੀਰ ਦੀ ਰੋਮਾਵਲੀ (ਰੋਮਾਂਚ) ਵਿਚੋਂ ਸਫੁੱਟ ਹੋ ਹੋ ਕੇ, ਓਹਨਾਂ ਦੇ ਸਰੀਰ ਕੱਜਣੀ ਰਾਮ ਕਾਰ ਹੋ ਜਾਂਦੀ ਹੈ। ਏਹੋ ਜੋਤਿ-ਰਸ-ਆਮੀ ਕਿਰਨੱਜਨੀ ਰਾਮ ਕਾਰ ਓਹਨਾਂ ਦੀ ਪੋਸ਼ਾਕ ਹੋ ਜਾਂਦੀ ਹੈ। ਏਸੇ ਲਿਬਾਸ ਪਹਿਰਾਵੇ ਦੇ ਕੋਟ ਪਹਿਰੇ ਵਿਚਿ ਹੀ ਓਹਨਾਂ ਦਾ ਸਰੀਰ ਰਹਿੰਦਾ ਹੈ, ਜਿਸ ਵਿਚਿ ਨਾ ਉਸਨ ਸੀਤ ਓਹਨਾਂ ਨੂੰ ਦਹਿੰਦਾ (ਪੋਹੰਦਾ) ਹੈ, ਨਾ ਓਹਨਾਂ ਦਾ ਸਰੀਰ ਨੰਗਾ ਹੁੰਦਾ ਹੈ। ਐਸਾ ਹੀ ਸੱਚੇ ਵਿਚਿ ਵਾਸ ਵਾਲਾ ਸਚੁ ਖਾਣਾ ਸਚੁ ਪੈਨ੍ਹਣਾ ਓਹਨਾਂ ਦਾ ਸਚਮੁਚ ਹਕੀਕੀ (ਦਰ ਹਕੀਕਤ) ਤੌਰ ਤੇ ਹੋ ਜਾਂਦਾ ਹੈ। ਸਚੇ ਸ਼ਬਦ ਦੇ ਰਸ-ਜੋਤਿ-ਰੰਗ ਵਿਚਿ ਨਿਵਾਸ ਹੋ ਜਾਣ ਕਰਿ "ਸਦਾ ਸਚਾ ਸਾਲਾਹਣਾ" ਉਹਨਾਂ ਦਾ ਆਤਮ ਵਿਗਾਸੀ ਅਭਿਆਸ ਹੋ ਜਾਂਦਾ ਹੈ। ਜੋਤਿ ਪ੍ਰਗਾਸੀ, ਅਨੰਦ ਹੁਲਾਸੀ, ਜਾਗਰਤ ਸਾਵਧਾਨਤਾ ਹੋਸ਼ ਮਸਤ ਹੁਸ਼ਿਆਰੀ ਵਿਚਿ ਸੁਰਤਿ ਸਨਮੁਖਾ ਬਿਸਮ ਦਰਸ਼ਨ ਸਾਹਮਣੇ (ਸੌਂਹੇਂ) ਪੇਖਿ ਪੇਖਿ ਲੋਟ ਪੋਟ ਹੋਇ ਕੈ ਸਚੇ ਸਾਲਾਹੀ ਵਾਹਿਗੁਰੂ ਨੂੰ ਸਾਲਾਹੁੰਦੇ ਹਨ। ਸਚੁ ਦਰਸੀਵੀਆਂ ਦੀ ਸਚ ਸਾਲਾਹੁਣੀ ਹੀ ਅਨੂਪਮ ਹੈ। ਇਹ ਅਤਿ ਅਨੂਪਮ ਸਚ ਸਾਲਾਹਣੀ ਹੀ ਓਹਨਾਂ ਦੀ ਆਤਮ ਦਿਬ ਦ੍ਰਿਸ਼ਟੀ ਨੂੰ ਸਰਬੱਗਤਾ ਦੀ ਪਹੁੰਚ ਵਾਲੀ ਕਰ ਦਿੰਦੀ ਹੈ। ਓਹ ਸਾਰੇ ਘਟ ਘਟ ਤੇ ਪਟ ਪਟ ਅੰਦਰ ਪਰਮਾਤਮਾ ਨੂੰ ਪਰਤੱਖ ਰਮਿਆ ਹੋਇਆ ਦੇਖਦੇ ਹਨ। ਐਸੀ ਓਹਨਾਂ ਦੇ ਆਤਮਾ ਦੀ ਦਿੱਬ ਦ੍ਰਿਸ਼ਟਤਾ ਰਸਾਈ ਹੋ ਜਾਂਦੀ ਹੈ। ਆਤਮਾ ਨਿਜ ਪਰਮਾਤਮਾ ਸਰੂਪ ਨੂੰ ਪਛਾਣ ਕੇ ਉਥੇ ਹੀ ਨਿਵਾਸ ਕਰਿ ਬਹਿ ਰਹਿੰਦਾ (ਟਿਕ ਰਹਿੰਦਾ) ਹੈ। ਇਉਂ 'ਸਚੁ' ਦੇ ਤੱਤ ਦਰਸੀਆਂ ਦਾ ਨਿਜ ਘਰਿ ਵਾਸੁ ਹੋ ਜਾਂਦਾ ਹੈ। ਗੁਰਮਤੀ ਹੀ ਸਚੁ ਪਰਕਾਸ਼ ਹੁੰਦਾ ਹੈ, ਗੁਰਮਤੀ ਹੀ ਨਿਜ ਘਰਿ ਵਾਸੁ ਇਸ ਪਦ ਪੁਗ ਕੇ ਨਿਰਾ ਸਚੁ ਹੀ ਸਚੁ ਵੇਖਣਾ ਨਸੀਬ ਹੁੰਦਾ ਹੈ। ਸਚੁ ਨੂੰ ਪਰਤੱਖ ਵੇਖ ਕੇ, ਸਚੁ ਵਾਂਹੁ ਬਿਸਮਾਦ ਬਿਸੇਖ ਕੇ ਗੁਰਮਤਿ ਅਸਗਾਹ ਬਿਸਮ ਰੰਗਾਂ ਵਾਲੀ ਸਿਫਤਿ ਸਾਲਾਹ ਦਾ ਵਾਹਿ ਵਾਹਿ ਗੁਰ ਗੁਰੀ ਟੇਰ ਵਿਚਿ ਬੇਤਹਾਸ਼ਾ ਬੋਲਣਾ ਹੋ ਜਾਂਦਾ ਹੈ। ਇਹੁ "ਸਚੁ ਵੇਖਣੁ ਸਚੁ ਬੋਲਣਾ" ਹੈ। ਸਚੁ ਬੋਲਣ ਦੀ ਇਸ ਗੁਰਮਤਿ ਸਿਧਾਂਤਣੀ ਟੇਵ ਟੇਰਨੀ ਦੀ ਪਾਰਸ ਕਲਾ ਦੇ ਪਰਭਾਵ ਕਰਿ 'ਸਚੁ' ਰੂਪੀ ਗੁਰਮਤਿ ਬੋਲ ਬੋਲਣਹਾਰੇ ਦਾ ਸਚੁ ਸਿਫਤਿ ਸਾਲਾਹ ਰੂਪੀ ਤੱਤ ਵਿਰੋਲਣਹਾਰੇ ਦਾ ਸੁਆਸਿ ਅਭਿਆਸੀ ਸੁਆਸਿ ਗਿਰਾਸੀ ਵਾਹੁ ਵਾਹੁ ਗੁਰ ਗੁਰੁ ਚਵਨ ਚਵੋਲਣਹਾਰੇ ਦਾ ਤਨੁ ਭੀ ਸੱਚਾ ਅਤੇ ਮਨ ਭੀ ਸੱਚਾ ਹੋ ਜਾਂਦਾ ਹੈ। ਸਚ ਰਸਿ ਸੰਚਿਰਤਾ ਹੋਣ ਕਰਿ ਤਨੁ ਸੱਚਾ, ਸਚ ਰੰਗਿ ਰਸਾਇਣ-ਰੱਤਾ ਹੋਣ ਕਰਿ ਮਨ ਭੀ ਸੱਚਾ, ਪਾਕੰ ਪਾਕ ਰਸਕ ਰਸਾਕ ਹੋ ਜਾਂਦਾ ਹੈ। ਇਸ ਬਿਧਿ ਸਾਕਸ਼ਾਤ ਦੇਖੇ 'ਸਚੁ' ਦੀ ਸਚੁ ਵੇਖ ਕੇ ਆਖੀ ਹੋਈ ਸਾਖੀ ਹੀ ਸੱਚੀ ਹੈ। ਇਸ ਸਚੁ ਵੇਖੀ ਸਾਖੀ ਵਾਲੇ ਸਚੁ ਸਾਕਸ਼ਾਤਕਾਰੀ ਹੀ, 'ਸਚੁ' ਨੂੰ ਉਪਦੇਸ਼ ਸਕਦੇ ਹਨ। ਓਹ ਏਸ ਸਚੁ ਦਾ ਨਿਰੋਲ ਉਪਰ ਦਰਸਾਏ ਗੁਰਮਤਿ ਸਿਧਾਂਤੀ ਸੱਚ ਦਾ ਸੱਚਾ ਯਥਾਰਥ

ਉਪਦੇਸ਼ ਕਰ ਸਕਦੇ ਹਨ। ਓਹੀ,ਬਸ ਓਹੀ ਗੁਰਮੁਖ ਸਚ-ਸਾਰ-ਗਰਾਹੀ ਸਚੜੇ ਜਨ ਹੀ ਸਚ ਨਿਰਖੀਆਂ ਸਾਖੀਆਂ ਸੁਣਾਇ ਸੁਣਾਇ ਸਚ ਦੀ ਸੱਚੀ ਸਾਖਾ (ਸ਼ਹਾਦਤ) ਭਰ ਭਰ ਕੇ 'ਸਚੁ' ਦੀ ਸੱਚੀ ਲਖਤਾ ਦਾ ਹੋਕਾ ਦੇ ਸਕਦੇ ਹਨ। ਉੱਚੀ ਪੁਕਾਰ ਪੁਕਾਰ ਕੇ, ਸਪਸ਼ਟ ਨਿਖਾਰ ਨਿਖਾਰ ਕੇ ਬਰਮਲਾ ਸਭ ਨੂੰ ਸੁਣਾਇ ਦਸਾਇ ਸਕਦੇ ਹਨ। ਏਹ ਹੋਕਾ ਦੇਂਦੇ ਹਨ "ਸਚੁ ਲਾਧੋਰੇ, ਗੁਰੂ ਘਰ ਵਿਖੇ ਸਚੁ ਲਾਧੋਰੇ।" ਇਹੋ ਸੋਇ ਸਭ ਨੂੰ ਸੁਣਾਵਣੀ "ਸਚੇ ਦੀ ਸਚੀ ਸੋਇ" ਹੈ। ਐਸੇ ਅਮੋਲਕ 'ਸਚੁ' ਨੂੰ ਜਿਨ੍ਹਾਂ ਨੇ ਵਿਸਾਰਿਆ ਹੈ, ਤਿਨ੍ਹਾਂ ਨੂੰ ਇਸ ਸੰਸਾਰ ਵਿਚਿ ਰਹਿ ਕੇ ਸੁਖ ਸੁਪਨੇ ਭੀ ਪ੍ਰਾਪਤਿ ਨਹੀਂ ਹੁੰਦਾ। ਓਹ ਸਦਾ ਦੁਖੀਏ ਹੀ ਰਹਿੰਦੇ ਹਨ। ਤੇ ਦੁਖੀਏ ਹੋਇਕੇ ਰੋਂਦੇ ਹਨ ਤੇ ਰੋਇ ਰੋਇ ਦੁਖੀਏ ਹੋਇ ਹੋਇ ਸੱਚੀ 'ਸਚੁ' ਵਥੁ ਤੋਂ ਖ਼ਾਲੀ ਹੀ ਚਲੇ ਜਾਂਦੇ ਹਨ। ਇਹ ਸਚੁ ਵਥੁ ਸਤਿਗੁਰੂ ਦੁਆਰਿਓਂ ਹੀ ਲਭਦੀ ਹੈ ਅਤੇ ਸਤਿਗੁਰੂ ਨੂੰ ਸੇਵ ਕੇ ਹੀ ਲਭਦੀ ਹੈ, ਸਤਿਗੁਰੂ ਦਾ ਸੱਚਾ ਸਿਖ ਸੇਵਕ ਬਣ ਕੇ ਹੀ ਲਭਦੀ ਹੈ, ਸਿਖ ਬਣ ਕੇ ਸਤਿਗੁਰੂ ਦੀ ਦ੍ਰਿੜ੍ਹਾਈ ਦੀਖਸ਼ਾਈ ਸੱਚੀ ਸੇਵਾ ਭਗਤੀ ਕਰ ਕੇ ਹੀ ਲਭਦੀ ਹੈ। ਐਸੇ ਸਤਿਗੁਰੂ ਨੂੰ ਜਿਨ੍ਹਾਂ ਨੇ ਆਪਣਾ ਗੁਰੂ ਨਹੀਂ ਬਣਾਇਆ, ਐਸੇ ਸਤਿਗੁਰੂ ਤੋਂ ਜਿਨ੍ਹਾਂ ਨੇ 'ਸਚੁ' ਗੁਰ ਸ਼ਬਦ ਦੀ ਦੀਖਿਆ ਨਹੀਂ ਲਈ ਅਤੇ ਇਸ ਬਿਧਿ ਦੀਖਿਆ ਕਮਾਈ ਕਰ ਕੇ ਜਿਨ੍ਹਾਂ ਨੇ ਐਸੇ ਸਤਿਗੁਰੂ ਨੂੰ ਐਸੀ ਸੱਚੀ ਸੇਵਨੀ ਕਰਿ ਨਹੀਂ ਸੇਵਿਆ "ਸੇ ਕਿਤੁ ਆਏ ਸੰਸਾਰਿ", ਓਹ ਸੰਸਾਰ ਵਿਖੇ ਕਾਹਨੂੰ ਆਏ ? ਆ ਕੇ ਓਹਨਾਂ ਨੇ ਕੀ ਖਟਿਆ?ਜੇ ਓਹਨਾਂ ਸਚੇ ਨਾਮ ਧਨ ਰੂਪੀ ਸਚੁ ਪਦਾਰਥ ਨੂੰ ਨਹੀਂ ਪਾਇਆ ਓਹਨਾਂ ਦਾ ਕੀ ਹਾਲ ਹੋਸੀ ? ਸਤਿਗੁਰੂ ਦਾ ਫ਼ਤਵਾ : "ਜਮ ਦਰਿ ਬਧੇ ਮਾਰੀਅਹਿ" ਵਾਲਾ ਸੁਣ ਕੇ ਓਹਨਾਂ ਤੇ ਤਰਸ ਆਉਂਦਾ ਹੈ, ਕਿਉਂਕਿ ਓਹਨਾਂ ਦੀ ਕੂਕ ਪੁਕਾਰ ਫੇਰ ਕਿਸੇ ਨੇ ਨਹੀਂ ਸੁਣਨੀ। ਓਹਨਾਂ ਨੇ ਆਪਣਾ ਜਨਮ ਬਿਰਥਾ ਹੀ ਗਵਾ ਲਿਆ। ਓਹ ਬਾਰੰਬਾਰ ਮਰਿ ਮਰਿ ਕੇ ਜੰਮਣਗੇ ਅਤੇ ਜੰਮ ਜੰਮ ਕੇ ਫੇਰ ਮਰਨਗੇ। ਇਉਂ ਸਦਾ ਚੁਰਾਸੀ ਦੇ ਚੱਕਰ ਵਿਚਿ ਹੀ ਘੁੰਮਣ ਘੇਰੀਆਂ ਖਾਣਗੇ। ਇਸ ਜਗਤ ਨੂੰ ਇਸ ਬਿਧਿ ਜਲਦਾ ਵੇਖ ਕੇ ਜੇਹੜੇ ਵਡਿਭਾਗੇ ਜਨ ਭਜ ਕੇ (ਦੌੜ ਕੇ) ਸਤਿਗੁਰ ਦੀ ਸਰਨੀ ਜਾਇ ਪਏ ਹਨ,ਬਿਲਮ ਨਹੀਂ ਲਾਈ, ਤਿਨ੍ਹਾਂ ਨੂੰ ਸਤਿਗੁਰੂ ਨੇ "ਸਚੁ ਦਿੜਾਇਆ" ਸਚੁ ਨਾਮੁ ਦ੍ਰਿੜ੍ਹਾ ਦਿਤਾ ਹੈ। ਸੱਚੀ ਦੀਖਿਆ ਦੇ ਕੇ ਦ੍ਰਿੜ੍ਹਾਇ ਦਿਤਾ ਹੈ। ਸਚੁ (ਨਾਮੁ) ਦ੍ਰਿੜ੍ਹੀਵ ਕੇ ਜੇਹੜੇ ਗੁਰਬਾਣੀ ਰੂਪੀ ਵਾਕਾਂ ਮਈ ਸਤਿਗੁਰੂ ਦੇ ਹੁਕਮਾਂ ਅਨੁਸਾਰ ਗੁਰ ਹੁਕਮ ਦ੍ਰਿੜ੍ਹਾਈ ਸਚ ਨਾਮ ਦੀ ਸਚੜੀ ਸਤ੍ਹ ਸੰਜਮੀ ਅਭਿਆਸ ਕਮਾਈ ਕਰਿ ਕਰਿ ਸਦਾ ਤੱਤਪਰ ਰਹੇ ਹਨ, ਓਹ ਇਸ ਸੰਸਾਰ ਸਾਗਰ ਤੋਂ ਤਰ ਗਏ। ਸਤਿਗੁਰੂ ਸਚੜਾ ਜਹਾਜ਼ ਬੋਹਿਥਾ, ਬੋਹਿਥ ਦਾ ਮਲਾਹ ਸਤਿਗੁਰੂ ਤਿਨ੍ਹਾਂ ਨੂੰ ਇਸ ਭਵਜਲ ਤੋਂ ਤਾਰ ਲੈਂਦਾ ਹੈ। ਬਸ ਜੋ ਤਰੇ ਹਨ ਸਤਿਗੁਰੂ ਖੇਵਟ ਦੁਆਰਾ ਗੁਰਸ਼ਬਦ ਲੈ ਕੇ ਇਸ ਸਚੜੇ 'ਸਚੁ' ਦੇ ਆਸਰੇ ਹੀ ਤਰੇ ਹਨ। ਹੋਰ ਉਪਾਉ ਕੋਈ ਨਹੀਂ। ਲਖ ਚੁਰਾਸੀ ਜੋਨਾ ਵਿਚਿ ਭਉਂਦੇ ਬਥੇਰੇ ਫਿਰਦੇ ਰਹੇ। ਬਥੇਰੇ ਕੀ ? ਸਾਰੀ ਨਿਗੁਰੀ ਲੁਕਾਈ ਫਿਰਦੀ ਰਹੀ। ਸਾਰਾ ਨਿਗੁਰਾ ਜਗਤੁ ਭੀ ਭਉਂਦਾ ਫਿਰਦਾ ਰਿਹਾ। ਸੱਚੇ ਸਤਿਗੁਰੂ ਬਾਝੋਂ

ਮੁਕਤੀ ਕਿਸੇ ਦੀ ਨਹੀਂ ਹੋਈ, ਨਾ ਹੋਵੇਗੀ। ਵੇਦਾਂ ਸਿਮ੍ਰਤੀਆਂ ਉਪਨਿਸ਼ਦਾਂ ਦੇ ਗਿਆਤੇ ਬਥੇਰੇ ਪੰਡਤ ਤੇ ਰਿਖੀ ਮੁਨੀ ਅਨਿਕ ਭਾਂਤੀ ਸ਼ਾਸਤਰ ਫ਼ਿਲਾਸਫ਼ੀਆਂ ਪੜ੍ਹਿ ਪੜ੍ਹਿ ਥਕ ਰਹੇ ਤਿਨ੍ਹਾਂ ਨੂੰ 'ਸਚੁ' ਨਹੀਂ ਮਿਲਿਆ, ਐਵੇਂ ਦੂਜੇ ਭਾਇ ਟਕਰਾਂ ਮਾਰਿ ਮਾਰਿ ਸਚੋਂ ਵਾਂਝੇ ਹੀ ਰਹੇ। ਸਭ ਅਪਣੀ ਪਤਿ ਗਵਾ ਗਏ। ਸਤਿਗੁਰੂ ਨੇ ਧੁਰ ਅਰਸ਼ੋਂ ਉਤਰੀ ਬਾਣੀ ਵਾਲਾ ਇਹ ਸਬਦੁ ਫੁਰਮਾਣ ਸੁਣਾਇਆ ਕਿ ਸਚੇ ਵਾਹਿਗੁਰੂ ਨਾਮ ਬਿਨਾ ਹੋਰੁ ਸਚੁ ਕੋਈ ਨਹੀਂ। ਜੇ ਕਿਸੇ ਫ਼ਿਲਾਸਫ਼ਰ ਨੇ ਇਸ 'ਸਚੁ' ਬਾਝੋਂ ਹੋਰ ਸਚੁ ਕੋਈ ਕਲਪਿਆ ਹੈ ਸੋ ਅਨ-ਸਥਿਰ ਹੈ। ਉਸ ਨੇ ਥਿਰ ਨਹੀਂ ਰਹਿਣਾ। ਜੇਹੜੇ ਸਚੇ ਵਾਹਿਗੁਰੂ ਗੁਰ ਪਰਮੇਸ਼ਵਰ ਦੇ ਲਾਏ ਹੋਏ (ਸਚੁ ਪਦਾਰਥ ਨੂੰ ਪ੍ਰਾਪਤਿ ਕਰ ਕੇ) 'ਸਚੁ' ਨੂੰ ਲਗੇ (ਜੁਟੇ) ਹਨ ਅਤੇ ਸਚੁ ਅਭਿਆਸ ਕਮਾਈ ਦੀ ਨਿਤ ਸਚੀ ਕਾਰ ਕਰਨ ਵਿਚਿ ਸਦਾ ਤੱਤਪਰ ਹੋਏ ਹਨ, ਤਿਨ੍ਹਾਂ ਨੇ ਵਾਹਿਗੁਰੂ 'ਸਚੁ' ਦੇ ਨਿਜ ਘਰ ਵਿਚਿ ਵਾਸਾ ਪਾ ਲਿਆ। ਓਹ ਸਚੇ, ਸਚੜੇ ਮਹਲੀ ਦੇ ਨਾਲਿ ਹੀ ਉਸ ਦੇ ਮਹਲ ਵਿਚਿ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਸੱਚੜੀ ਸਾਖਾ ਭਰਦੇ ਹਨ ਕਿ ਸਚੜੇ ਨਾਮਿ ਰਚੰਨੜੇ ਭਗਤ ਜਨ ਐਥੇ ਓਥੇ ਸਦਾ ਸੁਖੀਏ ਹੀ ਰਹਿੰਦੇ ਹਨ।

'ਸਚੁ' ਨੂੰ ਮਨ ਵਿਚ ਵਸਾਉਣ ਵਾਲੀ ਮਤਿ ਹੀ ਸੱਚੀ ਨਿਹਚਲ ਮਤਿ ਅਪਾਰ ਹੈ ਯਥਾ ਗੁਰਵਾਕ:

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥
ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥੧॥ਪੰਨਾ ੮੩

**ਸਲੋਕ ਮ: ੩,** ਸਿਰੀ ਰਾਗ ਕੀ ਵਾਰ ਮਹਲਾ ੪

ਰਾਗਾਂ ਵਿਚਿ ਸਿਰੋਮਣਿ ਰਾਗ ਸਿਰੀ ਰਾਗੁ ਦਾ ਗਾਵਿਆ, ਗੁਰਬਾਣੀ ਦਾ ਸਿਰੀ ਰਾਗ ਵਿਚ ਕੀਰਤਨ ਕੀਤਾ ਸਚਾ ਪਰਮਾਰਥੀ ਅਧਿਆਤਮ ਰੰਗੁ ਖੇੜਦਾ ਹੈ, ਜੇ ਸਚੁ ਨਾਮ ਨਾਲਿ ਸੱਚਾ ਪਿਆਰ ਪਾਇਆ ਜਾਵੇ। ਸਰਧਾ ਸੇਤੀ, ਸਚੁ ਪਿਆਰ ਸੰਗੇਤੀ ਸਿਰੀ ਰਾਗ ਵਿਚਿ ਹਰਿ ਕੀਰਤਨ ਕੀਤਾ ਹੋਇਆ ਇਹ ਫਲੁ ਲਿਆਉਂਦਾ ਹੈ ਕਿ ਕੀਰਤਨ ਕਰਨਹਾਰੇ ਦੇ ਮਨ ਵਿਚਿ ਸੱਚਾ, ਹਰਿ ਸਚੁ (ਵਾਹਿਗੁਰੂ ਰੂਪੀ ਸਚੁ) ਆਇ ਵਸਦਾ ਹੈ। ਹਰਿ ਸਚੁ ਮਨਿ ਆਇ ਵਸਣ ਕਰਿ ਹਰਿ ਸਚੁ ਵਾਸੀਏ ਗੁਰਮੁਖ ਜਨ ਦੀ ਮਤਿ ਨਿਹਚਲ ਹੋ ਜਾਂਦੀ ਹੈ, ਅਪਾਰ ਨਿਹਚਲਤਾ ਵਾਲੀ ਹੋ ਜਾਂਦੀ ਹੈ। ਗੁਰ ਕੇ ਸ਼ਬਦ (ਗੁਰਮੰਤ੍ਰ) ਨੂੰ ਵੀਚਾਰਿਆਂ, ਕਮਾਇਆਂ, ਅਭਿਆਸ ਕਮਾਈ ਵਿਚਿ ਲਿਆਇਆਂ ਨਾਮ ਰੂਪੀ ਸਚੁ ਘਟ ਅੰਤਰਿ ਪਰਕਾਸ਼ਤ ਹੋ ਕੇ ਅਮੋਲਕ ਰਤਨ ਵਾਂਗੂੰ ਦਮਕ ਉਠਦਾ ਹੈ। ਇਹ ਸਚੁ ਅਮੋਲਕੀ ਰਤਨ ਦਾ ਸੱਚਾ ਵਾਸਤਵੀ ਪਾਉਣਾ ਹੈ। ਪਰਤੀਤ ਕਰਿ ਸਚੁ ਪਾਵਨ ਦੀ ਸਿਦਕ ਪਾਵਨੀ ਸਰਧਾ ਏਥੇ ਅਤੇ ਏਥੋਂ ਹੀ ਵਧਦੀ ਹੈ। ਇਸ

ਰਸ-ਜੋਤਿ ਪਰਜੁਲਤੀ ਸਚ ਰਤਨੁ ਅਮੋਲਕ ਰਤਨ ਦੇ ਪਾਵਨ ਕਰਿ ਜਿਹਵਾ ਭੀ ਸੱਚੀ ਹੋ ਜਾਂਦੀ ਹੈ, ਜਿਸ ਜਿਹਵਾ ਕਰਾਕੇ ਇਸ 'ਸਚੁ ਨਾਮੁ' ਅਮੋਲਕ ਰਤਨ ਨੂੰ ਰਸ-ਬੇਧਨੇ-ਜੋਤਿ-ਰੰਗਾਂ ਵਿਚਿ ਜਪਿਆ ਜਾਂਦਾ ਹੈ। ਇਸ ਤੱਤ ਸਚ ਦੇ ਅੰਦਰਿ ਪਰਵੇਸ਼ ਹੋਣ ਕਰਿ ਮਨੁ ਭੀ ਸੱਚਾ ਹੋ ਜਾਂਦਾ ਹੈ, ਕਿਉਂਕਿ ਇਸ ਦੇ ਅੰਦਰਿ ਸਭੁ ਸਚੋ ਹੀ ਸਚੁ ਵਰਤਣੁ ਲਗ ਪੈਂਦਾ ਹੈ। ਕੂੜ ਦੀ ਰਾਈ ਨਹੀਂ ਰਹਿੰਦੀ, ਸਰੀਰ-ਦੇਹੁਰੀ ਭੀ ਇਸ ਜੋਤਿ-ਰਤੰਨੇ ਸਚੁ ਨਾਲਿ ਦਗ ਉਠਦੀ ਹੈ। ਪੰਚ ਭੂਤਕ ਸਰੀਰੁ ਦਿਬ ਜੋਤਕ ਮੰਦਰ ਬਣਿ ਜਾਂਦਾ ਹੈ। ਸਚੁ ਮਣੀ ਦੀਆਂ ਆਭਾਂ ਸਰੀਰ ਦੇ ਰੋਮ ਰੋਮ, ਰਗੋ ਰੇਸ਼ੇ ਚੋਂ ਨਿਕਲਣ ਲਗ ਪੈਂਦੀਆਂ ਹਨ। ਸਾਰਾ ਸਰੀਰ ਰੂਪੀ ਅਕਾਰੁ ਕੰਚਨ ਵੰਨਾ ਹੋ ਜਾਂਦਾ ਹੈ। ਸਚੁ ਚੁਵੰਨਾ, ਸਚੁ ਨਿਚੁੜੰਨਾ ਸਚੁ ਵਿਗਸੰਨਾ ਹੋ ਜਾਂਦਾ ਹੈ। ਧੁਰਿ ਨਿਰੰਕਾਰ ਦੀ ਦਰਗਾਹੋਂ ਪਠਾਏ ਗੁਰ ਨਾਨਕ ਨਿਰੰਕਾਰੀ ਦੇ ਜੋਤਿ ਜਾਮੇ ਵਿਚਿ ਪ੍ਰਗਟੇ ਸਚੇ ਸਤਿਗੁਰੂ ਸਾਹਿਬਾਨ ਦੀ ਗੁਰਮਤਿ ਭਾਵ ਲਖਣੀ ਸੇਵਾ ਭਗਤੀ ਕੀਤਿਆਂ, ਸਚੁ ਨਾਮੁ ਪਦਾਰਥੁ ਦਾ ਸਦਾ ਸਚੜਾ ਵਾਪਾਰ ਬਣਿਆ ਰਹਿੰਦਾ ਹੈ। ਸਚੁਵਾਰੇ ਦੇ ਤੋਰੇ ਤੁਰੇ ਹੀ ਰਹਿੰਦੇ ਹਨ, ਕਦੇ ਤੋਟ ਨਹੀਂ ਆਉਂਦੀ।

## ੬

# ਸਚ ਦਾ ਸਚੇ ਮਹਲੀਂ ਆਸਣ

ਗੁਰਵਾਕ :

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥ ੧ ॥
... ... ...
... ... ...
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥ ੪ ॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥ ੫ ॥

**ਪੰਨਾ ੫੬–੫੭— ਸਿਰੀ ਰਾਗੁ ਮਹਲਾ ੧**

ਜਪੁ ਤਪੁ ਆਨਮਤਾਂ ਦੇ ਕਰਮਾਂ ਦੇ ਸੰਜਮ ਉਪਾਉ ਕੀਤਿਆਂ 'ਸਚੁ' ਨਹੀਂ ਲਭਦਾ, ਭਾਵੇਂ ਕਿਤਨੀ ਸਾਧਨਾ ਕੋਈ ਸਾਧ ਲਵੇ ਅਤੇ ਭਾਵੇਂ ਕਿਤਨਾ ਚਿਰੁ ਤੀਰਥੀਂ ਵਾਸਾ ਅਖ਼ਤਿਆਰ ਕਰੀ ਰਖੇ । ਆਨਮਤ ਸੰਜਮੀ ਪੁੰਨ ਦਾਨ ਚੰਗਿਆਈਆਂ ਜਿੰਨੀਆਂ ਭੀ ਕੋਈ ਕਰਿ ਕਰਿ ਥਕ ਰਹੇ, ਗੁਰਮਤਿ ਸਚੁ ਲਭੇ ਬਿਨਾਂ ਤਿਨ੍ਹਾਂ ਦਾ ਕੁਛ ਭੀ ਨਹੀਂ ਬਣਦਾ । ਸਭ ਉਪਰਲੇ ਆਨ ਮਤ ਕਰਮ ਕੀਤੇ ਕਿਸੇ ਲੇਖੇ ਨਹੀਂ । ਜੈਸਾ ਕੋਈ ਬੀਜਦਾ ਹੈ ਤੈਸਾ ਹੀ ਤਿਸਨੂੰ ਉਸ ਦਾ ਫਲੁ ਮਿਲਦਾ ਹੈ । ਗੁਰਮਤਿ ਗੁਣ ਲੁਣਿਆਂ ਬਿਨਾ ਜਨਮੁ ਐਵੇਂ ਬਿਰਥਾ ਹੀ ਜਾਂਦਾ ਹੈ ।......ਸਚੇ ਪ੍ਰੇਮ ਪਿਆਰ ਸੇਤੀ ਸਚ ਆਸਣੀ ਚੜ੍ਹ ਕੇ ਸਚ ਵਿਚਿ ਹੀ ਸਮਾਇ ਰਹੇ ਤਾਂ ਘਾਲ ਥਾਇਂ ਪੈਂਦੀ ਹੈ । ਸਚ ਆਸਣੀ ਬੈਸ ਕੇ ਜਿਨ੍ਹਾਂ ਨੇ ਆਪਣਾ ਸੱਚਾ ਸਰੂਪੁ ਜੋਤਿ ਆਤਮੀ ਆਪਾ ਪਛਾਣਿਆਂ ਹੈ ਤਿਨ੍ਹਾਂ ਦਾ ਘਟ ਰੂਪੀ ਘਰ ਵਿਚ ਰਹਿੰਦਿਆਂ ਹੋਇਆਂ ਭੀ ਸਚ ਸੁਥਾਨੀ ਮਹਿਲ ਵਿਚਿ ਵਾਸਾ ਹੋਇਆ ਰਹਿੰਦਾ ਹੈ । ਸਚੇ (ਨਾਮੁ) ਸੇਤੀ ਰਤਿਆਂ ਹੀ ਵਡ-ਸਚੁ-ਸਰੂਪੀ ਸਚੋ (ਵਾਹਿਗੁਰੂ ਵੱਡਾ) ਪਲੇ ਪੈਂਦਾ ਹੈ । ਸਚੇ ਵਾਹਿਗੁਰੂ ਦੇ ਸਚੜੇ ਨਾਮ ਦਾ ਅਭਿਆਸ ਕਮਾਇਆਂ, ਤ੍ਰੈ ਭਵਣਾਂ ਅੰਦਰਿ ਪ੍ਰਭੂ ਸਚੇ ਵਾਹਿਗੁਰੂ ਦਾ ਸਚੁ ਦਰਸਾਰਾ ਝਲਕਾਂ ਮਾਰਨ ਲਗ ਪੈਂਦਾ ਹੈ ।

ਗੁਰਮੁਖਾਂ ਦੀ ਸਚੁ ਕਮਾਈ, ਸੱਚੇ ਮਹਿਲੀਂ ਚੜ੍ਹਾਇਕੈ ਨਿਹਕੰਟਕ ਰਾਜੁ ਭੁੰਚਾਇ ਦਿੰਦੀ ਹੈ। ਸਤਿ ਸੰਗਤਿ ਮੇਲ ਮਿਲਾਇਕੈ, ਦਸਮ ਦੁਅਰੇ ਬਿਰਤੀ ਚੜ੍ਹਾਇਕੈ, ਸੱਚ ਦੀ ਕਮਾਈ ਸੱਚ ਦੇ ਸਚੇ ਤਖਤ ਤੇ ਬੈਸਾਇਕੈ, ਸਚੁ ਸੰਚ-ਰੱਖਣਾ-ਸਚੜਾ-ਨਿਆਉਂ ਕਰਨ ਨੂੰ ਸਮਰਥ ਬਣਾਇ ਦਿੰਦੀ ਹੈ। ਗੁਰਬਾਣੀ ਦਾ ਸੱਚਾ ਉਪਦੇਸ਼ ਹਰਿ ਜਾਪ ਜਪਾਉਣਾ ਹੈ। ਜਿਨ੍ਹਾਂ ਇਸ ਉਪਦੇਸ਼ ਨੂੰ ਕਮਾਇਆ ਹੈ, ਤਿਨ੍ਹਾਂ ਦੀ ਹਰ ਸਮੇਂ ਹਰਿ ਸਿਉਂ ਬਣਿ ਆਈ ਹੈ। ਯਥਾ ਗੁਰਵਾਕ :

ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ ॥
ਸਚੈ ਤਖਤਿ ਬੈਠਾ ਨਿਆਉ ਕਰਿ ਸਤਿਸੰਗਤਿ ਮੇਲਿ ਮਿਲਾਈ ॥
ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ ...੨॥

ਮਾਰੂ ਵਾਰ ਮ: ੩, ਪੰਨਾ ੧੦੮੭

ਗੁਰਮਤਿ ਅਮਰਾਪੁਰੀ ਸਚੁ ਸਭ ਤੋਂ ਉੱਚਾ ਹੈ। ਯਥਾ ਗੁਰਵਾਕ :

ਮਰਣੁ ਲਿਖਾਇ ਮੰਡਲ ਮਹਿ ਆਏ ॥
ਕਿਉ ਰਹੀਐ ਚਲਣਾ ਪਰਥਾਏ ॥
ਸਚਾ ਅਮਰੁ ਸਚੇ ਅਮਰਾਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥
ਆਪਿ ਉਪਾਇਆ ਜਗਤੁ ਸਬਾਇਆ ॥
ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥
ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥ ਪੰਨਾ ੧੦੨੨

ਮਾਰੂ ਮਹਲਾ ੧

ਜਿਉਂਦੇ ਜੀ ਇਸ ਮਨੁਖਾ ਜਨਮ ਵਿਚਿ ਜਿਨ੍ਹਾਂ ਨੂੰ ਸਚੁ ਮਿਲ ਗਿਆ ਸੋ ਮਿਲ ਗਿਆ। ਮਰ ਕੇ ਕੀਹਨੂੰ ਮਿਲਣਾ ਹੈ?ਅਤੇ ਮਰਣਾ ਹੈ ਅਤੇ ਮਰਣਾ ਜ਼ਰੂਰੀ ਹੈ। ਹਰ ਕੋਈ ਧੁਰੋਂ ਮਰਣੁ ਲਿਖਾਇਕੈ ਇਸ ਮਿਰਤ ਮੰਡਲ ਵਿਖੇ ਆਇਆ ਹੈ। ਇਸ ਮਿਰਤ ਮੰਡਲ ਵਿਖੇ ਕਿਸੇ ਬਿਧਿ ਭੀ ਕਿਸੇ ਨੇ ਥਿਰ ਨਹੀਂ ਰਹਿਣਾ, ਅਵੱਸ਼ ਪਰਲੋਕ ਵਿਖੇ ਜਾਇ ਵਸਣਾ ਹੈ। ਜਿਸ ਨੂੰ ਇਸ ਲੋਕ ਵਿਖੇ ਰਹਿੰਦਿਆਂ ਸੋ ਸਚੁ (ਵਾਹਿਗੁਰੂ) ਮਿਲ ਗਇਆ ਹੈ, ਉਸ ਨੂੰ ਸਚੇ ਵਾਹਿਗੁਰੂ ਰਜਾਈ ਦੀ ਹੁਕਮ ਰਜਾ ਅਨੁਸਾਰ ਸਚੇ ਅਮਰਾਪੁਰ ਵਾਸਾ ਪ੍ਰਾਪਤਿ ਹੋਏ ਜੀਵਨ-ਮੁਕਤ ਗੁਰਮੁਖਾਂ ਵਾਲੀ ਸੱਚੀ ਹੂੰ ਸੱਚੀ ਵਡਿਆਈ ਮਿਲੀ। ਉਸ ਸਚੇ ਜਗ-ਜੀਵਨ ਪੁਰਖੁ ਅਕਾਲੁ ਨੇ ਜਗਤ ਸਬਾਇਆ ਆਪ ਹੀ ਉਪਾਇਆ ਹੈ। ਆਪੇ ਹੀ ਸਿਰਜ ਕੇ ਸਿਰੇ ਸਿਰ ਧੰਦੇ ਲਾਇਆ ਹੈ। ਇਸ ਸਚੇ ਸਿਰਜਨਹਾਰ ਰੂਪੀ ਸਚੜੇ 'ਸਚੁ' ਤੋਂ ਉਪਰ ਹੋਰ ਕੋਈ ਨਹੀਂ ਦਿਸਦਾ। ਇਸ 'ਸਚੁ' ਸਚੇ ਦੀ ਕੀਮਤਿ ਇਸਿ ਬਿਧਿ ਗੁਰਮਤਿ ਦੁਆਰਾ ਹੀ ਪਾਈ ਜਾ ਸਕਦੀ ਹੈ।



 www.sikhbookclub.com

## ੭

# ਚੌਹਾਂ ਜੁਗਾਂ ਵਿਚਿ ਕੇਵਲ ਸਚੁ ਹੀ ਪਰਧਾਨ

ਆਦਿ ਨਿਰੰਜਨ ਅਲਖ ਆਪਾਰ 'ਸਚੁ' ਦੀ ਤੱਤ ਲੱਖਤਾ । ਯਥਾ ਗੁਰਵਾਕ :

ਆਦਿ ਜੁਗਾਦੀ ਅਪਰ ਅਪਾਰੇ ॥
ਆਦਿ ਨਿਰੰਜਨੁ ਖਸਮ ਹਮਾਰੇ ॥
ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ ॥੧॥
ਕੇਤੜਿਆ ਜੁਗ ਧੁੰਧੂਕਾਰੈ ॥
ਤਾੜੀ ਲਾਈ ਸਿਰਜਣਹਾਰੈ ॥
ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥
ਸਤਿਜੁਗਿ ਸਤੁ ਸੰਤੋਖੁ ਸਰੀਰਾ ॥
ਸਤਿ ਸਤਿ ਵਰਤੈ ਗਹਿਰ ਗੰਭੀਰਾ ॥
ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ ॥੩॥
ਸਤ ਸੰਤੋਖੀ ਸਤਿਗੁਰੁ ਪੂਰਾ ॥
ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥
ਸਤਿਜੁਗਿ ਸਾਚੁ ਕਹੈ ਸਭੁ ਕੋਈ ॥
ਸਚਿ ਵਰਤੈ ਸਾਚਾ ਸੋਈ ॥
ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ ॥੫॥
ਤ੍ਰੇਤੈ ਧਰਮ ਕਲਾ ਇਕ ਚੂਕੀ ॥
ਤੀਨਿ ਚਰਣ ਇਕ ਦੁਬਿਧਾ ਸੂਕੀ ॥
ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ ॥੬॥
ਮਨਮੁਖਿ ਕਦੇ ਨ ਦਰਗਹ ਸੀਝੈ ॥
ਬਿਨੁ ਸਬਦੈ ਕਿਉ ਅੰਤਰੁ ਰੀਝੈ ॥
ਬਾਧੇ ਆਵਹਿ ਬਾਧੇ ਜਾਵਹਿ ਸੋਝੀ ਬੂਝ ਨ ਕਾਈ ਹੇ ॥੭॥
ਦਇਆ ਦੁਆਪੁਰਿ ਅਧੀ ਹੋਈ ॥

ਗੁਰਮੁਖਿ ਵਿਰਲਾ ਚੀਨੈ ਕੋਈ ॥
ਦੋਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ ॥੮॥

ਪੰਨਾ ੧੦੨੩-੨੪-ਮਾਰੂ ਮਹਲਾ ੧

ਆਦਿ ਜੁਗਾਦਿ ਸਮਿਆਂ ਤੋਂ ਭੀ ਅਪਰ ਅਪਾਰ ਅਣਗਿਣਤ ਸਮਿਆਂ ਤੋਂ ਲਾ ਕੇ ਆਦਿ ਨਿਰੰਜਨ ਨਿਰੰਕਾਰ ਸਚੜੇ ਖਸਮ ਨੇ ਨਿਜ ਖ਼ਾਸ ਜੋਗ ਜੁਗਤਣੀ ਸੱਚੀ ਤਾੜੀ ਲਾਈ ਹੋਈ ਹੈ। ਕੇਤੜਿਆਂ ਜੁਗਿ ਧੁੰਧੂਕਾਰ ਵੀ ਵਰਤਦਾ ਰਿਹਾ ਹੈ।ਜਦ ਕਿ ਕੋਈ ਰਚਨਾ ਰਚੀ ਹੋਈ ਨਹੀਂ ਸੀ, ਤਦ ਭੀ ਸਿਰਜਨਹਾਰੇ ਸਚ ਪੁਰਖ ਨੇ ਆਪਣੇ ਸ੍ਵੈ ਸਰੂਪ ਵਿਖੇ ਤਾੜੀ ਲਾਈ ਹੋਈ ਸੀ,ਤਦੋਂ ਭੀ ਕੇਵਲ 'ਸਚੁ' ਰੂਪੀ ਨਾਮ ਦੀ ਸੱਚੀ ਵਡਿਆਈ ਵਰਤ ਰਹੀ ਸੀ। ਸਚੇ ਦਾ ਨਿਜ ਸਿੰਘਾਸਨੀ ਤਖਤੁ ਸੱਚ ਦੇ ਆਸਰੇ ਹੀ ਥੰਮਿਆ ਹੋਇਆ ਸੀ। ਤਦੋਂ ਭੀ ਸਚੁ ਹੀ ਪਰਧਾਨ ਸੀ। ਸਤਿਜੁਗ ਵਿਖੇ ਸਾਰੇ ਸਰੀਰ ਅਕਾਰ ਹੀ ਸਤ ਸੰਤੋਖ ਨਾਲਿ ਭਰਪੂਰ ਸਨ। ਸਭਨਾਂ ਵਿਚਿ ਸੱਚਾ ਪਰਮ ਸਚੁ ਗਹਿਰ ਗੰਭੀਰ ਵਾਹਿਗੁਰੂ ਸੱਚੀ ਸੱਤਤਾ ਸਹਿਤ ਵਰਤ ਰਿਹਾ ਸੀ। ਸੱਚਾ ਸਾਹਿਬੁ ਕੇਵਲ 'ਸਚੁ' ਹੀ ਪਰਖਦਾ ਸੀ। ਸਾਚੇ ਹੁਕਮ ਨਾਲਿ ਹੀ ਸਭ ਚਲਤ ਵਰਤਾਉਂਦਾ ਰਿਹਾ ਹੈ। ਸਚੇ ਵਾਹਿਗੁਰੂ ਦੀ ਸੱਚੀ ਦਰਗਾਹ ਵਿਚਿ 'ਸਚੁ' ਦਾ ਹੀ ਨਿਵਾਸ ਹੈ। ਇਸ ਸੱਚ ਨੂੰ ਸੱਚ ਕਰਕੇ ਜਣਾਉਣ ਅਤੇ ਪ੍ਰਗਟਾਉਣਹਾਰਾ ਸੱਚ ਦਾ ਪੁੰਜ ਸਤ ਸੰਤੋਖੀ ਪੂਰਾ ਸਤਿਗੁਰੂ ਹੀ ਹੈ। ਅਤੇ ਗੁਰੂ ਕਾ 'ਸਚੁ ਸਬਦੁ' ਮੰਨਣਹਾਰਾ (ਕਮਾਉਣਹਾਰਾ) ਜੋ ਹੈ,ਸੋਈ ਸੱਚ-ਸੂਰਾ ਪਰਧਾਨ ਹੈ। ਐਸੇ ਹੁਕਮਿ ਰਜਾਈ ਚਲਣਹਾਰੇ ਸੱਚ ਸੂਰੇ ਪੁਰਸ਼ਾਂ ਦਾ ਹੀ ਸੱਚੀ ਦਰਗਾਹ ਵਿਚਿ ਵਾਸਾ,ਸਚੁ ਨਿਵਾਸਾ ਹੁੰਦਾ ਹੈ। ਸਤਿਜੁਗ ਵਿਖੇ ਸਚੁ ਸੱਚ ਤਾਂ ਸਭ ਕੋਈ ਆਖਦਾ (ਕਹਿੰਦਾ) ਹੈ, ਤੱਤ ਸਚ ਵਿਖੇ ਜਿਸ ਦੀ ਵਰਤੋਂ ਹੁੰਦੀ ਹੈ,ਅਸਲ ਸਚੁ ਕਮਾਉਣਹਾਰਾ ਸੱਚਾ ਪੁਰਖੁ ਸੋਈ ਹੈ। ਮਨਮੁਖਾਂ ਦੇ ਭਰਮ ਭਉ ਭੰਜਨਹਾਰਾ ਸਚੁ ਭੀ ਇਹੋ ਤੱਤ ਵਿਲੱਖਣੀ ਸਤਿ ਪਰਮਾਰਥੀ ਸਚੁ ਹੀ ਹੈ। ਹੋਰ ਕਥਨੀ ਬਦਨੀ ਵਾਲਾ ਸੱਚ ਭੰਬਲਭੂਸੇ ਪੁਆਉਣ ਵਾਲਾ ਸੱਚ ਹੀ ਹੈ। ਅਸਲ ਸਚੁ ਤਾਂ ਗੁਰਮੁਖਾਂ ਨੂੰ ਹੀ ਸਖਾ ਸਹਾਈ ਹੋ ਕੇ ਪ੍ਰਾਪਤਿ ਹੋਇਆ ਹੈ। ਤ੍ਰੇਤੇ ਜੁਗ ਵਿਖੇ ਧਰਮ ਕਲਾ ਦਾ ਇਕ ਚਰਨ ਝੜ ਜਾਣ ਕਰਕੇ ਜਦੋਂ ਦੁਬਿਧਾ ਵਿਆਪ ਗਈ,ਓਦੋਂ ਤਾਂ ਇਸ ਦੁਬਿਧਾ ਕਾਰਨ ਬਹੁਤ ਸਾਰੀ ਮਨਮੁਖਤਾ ਭੀ ਵਿਆਪ ਗਈ। ਵਿਰਲੇ ਗੁਰਮੁਖਾਂ ਅੰਦਰ ਹੀ ਸਚ ਦੀ ਵੰਨਗੀ ਰਹਿ ਗਈ। ਕੂੜ ਮੁੱਠੀ ਲੁਕਾਈ ਅੰਞਾਈਂ ਹੀ ਪਚਿ ਪਚਿ ਕੇ ਮਰਨ ਲਗ ਗਈ। ਸੱਚੇ ਦੀ ਸੱਚੀ ਦਰਗਾਹ ਵਿਚਿ ਮਨਮੁਖ ਕਦੇ ਸਿਞ ਹੀ ਨਹੀਂ ਸਕਦੇ। ਸਬਦ ਸਚੇ ਬਾਝੋਂ ਉਹਨਾਂ ਦਾ ਅੰਦਰਲਾ 'ਸਚੁ' ਨਾਲ ਰੀਝ ਪਤੀਜ ਹੀ ਨਹੀਂ ਸਕਦਾ। ਓਹ ਦੁਬਿਧਾ ਕੂੜ ਦੇ ਬੰਨ੍ਹੇ ਹੋਏ ਹੀ ਆਉਂਦੇ ਹਨ, ਬੰਨ੍ਹੇ ਹੋਏ ਹੀ ਚਲੇ ਜਾਂਦੇ ਹਨ। 'ਸਚੁ' ਦੀ ਸੂਝ ਬੂਝ ਓਹਨਾਂ ਨੂੰ ਕਾਈ ਨਹੀਂ ਹੁੰਦੀ, ਰਾਈ ਮਾਤ੍ਰ ਹੀ ਨਹੀਂ ਹੋ ਸਕਦੀ। ਜੁਗ ਦੁਆਪੁਰ ਅੰਦਰਿ ਧਰਮ ਦੇ ਨਾਲਿ ਜਦ ਦਇਆ ਦੇ ਧੁਰਵੇ ਵਾਲਾ ਚਰਨ ਭੀ ਖਿਸਕ ਗਿਆ ਤਾਂ ਸੱਚ ਦੀ ਕਲਾ ਅੱਧੀ ਹੀ ਰਹਿ ਗਈ। ਉਹ ਅੱਧ-ਪਚੱਧੀ ਭੀ ਨਿਰੀ ਮਧਮਤਾ ਵਿਚਿ ਹੀ ਪੈ ਗਈ। ਤਦ ਇਸ

ਪਰਮ ਸੱਚੁ ਨੂੰ ਚੀਨਣਹਾਰਾ ਕੋਈ ਕੋਟ ਮਧੇ ਵਿਰਲਾ ਹੀ ਰਹਿ ਗਿਆ। ਜਿਥੇ ਧਰਮ ਦੇ ਦੋਇ ਪੈਰ ਹੀ ਧਰਨੀ ਤੇ ਧਰੇ ਰਹਿ ਗਏ, ਓਥੇ ਭੀ ਵਿਰਲਿਆਂ ਚੋਂ ਵਿਰਲੇ ਕਿਸੇ ਗੁਰਮੁਖ ਦੇ 'ਸੱਚ' ਦੇ ਆਸਰੇ ਹੀ ਰਹਿ ਗਏ। ਤਾਂਤੇ ਸਾਰੇ ਜੁਗਾਂ ਅੰਦਰਿ ਸਚੁ ਹੀ ਪ੍ਰਧਾਨ ਹੈ। ਪਰ ਇਸ ਸੱਚ ਦੀ ਸਾਰ ਸਾਰੇ ਜੁਗਾਂ ਅੰਦਰ ਵਿਰਲੇ ਗੁਰਮੁਖਾਂ ਨੂੰ ਹੀ ਆਉਂਦੀ ਹੈ, ਨਹੀਂ ਤਾਂ ਆਮ ਲੁਕਾਈ ਕੂੜ ਨੂੰ ਸੱਚ ਸਮਝ ਕੇ ਭਰਮਿ ਭੁਲਾਈ ਫਿਰਦੀ ਹੈ। ਸੱਚ ਦੀ ਸਾਰ ਕਿਸੇ ਨਹੀਂ ਜਾਣੀ।

ਅਗੇ 'ਸਚੁ' ਸਿਧਾਂਤ ਵਿਲੱਖਣੀ ਹੋਰ ਗੁਰਵਾਕ ਲਵੋ :

ਨਿਹਚਲ ਏਕੁ ਸਦਾ ਸਚੁ ਸੋਈ ॥
ਪੂਰੇ ਗੁਰ ਤੇ ਸੋਝੀ ਹੋਈ ॥
ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ ॥੧॥
ਅੰਤਰਿ ਰੰਗੁ ਸਦਾ ਸਚਿਆਰਾ ॥
ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥
ਨਉਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥੨॥
ਰਈਅਤਿ ਰਾਜੇ ਦੁਰਮਤਿ ਦੋਈ ॥
ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥
ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥੩॥
ਆਵਣੁ ਜਾਣਾ ਰਖੈ ਨ ਕੋਈ ॥
ਜੰਮਣੁ ਮਰਣੁ ਤਿਸੈ ਤੇ ਹੋਈ ॥
ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥
ਸਚੁ ਸੰਜਮੁ ਸਤਿਗੁਰੂ ਦੁਆਰੈ ॥
ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥
ਹਉਮੈ ਮੋਹੁ ਉਪਜੈ ਸੰਸਾਰਾ ॥
ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥
ਸਚਾ ਅਮਰੁ ਸਬਦਿ ਸੁਹਾਇਆ ॥
ਪੰਚ ਸਬਦ ਮਿਲਿ ਵਾਜਾ ਵਾਇਆ ॥
ਸਦਾ ਕਾਰਜੁ ਸਚਿ ਨਾਮਿ ਸੁਹੇਲਾ ਬਿਨੁ ਸਬਦੈ ਕਾਰਜ ਕੇਹਾ ਹੇ ॥੭॥

ਪੰਨਾ ੧੦੫੭— ਮਾਰੂ ਮਹਲਾ ੩

**ਵਿਆਖਿਆ :** ਕੇਵਲ ਇਕੋ ਅਕਾਲ ਪੁਰਖ ਹੀ ਸਦਾ ਨਿਹਚਲ ਹੈ। ਸੋਈ ਇਕ

ਸੋਚੁ ਹੈ। ਤਿਸੇ ਸਦਾ ਨਿਹਚਲ ਇਕ ਅਕਾਲ ਪੁਰਖ ਦਾ ਨਾਉਂ ਹੀ ਸਚੁ ਹੈ। ਇਹੀ ਸਚੁ ਇਕ ਐਸਾ ਸਚੁ ਹੈ, ਜੋ ਸਦਾ ਅਸਥਿਰ (ਕਾਇਮ ਦਾਇਮ) ਰਹਿਣ ਵਾਲਾ ਹੈ। ਕਦੇ ਚਲਾਇਮਾਨ ਨਹੀਂ ਹੁੰਦਾ। ਪਰ ਇਸ ਸੱਚ ਦੀ ਸੋਝੀ ਪੂਰੇ ਗੁਰ ਤੋਂ ਹੀ ਹੁੰਦੀ ਹੈ। ਗੁਰੂ ਦੁਆਰਿਓਂ ਸੱਚ ਦੀ ਸੱਚੀ ਸੂਝ ਬੂਝ ਹੋਣ ਪਰ, ਸਚੁ ਨਾਮੁ ਦੀਖਿਆ ਮਿਲਣ ਪਰ, ਹਰਿ ਰਸਿ ਭੀਨੇ ਗੁਰਮੁਖ ਜਨ ਇਸ ਸਚੁ ਨੂੰ ਸਦਾ ਧਿਆਉਂਦੇ ਹਨ। ਸੱਚੀ ਗੁਰਮਤਿ ਸਹਿਨ ਸੀਲਤਾ ਇਸ ਗੁਰਮਤਿ ਸੱਚ ਦਾ ਨਿਧਿਆਸਨ ਕੀਤਿਆਂ ਹੀ ਉਪਜਦੀ ਹੈ। ਇਹ ਸੀਲ ਸੰਨਾਹੁ ਗੁਰਮਤਿ ਅਜਰੰ ਪਦਵੀ ਹੈ। ਸਚੁ ਨਾਮ ਰਸੁ ਰਸਾਇਣੀ ਖਿਰਨ, ਲਗਾਤਾਰ ਅਭਿਆਸ ਕਮਾਈ ਦੀ ਪਾਰਸ ਪਰਸ ਨਾਲਿ ਰਗੜ ਖਾ ਕੇ ਜਦੋਂ ਘਟ ਅੰਤਰਿ ਹੀ ਖਿੜਦੀ ਹੈ ਤਾਂ ਉਸ ਦਾ ਜਰਨ, ਸੱਚ ਸ਼ਬਦ ਦੇ ਸਬਲ ਬਲ ਨਾਲਿ ਹੀ ਜਰਿਆ ਜਾ ਸਕਦਾ ਹੈ। ਸ਼ਬਦ ਰਸੁ,ਅਭਿਆਸ ਦੇ ਰਸਨ ਫਰਾਟੇ ਨੂੰ ਸੇਧ ਬੇਧ ਕੇ, ਰਸ ਅਮੀ ਗੀਧੇ ਰਸਨ ਫਰਾਟੜੀਏ ਸਰ (ਤੀਰ) ਨੂੰ ਸੰਨ੍ਹ ਕੇ, ਨਾਭ ਕੰਵਲ ਦੀ ਗੁਲਜ਼ਰੀ ਵਿਚਿ ਗੁਲਜ਼ਰਾਇ ਬੰਧਵਾਇ ਲੈਣਾ ਹੈ। ਇਸ ਬਿਧਿ ਅਜਰ ਰਸ ਨੂੰ ਓਥੇ ਹੀ ਜਰਾਇ ਲੈਣਾ ਹੈ ਅਤੇ ਜਰਾਈ ਰਖਣਾ ਹੈ। ਇਹ ਗੁਰਮਤਿ ਅਭਿਆਸ ਕਮਾਏ 'ਸਚੁ' ਦਾ "ਗੁਰਮਤਿ ਸੀਲੁ ਸੰਨਾਹਾ" ਹੈ। ਇਸ "ਗੁਰਮਤਿ ਸੀਲ ਸੰਨਾਹਾ" ਮਈ ਅਜਰ ਜਰਨ ਦਾ ਸਦਕਾ "ਅੰਦਰਿ ਰੰਗੁ ਸਦਾ ਸਚਿਆਰਾ" ਵਾਲੀ ਸਚੜੀ-ਆਤਮ ਖੇਡ ਉਗਵਦੀ ਹੈ। ਘਟ ਨਾਭ ਕੰਵਲ ਅੰਦਰ ਅਪਾਰ ਰਸ-ਜੋਤਿ ਰੰਗੁ ਉਜਿਆਰਤ ਹੋ ਜਾਂਦਾ ਹੈ, ਜਿਸ ਦੇ ਚਾਨਣ ਵਿਚਿ 'ਸਚੁ' ਦਾ ਅਸਲਾ ਗੁਪਤੋਂ ਪਰਗਟ ਹੋ ਕੇ ਆਪਣੀ ਅਸਲੀ ਅਤੇ ਸਚੜੀ ਜੋਤਿ ਰੰਗੀ ਲਿਸ਼ਕ ਵਿਚਿ ਲਿਸ਼ਕ ਆਉਂਦਾ ਹੈ। ਐਸੇ ਸੱਚ-ਰੰਗ ਵਾਲਾ ਗੁਰਮੁਖ ਜਨੁ ਸਦਾ ਸਚਿਆਰਾ ਹੋ ਜਾਂਦਾ ਹੈ। ਐਸੇ ਰੰਗ ਰਤੜੇ ਗੁਰ ਸਬਦੀ ਜਨਾਂ ਨੂੰ ਨਾਮੁ ਰੂਪੀ 'ਸਚੁ' ਹੀ ਸਭ ਤੋਂ ਪਿਆਰਾ ਲਗਣ ਲਗ ਪੈਂਦਾ ਹੈ। ਤਿਨ੍ਹਾਂ ਸਚੁ ਵਥੁ ਨਾਮੁ ਦੇ ਪਿਆਰਿਆਂ ਦੇ ਘਟ ਅੰਦਰਿ ਨਾਮੁ ਰੂਪੀ ਸਚੁ ਨਉ ਨਿਧੀਆਂ ਦਾ ਨਿਧਾਨ ਹੋ ਕੇ ਵਸਿ ਜਾਂਦਾ ਹੈ। ਤਿਨ੍ਹਾਂ, ਕੇਵਲ ਤਿਨ੍ਹਾਂ ਪਰਥਾਇ ਹੀ, "ਛੋਡਿਆ ਮਾਇਆ ਕਾ ਲਾਹਾ ਹੇ" ਵਾਲੀ ਘਟਨਾ ਘਟ ਸਕਦੀ ਹੈ। ਅਰਥਾਤ, ਐਸੇ ਨਵਨਿਧਿ ਨਾਮੁ ਰੂਪੀ ਸਚੁ ਵਥੁ ਨੂੰ ਘਟ ਅੰਦਰਿ ਵਸਾਵਣ ਵਾਲੇ ਵਿਰਲੇ ਗੁਰਮੁਖ ਜਨ ਹੀ ਕੂੜਾਵੀ ਮਾਇਆ ਦੇ ਕੂੜਾਵੇ ਲਾਹੇ ਨੂੰ ਛਡ ਸਕਦੇ ਹਨ। ਤਿਨ੍ਹਾਂ ਨੂੰ ਹੀ ਮਨ ਬਚਨ ਕਰਮ ਕਰਿ ਮਾਇਆ ਕੂੜਾਵੀ ਪਰਤੀਤ ਹੁੰਦੀ ਹੈ। ਤਿਨ੍ਹਾਂ ਨੂੰ ਹੀ ਮਾਇਆ ਦਾ ਲਾਹਾ ਮਨ ਬਚਨ ਕਰਮ ਕਰਿ ਕੂੜਾਵਾ ਲਗਦਾ (ਪਰਤੀਤ ਹੁੰਦਾ) ਹੈ। ਹੋਰ ਜਿਤਨੀ ਭੀ ਲੁਕਾਈ (ਸ੍ਰਿਸ਼ਟੀ) ਹੈ, ਕੀ ਰਾਜਾ! ਕੀ ਪਰਜਾ! ਸਭ ਦੂਜੇ ਭਾਵ ਦੇ ਕੂੜਾਵੇ ਮਾਇਕ ਲਾਹੇ ਵਿਚਿ ਹੀ ਖੱਚਤ ਹੋ ਕੇ ਲਗੇ ਹੋਏ ਹਨ। ਸਤਿਗੁਰ ਸੇਵੇ ਬਿਨਾਂ, ਸਤਿਗੁਰ ਦੇ ਸਚੇ ਸੇਵਕ ਸਿਖ ਬਣੇ ਬਿਨਾ ਇਕ ਸਚੁ ਲਾਹਾ ਕਿਸੇ ਨੂੰ ਨਹੀਂ ਹੁੰਦਾ। ਲਾਹਾ ਹੋਣਾ ਤਾਂ ਵਖਰਾ ਰਿਹਾ, ਇਹ ਲਾਹਾ ਹੀ ਉਹਨਾਂ ਨੂੰ ਪਰਤੀਤ ਨਹੀਂ ਹੁੰਦਾ। ਸਚੜੇ ਲਾਹੇ ਦੀ ਓਹਨਾਂ ਨੂੰ ਸੂਝ ਬੂਝ ਹੀ ਨਹੀਂ ਆਉਂਦੀ। ਬਸ, ਮਾਇਆ ਦੇ ਕੂੜ ਕਚ ਲਾਹੇ ਵਿਚਿ ਲੱਥ ਪੱਥ ਹੋਏ ਰਹਿੰਦੇ ਹਨ।

ਜੋਹੜੇ ਵਡਭਾਗੀ ਗੁਰਮੁਖ ਜਨ ਦੂਜੀ ਮਮਤਾ ਨੂੰ ਛਡ ਕੇ ਇਸ ਸਚੜੇ ਲਾਹੇ ਵਾਲੇ ਇਕ ਨੂੰ ਧਿਆਉਂਦੇ ਹਨ, ਬਸ ! ਓਹੀ ਸਦਾ ਸੁਖ ਪਾਉਂਦੇ ਹਨ। ਉਹੀ ਨਿਹਚਲ ਰਾਜ ਕਮਾਉਂਦੇ ਹਨ। ਸਚ ਸੁਖ ਦਾ ਨਿਹਚਲ ਰਾਜ ਓਹੀ ਕਮਾਉਂਦੇ ਹਨ। 'ਸਚੁ ਸੁਖੁ' ਵਾਲਾ ਨਿਹਚਲ ਰਾਜ ਤਿਨ੍ਹਾਂ ਦੇ ਵਿਰਸੇ ਵਿਚਿ ਹੀ ਆਇਆ ਹੈ। ਸਿਰ ਪਾਤਸ਼ਾਹਾਂ ਪਾਤਸ਼ਾਹੁ, ਸਚੇ ਮਾਲਕ ਸ਼ਹਿਨਸ਼ਾਹ ਦੇ ਓਹ ਮਉਰੂਸੀ ਰਾਜੇ (ਮਉਰੂਸੀ ਮਿਲਕ ਦੇ ਰਾਜੇ) ਹੋ ਜਾਂਦੇ ਹਨ। ਤਿਨ੍ਹਾਂ ਦਾ ਆਵਣ ਜਾਣਾ ਮੁੱਕ ਜਾਂਦਾ ਹੈ। ਕਿਉਂਕਿ ਜੰਮਣ ਮਰਣ ਦੇ ਗੇੜ ਵਿਚਿ ਪਾਉਣਾ ਤਿਸੇ ਮਾਲਕ ਦੇ ਵਸ ਹੈ, ਤਾਂ ਤੇ ਓਹਨਾਂ ਨੂੰ ਇਸ ਗੇੜ ਵਿਚਿ ਪਾ ਕੇ ਕੋਈ ਨਹੀਂ ਰਖ ਸਕਦਾ। ਤਾਂ ਤੇ ਗੁਰਾਂ ਸਿਰ ਮੁਖਿ (ਮੁਖੀ) ਗੁਰੂ (ਗੁਰਮੁਖਿ) ਵਾਹਿਗੁਰੂ ਸਚੇ ਨੂੰ ਸਦਾ ਧਿਆਉਣਾ ਚਾਹੀਦਾ ਹੈ। ਤਿਸੇ ਤੇ ਸੱਚੀ ਗਤੀ ਹੁੰਦੀ ਹੈ, ਤਿਸੇ ਤੇ ਹੀ ਸੱਚੀ ਮੁਕਤੀ ਮਿਲਦੀ ਹੈ। ਸਚੁ ਨਾਮੁ ਕਮਾਈ ਰੂਪੀ ਸੰਜਮੁ ਮਿਲਦਾ ਹੈ ਤਾਂ ਸਿਰਫ਼ ਸਤਿਗੁਰੂ ਦੁਆਰਿਓਂ ਮਿਲਦਾ ਹੈ। ਜਿਸਨੂੰ ਇਹ ਮਿਲ ਗਿਆ, ਉਸ ਨੂੰ ਗੁਰ ਸ਼ਬਦ ਕਮਾਵਣ ਦੀ, ਗੁਰਮਤਿ ਨਾਮ ਅਭਿਆਸ ਕਮਾਈ ਕਰਨ ਦੀ ਸੱਚੀ ਜੁਗਤੀ ਨਸੀਬ ਹੋ ਗਈ। ਉਸ ਦਾ ਹਉਮੈ ਰੋਗੁ ਅਤੇ ਕਰੋਧ ਇਸ ਸ਼ਬਦ ਕਮਾਈ ਦੁਆਰਾ ਨਿਵਾਰਿਆ ਜਾਂਦਾ ਹੈ। ਸਿਰਫ਼ ਹਉਮੈ ਅਤੇ ਕ੍ਰੋਧ ਤੋਂ ਹੀ ਉਸ ਦਾ ਛੁਟਕਾਰਾ ਨਹੀਂ ਹੋ ਗਿਆ, ਬਲਕਿ ਸੀਲ ਸੰਤੋਖ ਆਦਿਕ ਹੋਰ ਗੁਰਮਤਿ ਗੁਣ ਭੀ ਉਸਦੇ ਖ਼ਾਸ ਵਿਰਸੇ ਵਿਚਿ ਆ ਜਾਂਦੇ ਹਨ। ਇਉਂ ਸਤਿਗੁਰੂ ਨੂੰ ਸੇਵ ਕੇ, ਸਤਿਗੁਰੂ ਦੇ ਸਚੜੇ ਸੇਵਕ ਸਿਖ ਬਣ ਕੇ ਉਸ ਨੂੰ ਸਰਬ ਸੁਖ ਮਿਲ ਜਾਂਦੇ ਹਨ। ਸੁਖਾਂ ਸਿਰ ਸੱਚਾ ਸੁਖੁ, ਆਤਮ ਸੁਖੁ, ਆਤਮ ਪਰਮਾਤਮ ਮੇਲ ਦਾ ਸੁਖੁ ਭੀ ਉਸ ਨੂੰ ਮਿਲ ਜਾਂਦਾ ਹੈ। ਸਚੇ ਸੀਲ ਸੰਤੋਖ ਦਾ ਸੱਚੜਾ ਸੁਆਦ ਭੀ ਤਿਸ ਨੂੰ ਸਚ ਸੁਖ ਦੀ ਸੱਚੜੀ ਮੰਜ਼ਲ ਵਿਚਿ ਹੈ। ਸਚੁ-ਨਾਮੁ-ਵਥੁ ਤੋਂ ਊਰਾ ਸਾਰਾ ਸੰਸਾਰ ਹਉਮੈ ਵਿਚਿ ਹੀ ਗ੍ਰਸਿਆ ਅਤੇ ਮੋਹ ਦੇ ਚਿੱਕੜ ਵਿਚਿ ਹੀ ਧਸਿਆ ਪਿਆ ਹੈ। ਨਾਮ ਨੂੰ ਵਿਸਾਰ ਕੇ ਸਭ ਜਗੁ, ਮੋਹ ਠਗਉਰੀ ਦਾ ਠਗਿਆ ਹੋਇਆ ਨਾਸ ਹੋ ਰਹਿਆ ਹੈ। ਇਸ ਜਗ ਵਿਖੇ ਨਾਮੁ ਹੀ ਸਚੁ ਹੈ, ਨਾਮ ਹੀ ਸੱਚਾ ਲਾਹਾ ਹੈ। ਇਹ ਨਾਮੁ ਪਾਇਆ ਨਹੀਂ ਜਾਂਦਾ, ਜਦੋਂ ਤਾਈਂ ਸਤਿਗੁਰ ਦੇ ਪੰਨੇ ਪੈ ਕੇ ਸਗੁਰੇ ਨ ਹੋਇਆ ਜਾਵੇ। ਨਿਗੁਰਿਆਂ ਨੂੰ ਨਾਮੁ ਕਦੇ ਭੀ ਪਰਾਪਤਿ ਨਹੀਂ ਹੋ ਸਕਦਾ। ਜਿਨ੍ਹਾਂ ਨੂੰ ਸਤਿਗੁਰ ਪੰਨੇ ਪੈਣ ਦਾ ਸੱਚਾ ਅਮਰੁ ਸੰਜੋਗਤਿ ਹੋ ਗਿਆ ਹੈ, ਓਹ ਸਚੇ ਸਬਦ ਦੇ ਸੋਹਾਗ ਭਾਗ ਨਾਲਿ ਸੋਭਾਵੰਤ ਅਤੇ ਸੁਭਾਗੇ ਹੋ ਗਏ ਹਨ। ਸ਼ਬਦ-ਕਮਾਈਆਂ ਦੇ ਪਾਰਸ ਪਰਤਾਪ ਨਾਲਿ ਓਹਨਾਂ ਦੇ ਦਸਮ ਦੁਆਰ ਖੁਲ੍ਹਣੇ, ਪੰਜ ਅਨਹਦ ਸ਼ਬਦ ਇਕੱਠੇ ਹੀ ਵਜਣ ਲਗ ਪਏ ਹਨ। ਓਹਨਾਂ ਦਾ ਸਚੁ ਨਾਮੁ ਸੁਹੇਲਾ ਸਚੜਾ ਕਾਰਜ ਸਿਰੇ ਚੜ੍ਹ ਗਿਆ ਹੈ ਅਤੇ 'ਸਚੁ' ਦਾ ਸਿਖਰਲਾ ਮੋਰਚਾ ਫਤਹ ਹੋ ਗਿਆ ਹੈ।

'ਸਚੁ', ਗੁਰਮਤਿ ਸਚੁ ਸਿਖਰ ਪੁਜੀ ਪ੍ਰਾਪਤੀ ਜੇ ਹੁੰਦੀ ਹੈ ਤਾਂ ਗੁਰੂ ਘਰ ਵਿਚ ਹੀ ਹੁੰਦੀ ਹੈ, ਹੋਰ ਕਿਥਾਹੂੰ ਨਹੀਂ ਹੁੰਦੀ। ਏਸ ਸਚੁ ਸਿਧਾਂਤੀ ਸਿਟੇ ਨੂੰ ਅਗਲਾ ਗੁਰਵਾਕ ਖ਼ੂਬ ਨਿਖਾਰ ਕੇ ਜਣਾਉਂਦਾ ਹੈ, ਯਥਾ ਗੁਰਵਾਕ :

ਸਾਚੇ ਸਾਹਿਬ ਸਿਰਜਣਹਾਰੇ ॥
ਜਿਨਿ ਧਰ ਚਕ੍ਰ ਧਰੇ ਵੀਚਾਰੇ ॥
ਆਪੇ ਕਰਤਾ ਕਰਿ ਕਰਿ ਵੇਖੈ ਸਾਚਾ ਵੇਪਰਵਾਹਾ ਹੇ ॥ ੧ ॥
ਵੇਕੀ ਵੇਕੀ ਜੰਤ ਉਪਾਏ ॥
ਦੁਇ ਪੰਦੀ ਦੁਇ ਰਾਹ ਚਲਾਏ ॥
ਗੁਰ ਪੂਰੇ ਵਿਣੁ ਮੁਕਤਿ ਨ ਹੋਈ ਸਚੁ ਨਾਮੁ ਜਪਿ ਲਾਹਾ ਹੇ ॥ ੨ ॥
ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥
ਨਾਮੁ ਨ ਬੂਝਹਿ ਭਰਮਿ ਭੁਲਾਨਾ ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥ ੩ ॥
ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥
ਵਾਦੁ ਵਖਾਣਹਿ ਤਤੁ ਨ ਜਾਣਾ ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥ ੪ ॥
ਸਭ ਸਾਲਾਹੇ ਸੁਣਿ ਸੁਣਿ ਆਖੈ ॥
ਆਪੇ ਦਾਨਾ ਸਚੁ ਪਰਾਖੈ ॥
ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥ ੫ ॥
ਸੁਣਿ ਸੁਣਿ ਆਖੈ ਕੇਤੀ ਬਾਣੀ ॥
ਸੁਣਿ ਕਹੀਐ ਕੋ ਅੰਤੁ ਨ ਜਾਣੀ ॥
ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥ ੬ ॥
... ... ... ... ... ... ...
ਨੀਕੇ ਸਾਚੇ ਕੇ ਵਾਪਾਰੀ ॥
ਸਚੁ ਸਉਦਾ ਲੈ ਗੁਰ ਵੀਚਾਰੀ ॥
ਸਚਾ ਵਖਰੁ ਜਿਸੁ ਧਨੁ ਪਲੈ ਸਬਦਿ ਸਚੈ ਓਮਾਹਾ ਹੇ ॥ ੯ ॥ ਪੰਨਾ ੧੦੩੨

ਮਾਰੂ ਮਹਲਾ ੧

ਸਿਰਜਨਹਾਰ ਸਚੇ ਸਾਹਿਬ ਨੇ ਆਪਣੀ ਅਗਾਧ ਬੋਧਨੀ ਇਕ ਵਾਰ ਦੀ ਵੀਚਾਰ ਦੁਆਰਾ ਸਾਰੇ ਅਣਗਿਣਤ ਖੰਡਾਂ ਮੰਡਲਾਂ ਦੀ ਰਚਨਾ ਇਕ ਵਾਰ ਹੀ ਰਚ ਦਿਤੀ ਹੈ। ਸਚ ਬੇ-ਪਰਵਾਹ ਕਰਤਾ ਪੁਰਖ ਸਚਾ ਪਾਤਸ਼ਾਹ ਆਪੇ ਹੀ ਆਪਣੀ ਰਚਨਾ ਨੂੰ ਕਰਿ ਕਰਿ ਵੇਖਦਾ ਹੈ। ਇਸ ਆਪਣੀ ਨਾਨਾ ਪਰਕਾਰ ਦੀ ਬੇਅੰਤ ਰਚਨਾ ਅੰਦਰਿ ਰਚਨਹਾਰ ਕਰਤੇ ਪੁਰਖ ਨੇ ਨਾਨਾ ਪ੍ਰਕਾਰ ਦੀਆਂ ਕਿਸਮਾਂ ਦੇ ਜੰਤ ਉਪਾਇ ਰਖੇ ਹਨ। ਤਿਨ੍ਹਾਂ ਦੇ ਚਲਣ ਲਈ ਸਚ ਤੇ ਝੂਠ, ਨੇਕੀ, ਬਦੀ, ਪਾਪ ਪੁੰਨ, ਦੋਇ ਮੁਤਜ਼ਾਦ ਪੰਥੀਏ, ਦੋਇ ਰਾਹ ਚਲਾ ਰਖੇ ਹਨ। ਪਰ ਗੁਰ ਪੂਰੇ ਬਿਨਾ ਮੁਕਤਿ ਕਿਸੇ ਦੀ ਨਹੀਂ ਹੁੰਦੀ। ਆਪ-ਹੁਦਰੇ ਹੀ ਵਖੋ ਵਖਰੇ ਰਾਹਾਂ ਪੰਥਾਂ ਤੇ ਚਲਣਹਾਰਿਆਂ ਦੀ ਮੁਕਤਿ ਗਤਿ ਕਿਥੋਂ ਹੋਣੀ ਸੀ ? ਮੁਕਤਿ ਪੰਥ

ਦਾ ਲਾਹਾ ਸਚੁ ਨਾਮੁ ਜਪਿਆਂ ਮਿਲਦਾ ਹੈ। ਗੁਰ ਤੋਂ ਬੇਮੁਖਾਂ ਨਿੱਗੁਰੇ ਮਨਮੁਖਾਂ ਨੂੰ ਆਂਨਮਤ ਵਿਸਥਾਰੀਆਂ ਬੇਦ ਕਤੇਬੀ ਪੁਸਤਕਾਂ ਪੜਿ ਪੜਿ ਸਚੁ ਪਦਾਰਥੁ ਨਹੀਂ ਲਭਦਾ ਅਤੇ ਸਚ ਪੰਥ ਤੇ ਚਲਣ ਦੀ ਬਿਧੀ ਨਹੀਂ ਆਉਂਦੀ। ਓਹ ਨਾਮੁ ਰੂਪੀ ਤੱਤ 'ਸਚੁ' ਨੂੰ ਬੁਝਦੇ ਹੀ ਨਹੀਂ, ਬੁਝ ਹੀ ਨਹੀਂ ਸਕਦੇ, ਇਸ ਕਰਕੇ ਭਰਮ ਵਿਚਿ ਭੁੱਲੇ ਫਿਰਦੇ ਰਹਿੰਦੇ ਹਨ, ਸਗੋਂ ਨਿਰਭੈ ਨਿਰਸੰਕੋਚ ਹੋ ਕੇ ਕੂੜ ਕਮਾਵੰਦੇ ਹਨ। ਕੂੜੁ ਬੋਲਿ ਬੋਲਿ ਵੱਢੀਆਂ ਲੈਂਦੇ ਹਨ। ਵਢੀਆਂ ਲੈ ਲੈ ਕੇ ਝੂਠੀਆਂ ਗਵਾਹੀਆਂ ਦਿੰਦੇ ਹਨ। ਇਉਂ ਨਹੀਂ ਜਾਣਦੇ ਕਿ ਇਹ ਕੂੜ ਕਸਬ ਕੀਤਿਆਂ ਅਗੇ ਚਲ ਕੇ ਦੁਰਮਤਿ ਦੀ ਸਜ਼ਾ ਦਾ ਜਮ ਫਾਹਾ ਗਲ ਵਿਚਿ ਪੈਣਾ ਹੈ। ਸਿਮਰਤੀਆਂ ਸ਼ਾਸਤ੍ਰਾਂ ਨੂੰ ਪੜ੍ਹਨਹਾਰੇ ਭੀ ਐਵੇਂ ਵਾਦ ਹੀ ਵਖਾਣਦੇ ਹਨ। ਸਚੁ ਰੂਪੀ ਤੱਤ ਓਹ ਭੀ ਨਹੀਂ ਜਾਣ ਸਕਦੇ। 'ਸਚੁ' ਤੱਤ ਦਾ ਓਹਨਾਂ ਨੂੰ ਭੀ ਪਤਾ ਨਹੀਂ ਲਗਦਾ। ਗੁਰ ਪੂਰੇ ਬਿਹੂਣ ਕਿਸੇ ਤੋਂ ਭੀ ਤੱਤੁ (ਸਚੁ ਰੂਪੀ ਤੱਤ) ਨਹੀਂ ਪਾ ਸਕੀਦਾ। ਸਚੁ ਨਾਮੁ ਤੇ ਸੱਚਾ ਨਾਮੀ ਵਾਹਿਗੁਰੂ ਜਿਨ੍ਹਾਂ ਨੇ ਪਛਾਣਿਆ ਹੈ, ਤਿਨ੍ਹਾਂ ਨੇ ਹੀ ਤੱਤ ਸਚ ਦੀ ਸੱਚੀ ਕਦਰ ਪਛਾਣ ਕੀਤੀ ਹੈ। ਇਸ ਸਚੁ ਨਾਮੁ ਤੇ ਸਚੇ ਵਾਹਿਗੁਰੂ ਤੋਂ ਬਿਨਾਂ ਹੋਰ ਸਚੁ ਕਿਤੇ ਨਹੀਂ। ਬਸ, ਸੂਰਮ ਸੁੱਚਾ ਸਚੁ ਤਿਥੇ ਹੀ ਹੈ। ਸੁਣਿ ਸੁਣਿ ਕੇ ਸਭ ਕੋਈ ਸੱਚ ਦੀ ਸ਼ਲਾਘਾ ਕਰਦਾ ਹੈ, ਲੋਕਾਂ ਤੋਂ ਸੁਣੋ ਸੁਣੀ ਹੀ ਸਭ ਕੋਈ ਆਖਦਾ ਹੈ ਕਿ ਮੈਂ ਸਚੁ ਜਾਣਦਾ ਹਾਂ। ਫ਼ਿਲਾਸਫ਼ੀਆਂ ਦੀਆਂ ਪੁਸਤਕਾਂ ਵਿਚਿ ਲਿਖਿਆ ਪੜ੍ਹਿਆ ਸਚ ਵਾਸਤਵੀ ਸਚੁ ਨਹੀਂ, ਐਵੇਂ ਸਚ ਦੇ ਦਮਗਜੇ ਮਾਰਦੇ ਹਨ, ਫ਼ਿਲਾਸਫ਼ਰ। ਆਪੋਂ ਹੁਦਰਾ ਹੀ ਸਭ ਕੋਈ ਸਚੁ ਪਰਖਣ ਪਰਖਾਉਣ ਵਾਲਾ ਦਾਨਾ ਅਕਲੱਈਆ ਬਣਿ ਬਣਿ ਬਹਿੰਦਾ ਹੈ। ਆਪੋਂ ਪਰਖਿਆ ਸਚੁ ਸਚੁ ਨਹੀਂ। ਪਰ ਜਿਨ੍ਹਾਂ ਨੂੰ ਵਾਹਿਗੁਰੂ ਸੱਚਾ ਆਪਣੀ ਨਦਰ ਮਿਹਰ ਕਰਦਾ ਹੈ, ਓਹਨਾਂ ਨੂੰ ਉਹ ਗੁਰਪਰਸਾਦੀ ਵਾਹਿਗੁਰੂ ਸ਼ਬਦ ਦੀ ਸਚ ਸਿਫਤਿ ਸਾਲਾਹ ਬਖ਼ਸ਼ਦਾ ਹੈ। ਇਉਂ ਸਚੁ ਪਰਖਣ ਦੀ ਸੱਚੀ ਦਾਨਸ਼ਮੰਦੀ, ਰੱਬੀ ਅਕਲ ਆਉਂਦੀ ਹੈ। ਸੱਚੀ ਬਾਣੀ ਗੁਰਬਾਣੀ ਤੋਂ ਬਿਨਾਂ ਕੱਚੀਆਂ ਬਾਣੀਆਂ ਹੋਰ ਕੇਤੀਆਂ ਆਖਣ ਬਖਾਣਨ ਪੜ੍ਹਨ ਸੁਣਨ ਕਰਿ ਸਚ ਦੀ ਸਚਤਾ ਦਾ ਅੰਤੁ (ਥਹੁ ਪਤਾ) ਨਹੀਂ ਲਗਦਾ ਕਿਸੇ ਨੂੰ ਭੀ। ਹਾਂ, ਇਸ ਅਲਖ 'ਸਚੁ' ਦੀ ਜਿਸ ਕਿਸੇ ਨੂੰ ਵਾਹਿਗੁਰੂ ਸੱਚਾ ਆਪਿ ਲਖਤਾ ਕਰਾ ਦਿੰਦਾ ਹੈ, ਤਿਸ ਨੂੰ ਹੀ ਸਚ ਦੀ ਅਕਥ ਕਥਾ ਦਾ ਸੱਚਾ ਬੋਧ ਆਉਂਦਾ ਹੈ। ਜੋ ਸਚ ਦੇ, ਸਚੇ ਵਾਹਿਗੁਰੂ ਦਰਸ਼ਨ ਦੇ, ਵਾਹਿਗੁਰੂ ਦੀ ਸਚ ਨਾਮ ਵਥ ਦੇ ਸਚੇ ਸੋਹਣੇ ਨੀਕੇ ਵਾਪਾਰੀ ਹਨ, ਓਹ ਸਤਿਗੁਰ ਦੀ ਸਚ ਵਖਰ ਭਰੀ ਭਰੂੰਨੀ ਹਟ ਤੋਂ ਨਿਰਖ ਵੀਚਾਰ ਕੇ ਸਚੁ ਰੂਪੀ ਸਚਤਾ ਸਉਦਾ ਲੈਂਦੇ ਹਨ। ਜਿਨ੍ਹਾਂ ਦੇ ਪਲੇ ਇਸ ਖ਼ੁਸ਼-ਕਿਸਮਤੀ ਨਾਲਿ ਸੱਚਾ ਵਖਰੁ ਤੇ ਸਚੁ ਧਨੁ ਆ ਪੈਂਦਾ ਹੈ, ਓਹਨਾਂ ਦੀਆਂ ਉਮਾਹ ਭਰੀਆਂ ਖ਼ੁਸ਼ੀਆਂ ਦਾ ਕੁਛ ਪਾਰਾਵਾਰ ਨਹੀਂ ਰਹਿੰਦਾ। ਓਹਨਾਂ ਨੂੰ ਸਚ ਸ਼ਬਦ ਦੀ ਖ਼ੁਮਾਰੀ ਸਦਾ ਚੜ੍ਹੀ ਰਹਿੰਦੀ ਹੈ। ਓਹ ਸਦਾ ਸਚ ਸਬਦ ਵਿਚਿ ਹੀ ਮਸਤੂਲ ਮਸਤ ਰਹਿੰਦੇ ਹਨ।

ਇਸ ਸ਼ਬਦ ਰੂਪੀ ਸਚ ਦਾ ਸੱਚਾ ਅਮਲ ਨਸ਼ਾ ਸਚ ਜੋਤਿ ਦੀਦਾਰੇ ਦੀ ਸਾਪੇਖਸ਼ਤਾ ਖਿੜਾਉਂਦੀ ਹੈ। ਰਸ ਰੰਗ ਭਰੇ ਉਤਸ਼ਾਹਾਂ ਉਮਾਹਾਂ ਵਿਚਿ 'ਸਚੁ' ਦਿਬ ਜੋਤੀਆਂ ਦਾ

ਸਨਮੁਖ ਦਿਦਾਰਾ ਅਤੇ ਅਪਰ ਅਪਾਰਾ ਅਕਥਨੀਯ ਇਸ਼ਕ ਜਜ਼ਬਾ ਹੈ, ਜਿਸ ਨੂੰ ਜਣਾਵਣ ਜਤਲਾਵਣ ਲਈ ਅਖਰੀ ਅੰਕਤ ਸ਼ਕਤੀ ਕੁੰਦ ਹੈ। ਸਚ ਰੰਗ ਮਾਣਿ ਅਹਿਲਾਦ ਬਸ ਬਿਸਮਾਦ ਹੀ ਬਿਸਮਾਦ ਹੈ। ਇਸ ਤੋਂ ਅਗਲਾ ਗੁਰਵਾਕ ਏਸ ਸਚਾਈ ਨੂੰ ਹੋਰ ਭੀ ਨਿਖਾਰ ਕੇ ਸੂਚਤ ਕਰਾਉਂਦਾ ਹੈ। ਸਚ ਬਿਸਮਾਦੀ ਅਹਿਲਾਦ ਦੀ ਅਗੰਮਤਾ ਨੂੰ ਭਲੀ ਬਿਧਿ ਵਿਸਥਰਾਉਂਦਾ ਹੈ। ਯਥਾ ਗੁਰਵਾਕ :

ਸਚੈ ਸਚਾ ਤਖਤੁ ਰਚਾਇਆ ॥
ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥
ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥ ੧ ॥
ਸਚਾ ਸਉਦਾ ਸਚੁ ਵਾਪਾਰਾ ॥
ਨ ਤਿਥੈ ਭਰਮੁ ਨ ਦੂਜਾ ਪਸਾਰਾ ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥ ੨ ॥
ਸਚੈ ਲਾਏ ਸੇ ਜਨ ਲਾਗੇ ॥
ਅੰਤਰਿ ਸਬਦੁ ਮਸਤਕਿ ਵਡਭਾਗੇ ॥
ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥ ੩ ॥
ਸਚੋ ਸਚਾ ਸਚੁ ਸਾਲਾਹੀ ॥
ਏਕੋ ਵੇਖਾ ਦੂਜਾ ਨਾਹੀ ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥ ੪ ॥
ਮਾਇਆ ਮੋਹੁ ਸਬਦਿ ਜਲਾਇਆ ॥
ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥
ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥ ੫ ॥
ਮਾਇਆ ਮੋਹੁ ਸਭੁ ਆਪੇ ਕੀਨਾ ॥
ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥
ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥ ੬ ॥
ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥
ਹਉਮੈ ਤ੍ਰਿਸਨਾ ਸਬਦਿ ਬੁਝਾਈ ॥
ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ ॥ ੭ ॥
ਸਚਿ ਲਗੇ ਤਿਨ ਸਭੁ ਕਿਛੁ ਭਾਵੈ ॥
ਸਚੈ ਸਬਦੇ ਸਚਿ ਸੁਹਾਵੈ ॥
ਐਥੈ ਸਾਚੇ ਸੇ ਦਰਿ ਸਾਚੇ ਨਦਰੀ ਨਦਰਿ ਸਵਾਰੀ ਹੇ ॥ ੮ ॥
ਬਿਨੁ ਸਾਚੇ ਜੋ ਦੂਜੈ ਲਾਇਆ ॥
ਮਾਇਆ ਮੋਹ ਦੁਖ ਸਬਾਇਆ ॥

ਬਿਨੁ ਗੁਰ ਦੂਖੁ ਸੂਖੁ ਜਾਪੈ ਨਾਹੀ ਮਾਇਆ ਮੋਹ ਦੂਖੁ ਭਾਰੀ ਹੇ ॥ ੯ ॥
ਸਾਚਾ ਸਬਦੁ ਜਿਨਾ ਮਨਿ ਭਾਇਆ ॥
ਪੂਰਬਿ ਲਿਖਿਆ ਤਿਨੀ ਕਮਾਇਆ ॥
ਸਚੋ ਸੇਵਹਿ ਸਚੁ ਧਿਆਵਹਿ ਸਚ ਰਤੇ ਵੀਚਾਰੀ ਹੇ ॥ ੧੦ ॥
ਗੁਰ ਕੀ ਸੇਵਾ ਮੀਠੀ ਲਾਗੀ ॥
ਅਨਦਿਨੁ ਸੂਖ ਸਹਜ ਸਮਾਧੀ ॥
ਹਰਿ ਹਰਿ ਕਰਤਿਆਂ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ ॥ ੧੧ ॥
... ... ... ... ... ... ... ...
ਜਾ ਤੂ ਦੇਹਿ ਸਦਾ ਸੁਖੁ ਪਾਏ ॥
ਸਾਚੈ ਸਬਦੇ ਸਾਚੁ ਕਮਾਏ ॥
ਅੰਦਰੁ ਸਾਚਾ ਮਨੁ ਤਨੁ ਸਾਚਾ ਭਗਤਿ ਭਰੇ ਭੰਡਾਰੀ ਹੇ ॥ ੧੫ ॥
ਮਾਰੂ ਮਹਲਾ ੩

ਕਰਣੀ ਸਾਰੀ ਵਾਲੇ ਗੁਰਮੁਖਾਂ ਦੇ ਘਟ ਅੰਦਰਿ ਸਚੁ ਹੀ ਸਚੁ,ਨਿਰਾ ਸਚੁ ਹੀ ਵਸਿਆ ਹੈ। ਸਦਾ ਸਚੁ ਹੀ ਤਿਨ੍ਹਾਂ ਦੇ ਘਟ ਅੰਤਰਿ ਵਸਿਆ ਹੈ। ਘਟ ਵਿਖੇ ਸਚੁ ਪਰਗਾਸ ਹੋਣ ਕਰਿ ਸਚੇ ਦੇ ਨਿਜ ਘਰ ਮਹਿਲੀਂ ਵਾਸਾ ਹੋ ਜਾਂਦਾ ਹੈ, ਜਿਥੇ ਮੋਹ ਮਾਇਆ ਦਾ ਨਾਮ ਨਿਸ਼ਾਨ ਲੇਸ ਮਾਤਰ ਭੀ ਨਹੀਂ ਰਹਿੰਦਾ। ਗੁਰਮੁਖਾਂ ਦੇ ਘਟ ਨੂੰ ਹੀ ਸਚੇ ਵਾਹਿਗੁਰੂ ਨੇ ਸਚੁ-ਨਿਵਾਸੀ ਤਖ਼ਤੁ ਬਣਾ ਲਿਆ ਹੈ। ਸਚੇ ਦੇ ਰਚਨ ਰਚਾਏ ਹੋਏ ਗੁਰਮੁਖਾਂ ਦੇ ਹਿਰਦੇ ਰੂਪੀ ਤਖ਼ਤ ਤੇ ਬੈਠ ਕੇ ਸਚੜਾ ਰਾਉ ਰਸਾਲੁ,ਸਚੜਾ ਆਤਮ ਭੋਗ ਰਚਾਉਂਦਾ ਹੈ। ਰਸ ਭੋਗੀ ਬਣਿਆਂ ਨੂੰ ਰਸ ਖੀਵੜੇ ਕਰਿ ਡਾਰਦਾ ਹੈ। ਇਹ ਰਸ-ਖੀਵ-ਮਸਤੀ ਕੇਲ ਕਲੋਲ ਹੀ ਸੱਚਾ ਸਉਦਾ ਹੈ ਅਤੇ ਸਚੁ ਵਾਪਾਰੁ ਹੈ। ਇਸ ਕੇਲ ਪਦ ਕੇਲੈਂਦਿਆਂ ਨੂੰ ਨਿਰੋਲ ਸਚੋ ਹੀ ਸਚੁ ਆਸ਼ਕਾਰ ਹੁੰਦਾ ਹੈ, ਨ ਤਿਥੈ ਭਰਮੁ ਨਾ ਦੂਜਾ ਪਾਸਾਰਾ ਹੈ। ਇਉਂ ਸਚੁ ਧਨੁ ਖਟਿਆਂ ਕਦੇ ਇਸ ਦੀ ਤੋਟ ਨਹੀਂ ਆਉਂਦੀ। ਇਸ ਸੱਚ-ਰਮਜ਼-ਗੁਝੰਨੇ ਨੂੰ ਕੋਈ ਸ਼ਬਦ ਵੀਚਾਰੀ,ਸਚੁ ਸ਼ਬਦ ਕਲਾਧਾਰੀ ਗੁਰਮੁਖ ਜਨ ਹੀ ਬੁਝਦਾ ਹੈ, ਸ਼ਬਦ ਅਭਿਆਸ ਦੀਆਂ ਗੋਝ ਕਮਾਈਆਂ ਕਰਿ ਕਰਿ ਹੀ ਬੁਝ ਸਕਦਾ ਹੈ। ਜੇਹੜੇ ਜਨ ਸਚੇ (ਵਾਹਿਗੁਰੂ) ਦੇ ਲਾਏ ਹੋਏ ਹਨ, ਉਹ ਹੀ ਇਸ ਸਚੁ ਸ਼ਬਦ ਵਾਪਾਰ ਕਮਾਈ ਨੂੰ ਲਗਦੇ ਹਨ। ਜਿਨ੍ਹਾਂ ਦੇ ਘਟ ਅੰਦਰਿ ਰਸ-ਜੋਤਿ ਪਰਜੁਲਤੀਆ ਹੋ ਕੇ ਸਚੁ ਸਬਦੁ ਪਰਕਾਸ਼ਤ ਹੋ ਜਾਂਦਾ ਹੈ,ਓਹਨਾਂ ਦੇ ਮਸਤਕ ਵਿਖੇ ਅੱਤ ਵਡਭਾਗੀਆ ਲੇਖ ਲਿਖਿਆ ਹੋਇਆ ਹੁੰਦਾ ਹੈ। ਉਹ ਸ਼ਬਦ ਦੇ ਸਚੇ ਰਸ-ਰੰਗ ਵਿਚਿ ਰਤੇ ਹੋਏ ਮਹਾਂ ਅਨੰਦਤ ਹੋ ਹੋ ਗੁਣ ਗਾਂਵਦੇ ਹਨ ਅਤੇ ਗਾਇ ਗਾਇ ਸ਼ਬਦ ਅਭਿਆਸ ਦੇ ਰੰਗਾਂ ਵਿਚਿ ਹੋਰ ਭੀ ਰੰਗੀਜੇ ਜਾਂਦੇ ਹਨ। ਇਸ ਬਿਧਿ ਸ਼ਬਦ ਰਤਨਾਗਰ ਹੋਇ ਹੋਇ,ਅਤ ਬਿਸਮ ਬੀਚਾਰੀ ਸ਼ਬਦ ਰਸ ਬਿਸਮ ਕਮਾਈਆਂ ਕਰਦੇ ਹਨ। ਜਿਨ੍ਹਾਂ ਨੇ ਏਹਨਾਂ ਬਿਸਮ ਰਸ ਰੰਗਾਂ ਵਿਚਿ ਸਚੋ ਸੱਚਾ ਸਚੁ ਸਾਲਾਹਿਆ ਹੈ, ਉਹਨਾਂ ਨੂੰ ਸਾਰੇ ਇਕੋ ਹੀ ਇਕ ਨਦਰੀ ਆਉਂਦਾ ਹੈ, ਇਕਸ

ਬਿਨ ਹੋਰ ਦੂਜਾ ਨਹੀਂ ਦਿਸਦਾ। ਇਹ ਅੱਤ ਊਚੋ ਊਚਾ ਗੁਰਮਤਿ ਮਰਤਬਾ ਹੈ। ਅੱਤ ਊਚੀ ਹੂ ਊਚੀ ਗੁਰਮਤਿ ਪਦ ਪਉੜੀ ਏਹੀ ਹੈ। ਇਥੇ ਗਿਆਨ ਰਤਨ ਦਾ ਜੋਤਿ ਪ੍ਰਚੰਡੀ ਪਰਗਾਸ ਉਜਿਆਰਾ ਹੋਇ ਆਵੰਦਾ ਹੈ। ਹਉਮੈ ਦਾ, ਏਥੇ ਪੁਜ ਕੇ, ਉੱਕਾ ਹੀ ਅਭਾਵ ਹੋ ਜਾਂਦਾ ਹੈ। ਸਭ ਮਾਇਆ ਮੋਹ, ਸਬਦ ਪ੍ਰਚੰਡ ਦੇ ਸਚੁ ਤੇਜ ਪ੍ਰਤਾਪ ਦੇ ਅਗੇ ਜਲ ਬਲ ਕੇ ਦਗਧ ਹੋ ਜਾਂਦਾ ਹੈ। ਐਸਾ ਤੇਜ ਪਰਤਾਪੀ, ਜੋਤਿ ਪਰਚੰਡੀ ਸਚੁ ਤਿਸ ਗੁਰਮੁਖ ਜਨ ਦੇ ਮਨ ਵਿਚਿ ਵਸਦਾ ਹੈ, ਜੋ ਸਚੇ ਸਾਹਿਬ ਵਾਹਿਗੁਰੂ ਨੂੰ ਸੱਚ ਕਰ ਕੇ ਭਾਇਆ ਹੈ। ਜਦੋਂ ਉਸ ਨੂੰ ਭਾਉਂਦਾ ਹੈ, ਤਦੇ ਹੀ ਜੋਤਿ ਪਰਚੰਡੀ ਕਉਤਕ ਨਿਜ-ਪਰਵਾਣੇ-ਗੁਰਮੁਖ ਜਨ ਦੇ ਘਟ ਅੰਦਰਿ ਵਰਤਾਉਂਦਾ ਹੈ। ਐਸੇ ਸੱਚ-ਤੇਜ-ਪ੍ਰਚੰਡੀਏ ਘਟਿ ਜੋਤਿ **ਜਗੰਨੇ** ਸਚੇ ਸਚਿਆਰ ਸਿਖ ਦੀ ਸਭੋ ਕਰਣੀ ਸੱਚੀ ਹੈ। ਤਿਸ ਦੀ ਹਉਮੈ ਤ੍ਰਿਸ਼ਨਾ ਸਭ ਨਵਿਰਤ ਹੋ ਜਾਂਦੀ ਹੈ। ਮਾਇਆ ਮੋਹ ਦਾ ਖੇਡ ਸਚੇ ਕਉਤਕ-ਹਾਰ ਨਿਰੰਕਾਰ ਨੇ ਆਪ ਹੀ ਰਚਾਇਆ ਹੈ। ਇਸ ਚੋਜ ਚੋਜੀਸ਼ਰੀ ਕਉਤਕ ਖੇਲ ਨੂੰ ਕਿਸੇ ਵਿਰਲੇ ਗੁਰਮੁਖ ਨੇ ਹੀ ਚੀਨਿਆ ਹੈ। ਤਿਨ੍ਹਾ ਸਚ-ਚੀਨਣਹਾਰਿਆਂ, ਲਧੋਵਾਰਿਆਂ ਨੂੰ ਕਰਤਾਰ ਕਰਤਾ ਪੁਰਖ ਆਪੇ ਹੀ ਮਾਇਆ ਮੋਹ ਦੇ ਭਰਮ-ਜਾਲ ਵਿਚੋਂ ਚੁਣ ਚੁਣ ਕੇ ਬਾਹਰ ਕੱਢ ਲੈਂਦਾ ਹੈ। ਐਸਾ ਚੁਣਿ ਕਢਿਆ ਲਧੋਵਾਰਾ ਗੁਰਮੁਖ ਜਨ ਹੀ ਸਚੁ ਕਮਾਉਂਦਾ ਹੈ। ਐਸਾ ਕੋਈ ਗੁਰਮੁਖ ਹੋਵੈ, ਸੈ ਸਚੁ ਕਮਾਵੈ! ਐਸੇ ਗੁਰਮੁਖ ਜਨ ਦੀ ਹੀ ਸਚੁ ਕਮਾਈ ਸੱਚੀ ਕਰਣੀ, ਸਾਰ ਕਰਣੀ ਤੇ ਸਾਰ ਕਮਾਈ ਹੈ। ਐਸੀ ਸਚੁ ਸਾਰ ਕਰਣੀ ਕਮਾਈ ਹੀ ਵਾਹਿਗੁਰੂ ਸਚੇ ਨੂੰ ਭਾਉਂਦੀ ਹੈ। ਜਿਨ੍ਹਾਂ ਨੇ ਐਸੀ ਕਰਣੀ ਕਾਰ ਕਮਾਈ ਹੈ, ਤਿਨ੍ਹਾਂ ਦੀ ਹਉਮੈ ਤ੍ਰਿਸ਼ਨਾ, ਕਮਾਤੇ ਸ਼ਬਦ ਨੇ ਬੁਝਾ ਦਿਤੀ ਹੈ। ਇਹ ਗੁਰਮਤਿ ਸਚੁ ਸਾਰ ਕਰਣੀ ਹੈ। ਐਸੀ ਗੁਰਮਤਿ ਕਰਣੀ ਕਾਰ ਕਮਾਇਆਂ ਹੀ ਕਮਾਉਣਹਾਰੇ ਦਾ ਅੰਦਰੁ ਠੰਡਾ ਹੁੰਦਾ ਹੈ। ਸੱਚੀ ਸੀਤਲਤਾ ਅੰਦਰਿ ਵਰਤਦੀ ਹੈ। ਤਿਨ੍ਹਾਂ ਨੇ ਹਉਮੈ ਮਾਰ ਕੇ ਨਿਵਾਰ ਦਿਤੀ ਹੈ। ਐਸੇ ਸਚਿ ਲਗੜਿਆਂ ਨੂੰ, ਸੱਚ ਰੰਗਿ ਰਵਿਅੜਿਆਂ ਨੂੰ ਸਭ ਕਿਛੁ ਹੀ ਭਾਉਂਦਾ ਹੈ। ਸੱਚ ਸਬਦ ਦੁਆਰਾ ਇਉਂ ਸੱਚ-ਰੰਗ-ਰੰਗੀਜੇ ਹੋਏ ਹੀ ਸੁਹਾਉਂਦੇ ਤੇ ਸੋਭਾ ਪਾਉਂਦੇ ਹਨ। ਇਉਂ ਜਿਹੜੇ ਐਥੇ ਇਸ ਲੋਕ ਵਿਖੇ ਸਚ-ਕਸਵੱਟੀ ਤੇ ਲੱਗ ਕੇ ਅਤੇ ਸਚ-ਤਰਾਜੀ ਤੁਲ ਕੇ ਸਚੇ ਸਾਬਤ ਹੋਏ ਹਨ, ਓਹ ਅਗੇ ਪਰਲੋਕ ਵਿਖੇ ਸੱਚੀ ਦਰਗਾਹੇ ਭੀ ਸਚੇ ਸਾਬਤ ਰਹਿਣਗੇ। ਏਹ ਨਦਰੀ ਨਦਰ ਸੰਵਾਰੇ ਸਚੇ ਹਨ। ਦਰ ਪਰਵਾਨ ਸ਼ੁਦਾ ਸਚੁ-ਡਿਗਰੀ ਦੇ ਇਮਤਿਹਾਨ ਵਿਚਿ ਪਾਸ-ਸ਼ੁਦਾ ਸਚੁ-ਨੀਸ਼ਾਨ੍ਹੀਏ ਹਨ। ਇਸ ਤੱਤ ਸਚੁ ਬਿਨਾਂ, ਜੋ ਦੂਜੇ ਭਾਵ ਦੇ ਸਚ (ਕੂੜ ਕਚੀਏ ਸੱਚ) ਵਿਚਿ ਪ੍ਰਾਰਬਧ ਨੇ ਪਰੇਰ ਕੇ ਲਾਇਆ ਹੋਇਆ ਹੈ, ਉਸ ਨੂੰ ਮਾਇਆ ਮੋਹ ਦਾ ਦੁਖ ਸਬਾਇਆ ਹੀ ਸਬਾਇਆ, ਵਧੋ ਵਧ ਚਿੰਮੜਿਆ ਰਹਿੰਦਾ ਹੈ। ਸਤਿਗੁਰੂ ਦੀ ਕਿਰਪਾ ਬਿਨਾ ਸਤਿਗੁਰੂ ਦੀ **ਸੁਮਤਿ ਬਿਨਾ ਦੁਖ ਸੁਖ ਦਾ** ਕਿਸੇ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਹੜਾ ਦੁਖ ਹੈ ਤੇ ਕੇਹੜਾ ਵਾਸਤਵੀ ਸੁਖ ਹੈ। ਉਹ ਮਾਇਆ ਦੇ ਦੁਖ ਰੂਪ ਸੁਖ ਨੂੰ ਸੱਚਾ ਮੰਨੀ ਬੈਠੇ ਹਨ। ਤਾਹੀਂ ਤੇ ਮਾਇਆ ਮੋਹ ਵਿਚ ਗ਼ਲਤਾਨ ਹੋਏ ਜਨਮ ਬਤੀਤ ਕਰੀ ਚਲੇ ਜਾਂਦੇ ਹਨ। ਵਾਸਤਵ ਵਿਚਿ ਮਾਇਆ ਮੋਹ ਦਾ ਦੁਖੁ ਬੜਾ ਭਾਰੀ ਹੁੰਦਾ ਹੈ। ਜਿਨ੍ਹਾਂ

ਦੇ ਮਨ ਅੰਦਰਿ ਸੱਚਾ ਸ਼ਬਦ ਭਾ ਗਿਆ ਹੈ, ਤਿਨ੍ਹਾਂ ਦਾ ਪੂਰਬਲੀ ਲਿਖਤ ਕਮਾਈ ਵਾਲਾ ਕਰਮ ਉਗਵਿ ਆਇਆ ਹੈ । ਉਹ ਸਚੁ ਨਾਮੁ ਧਿਆਇ ਧਿਆਇ ਸੱਚ ਵਾਹਿਗੁਰੂ ਨੂੰ ਸੇਵੰਦੇ ਹਨ ਅਤੇ ਵਾਹਿਗੁਰੂ ਦੀ ਸਿਫਤਿ ਸਲਾਹਨੀ ਸਚੜੀ ਸੇਵਾ ਵਿਚਿ ਸਦਾ ਰਤੇਰਹਿੰਦੇ ਹਨ । ਇਸ ਪਰਕਾਰ ਦੀ ਹਰਿ ਭਗਤੀ ਰੂਪ ਗੁਰ ਕੀ ਸੇਵਾ, ਸਚੁ ਸਿਫਤਿ ਸਾਲਾਹ ਸੇਵਾ, ਕਰਨਹਾਰਿਆਂ ਨੂੰ ਅੱਤ ਮੀਠੀ ਲਗਦੀ ਹੈ । ਓਹ ਅਨਦਿਨ ਸਚੇ ਆਤਮ ਸੁਖ-ਲੀਣੀ ਸਹਜ ਸਮਾਧੀ ਵਿਚਿ ਹੀ ਮਤਵਾਲੇ ਰਹਿੰਦੇ ਹਨ । ਹਰਿ ਹਰਿ ਗੁਰ ਗੁਰ ਕਰਤਿਆਂ ਸਚੋ ਸਚੁ ਚਵਿਂਦਿਆਂ ਦਾ ਮਨੁ ਨਿਰਮਲ ਹੋ ਜਾਂਦਾ ਹੈ। ਐਸੀ ਪਾਰਸ ਕਲਾ ਸੱਚ ਚਵਨ ਦੀ ਵਰਤਦੀ ਹੈ । ਇਉਂ ਗੁਰ ਗੁਰ ਚਵਨ ਚਵੰਨੜੀ ਗੁਰ ਦੀ ਸੇਵਾ ਪੁਜ ਕੇ ਪਿਆਰੀ ਲੱਗਣ ਲੱਗ ਪੈਂਦੀ ਹੈ । ਇਹ ਸੱਚਾ ਸੁਖੁ ਤੂੰ ਜਿਸ ਨੂੰ ਦੇਵਹਿ, ਹੇ ਸਚੇ ਵਾਹਿਗੁਰੂ ! ਤਿਸੈ ਨੂੰ ਮਿਲਦਾ ਹੈ। ਜਿਉਂ ਜਿਉਂ ਸਚੋ ਸੱਚਾ ਸੁਖੁ ਪ੍ਰਾਪਤ ਹੁੰਦਾ ਹੈ, ਤਿਉਂ ਤਿਉਂ ਸਚ-ਸਾਰ-ਸੁਖੀਏ ਸਚੇ ਸ਼ਬਦ ਦੁਆਰਾ 'ਸਚੁ' ਨੂੰ ਹੋਰ ਵਧੇਰੇ ਕਮਾਉਂਦੇ ਹਨ, ਕਮਾਈ ਹੀ ਚਲੇ ਜਾਂਦੇ ਹਨ। ਠੱਲ ਨਹੀਂ, ਕਿਛ ਥਾਹ ਨਹੀਂ । ਸੱਚ ਨਾਮ ਅਭਿਆਸ ਕਮਾਈਆਂ ਦੀ ਸੁਖ ਸਹਜ ਲਿਵ ਸੁਭਰੀਨਤਾ ਅੱਤ ਡਾਢੀ ਸੁਖ ਸੁਆਦਲੀ ਹੈ । ਉਹਨਾਂ ਦਾ ਅੰਦਰ ਭੀ ਸੱਚਾ, ਮਨ ਤਨ ਭੀ ਸੱਚਾ, ਸਚੋ ਸੱਚ ਰੱਤਾ,ਸੱਚ ਭਗਤਿ ਭੰਡਾਰ ਭਰਪੁਰ ਲੀਣਾ ਹੋ ਜਾਂਦਾ ਹੈ ।

੮

# ਸਚੁ ਅਗਮ ਅਥਾਹ ਸਿਰਜਨਹਾਰ ਸ੍ਰਿਸ਼ਤਾ ਹੈ

ਯਥਾ ਗੁਰਵਾਕ :

ਸੋ ਸਚੁ ਸੇਵਿਹੁ ਸਿਰਜਣਹਾਰਾ ॥
ਸਬਦੇ ਦੂਖ ਨਿਵਾਰਣਹਾਰਾ ॥
ਅਗਮੁ ਅਗੋਚਰੁ ਕੀਮਤਿ ਨਹੀ ਪਾਈ ਆਪੇ ਅਗਮ ਅਥਾਹਾ ਹੈ ॥ ੧ ॥
ਆਪੇ ਸਚਾ ਸਚੁ ਵਰਤਾਏ ॥
ਇਕਿ ਜਨ ਸਾਚੈ ਆਪੇ ਲਾਏ ॥
ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ ॥ ੨ ॥
ਧੁਰਿ ਭਗਤਾ ਮੇਲੇ ਆਪਿ ਮਿਲਾਏ ॥
ਸਚੀ ਭਗਤੀ ਆਪੇ ਲਾਏ॥
ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੈ ॥ ੩ ॥......
ਆਪੇ ਬਖਸੇ ਗੁਰ ਸੇਵਾ ਲਾਏ ॥
ਗੁਰਮਤੀ ਨਾਮੁ ਮੰਨਿ ਵਸਾਏ ॥
ਅਨਦਿਨੁ ਨਾਮੁ ਧਿਆਏ ਸਾਚਾ ਇਸੁ ਜਗ ਮਹਿ ਨਾਮੋ ਲਾਹਾ ਹੇ ॥ ੭ ॥
ਆਪੇ ਸਚਾ ਸਚੀ ਨਾਈ ॥
ਗੁਰਮੁਖਿ ਦੇਵੈ ਮੰਨਿ ਵਸਾਈ ॥
ਜਿਨ ਮਨਿ ਵਸਿਆ ਸੇ ਜਨ ਸੋਹਹਿ ਤਿਨ ਸਿਰਿ ਚੂਕਾ ਕਾਹਾ ਹੇ ॥ ੮ ॥

... ... ...

ਸਦਾ ਸਦਾ ਤੇਰੇ ਗੁਣ ਗਾਵਾ ॥
ਸਚੇ ਸਾਹਿਬ ਤੇਰੈ ਮਨਿ ਭਾਵਾ ॥
ਨਾਨਕੁ ਸਾਚੁ ਕਹੈ ਬੇਨੰਤੀ ਸਚੁ ਦੇਵਹੁ ਸਚਿ ਸਮਾਹਾ ਹੈ ॥ ੧੬ ॥

ਪੰਨਾ ੧੦੫੩-੫੪—ਮਾਰੂ ਮਹਲਾ ੩

ਸੇਵਨ ਯੋਗ, ਸਿਮਰਨ ਸਾਲਾਹਨ ਯੋਗ ਇਕੋ ਸਚੁ ਹੈ। ਸੋ ਸਚੁ ਸਿਰਜਨਹਾਰ ਕਰਤਾਰ

ਹੀ ਹੈ । ਇਸ ਤੋਂ ਭਿੰਨ ਹੋਰ ਕੋਈ ਸਚੁ ਨਹੀਂ। ਇਹ ਸਬਦ ਸਿਮਰਨ ਸੇਵ ਸੁਰਤੀਸਰਾ ਸਚੁ ਗੁਰਮਤਿ ਬਿਧੀ ਅਨੁਸਾਰ ਸੇਵਿਆ ਸਾਲਾਹਿਆ ਸਮੁੱਚੇ ਦੁਖਾਂ ਦਾ ਨਿਵਾਰਨਹਾਰ ਹੈ । ਇਹ ਸਚੁ,ਅਗਮ ਅਗੋਚਰਾ ਸਚੁ ਹੈ । ਇਸ ਦੀ ਕੀਮਤਿ ਮਿਤ ਪਾਈ ਨਹੀਂ ਜਾਂਦੀ—ਕਿਸੇ ਤੋਂ ਭੀ । ਆਪਣੇ ਸ੍ਵੈ-ਸਰੂਪ ਵਿਚਿ ਹੀ ਸਚੁ ਅਗਮ ਅਥਾਹ ਹੈ । ਇਹ ਸਚੁ ਹੀ ਆਪਣੇ ਸੈਭੰ ਸਰੂਪ ਵਿਚਿ ਆਪ ਸੱਚਾ ਸਿਰਜਨਹਾਰ ਵਾਹਿਗੁਰੂ ਨਿਰੰਕਾਰ ਹੈ । ਸਚੁ ਵਰਤਾਵਣਹਾਰਾ ਭੀ ਆਪ ਹੀ ਹੈ । ਸਾਚੇ ਸਮਰੱਥ ਪੁਰਖ ਨੇ ਇਸ ਇਕੋ ਸਚ ਵਿਖੇ ਆਪਣੇ ਜਨ ਆਪਿ ਲਾਏ ਹਨ । ਓਹ ਜਨ ਬਸ 'ਸਾਚੋ ਸੇਵਹਿ' ਸਚ ਹੀ ਸੇਂਵਦੇ ਹਨ (ਸਚ ਦੀ ਹੀ ਭਗਤੀ ਕਰੇਂਵਦੇ ਹਨ) ਸਚੁ ਹੀ ਕਮਾਵੰਦੇ ਹਨ (ਸਚ ਸਬਦ ਦੀ ਹੀ ਅਭਿਆਸ ਕਮਾਈ ਕਰਦੇ ਹਨ) । ਅਰਥਾਤ ਨਾਮ ਦੀ ਅਥਾਹ ਅਭਿਆਸ ਕਮਾਈ ਕਰਦੇ ਹਨ । ਨਾਮ ਕਮਾਈ ਕਰ ਕੇ ਹੀ ਤਿਨ੍ਹਾਂ ਦੀ ਸਚ ਵਿਚਿ ਸਮਾਈ ਹੁੰਦੀ ਹੈ । ਸਚ ਅਲੱਖ ਸਰੂਪ ਦੀ ਲਖਤਾਈ ਪਰਤੱਖਤਾਈ ਹੁੰਦੀ ਹੈ । ਇਉਂ ਸੱਚੀ ਭਗਤੀ ਵਿਚਿ ਆਪਣੇ ਭਗਤਾਂ ਨੂੰ ਅਰੂੜ੍ਹ ਕਰ ਕੇ ਆਪ ਹੀ ਸਚੁ ਸੱਚਾ ਓੜਕ ਆਪਣੇ ਸਰੂਪ ਵਿਚਿ ਮੇਲ ਲੈਂਦਾ ਹੈ । ਐਸੇ ਧੁਰਿ ਦਰਿ ਪੁਜੇ ਹੋਏ ਭਗਤ ਧੁਰਿ ਪੁਜੇ ਹੋਏ ਹੁੰਦੇ ਭੀ ਗੁਰਬਾਣੀ ਲਖਾਏ ਸਚੁ,ਸਚੇ ਦੇ ਗੁਣਾਂ ਨੂੰ ਹੀ ਗਾਵੰਦੇ ਹਨ । ਇਸ ਮਨੁਖਾ ਜਨਮ ਦਾ ਸੱਚਾ ਲਾਹਾ ਖਟ ਕੇ ਲੈ ਜਾਂਦੇ ਹਨ ।......ਐਸੇ ਬਖਸ਼ੇ ਹੋਏ, ਵਾਹਿਗੁਰੂ ਸਚੇ ਦੇ ਆਪੇ ਬਖਸ਼ੇ ਹੋਏ ਗੁਰਮੁਖ ਜਨ ਓਹੀ ਹਨ ਜੋ ਪਹਿਲਾਂ ਗੁਰੂ ਦ੍ਰਿੜ੍ਹਾਈ ਗੁਰੂ ਦੀਖਿਆ ਦੀਖਸ਼ਾਈ ਭਗਤੀ ਵਿਚਿ ਸੱਚੇ ਨੇ ਆਪ ਲਾਏ ਹਨ । ਫਿਰ ਸੱਚੀ ਗੁਰਮਤਿ ਉਤੇ ਤੱਤਪਰ ਹੋ ਕੇ ਚਲਣਹਾਰਿਆਂ ਦੇ ਮਨ ਵਿਖੇ ਸਚ ਨਾਮ ਦਾ ਸੱਚੜਾ ਵਾਸਾ ਹੋਇਆ ਹੈ । ਅਨਦਿਨ ਸਾਚਾ ਨਾਮੁ ਧਿਆਈ ਜਾਣ ਦਾ ਹੀ ਓਹਨਾਂ ਦਾ ਸੱਚਾ ਆਹਰੁ ਹੈ, ਤਿਸ ਬਿਨਾਂ ਹੋਰ ਕੋਈ ਆਹਰੁ ਨਹੀਂ । ਇਸ ਜਗ ਮਹਿ ਇਕ ਸਚੁ ਨਾਮੁ ਹੀ ਸੱਚਾ ਲਾਹਾ ਹੈ । ਸੋ ਲਾਹਾ ਓਹ ਲੈ ਗਏ,ਜੋ ਸਚੁ ਨਾਮੁ- ਕਮਾਈਆਂ ਕਰ ਗਏ । ਆਪੇ ਵਾਹਿਗੁਰੂ ਸੱਚਾ ਆਪਿ ਸਚੁ ਸਰੂਪ ਹੈ । ਆਪੇ ਹੀ ਸਚੁ ਨਾਮੁ ਸਰੂਪ ਹੈ । ਸਚੇ ਨਾਮ ਦੀ ਹੋਂਦ ਵਾਲਾ, 'ਨਾਈ' ਹੋਣ ਕਰਿ (ਸਚੁ ਰੂਪੀ ਨਾਮੁ ਵਾਲਾ ਨਾਮੀ ਹੋਣ ਕਰਿ) ਹੀ ਉਹ ਸੱਚਾ ਹੈ । ਆਪੋਂ ਨਿਜ ਅਸਲਿਓਂ ਹੀ ਸੱਚਾ ਹੈ, ਸਚ-ਅਸਲ ਅੰਸ ਵਾਲਾ ਹੈ । ਜਿਸ ਗੁਰਮੁਖ ਜਨ ਨੂੰ,ਵਾਹਿਗੁਰੂ ਸੱਚਾ ਸਚੜੀ ਤੌਫ਼ੀਕ ਦੇਵੇ, ਓਹੀ ਐਸੇ ਸਰਬੋਤਮੀ ਅਸਲ ਅੰਸੋਤਮੀ* 'ਸਚੁ' ਨੂੰ ਮਨ ਵਿਚਿ ਵਸਾ ਸਕਦਾ ਹੈ । ਇਸ ਅਮਰ-ਪਦ ਅਮਰੀਵੜੇ, ਸਚੁ ਮਨਿ ਵਸੀਵੜੇ, ਗੁਰਪੁਰੀ ਖੇਲੀਵੜ ਜਨ ਹੀ ਸੱਚੇ ਦੇ ਦਰਿ ਸੋਹੰਦੇ ਹਨ । ਤਿਨ੍ਹਾਂ ਦੇ ਸਿਰਾਂ ਤੋਂ ਜਮ ਦੀ ਕਾਣ ਸਦਾ ਲਈ ਚੁਕ ਗਈ ਹੈ । ..... ਗੁਰੂ ਨਾਨਕ ਸਾਹਿਬ ਸਾਚ-ਸੁਲੱਖਣੀ,ਸਾਚ- ਵਿਲੱਖਣੀ ਏਹੀ ਅਰਦਾਸ ਕਰਨੀ ਸਾਨੂੰ ਸਿਖਾਉਂਦੇ ਹਨ, ਹੇ ਵਾਹਿਗੁਰੂ ਸਚੇ ! ਸਾਨੂੰ ਏਹੋ ਸਚੁ ਦੇਵੋ ਅਤੇ ਸੱਚ ਵਿਚਿ ਸਮਾਵਣਾ ਦੇਵਹੁ । ਹੇ ਸਚੇ ਵਾਹਿਗੁਰੂ ! ਅਸੀਂ ਸਦਾ ਸਦਾ ਤੇਰੇ ਹੀ ਸਚੜੇ ਗੁਣ ਗਾਵੀ ਜਾਵੀਏ ! ਤਾਂ ਤੇਰੇ ਮਨ ਭਾਵੀਏ ਹੋਣ ਕਰਿ ਤੇਰੇ ਦਰਿ ਕਬੂਲ ਪੈਂਦੇ ਹਾਂ । ਏਹ ਹੈ ਸਚ ਦੀ ਸਿਫਤਿ ਰਸਾਣੀ ਮੰਜ਼ਲ ਅਤੇ ਸੱਚ ਮੰਜ਼ਲੀਂ ਰਹਾਣੀ ਸੱਚੁ-ਰਹਿਮਤ ਵਰਸਾਣੀ,ਮੁਅਜਜ਼ ਮੁਅਜਜ਼ਾਣੀ ਸੱਚੀ ਪੁਕਾਰ ।

---

*ਅੰਸੋਤਮੀ—ਅੰਸ-ਉਤਮੀ

ਹੁਣ ਫਿਰ ਅਗਲੇ ਗੁਰਵਾਕ ਵਿਖੇ, ਵੇਖੋ ਗੁਰਮਤਿ ਸਚੁ ਸਿਧਾਂਤਨੀ ਬਰਕਤਾਂ ਦੇ ਮੁਅਜਜ਼ੇ :

ਗੁਰਮੁਖਿ ਨਾਦ ਬੇਦ ਬੀਚਾਰੁ ॥
ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥
ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥ ੧ ॥
ਗੁਰਮੁਖਿ ਮਨੂਆ ਉਲਟਿ ਪਰਾਵੈ ॥
ਗੁਰਮੁਖਿ ਬਾਣੀ ਨਾਦੁ ਵਜਾਵੈ ॥
ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥ ੨ ॥
ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥
ਸਚੈ ਸਬਦੇ ਸਚੁ ਸੁਭਾਖੀ ॥
ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥ ੩ ॥
ਗੁਰਮੁਖਿ ਮਨੁ ਨਿਰਮਲੁ ਸਤਿ ਸਰਿ ਨਾਵੈ ॥
ਮੈਲੁ ਨਾ ਲਾਗੈ ਸਚਿ ਸਮਾਵੈ ॥
ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥ ੪ ॥
ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥
ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦੁ ਹੀ ਸਚੁ ਕਹੈ ਦਿਨ ਰਾਤੀ ਅਵਰਾ ਸਚੁ ਕਹਾਇਦਾ ॥ ੫ ॥
ਗੁਰਮੁਖਿ ਸਚੀ ਊਤਮ ਬਾਣੀ ॥
ਗੁਰਮੁਖਿ ਸਚੋ ਸਚੁ ਵਖਾਣੀ ॥
ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥ ੬ ॥
ਗੁਰਮੁਖਿ ਹੋਵੈ ਸੁ ਸੋਝੀ ਪਾਏ ॥
ਹਉਮੈ ਮਾਇਆ ਭਰਮੁ ਗਵਾਏ ॥
ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥ ੭ ॥
ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥
ਗੁਰਮੁਖਿ ਪਾਏ ਮੋਖ ਦੁਆਰੁ ॥
ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥ ੮ ॥
ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥
ਸਚੈ ਨਾਮਿ ਸਦਾ ਲਿਵ ਲਾਏ ॥
ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥ ੯ ॥
ਜਾ ਤਿਸੁ ਭਾਵੈ ਸਤਿਗੁਰੂ ਮਿਲਾਏ ॥
ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥

ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਆ ॥ ੧੦ ॥
... ... ... ... ... ...
ਆਪੇ ਕਰੈ ਕਰਾਏ ਆਪੇ ॥
ਆਪੇ ਵੇਖੈ ਥਾਪਿ ਉਥਾਪੇ ॥
ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥ ੧੫ ॥
ਗੁਰਮੁਖਿ ਸਚੋ ਸਚੁ ਕਮਾਵੈ ॥
ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥
ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥ ਪੰਨਾ ੧੦੫੮-੫੯

ਮਾਰੂ ਮਹਲਾ ੩

ਸਚ ਦੀ ਸਚੀ ਨਿਰਖ ਪੜਚੋਲ, ਸੱਚ ਦੀ ਸਚੀ ਖੋਜ ਟੂਲਾਰੀ ਟੋਲ, ਸੱਚ ਦਾ ਸਦਾ ਬਾਲਾ ਬੋਲੁ, ਜੋ ਇਸ ਗੁਰਵਾਕ ਅੰਦਰਿ ਨਿਰਖ ਕੇ ਨਿਤਾਰਿਆ ਗਿਆ, ਤਿਸ ਦੀ ਰੋਸ਼ਨੀ ਤਲੇ ਸੱਚ ਟੋਲ ਦੀਆਂ ਸਭ ਭਰਮਣੀਆਂ ਮਿਟ ਜਾਂਦੀਆਂ ਹਨ । ਪਰ ਮਿਟਦੀਆਂ ਤਿਸਦੀਆਂ ਹਨ ਜੋ ਗੁਰਮਤਿ ਦਰਸਾਈ, ਗੁਰਮਤਿ ਦ੍ਰਿੜ੍ਹਾਈ ਸਚੁ ਕਰਨੀ ਕਰਿ 'ਸਚੁ' ਦਾ ਸੱਚਾ ਮੁਤਲਾਸ਼ੀ ਬਣਿ ਜਾਏ । ਐਸਾ ਸੱਚਾ ਜਗਿਆਸੀ ਜਨ ਹੀ ਪਰਮਾਰਥੀ ਸਚ ਦੀ ਮਾਹੀਅਤ ਨੂੰ ਪਹਿਚਾਣ ਸਕਦਾ ਹੈ; 'ਸੱਚ' ਨੂੰ ਸੱਚ ਮੁਚ ਅਖੀਂ ਪੇਖ ਪਰਖ ਕੇ, ਰੀਆਲਾਈਜ਼ (realize) ਕਰ ਕੇ ਸੱਚ ਰੰਗੀਜ ਹੋ ਜਾਂਦਾ ਹੈ । ਵਾਹ ! ਵਾਹ !! ਅਜੇਹੇ ਸੱਚ ਰੰਗਿ ਰੰਗੀਜਿਆ ਸਚਿ ਰੰਗਿ ਰੰਗਲਾ ਮਨੂਆ ਹੀ ਸਚ ਦੀ ਸੱਚ ਪਤੀਜਣੀ ਸਰਧਾ ਵਿਚਿ ਆਉਂਦਾ ਹੈ, ਕਿਉਂਕਿ ਉਹ ਸਾਂਗੋ ਪਾਂਗ 'ਸਚੁ' ਨੂੰ, 'ਸਚੁ' ਦੇ ਜਲਵੇ ਨੂੰ ਆਪਣੀ ਅਖੀਂ ਵੇਖ ਲੈਂਦਾ ਹੈ । ਗੁਰਮਤਿ ਲਖਾਈ ਇਸ ਬਿਵਸਥਾ ਤੋਂ ਘੁਥਿਆਂ ਨੂੰ ਸਚੁ ਸਦਾ ਅਦ੍ਰਿਸ਼ਟ ਹੀ ਰਹਿੰਦਾ ਹੈ । ਸਦਾ ਪੜਦਿਆਂ ਵਿਚਿ ਰਹਿਣ ਵਾਲਾ 'ਸਚੁ' ਜਦੋਂ ਘੂੰਗਟ ਚੁਕ ਕੇ ਨਮੂਦਾਰ ਹੁੰਦਾ ਹੈ, ਆਪਣੇ ਸਚੜੇ ਆਸ਼ਕਾਂ ਤੇ ਆਸ਼ਕਾਰ ਹੁੰਦਾ ਹੈ, ਤਿਸ ਸਚ ਬਿਸ਼ਗੁਫ਼ਤੀ ਨਜ਼ਾਰੇ ਝਲਕਾਰੇ ਦੀ ਪਹਿਲੀ ਝਾਲ ਝੱਲਣੀ ਕਿਸੇ ਗੁਰੂ ਵਰੋਸਾਏ ਗੁਰੂ ਅਜਰ ਜਰਾਏ ਗੁਰਮੁਖ ਜਨ ਦੀ ਹੀ ਪ੍ਰੋਖੋਂ ਹੈ । ਏਥੇ ਇਸ ਉਪਰਲੇ ਗੁਰਵਾਕ ਵਿਖੇ 'ਸਚੁ' ਦੀ ਉਹ ਗੁਰਮਤਿ ਸਿਧਾਂਤਣੀ ਅਕਥ ਕਥਾ ਹੈ, ਜੋ ਗੁਰਮੁਖ ਜਨਾਂ ਨੇ ਆਪ ਆਪਣੀਂ ਅਖੀਂ ਗੁਰੂ ਨਦਰ ਕਰਿ ਦਿਬ ਦ੍ਰਿਸ਼ਟਾਈ ਅਖੀਂ ਪੇਖੀ ਪਰਖੀ ਸੁਦਰਸ ਦਰਸਨਾਈ ਹੈ । ਇਹ 'ਸਚੁ' ਦੀ ਹੱਕ ਹਕੀਕਤ ਹੈ, ਜੋ ਗੁਰੂ ਨਦਰਾਏ ਵਾਹਿਗੁਰੂ ਅਪਨਾਏ ਨਦਰੀਵੀਆਂ ਉਤੇ ਖੁੱਲੀ ਹੈ । ਸੋ ਹੁਣ ਦੇਖੋ, ਵੀਚਾਰੋ ਇਸ ਉਪਰਲੇ ਗੁਰਵਾਕ ਦੀ ਵਿਆਖਿਆ, ਕਿਵੇਂ ਪੰਗਤੀ ਪੰਗਤੀ ਵਿਚਿ, ਹਰ ਇਕ ਤੁਕ ਵਿਚੋਂ ਸਚ ਦਾ ਤੱਤ ਸਿਧਾਂਤੀ ਨਿਰਣਾ ਕਰਦੀ ਹੈ :

ਯਥਾ—ਸਭ ਤੋਂ ਮੁਖੀ ਗੁਰੂ ਵਾਹਿਗੁਰੂ (ਗੁਰਮੁਖਿ) ਸੱਚਾ ਹੀ ਸਾਡਾ (ਗੁਰੂ ਘਰ ਦੇ ਪਰਮਾਰਥੀਆਂ ਦਾ) ਸਚੜਾ ਨਾਦ ਬੇਦ ਬੀਚਾਰੁ ਹੈ । ਵਾਹਿਗੁਰੂ ਸੱਚਾ ਹੀ ਸਾਡਾ ਗਿਆਨ ਧਿਆਨ ਅਪਾਰ ਹੈ । ਵਾਹਿਗੁਰੂ ਵਾਹਿਗੁਰੂ ਜਪਣ ਵਾਲੀ ਸਚੜੀ ਕਾਰ ਜੋ ਕੋਈ ਗੁਰਮੁਖ ਜਨ ਕਰਦਾ ਹੈ, ਸੋਈ ਵਾਹਿਗੁਰੂ ਸਚੇ ਨੂੰ ਭਾਉਂਦਾ ਹੈ । ਸੋਈ ਜਨ ਵਾਹਿਗੁਰੂ ਪੂਰੇ ਨੂੰ

ਪਾਉਂਦਾ ਹੈ। ਜਿਨ੍ਹਾਂ ਜਨਾਂ ਦਾ ਮਨੂਆ ਇਸ ਅਸਾਰ ਸੰਸਾਰ ਦੇ ਦ੍ਰਿਸ਼ਟਮਾਨ ਪਸਾਰੇ ਤੋਂ ਉਲਟ ਕੇ ਅਦ੍ਰਿਸ਼ਟ ਵਾਹਿਗੁਰੂ ਵਲ ਲਗਦਾ ਹੈ, ਜੋ ਜਨ ਅਹਿਨਿਸ ਵਾਹਿਗੁਰੂ ਜਾਪ ਰੂਪ ਸਚ ਬਾਣੀ ਦਾ ਨਾਦ ਹੀ ਵਜਾਉਂਦੇ ਰਹਿੰਦੇ ਹਨ. ਤਿਨ੍ਹਾਂ ਵਾਹਿਗੁਰੂ ਰੂਪੀ ਸੱਚ ਵਿਚਿ ਰਤੜੇ ਬੈਰਾਗੀਅੜਿਆਂ ਦਾ ਵਾਹਿਗੁਰੂ ਸਿਚੁ ਨਿਜ ਘਰ ਵਿਚਿ ਵਾਸਾ ਹੁੰਦਾ ਹੈ। ਤਿਨ੍ਹਾਂ ਨੇ ਵਾਹਿਗੁਰੂ ਰੂਪੀ ਸਚੁ ਸੁਭਾਖਣੀ ਗੁਰਬਾਣੀ ਰੂਪ ਸਾਖੀ ਅੰਮ੍ਰਿਤ ਗਟਾਕ ਰਸਾਇਣ ਰਸਾਂ ਵਿਚਿ ਭਾਖੀ ਹੈ। ਗੁਰਬਾਣੀ ਦਾ ਅੰਮ੍ਰਿਤ ਰਸਾਇਣੀ ਰਸੁ ਓਹਨਾਂ ਨੂੰ ਤਦੋਂ ਆਇਆ ਹੈ, ਜਦੋਂ ਗੁਰਬਾਣੀ ਦ੍ਰਿੜ੍ਹਾਇ,ਗੁਰਬਾਣੀ ਬਜਾਇ ਅੰਮ੍ਰਿਤ ਨਾਮ ਦਾ ਅੰਮ੍ਰਿਤ ਰਸ ਓਹਨਾਂ ਨੂੰ ਆਇਆ ਹੈ,ਫੇਰ ਗੁਰਬਾਣੀ ਉਚਰਨ, ਗੁਰਬਾਣੀ ਗਾਵਣ ਦੇ ਨਾਲੋ ਨਾਲਿ ਹੀ ਨਾਮ ਦਾ ਅੰਮ੍ਰਿਤ ਅਭਿਆਸੀ ਖੰਡਾ ਓਹਨਾਂ ਦਾ ਖੜਕਦਾ ਰਹਿੰਦਾ ਹੈ। ਇਸ ਬਿਧਿ ਗੁਰਬਾਣੀ "ਸਚੈ ਸਬਦੇ ਸਚੁ ਸੁਭਾਖੀ" ਜੇ ਅਰਥਾਂ ਵਾਲੀ ਹੋਇਕੇ ਅੰਤਰਿ ਆਤਮੇ ਪੁੰਗਰੀ ਹੈ। 'ਸਚੁ' ਸੁਭਾਖਿਆ ਜਾਂਦਾ ਹੈ ਤਾਂ ਕੇਵਲ ਸਚੇ ਸਬਦ ਅਭਿਆਸ ਕਰਿ ਹੀ ਸੁਭਾਖਿਆ ਜਾਂਦਾ ਹੈ। ਸਾਰੀ ਗੁਰਬਾਣੀ ਸਚੇ ਸ਼ਬਦ ਵਾਹਿਗੁਰੂ ਨਾਮ ਦੀ ਅਕੱਥ ਮਹਿਮਾ ਕਥਦੀ ਹੋਈ 'ਸਚੁ' ਨੂੰ ਹੀ ਸੁਭਾਖਦੀ ਹੈ। 'ਸਚੁ' ਦੀ ਸਚੁ ਰੂਪ ਸੱਚ ਭਾਖਿਆ ਜੋ ਹੈ,ਤਾਂ ਅੰਮ੍ਰਿਤੁ ਬਾਣੀ ਰੂਪ ਅੰਮ੍ਰਿਤੁ ਸਬਦੁ ਵਾਹਿਗੁਰੂ ਦਾ ਅੰਮ੍ਰਿਤੁ ਅਭਿਆਸੁ, ਅੰਮ੍ਰਿਤ ਜਾਪੁ ਹੀ ਹੈ। ਇਸ ਤੋਂ ਬਿਨਾ ਹੋਰ ਸਚੁ ਹੀ ਕੋਈ ਨਹੀਂ। ਤੱਤ ਸਚੁ, ਅੰਮ੍ਰਿਤੁ ਸਚੁ ਅੰਮ੍ਰਿਤ ਇਲਿਗਿਜ਼ਰੀ ਸਚੁ,ਅੰਮ੍ਰਿਤ ਅੰਸਿਜਰੀ ਸਚੁ ਏਹੋ ਹੈ! ਏਹੋ ਹੈ!! ਏਹੋ ਹੈ!!! ਇਸ ਸੱਚ ਦੇ ਰੰਗ ਵਿਚਿ ਰੱਤਾ,ਸਚਿ ਰੰਗਨੂਆ ਮਨੂਆ ਹੀ ਸੱਚਾ ਹੈ। ਐਸਾ ਸੱਚਾ ਮਨੂਆ ਹੀ ਸਚੇ ਵਾਹਿਗੁਰੂ ਰੂਪ ਸਚ ਦੇ ਸਰੂਪ ਵਿਚਿ ਸਮਾਉਂਦਾ ਹੈ। ਇਉਂ ਸਚੁ ਸਮਾਇਕੈ ਗੁਰਮੁਖ ਜਨਾਂ ਦਾ ਨਿਰਮਲ ਮਨੁ ਅਥਾਹ ਸਤਿਸਰ (ਸਚ ਦੇ ਸਰੋਵਰ) ਵਿਚਿ ਨ੍ਹਾਉਂਦਾ, ਅਮਿਉ ਮੱਜਨੀ ਤਾਰੀਆਂ ਲਾਉਂਦਾ ਹੈ। ਐਸੇ ਅਥਾਹ ਅਮਿਉ ਮਜਨੀ. ਸਚ ਸਰੋਵਰ ਵਿਚਿ ਸਦ ਸਦ ਸਮਾਇ ਰਹਿਣ ਕਰਿ ਹੀ ਸੱਚੀ ਨਿਰਮਲਤਾ ਪ੍ਰਾਪਤਿ ਹੁੰਦੀ ਹੈ, ਤਿਥੈ ਰਾਈ ਮਾਤਰ ਭੀ ਮਾਇਆ ਮੋਹ ਮਲ ਲਗਣ ਦਾ ਧੁੜਕੂ ਨਹੀਂ ਰਹਿੰਦਾ, ਰੰਚਕ ਭੀ ਨਹੀਂ ਰਹਿੰਦਾ। ਸਚੁ ਅਮਿਉ ਮੱਜਨੀ ਸਰੋਵਰ ਵਿਚਿ ਤਾਰੀਆਂ ਲਾਉਂਦਾ ਹੋਇਆ ਭੀ "ਸਚੋ ਸਚੁ ਕਮਾਵੈ ਸਦ ਹੀ", ਸਦਾ ਸਚੁ ਹੀ ਸਚੁ ਅਲਾਉਂਦਾ,ਅਰਥਾਤ, ਸਚੁ ਰੂਪੀ ਨਾਮ ਦੀ ਜਾਪ ਜਪਾਈ ਰੂਪੀ ਅਭਿਆਸ ਨੂੰ ਕਮਾਉਂਦਾ ਹੀ ਰਹਿੰਦਾ ਹੈ। ਸਚੀ ਭਗਤੀ, ਸਚ ਭਗਤਿ-ਕਮਾਈ ਦੀ ਦ੍ਰਿੜ੍ਹਤਾ,ਇਸ ਮੇਅਰਾਜ ਤੇ ਪੁਜ ਕੇ ਹੀ ਹੁੰਦੀ ਹੈ। ਏਥੇ (ਇਸ ਪਦ ਪਹੁੰਚ ਕੇ) ਗੁਰਮੁਖਾਂ ਦੀ ਰਸ ਬੈਣੀ ਵਿਖੇ ਭੀ ਵਾਹਿਗੁਰੂ ਸਚੁ ਹੀ ਸੰਚਰਿਆ ਰਮਿਆ ਹੋਇਆ ਹੁੰਦਾ ਹੈ। ਗੁਰਮੁਖਾਂ ਦੇ ਨੈਣੀ (ਨੈਣਾ ਅੰਦਰਿ) ਭੀ ਵਾਹਿਗੁਰੂ ਸਚੁ ਹੀ ਸਮਾਇਆ ਰਸ-ਭਿੰਨੜਾਇਆ ਹੁੰਦਾ ਹੈ। ਤਿਨ੍ਹਾਂ ਦੇ ਨੈਣਾਂ ਤੋਂ ਭੀ,ਰਸਨ ਬੋਲ ਬੈਣਾ ਤੋਂ ਭੀ ਵਾਹਿਗੁਰੂ ਨਾਮ ਰਸ ਰੂਪੀ ਅੰਮ੍ਰਿਤ ਹੀ ਚੋ ਚੋ ਪੈਂਦਾ ਹੈ। ਗੁਰਮੁਖਾਂ ਦੀ ਕਰਨੀ ਕਾਰ ਹੀ ਸਚੁ (ਨਾਮ ਅਭਿਆਸ ਦਾ) ਕਮਾਉਣਾ ਹੈ। 'ਸਚੁ ਨਾਮੁ' ਅਭਿਆਸ ਦੀ ਕਮਾਈ ਬਾਝੋਂ ਗੁਰਮੁਖਾਂ ਦੀ ਕਰਨੀ ਕਾਰ ਹੋਰ ਕੋਈ ਹੈ ਹੀ ਨਹੀਂ। ਉਹ ਦਿਨ ਰਾਤੀ ਸਦਾ ਸਦਾ ਸਚੁ

ਹੀ ਸਚੁ ਕਹਿੰਦੇ ਹਨ । ਓਹੀ, ਬਸੁ ਓਹੋ ਅਜੇਹੇ ਗੁਰਮੁਖ ਜਨ ਹੀ (ਜਿਨ੍ਹਾਂ ਦੀ ਉਪਰ ਦਸੀ ਆਤਮਬਿਵਸਥਾ ਹੈ) ਸਚੁ, ਤਤ ਸਚੁ, ਅਸਲ ਅਰਥਾਂ ਵਾਲਾ ਪਰਮਾਰਥੀ ਸਚੁ, ਵਾਹਿਗੁਰੂ ਨਾਮੁ ਬੋਲੁ ਬੋਲਨੀ ਸਚੁ ਬੋਲਦੇ (ਮੁਖੋਂ ਕਹਿੰਦੇ) ਹਨ ਅਤੇ ਸਦਾ ਬੋਲਦੇ (ਕਹਿੰਦੇ)ਹੀ ਰਹਿੰਦੇ ਹਨ । ਏਹੋ ਗੁਰਮਤਿ ਆਦਰਸ਼ੀ ਸਚੁ, ਵਾਹਿਗੁਰੂ ਨਾਮੁ ਬੋਲੱਚ ਸਚੁ ਨਿਜ ਮੁਖੋਂ ਨਿਜ ਰਸਨਾ ਤੋਂ ਕਹਿੰਦੇ ਹਨ ਅਤੇ ਅਵਰਾਂ ਤੋਂ ਕਹਾਵੰਦੇ ਹਨ । ਅੰਮ੍ਰਿਤ ਸੰਚਾਰ ਸਮੇਂ ਗੁਰੂ ਸਚੇ ਪਾਤਸ਼ਾਹ ਦੀ ਆਗਿਆ ਅਨੁਸਾਰ ਪੰਜਾਂ ਪਿਆਰਿਆਂ ਦੀ ਹੈਸੀਅਤ ਵਿਚ ਕਹਾਉਂਦੇ ਹਨ, ਸਚੁ ਨਾਮ ਦ੍ਰਿੜ੍ਹਾਉਂਦੇ ਹਨ, ਸਚੁ ਨਾਮੁ ਟੇਰਨੀ ਟੇਵ ਟੇਵਾਉਂਦੇ ਹਨ । ਵਾਹਿਗੁਰੂ (ਨਾਮੁ) ਹੀ ਸੱਚੀ ਉੱਤਮ ਬਾਣੀ ਹੈ, ਮੂਲ ਬਾਣੀ, ਆਦਿ ਬਾਣੀ, ਮੁਖੀ ਗੁਰਬਾਣੀ ਜੋ ਹੈ ਤਾਂ ਇਹੀ ਵਾਹਿਗੁਰੂ ਨਾਮੁ ਰੂਪੀ ਬਾਣੀ ਹੈ । ਏਹੋ ਵਾਹਿਗੁਰੂ ਨਾਮੁ ਰੂਪੀ ਸਚੁ ਬਾਣੀ ਹੀ ਮੁਖੀ ਗੁਰੂ—ਵਾਹਿਗੁਰੂ ਨੇ, ਗੁਰਾਂ-ਗੁਰਮੁਖਾਂ ਨੇ ਸਚੋ ਸਚੁ ਬਖਾਣੀ ਹੈ । ਇਸ ਬਿਧਿ ਵਾਹਿਗੁਰੂ ਨਾਮੁ ਰੂਪੀ ਸਚੁ ਬਾਣੀ ਵਖਾਣਿ ਵਖਾਣਿ ਵਾਹਿਗੁਰੂ ਜਪ-ਜਾਪ ਅਲਾਪਿ ਅਲਾਪਿ "ਗੁਰਮੁਖਿ ਸਦ ਸੇਵਹਿ ਸਚੋ ਸਚਾ" ਗੁਰਮੁਖ ਜਨ ਸਦਾ ਸਚੋ ਸੱਚਾ ਵਾਹਿਗੁਰੂ ਸੇਂਵਦੇ ਹਨ ਤੇ ਸੇਂਵਦੇ ਰਹਿੰਦੇ ਹਨ । ਓਹਨਾਂ ਦੇ ਮੁਖੋਂ ਸਦਾ ਸੱਚ ਵਾਹਿਗੁਰੂ ਰੂਪ ਗੁਰਮੁਖਿ ਸ਼ਬਦ ਦਾ ਅਲਾਪ ਜਾਪ, ਅਭਿਆਸ ਸੁਣਾਈ ਦਿੰਦਾ ਰਹਿੰਦਾ ਹੈ । ਬੈਖਰੀ, ਮਧਮ, ਪਰਾ, ਪਸੰਤੀ ਧੁਨੀ ਅੰਦਰਿ ਓਹ ਵਾਹਿਗੁਰੂ ਨਾਮੁ ਹੀ ਉਚਾਰਦੇ ਰਹਿੰਦੇ ਹਨ । ਇਸ ਗੁਰਮਤਿ ਮਰਮੀ ਅਭਿਆਸ ਦੀ ਸੋਝੀ ਕਿਸੇ ਵਿਰਲੇ ਗੁਰਮੁਖ ਨੂੰ ਹੀ ਪੈਂਦੀ ਹੈ, ਜਿਸ ਦਾ ਹਉਮੈ ਮਾਇਆ ਵਾਲਾ ਭਰਮੁ ਮੂਲੋਂ ਹੀ ਕਟਿਆ ਹੋਇਆ ਹੁੰਦਾ ਹੈ,ਅਭਿਆਸ ਕਮਾਈਆਂ ਕਰਿ ਕਰਿ ਕੇ । ਇਹ ਗੁਰੂ ਘਰ ਦੀ, ਗੁਰੂ ਦੀ ਤੱਤ ਗੁਰਮਤਿ ਦਰਸਾਈ ਪਉੜੀ ਅਤਿ ਵਿਲੱਖਣੀ ਉੱਤਮਤਾ ਵਾਲੀ ਹੈ ਅਤੇ ਅਤਿ ਵਿਲੱਖਣੀ ਉਚਤਾ ਵਾਲੀ ਹੈ । ਜੋ ਗੁਰਮੁਖ ਜਨ ਇਸ ਪਉੜੀ ਚੜ੍ਹ ਗਿਆ ਹੈ, ਉਹ ਸਚੇ ਦਰਿ ਪੁਜ ਕੇ ਭੀ,ਸਚੇ ਦੀ ਸੱਚੀ ਦਰਗਾਹੇ ਪੁਜ ਕੇ ਭੀ ਹਰਿ ਗੁਣ ਹੀ ਗਾਉਂਦਾ ਹੈ । ਗੁਰਮੁਖ ਸਚੁ ਮੋਖ ਦੁਆਰੀਏ, ਸਚੁ ਮੋਖ ਦੁਆਰ ਪ੍ਰਾਪਤੀਏ ਗੁਰਮੁਖ ਜਨ ਦੀ ਸਚੁ ਸੰਜਮ ਸਾਰ ਕਰਨੀ ਏਹੋ ਹੈ,ਜੋ ਉਪਰ ਦਰਸਾਈ ਗਈ ਹੈ । ਓਹ ਭਾਉ ਭਗਤੀ ਰੂਪੀ ਸੱਚ ਦੇ ਰੰਗ ਵਿਚਿ ਰਾਤਾ (ਰਤਿਆ) ਹੋਇਆ ਆਪਾ ਉੱਕਾ ਹੀ ਗੰਵਾ ਲੈਂਦਾ ਹੈ । ਉਸ ਦਾ ਨਿਜ ਦੇਹ ਅਧਿਆਸ ਰਹਿੰਦਾ ਹੀ ਨਹੀਂ । ਅਪਣੱਤ ਦਾ ਅਭਾਵ ਹੀ ਹੋ ਜਾਂਦਾ ਹੈ । ਸਰਬੋਤਮ ਸਚ,ਸ਼ਿਰੋਮਣ ਸਚ,ਅਰਥਾਤ,ਵਾਹਿਗੁਰੂ ਦੇ ਸਚੇ ਸਰੂਪ ਵਿਚਿ ਸਮਾ ਜਾਂਦਾ ਹੈ । 'ਸਚੁ' ਦੀ ਖੋਜ ਬਸ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਹੀ ਖੋਜੀ ਹੈ । ਉਨ੍ਹਾਂ ਨੇ ਘਟ ਵਿਚੋਂ ਹੀ ਸਚੁ ਲੱਭ ਲਿਆ ਹੈ ਅਤੇ ਸਚੁ ਲਭਤ ਲਭ ਕੇ ਓਹੀ ਬਰਮਲਾ ਪੁਕਾਰ ਕੇ ਸੁਣਾਉਣ ਵਿਚਿ ਹਕ ਬਜਾਨਬ ਹੁੰਦੇ ਹਨ ਕਿ 'ਸਚੁ ਲਾਧੋ ਰੇ, ਸਚੁ ਲਾਧੋ ਰੇ'। ਇਉਂ ਸਚੁ ਲਭਤ ਲਹੈ, ਇਕੈ ਓਹ ਗੁਰਮੁਖ ਪਿਆਰਾ ਸਚੁ ਨਾਮ ਵਿਖੇ ਹੀ ਸਦਾ ਲਿਵ ਲਾਈ ਰਖਦਾ ਹੈ ਤੇ ਲਿਵ ਸਮਾਧੀ ਵਿਖੇ ਲੀਨ ਰਹਿੰਦਾ ਹੈ । ਸਚੇ ਵਾਹਿਗੁਰੂ ਨੂੰ ਭਾਂਵਦੀ ਰਜ਼ਾ ਵਿਚਿ ਸਦਾ ਰਜ਼ਾ ਪ੍ਰਾਇਣ ਰਹਿਣਾ ਭੀ,ਇਸੇ ਲਿਵ ਸਮਾਧੀ ਦੀ ਲੀਨਤਾ ਵਾਲੀ ਪਰਮ ਉੱਚ ਆਤਮ

ਅਵੱਸਥਾ ਵਿਖੇ ਹੀ ਬਣਦਾ (ਫਬਦਾ) ਹੈ। ਵਾਹਿਗੁਰੂ ਨੂੰ ਭਾ ਜਾਣ ਵਾਲੇ ਸਚੇ ਭਾਣੇ ਅੰਦਰ ਹੀ ਵਡਭਾਗਿਆਂ, ਵਾਹਿਗੁਰੂ ਨੂੰ ਭਾ ਗਇਆਂ ਨੂੰ ਸਤਿਗੁਰੂ ਮਿਲਦਾ ਹੈ। ਇਹ ਸਤਿਗੁਰੂ ਨੂੰ ਮਿਲਣਹਾਰੇ ਵਾਹਿਗੁਰੂ ਨੂੰ ਭਾ ਗਏ ਗੁਰਮੁਖਾਂ ਦੇ ਮਨ ਵਿਚਿ ਆਪੁ ਵਸ ਜਾਂਦਾ ਹੈ ਵਾਹਿਗੁਰੂ। ਵਾਹਿਗੁਰੂ ਭਾਣੇ ਅੰਦਰਿ ਹੀ ਵਾਹਿਗੁਰੁ-ਭਾਣਾ ਗੁਰਮੁਖ ਜਨ ਸਦਾ ਰੰਗਿ ਰਾਤਾ ਰਹਿੰਦਾ ਹੈ ਅਤੇ ਵਾਹਿਗੁਰੂ ਦੇ ਲੁਪਤ ਨਿਕਟੀ ਵਾਸ ਵਿਚਿ ਵਸਿਆ ਰੰਗ ਰਸਿਆ ਰਹਿੰਦਾ ਹੈ।..........ਇਸ ਵਿਚਿ ਵਾਹਿਗੁਰੂ ਸੱਚਾ ਹੀ ਆਪੇ ਕਰਨ ਕਰਾਵਨਹਾਰ ਸਮਰਥਾ ਵਾਲਾ ਹੈ। ਆਪ ਹੀ ਆਪਣੇ ਕੀਤੇ ਨੂੰ ਵੇਖ ਕੇ ਵਿਗਸਦਾ ਹੈ। ਆਪੇ ਹੀ ਥਾਪ ਉਥਾਪਨਹਾਰ ਹੈ। ਆਪੇ ਹੀ ਗੁਰਮੁਖਾਂ ਦੀ ਸੇਵਾ ਨੂੰ ਥਾਇੰ ਪਾਵਨਹਾਰ ਹੈ। ਆਪੇ ਹੀ ਗੁਰਮੁਖਾਂ ਦੀ ਸਚ ਨਾਮ ਕਮਾਈ ਨੂੰ ਸੁਣਿ ਜਾਂਚ ਕੇ ਲੇਖੇ ਲਾਵਣਹਾਰ ਹੈ। ਗੱਲ ਕੀ, ਵਾਹਿਗੁਰੂ ਦੇ ਨਾਮ ਰਤਾ ਗੁਰਮੁਖ ਜਨੁ ਹੀ ਸਚੋ ਸਚ ਕਮਾਉਂਦਾ ਹੈ। ਹੋਰ ਕਿਸੇ ਨੂੰ ਭੀ ਸਚੁ ਕਮਾਉਣਾ, ਸਚੁ ਅਲਾਉਣਾ ਨਹੀਂ ਆਉਂਦਾ। ਐਸਾ ਸਚੁ ਰੱਤਾ ਗੁਰਮੁਖ ਕੋਈ ਵਿਰਲਾ ਹੀ ਕੂੜ ਦੀ ਮੈਲ ਤੋਂ ਰਹਿਤ ਨਿਰਮੱਲ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਮੋਹਰ ਲਾਉਂਦੇ ਹਨ ਕਿ ਨਾਮ ਰਤੇ ਨਾਮ ਅਭਿਆਸ ਕਰਮਚਾਰੀ ਹੀ ਸਚੇ ਸਚੁ ਵੀਚਾਰੀ ਹਨ। ਸਚ ਨਾਮ ਦੀ ਸੱਚੀ ਸੁਰਤਿ ਲਿਵਤਾਰ ਹੀ ਸੱਚੜੀ ਸਚੁ ਵੀਚਾਰ ਹੈ। ਇਸ ਸਚ ਨਾਮ ਦੀ ਲਿਵਤਾਰ ਵਿਚਿ ਜੁੜ ਕੇ ਜੁਟੇ ਰਹਿਣ ਵਾਲਾ ਸੱਚ ਲਿਵਤਾਰੀਆ ਗੁਰਮੁਖ ਜਨ ਹੀ ਸਚ ਦੇ ਸਰੂਪ ਵਿਚਿ ਸਦਾ ਸਮਾਉਣਹਾਰਾ ਹੈ।

ਇਸ ਆਦਰਸ਼ ਵਿਲੱਖਣੀ ਸਚੁ' ਦੀ ਦ੍ਰਿੜ੍ਹਤਾ ਸਤਿਗੁਰੂ ਦੁਆਰੇ ਹੀ ਹੁੰਦੀ ਹੈ। ਸੱਚਾ ਸਤਿਗੁਰੂ ਹੀ 'ਸਚੁ' ਨੂੰ ਦ੍ਰਿੜ੍ਹਾਉਂਦਾ ਹੈ, ਨਿਸਚੇ ਕਰਿ ਮਨਾਉਂਦਾ ਹੈ। ਜਿਸ ਗੁਰਮੁਖ ਪਿਆਰੇ ਨੂੰ ਇਸ ਬਿਧਿ ਨਿਸਚੇ ਕਰਿ ਸਤਿਗੁਰੂ ਦ੍ਰਿੜ੍ਹਾਇਆ ਸਚੁ ਪ੍ਰਕਾਸ਼ਤ ਹੋ ਗਿਆ ਹੈ, ਉਹ ਅਨਦਿਨ ਸਚ-ਰਤਾ ਹੀ ਗੁਰ ਕੇ ਸੱਚ ਸ਼ਬਦ ਦੀ ਸਚੀ ਰੁਸ਼ਨਾਈ (true light) ਵਿਚਿ 'ਸੱਚ' ਤੇ ਸਚੇ ਵਾਹਿਗੁਰੂ ਦੇ ਹੀ ਗੁਣ ਗਾਉਂਦਾ ਹੈ। ਸੱਚਾ ਗੁਣਦਾਤਾ ਵਾਹਿਗੁਰੂ ਆਪਣੇ ਸਚ ਸਰੂਪ ਵਿਚਿ ਸਭਨਾਂ ਅੰਦਰਿ ਅਤੇ ਸਭ ਥਾਈਂ ਵਰਤਦਾ ਹੋਇਆ ਤਿਨ੍ਹਾਂ ਨੂੰ ਪਰਤੱਖ ਦਿਖਾਈ ਦਿੰਦਾ ਹੈ। ਨਿਰਾ ਸਭਨਾਂ ਅੰਦਰਿ ਵਰਤਦਾ ਹੀ ਦਿਖਾਈ ਨਹੀਂ ਦਿੰਦਾ, ਬਲਕਿ ਸਭਨਾਂ ਅੰਦਰਿ ਵਰਤਦਾ ਹੋਇਆ, ਸਭਨਾਂ ਜੀਆਂ ਜੰਤਾਂ ਦੇ ਸਾਹਾਂ (ਸੁਆਸਾਂ) ਨੂੰ ਗਿਣ ਮਿਣ ਸਿਰਿ ਸਿਰਿ ਲੇਖ ਲਿਖਦਾ ਭੀ ਦੀਂਹਦਾ ਹੈ। ਯਥਾ ਗੁਰਵਾਕ :

> ਸਤਿਗੁਰੁ ਪੂਰਾ ਸਾਚੁ ਦ੍ਰਿੜਾਏ ॥
> ਸਚੈ ਸਬਦਿ ਸਦਾ ਗੁਣ ਗਾਏ ॥
> ਗੁਣ ਦਾਤਾ ਵਰਤੈ ਸਭ ਅੰਤਰਿ ਸਿਰਿ ਸਿਰਿ ਲਿਖਦਾ ਸਾਹਾ ਹੇ ॥੭॥

**ਪੰਨਾ ੧੦੫੫—** ਮਾਰੂ ਸੋਲਹੇ ਮਹਲਾ ੩

ਇਹ ਸਿਰਿ ਸਿਰਿ ਲੇਖਾ, ਸੁਆਸਾਂ ਦੀ ਸਫਲਤਾ ਵਾਲੀ ਗਿਣਤੀ ਅਨੁਸਾਰ ਹੁੰਦਾ

ਹੈ। ਉਹ ਲੇਖਾ ਲੇਵਣਹਾਰ ਸੱਚਾ ਪਾਤਸ਼ਾਹ ਦੇਖਦਾ ਹੈ, ਸੁਆਸ ਕਿਸ ਦੇ ਬਿਰਥੇ ਜਾਂਦੇ ਹਨ ਤੇ ਕਿਸ ਕਿਸ ਦੇ ਲੇਖੇ ਲਗਦੇ ਹਨ। ਉਹ ਕਿਸੇ ਦੀ ਘਾਲੀ ਘਾਲ ਇਕ ਤਿਲੁ ਨਹੀਂ ਗਵਾਉਂਦਾ, ਗੁਰਮਤਿ ਨਾਮ ਸੱਚ ਲਿਵ ਤਾਰੀਆਂ ਦੀ ਤਾਂ ਉੱਕੀ ਹੀ ਨਹੀਂ ਗਵਾਉਂਦਾ। ਦੇਖੋ ਅਗਲਾ ਗੁਰਵਾਕ ਕਿਆ ਸੋਹਣੀ ਨਿਖਾਰਨੀ ਨਿਖਾਰਦਾ ਤੇ ਨਿਖਰਵੀਂ ਨਿਤਾਰਨੀ ਨਿਤਾਰਦਾ ਹੈ, ਗੁਰਮਤਿ ਸਿਧਾਂਤ ਦੀ। ਯਥਾ ਗੁਰਵਾਕ :

ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥
ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮਹੀ ਅਵਰੁ ਨ ਦੁਤੀਆ ਗਾਇਆ ॥ ੩ ॥
ਸਚੁ ਹਰਿ ਨਾਮੁ ਸਚੁ ਹੈ ਸਰਣਾ ॥
ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥
ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥ ੪ ॥
ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥
ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥ ੫ ॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥
ਇਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥ ੬ ॥...

ਪੰਨਾ ੧੦੪੦-੪੧ ਮਾਰੂ ਸੋਲਹੇ ਮਹਲਾ ੧

ਭਾਵ, ਗੁਰਮਤਿ ਗ੍ਰਹਿਣ ਕੀਤਿਆਂ ਹੀ ਸੱਚੀ ਹਰਿ-ਲਿਵ ਲਗਦੀ ਹੈ। ਸਚੀ ਹਰਿ ਲਿਵ ਲਗਿਆਂ ਹੀ ਭਵਜਲੋਂ ਪਾਰ-ਉਤਰਨਾ ਸੱਚਾ ਨਿਸਤਾਰਾ ਹੁੰਦਾ ਹੈ। ਕਲ ਤੋਂ ਰਹਿਤ, ਅਕਲ ਕਲਾ ਭਰਪੂਰ ਰਹਿਆਂ, ਅਕਾਲ ਪੁਰਖ ਗਾਵਿਆਂ ਸਾਲਾਹਿਆਂ ਜਮਦੂਤਾਂ ਦੇ ਸਭ ਡਰ ਦੂਰ ਹੋ ਜਾਂਦੇ ਹਨ। ਇਉਂ ਨਿਰਭੈ ਹੋ ਕੇ ਹਰਿ ਗੁਣ ਗਾਇਆਂ 'ਜਤੁ ਜਤੁ ਦੇਖਉ ਤਤ ਤਤ ਤੁਮ ਹੀ" ਦੇ ਭਾਵ ਵਾਲੀ ਦਿਬ ਦ੍ਰਿਸ਼ਟਤਾ ਪੈਦਾ ਹੋ ਜਾਂਦੀ ਹੈ। ਹਰਿ ਗੁਣ ਗਾਵਣਹਾਰੇ ਨੂੰ ਇਸ ਦਿਬ-ਦ੍ਰਿਸ਼ਟਤਾ ਦੇ ਪੈਦਾ ਹੋ ਜਾਣ ਪਰ ਹਰਿ ਗੁਣ ਗਾਵਣ ਦਾ ਲੁਤਫ ਲਤੀਫ਼ੀ ਆਨੰਦ ਆਉਂਦਾ ਹੈ। ਸਚੇ ਪ੍ਰੀਤਮ ਨੂੰ ਸਨਮੁਖ ਸਰਬਤ੍ਰ ਰਵਿਆ ਪੇਖਿ ਪੇਖਿ ਪ੍ਰੀਤਮ ਪਿਆਰੇ ਦਾ ਜਸ, ਕੀਰਤਨ ਦੁਆਰਾ ਫੁਟ ਫੁਟ ਕੇ ਹਰਿ ਜਸ ਗਾਵਣਹਾਰੇ ਦੇ ਹਿਰਦਿਓਂ ਨਿਕਸਦਾ ਹੈ। ਗੁਣ ਗਾਇ ਗਾਇ ਪਿਆਰੇ ਪ੍ਰੀਤਮ ਦੀ ਦਰਸ ਮਸਤੀ ਵਿਚਿ ਹੀ ਮਹਿਵ ਹੋ ਜਾਂਦਾ ਹੈ। ਉਸ ਨੂੰ ਫੇਰ ਵਾਹਿਗੁਰੂ ਜਸ ਬਿਨਾ ਹੋਰ ਦੂਤੀਏ ਦਾ ਜਸ ਗਾਉਣਾ ਭਾਉਂਦਾ ਹੀ ਨਹੀਂ। ਕਿਉਂਕਿ ਇਕ ਅਕਾਲ ਪੁਰਖ ਸਚੇ ਦਾ ਜਸ ਹੀ ਸੱਚਾ ਹੈ, ਹੋਰ ਸਭ ਕੂੜਾਵੇ ਜਸ ਹਨ। ਤੀਨ ਲੋਕ ਵਿਖੇ 'ਸੱਚੁ' ਹੈ ਤਾਂ ਹਰਿ ਨਾਮੁ ਹੀ 'ਸਚੁ' ਹੈ। ਇਹ ਸਚੁ ਵਾਹਿਗੁਰੂ, ਸੱਚੇ ਦੀ ਸਰਨ ਪ੍ਰਾਪਤਿ ਹੋਇਆਂ ਲਭਦਾ ਹੈ। ਨਾਮੁ

ਗੁਰਮੰਤ੍ਰ ਰੂਪੀ ਗੁਰ ਸਬਦੁ ਹੀ ਸਚੁ ਹੈ, ਜਿਸ ਨੂੰ ਲਗਿਆਂ ਸਦਾ ਨਿਸਤਾਰਾ ਹੁੰਦਾ ਹੈ। ਤਾਂ ਤੇ ਜੇ ਤਰੀਦਾ ਹੈ ਤਾਂ ਗੁਰਮਤਿ ਸਚ, ਗੁਰ ਸ਼ਬਦ ਰੂਪੀ ਸਚ ਦੇ ਆਸਰੇ ਹੀ ਤਰੀਦਾ ਹੈ। ਹੋਰ ਸਚੁ ਕੋਈ ਪਾਰ-ਉਤਾਰਾ ਕਰਨ ਜੋਗ ਨਹੀਂ। ਇਸ ਸਚੁ ਦੁਆਰਾ (ਗੁਰਮਤਿ ਸਚੁ ਦੁਆਰਾ) ਅਕੱਥ ਨੂੰ ਕਥੀਦਾ ਹੈ, ਅਲੱਖ ਨੂੰ ਲਖੀਦਾ ਹੈ, ਅਪਰੰਪਰ ਪਾਰਬ੍ਰਹਮ ਨੂੰ ਸਾਂਗੋ ਪਾਂਗ ਪੇਖਿ ਲਈਦਾ ਹੈ। ਐਸੇ ਸਚ ਨੂੰ ਕਮਾਵਣਹਾਰਾ ਫੇਰ ਮੁੜ ਕੇ ਗਰਭ ਵਿਚਿ ਨਹੀਂ ਪੈਂਦਾ, ਨਾ ਜੂਨੀਆਂ ਵਿਚਿ ਭਉਂਦਾ ਹੈ। ਗੁਰਮਤਿ ਸਚੁ ਬਿਹਾਝੇ ਬਿਨਾਂ ਇਖ਼ਲਾਕੀ ਸੱਚੁ, ਹੋਰ ਇਖ਼ਲਾਕੀ ਗੁਣ, ਸਤੁ, ਸੰਤੋਖੁ ਆਦਕ ਭੀ ਪ੍ਰਾਪਤਿ ਨਹੀਂ ਹੁੰਦੇ। ਗੁਰਮਤਿ ਗ੍ਰਹਿਣ ਕੀਤੇ ਬਿਨਾ ਸਚੁ ਨਹੀਂ ਮਿਲਦਾ ਅਤੇ ਗੁਰਮਤਿ ਸਚੁ ਮਿਲੇ ਬਿਨੁ ਮੁਕਤੀ ਨਹੀਂ ਹੁੰਦੀ। ਤਾਂਤੇ ਅਫਰੂ ਦਫਰੂ ਸੱਚ ਵਾਲਿਆਂ ਦਾ ਆਵਣ ਜਾਣ (ਚੁਰਾਸੀ ਦਾ ਗੇੜ) ਨਹੀਂ ਮੁਕਦਾ। ਅੰਮ੍ਰਿਤ ਨਾਮੁ ਹੀ ਮੂਲ ਮੰਤ੍ਰ ਹੈ। ਇਸ ਗੁਰਮਤਿ ਨਾਮੁ ਰਸਾਇਣੀ ਮੂਲ ਮੰਤ੍ਰ ਦੀ ਪਾਰਸ ਅਭਿਆਸ ਕਮਾਈ ਦੇ ਪ੍ਰਤਾਪ ਨਾਲਿ ਹੀ ਪਰੀਪੂਰਨ ਪਰਮਾਤਮਾ ਪਾਇਆ ਜਾਂਦਾ ਹੈ। ਇਸ ਸਚ ਬਿਨਾ ਭਉਜਲ ਤਰਿਆ ਨਹੀਂ ਜਾਂਦਾ। ਇਹ ਭਵਜਲੀ ਅਥਾਹ ਸਮੁੰਦਰ ਮਹਾਂ ਬਿਖਮ ਰੂਪੀ ਕੂੜ ਦਾ ਭਰਿਆ ਹੋਇਆ ਹੈ। ਇਸ ਮਹਾਂ ਬਿਖ ਭਰੇ ਕੂੜ ਦੇ ਅਥਾਹ ਸਮੁੰਦਰ ਨੂੰ, ਭੈਜਲੀ ਸਮੁੰਦਰ ਨੂੰ ਗੁਰਮਤਿ ਅੰਮ੍ਰਿਤ ਰਸਾਇਣੀ ਸਚੁ ਕਮਾਇਆਂ ਹੀ ਤਰਿਆ ਜਾ ਸਕਦਾ ਹੈ, ਐਵੇਂ ਨਹੀਂ। ਕੂੜ ਦੀ ਬਿਖੁ ਨੂੰ ਅੰਮ੍ਰਿਤ ਰਸਾਇਣੀ ਸਚੁ ਹੀ ਕੱਟ ਸਕਦਾ ਹੈ। ਜਿਨ੍ਹਾਂ ਨੇ ਗੁਰਮਤਿ ਸਚੁ ਨੂੰ ਆਪਣੇ ਉਪਰ ਧਾਰਨ ਕੀਤਾ ਹੈ ਓਹ ਇਸ ਕੂੜ ਬਿਖ ਸਾਗਰ ਤੋਂ ਅਤੀਤ ਬੈਰਾਗੀ ਹੋ ਗਏ ਹਨ। ਓਹਨਾਂ ਨੂੰ ਫੇਰ ਕੂੜ ਬਿਖੁ ਪੋਹ ਨਹੀਂ ਸਕਦੀ, ਨਾਹੀਂ ਭਵਜਲ ਦਾ ਭੈ ਵਿਆਪ ਸਕਦਾ ਹੈ। ਓਹਨਾਂ ਦਾ ਨਿਰਭੈ ਨਿਰੰਕਾਰ ਦੇ ਘਰ ਵਿਚਿ ਵਾਸਾ ਹੋ ਜਾਂਦਾ ਹੈ।

'ਸਚੁ' ਦੀ ਵੰਨਗੀ ਅਗਲੇ ਗੁਰ ਫ਼ੁਰਮਾਨ ਨੇ ਕਿਆ ਥੋੜੇ ਵਿਚਿ ਦਿਖਾਇ ਮੁਕਾਈ ਹੈ। ਯਥਾ ਗੁਰਵਾਕ :

ਬਿਨ ਸਤਿਗੁਰ ਸਹਜੁ ਕਿਨੈ ਨਹੀ ਪਾਇਆ ॥
ਗੁਰਮੁਖਿ ਬੂਝੈ ਸਚਿ ਸਮਾਇਆ ॥
ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ ॥ ੧੫ ॥
ਆਪੇ ਗੁਣ ਦਾਤਾ ਬੀਚਾਰੀ ॥
ਗੁਰਮੁਖਿ ਦੇਵਹਿ ਪਕੀ ਸਾਰੀ ॥
ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ ॥ ੧੬ ॥ ਪੰਨਾ ੧੦੪੫
ਮਾਰੂ ਸੋਲਹੇ ਮਹਲਾ ੩

ਭਾਵ :—ਸਹਜ ਪਦੁ ਸਤਿਗੁਰੂ ਬਿਨਾ ਕਿਸੇ ਨੂੰ ਨਹੀਂ ਮਿਲਦਾ। ਜੇਹੜੇ ਗੁਰਮੁਖਿ ਜਨ ਸਚੁ ਨਾਮੁ ਕਮਾ ਕੇ, ਸਚ ਵਿਚਿ ਸਮਾ ਕੇ ਹੀ ਤੱਦ ਰੂਪ ਹੋ ਗਏ ਹਨ, ਤਿਨ੍ਹਾਂ ਨੇ ਹੀ

ਸਹਜ ਪਦੁ ਨੂੰ ਬੂਝਿਆ ਹੈ। ਸ਼ਬਦ ਰੂਪੀ ਸਚੁ ਵਿਚਿ ਰੱਤ ਕੇ ਹੀ ਸਚੇ ਵਾਹਿਗੁਰੂ ਦੀ ਸੇਵਾ ਭਗਤੀ ਹੁੰਦੀ ਹੈ। ਸਚੁ ਸ਼ਬਦ ਕਮਾਇਆਂ ਹੀ ਹਉਮੈ ਦਾ ਬਿਨਾਸ ਹੁੰਦਾ ਹੈ। ਸਚ ਫਲ ਪਰਦਾਤਾ,ਸਚ ਗੁਣ ਦਾਤਾ,ਗਿਆਨ ਪੁੰਜ,ਗਿਆਨ ਨਿਧਾਨ ਵਾਹਿਗੁਰੂ,ਗੁਰਮਤਿ ਸਚ ਨਾਮ ਦੀ ਪੱਕੀ ਸਾਰ ਕਮਾਈ ਆਪਣੇ ਗੁਰਮੁਖ ਭਗਤਾਂ ਨੂੰ ਹੀ ਦਿੰਦਾ ਹੈ। ਸਚ ਨਾਮ ਦੁਆਰਾ ਹੀ ਸਚੇ ਵਾਹਿਗੁਰੂ ਵਿਚਿ ਸਮਾਈਦਾ ਹੈ। ਇਉਂ ਸਚੇ ਵਾਹਿਗੁਰੂ ਤੋਂ ਸਦਗਤੀ ਪਾ ਕੇ ਹੀ ਸੱਚੀ ਪਤਿ ਪਰਤਿਸ਼ਟਾ ਮਿਲਦੀ ਹੈ।

ਅਗਲੇ ਗੁਰਵਾਕ ਅੰਦਰਿ ਸਭ ਘਟ ਰਾਵਣਹਾਰੇ ਗਹਿਰ ਗੰਭੀਰ ਵਾਹਿਗੁਰੂ ਨੂੰ ਹੀ 'ਸਚੁ' ਕਹਿਆ ਗਿਆ ਹੈ। ਦੇਖੋ 'ਸਚੁ' ਬਚਿੱਤ੍ਰਤਾ ਕੈਸੇ ਚਿਤਰੀ ਗਈ ਹੈ :

ਸਚੁ ਸਾਲਾਹੀ ਗਹਿਰ ਗੰਭੀਰੈ ॥
ਸਭੁ ਜਗੁ ਹੈ ਤਿਸ ਹੀ ਕੈ ਚੀਰੈ ॥
ਸਭਿ ਘਟ ਭੋਗਵੈ ਸਦਾ ਦਿਨੁ ਰਾਤੀ ਆਪੇ ਸੂਖ ਨਿਵਾਸੀ ਹੇ ॥ ੧ ॥
ਸਚਾ ਸਾਹਿਬੁ ਸਚੀ ਨਾਈ ॥
ਗੁਰ ਪਰਸਾਦੀ ਮੰਨਿ ਵਸਾਈ ॥
ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ ॥ ੨ ॥
ਕਿਸੁ ਸੇਵੀ ਤੈ ਕਿਸੁ ਸਾਲਾਹੀ॥ਸਤਿਗੁਰੁ ਸੇਵੀ ਸਬਦਿ ਸਾਲਾਹੀ ॥
ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥ ੩ ॥
... ... ... ... ...
ਸਚਾ ਚਉਕਾ ਸੁਰਤਿ ਕੀ ਕਾਰਾ ॥
ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥ ੫ ॥
ਹਉ ਤਿਨ ਬਲਿਹਾਰੀ ਜੋ ਸਾਚੈ ਲਾਗੇ ॥
ਹਰਿ ਗੁਣ ਗਾਵਹਿ ਅਨਦਿਨੁ ਜਾਗੇ ॥
ਸਾਚਾ ਸੂਖੁ ਸਦਾ ਤਿਨ ਅੰਤਰਿ ਰਸਨਾ ਹਰਿ ਰਸਿ ਰਾਸੀ ਹੇ ॥ ੬ ॥
ਹਰਿ ਨਾਮੁ ਚੇਤਾ ਅਵਰੁ ਨ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥
ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ ॥੭॥ ਪੰਨਾ ੧੦੪੮
ਮਾਰੂ ਸੋਲਹੇ ਮਹਲਾ ੩

ਗੁਰੂ ਘਰ ਦੇ ਸਚ-ਸੰਜੋਗੀ ਐਸੇ 'ਸਚੁ' ਦੇ ਮੁਸ਼ਤਾਕ ਹਨ, ਜੋ 'ਸਚੁ' ਗਹਿਰੀ ਡੂੰਘੀ ਤੋਂ ਡੂੰਘੀ ਦਿਬ ਅਕਸੀਰ ਵਾਲਾ ਹੈ। ਜਿਸ ਸਚ ਦੀ 'ਗੰਭੀਰਤਾ' ਸਰਬ ਸੱਤਤਾ ਉਤੇ ਹਾਵੀ ਹੈ, ਜਿਸ ਸਚੁ ਦੇ ਤਾਣ ਤਾਬੀਰੇ ਹੁਕਮ ਚੀਰੇ ਅੰਦਰਿ ਸਾਰੀ ਸ੍ਰਿਸ਼ਟੀ ਹੈ। ਐਸੀ ਸਮਰੱਥਾ ਵਾਲੇ ਕਲਾਵਾਨ ਅਕਲ ਕਲਾ ਧਾਰੀ 'ਸਚੁ' ਨੂੰ ਸਲਾਹਨ ਸਿਮਰਨਹਾਰੇ ਤੇ ਪੂਜਨਹਾਰੇ ਹਨ, ਗੁਰਸਿਖ ਗੁਰਮੁਖ ਜਨ। ਇਹ ਸਚੁ ਸੱਚਾ ਪੂਜਯ ਸਿਰਜਨਹਾਰ ਵਾਹਿਗੁਰੂ ਹੀ ਹੈ, ਜੋ

ਸਦਾ ਦਿਨ ਰਾਤੀਂ ਗੁਪਤ ਪਰਗਟ ਅਨਿਕ ਭਾਂਤੀ ਸਭ ਘਟਾਂ ਨੂੰ ਭੋਗਣਹਾਰ ਸਚੜਾ ਖਸਮ ਹੈ ਸਾਰਿਆਂ ਦਾ। ਤਿਨ੍ਹਾਂ ਨੂੰ ਹੀ ਸਚੜੇ ਆਤਮ ਭੋਗ ਦਾ ਸਚੜਾ ਸੁਖ ਰਸ ਆਇਆ ਹੈ। ਆਤਮ ਭੋਗ ਭੋਗਾਇ ਭੋਗਾਇ ਤਿਨ੍ਹਾਂ ਦਾ ਸਚੜੇ ਸੁਖ ਵਿਚਿ ਹੀ ਸਮਾਵਣਾ ਹੋਇਆ ਹੈ। ਸਚੁ ਸਰੂਪ ਸਚਾ ਸਾਹਿਬ ਹੈ। ਸੱਚੀ ਨਾਈ ਸਚੇ ਸਾਹਿਬ ਦਾ ਸਚੁ ਨਾਉਂ ਭੀ ਸਚੁ ਸਰੂਪ ਹੈ। ਇਹ ਸਚਾ ਸਾਹਿਬ, ਸੱਚੀ ਨਾਈ ਸਰੂਪੀ ਸਚੁ ਗੁਰ ਪ੍ਰਸਾਦੀ ਹੀ ਮਨ ਵਿਚਿ ਵਸਾ ਸਕੀਦਾ ਹੈ। ਸਚ ਨਾਮ ਕਮਾਈ ਉਤੇ ਤੁਠ ਕੇ ਆਪੇ ਹੀ ਜੋਤਿ ਪਰਜੁਲਤੀ ਜੋਤੀਸ਼ਰ ਸਚੁ (ਸਚਾ ਸਾਹਿਬ), ਨਿਜ ਜੋਤਿ ਜਗੰਤਰੀ ਜਲਵੇ ਘਟ ਅੰਦਰਿ ਜਲਵਾਗਰ ਹੋ ਜਾਂਦਾ ਹੈ। ਜਿਸ ਗੁਰਮੁਖ ਜਨ ਦੇ ਘਟ ਅੰਦਰਿ ਜੋਤੀਸ਼ ਜੋਤਿ ਜਲਵਨੀ ਪ੍ਰਕਾਸ਼ ਵਾਲਾ ਜੋਤੀਸ਼ ਸੱਚਾ ਇਉਂ ਪਰਗਟ ਪਰਕਾਸ਼ ਸਰੂਪ ਵਿਚਿ ਆਪੇ ਹੀ ਆਇ ਵਸਦਾ ਹੈ, ਤਿਸ ਦੀ ਜਮ ਦੀ ਫਾਸੀ ਕਟੀ ਜਾਂਦੀ ਹੈ। ਐਸੇ ਪਰਕਾਸ਼ ਪੁੰਜ ਸਚੁ ਨੂੰ ਛਡ ਕੇ ਹੋਰ ਕਿਸ ਨੂੰ ਸੇਵਿਆ ਜਾਏ ਤੇ ਕਿਸ ਨੂੰ ਸਾਲਾਹਿਆ ਜਾਵੇ। ਬਸ, ਸਚੁ ਨਾਮੁ ਦਾਤਾਰ ਸਤਿਗੁਰੂ ਨੂੰ,ਹੀ ਸਚ ਸਿਫਤਿ ਸਾਲਾਹੀ ਸ਼ਬਦ ਅਭਿਆਸ ਦੀ ਕਮਾਈ ਕਰਿ ਕਰਿ ਹੀ ਸੇਵਿਆ ਜਾਣਾ, ਪਰਮ ਗੁਰਮਤਿ ਅਨਕੂਲਤਾ ਵਾਲਾ ਸੇਵਨ ਸਾਲਾਹਨ ਭਾਵ ਵਿਲੱਖਣਤਾ ਰਖਦਾ ਹੈ। ਸਚੇ ਸ਼ਬਦ ਮਈ ਸਿਫਤਿ ਸਾਲਾਹਨੀ ਸੇਵਾ (ਅਭਿਆਸ ਕਮਾਈ) ਦੇ ਪਾਰਸ ਪਰਭਾਵੀ ਪਰਤਾਪ ਕਰਿ ਸਚੁ ਸਬਦੁ ਸਾਲਾਹਨਹਾਰੇ ਦੀ ਮਤਿ ਬੁਧਿ ਸਦਾ ਲਈ ਉੱਜਲ ਅਤੇ ਉਤਮ ਪਰਕਾਸ਼ ਵਾਲੀ ਹੋ ਜਾਂਦੀ ਹੈ। ਉਸ ਦੇ ਘਟ ਅੰਤਰਲਾ ਨਾਭ ਕੰਵਲ ਖਿੜ ਕੇ ਜੋਤਿ ਵਿਗਾਸੀਆ ਹੋ ਜਾਂਦਾ ਹੈ। ………… ਜਿਸ ਘਟ ਵਿਖੇ ਜੋਤਿ ਵਿਗਾਸੀਏ 'ਨਾਮੁ' ਦਾ ਨਿਵਾਸ ਹੋ ਜਾਂਦਾ ਹੈ, ਉਹ ਘਟ ਅੱਤਿ ਪਵਿਤ੍ਰ ਪਾਵਨ ਹੈ ਅਤੇ ਸਦਾ ਨਾਮੁ ਅਮੀ ਰਸ ਨਾਲਿ ਹੀ ਤ੍ਰਿਪਤਾਸਿਆ ਰਹਿੰਦਾ ਹੈ। ਉਸ ਘਟ ਵਿਖੇ ਸੱਚੀ ਸੁੱਚਤਾ ਦਾ ਚਉਂਕਾ ਦਿਤਾ ਰਹਿੰਦਾ ਹੈ। ਤਿਸ ਚਉਂਕੇ ਚਉਗਿਰਦੇ ਸਚ ਸੁਰਤੀਸੁਰੀ ਕਾਰਾਂ ਕਢੀਆਂ ਰਹਿੰਦੀਆਂ ਹਨ। ਸਚੁ ਨਾਮੁ ਭੋਜਨੁ ਪ੍ਰਸਾਦੁ ਤਿਥੈ ਹਰ ਵਕਤ ਤਿਆਰ ਹੀ ਰਹਿੰਦਾ ਹੈ। ਜਿਸ ਅੰਮ੍ਰਿਤ ਭੋਜਨ ਪ੍ਰਸਾਦ ਦੇ ਛਾਂਦਿਆਂ ਦੇ ਅਹਾਰ ਨਾਲਿ ਹਰ ਵਖਤ ਰੱਜੇ ਹੀ ਰਹੀਦਾ ਹੈ। ਐਸੇ ਸਚੁ ਆਧਾਰੀ ਵਾਪਾਰ ਨੂੰ ਜੇਹੜੇ ਸੱਚੇ ਗੁਰਮੁਖ ਪੁਰਸ਼ ਲਗੇ ਹੋਏ ਹਨ, ਜੇਹੜੇ ਅਨਦਿਨ ਜਾਗਰਨ ਕਰਿ ਕਰਿ ਹਰਿ ਜਸ ਗਾਵਨ, ਸਿਫਤਿ ਸਾਲਾਹਨ ਵਿਚਿ ਹੀ ਤੱਤਪਰ ਰਹਿੰਦੇ ਹਨ, ਤਿਨ੍ਹਾਂ ਦੀ ਘਾਲਨਾ ਧੰਨ ਹੈ। ਸਦ ਸਦ ਵਾਰ ਵਾਰਨੇ ਬਲਿਹਾਰਨੇ ਜਾਈਏ ਤਿਨ ਵਿਟਹੁ। ਤਿਨ੍ਹਾਂ ਅੰਦਰਿ, ਉਨ੍ਹਾਂ ਦੇ ਆਤਮਾ ਅੰਦਰਿ ਸੱਚਾ ਆਤਮਾ ਆਨੰਦੀ ਸੁਖੁ ਰਮਿਆ ਹੋਇਆ ਹੈ, ਹੁੰਦਾ ਹੈ। ਤਿਨ੍ਹਾਂ ਦੀ ਰਸਨਾ ਸੱਚੀ,ਹਰਿ ਰਸ, ਅੰਮ੍ਰਿਤ ਰਸ ਨਾਲਿ ਰਸੀ ਰਸਾਈ ਰਹਿੰਦੀ ਹੈ। ਐਸੇ ਸਚੁ ਅੰਮ੍ਰਿਤੁ ਨਾਮੁ ਦੀ ਅਭਿਆਸ ਕਮਾਈ ਪੂਜਾ ਜੇਵਡ ਹੋਰ ਪੂਜਾ ਕੋਈ ਨਹੀਂ। ਕਿਉਂਕਿ ਐਸੀ ਪੂਜਾ ਵਾਲੇ ਕੇਵਲ ਇਕ ਸਚੇ ਅਕਾਲ ਪੁਰਖ ਨੂੰ ਹੀ ਪੂਜਦੇ ਹਨ, ਹੋਰ ਦੂਜੇ ਨੂੰ ਨਹੀਂ ਪੂਜਦੇ, ਸਚੇ ਦੀ ਪੂਜਾ ਬਿਹੂਣ ਦੂਜੀ (ਦੂਜੇ ਭਾਵ ਦੀ) ਕੂੜਾਵੀ ਪੂਜਾ ਵਿਚਿ ਪਰਵਿਰਤ ਨਹੀਂ ਹੁੰਦੇ। ਪੂਰੇ ਸਤਿਗੁਰੂ ਨੇ ਐਸਾ ਨਦਰ ਕ੍ਰਿਸ਼ਮਾ ਵਰਤਾਇਆ ਹੈ ਕਿ ਗੁਝੇ ਗਪਤ 'ਸਚੁ' ਨੂੰ ਪਰਤੱਖ ਦਿਖਾ ਦਿਤਾ ਅਤੇ ਸਚੇ ਨਾਮ ਵਿਚਿ ਹੀ ਵਾਸੁ ਵਸਾ ਦਿਤਾ ਹੈ।

੯

# ਸਚੁ ਤੇ ਨਾਮੁ ਦੋਈ ਅਭੇਦ ਹਨ

ਸਚੁ ਅਤੇ ਨਾਮੁ ਦੋਈ ਅਭੇਦ ਰੂਪ ਹਨ ਕੋਈ ਭਿੰਨ ਭੇਦ ਹੀ ਨਹੀਂ। ਨਾਮ ਵਿਚਿ ਨਿਵਾਸ ਹੈ ਤਾਂ ਸਚ ਵਿਚਿ ਨਿਵਾਸ। ਨਾਮ ਦਾ ਪਰਕਾਸ਼ ਹੈ ਤਾਂ ਸਚ ਦਾ ਹੀ ਵਿਗਾਸ ਹੈ। ਨਾਮ ਅਤੇ ਸਚ ਦਾ ਸਰੂਪ ਇਕੋ ਹੀ ਹੈ। ਇਸ ਦੀ ਲਖਤਾ ਵਿਚਿ ਰਾਈ ਮਾਤਰ ਭੀ ਅੰਤਰਾ ਨਹੀਂ। ਸਚੁ ਅਤੇ ਨਾਮੁ ਨਾਮੀ ਅਭੇਦਤਾ ਦੀ ਪ੍ਰੋੜ੍ਹਤਾ ਮਈ ਅਗਲਾ ਗੁਰਵਾਕ ਹੋਰ ਲਓ :

ਗੁਰ ਕੈ ਸਬਦਿ ਪਵਿਤ੍ਰੁ ਸਰੀਰਾ ॥
ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ ॥
ਸਚੋ ਸਚੁ ਵੇਖੈ ਸਭ ਥਾਈ ਸਚੁ ਸੁਣਿ ਮੰਨਿ ਵਸਾਇਦਾ ॥੭॥

ਮਾਰੂ ਮ: ੩—੧੦੬੫

'ਗੁਰ ਕੈ ਸਬਦਿ' ਗੁਰਮੰਤ੍ਰ ਦੀ ਪਾਰਸ ਰਸਾਇਣੀ ਅੰਮ੍ਰਿਤ ਕਲਾ ਵਰਤਾਇਣੀ ਕਮਾਈ ਦੁਆਰਾ, ਸੁਆਸ ਅਭਿਆਸੀ ਘਟ-ਅੰਤਰੀ ਬਿਲੋਵਨਾ ਬਿਲੋਵਿਆ ਜਾਣ ਕਰ ਕੇ ਸਾਰਾ ਸਰੀਰ ਕਾਂਇਆਂ ਪਵਿਤਰ ਹੋ ਜਾਂਦੀ ਹੈ। ਸਚੁ ਸਰੂਪ ਗੁਣੀ ਗਹੀਰ ਵਾਹਿਗੁਰੂ ਦਾ ਇਸ ਸਰੀਰ ਵਿਚ ਪ੍ਰਕਾਸ਼-ਮਈ ਵਾਸ ਹੋ ਜਾਂਦਾ ਹੈ। ਜਿਸ ਦੇ ਘਟ ਅੰਦਰਿ ਸੱਚਾ ਵਾਹਿਗੁਰੂ ਆਪਣੇ ਸਚੇ ਜੋਤਿ ਪਰਕਾਸ਼ੀ ਸਰੂਪ ਵਿਚਿ ਪਰਗਟ ਹੋ ਗਿਆ ਹੈ, ਉਹ ਘਟ ਅੰਦਰ ਤੇ ਬਾਹਰ ਭੀ ਸਾਰੇ ਇਸ ਪਰਕਾਸ਼-ਸਰੂਪ ਨੂੰ ਹੀ ਸਰਬੱਤ ਰਵਿਆ ਦੇਖਦਾ ਹੈ। ਨਿਜ ਤੱਤ-ਆਤਮੀ ਜੋਤਿ-ਜਗਨਾਸਮੀ ਸਰੂਪ ਵਿਚਿ ਸੱਚੋ ਹੀ ਸੱਚ ਉਸ ਨੂੰ ਸਾਰੇ ਨਜ਼ਰ ਆਉਂਦਾ ਹੈ। ਇਸ ਦਾ ਨਾਉਂ ਹੈ ਸਚੁ ਲਖਤਾ। ਸਚੜੇ ਅਰਥਾਂ ਵਿਚਿ Realization of Truth, ਇਸ ਦਾ ਨਾਉਂ ਹੈ।

ਅਗਲਾ ਗੁਰਵਾਕੁ ਆਨੰਦੀ ਸਰੂਪ ਸਚ ਸਿਧਾਂਤ ਦਾ ਲਖਾਇਕ ਹੈ :

ੴ ਸਤਿਗੁਰਪ੍ਰਸਾਦਿ ॥
ਕਰੈ ਅਨੰਦੁ ਅਨੰਦੀ ਮੇਰਾ ॥

ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥
ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥ ੧ ॥
ਹਰਖਵੰਤ ਆਨੰਤ ਦਇਆਲਾ ॥
ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥
ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥ ੨ ॥
ਆਪੇ ਕੁਦਰਤਿ ਕਰੇ ਵੀਚਾਰਾ ॥
ਆਪੇ ਹੀ ਸਚੁ ਕਰੇ ਪਸਾਰਾ ॥
ਆਪੇ ਖੇਲ ਖਿਲਾਵੈ ਦਿਨ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥ ੩ ॥
ਸਾਚਾ ਤਖਤੁ ਸਚੀ ਪਾਤਿਸਾਹੀ ॥
ਸਚੁ ਖਜੀਨਾ ਸਾਚਾ ਸਾਹੀ ॥
ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ ॥ ੪ ॥
ਸਚੁ ਤਪਾਵਸੁ ਸਚੇ ਕੇਰਾ ॥
ਸਾਚਾ ਥਾਨੁ ਸਦਾ ਪ੍ਰਭ ਤੇਰਾ ॥
ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬੁ ਸੁਖੁ ਕੀਜਾ ਹੇ ॥ ੫ ॥

ਪੰਨਾ ੧੦੭੩-੭੪— ਮਾਰੂ ਸੋਲਹੇ ਮਹਲਾ ੫

## ੧੦

# ਸਚ ਦਾ ਪ੍ਰਕਾਸ਼

ਗੁਰੂ ਘਰ ਦੇ ਗੁਰਮਤਿ ਸਚ-ਹਕੀਕਤ ਦੇ ਮੁਹੱਕਕਾਂ (ਖੋਜੀਆਂ) ਨੇ ਸੱਚ ਦੀ ਹਕੀਕੀ ਲੱਖਤਾ, ਸਿਖਰਲੇ ਆਤਮ ਅਹਿਲਾਦ ਦੀ ਵਿਸਮਾਦ ਮੁਜੱਸਮਤਾ-ਲਖਤੀ ਸਰੂਪ ਵਿਚਿ ਕੀਤੀ ਹੈ। ਜਿਥੇ ਸਚੁ ਆਪਣੇ ਪਰਮ ਆਨੰਦ ਦੀ ਬਿਸਮਤਾ ਵਿਚਿ, ਨਿਰਾ ਆਨੰਦ ਹੀ ਆਨੰਦ ਆਨੰਦੀ ਪੁਰਖ, ਪੂਰਨ ਪਾਰਬ੍ਰਹਮ ਹੋ ਕੇ ਵਿਗਸ ਰਿਹਾ ਹੈ। ਪੂਰਨ ਨਿਜ ਆਨੰਦੀ ਸਹਜ ਸਮਾਧੀ ਵਿਚਿ ਸਿਥਿਤ ਹੈ। ਸਹਜ ਸਮਾਧੀ ਵਿਚਿ ਆਨੰਦਿ ਸਿਥਿਤ ਹੁੰਦਾ ਹੋਇਆ, ਘਟ ਘਟ ਆਨੰਦਿ, ਸਰਬ ਘਟਾ ਅੰਦਰ ਪੂਰਨ ਆਨੰਦ ਸਰੂਪ ਹੋ ਕੇ ਵਿਆਪ ਰਿਹਾ ਹੈ। ਵੇਪਰਵਾਹ ਪਾਤਸ਼ਾਹ ਸਿਰ ਸ਼ਾਹਾਂ ਦੇ ਸੱਚਾ ਸ਼ਹਿਨਸ਼ਾਹ ਹੋ ਕੇ ਆਪਣੀ ਰਚੀ ਬੇਅੰਤ ਰਚਨਾ ਨੂੰ ਵੇਖ ਵੇਖ ਕੇ ਵਿਗਸ ਰਿਹਾ ਹੈ। ਆਨੰਦ ਪੁਰਖ ਦੀ ਇਸ ਆਨੰਦ-ਵਿਗਸਤਾ ਦਾ ਭੀ ਕੁਝ ਪਾਰਾਵਾਰ ਨਹੀਂ। ਆਨੰਦ-ਵਿਗਸਤਾ ਵਿਚਿ ਹੀ ਬੇਸ਼ੁਮਾਰ ਕੀਤੇ (ਸ੍ਰਿਸ਼ਟਿ ਸਿਰਜੇ) ਜੀਅ ਜੰਤ ਦੀ ਸਾਰ ਲੈ ਰਿਹਾ ਹੈ। ਸਿਰਿ ਸਿਰਿ ਰਿਜਕ ਸੰਬਾਹਿ ਕੈ ਸਾਰਿਆਂ ਦਾ ਹਕੋ ਹੱਕ ਨਿਆਉਂ ਨਿਬੇਰਾ ਕਰਦਾ ਹੈ। ਸਚੀ ਸਾਹਿਬੀ ਦਾ ਸਰਸ਼ਾਰ ਸੋਮਾ, ਸਚੁ ਸੁਲਤਾਨ, ਮਹਿਮਾ-ਮਗਨ, ਸੁੰਦਰਤਾ ਸੁਹੱਪਣ ਦਾ ਬੇਕਿਰਾਂਅ ਸਮੁੰਦਰ ਹੋ ਕੇ ਆਪਣੇ ਸਚੜੇ ਜਲਵ ਜਲਾਲ ਕਮਾਲ, ਜੋਬਨੀ ਜਮਾਲ ਦੀਆਂ ਡਲ੍ਹਕਾਂ ਮਾਰਿ ਰਿਹਾ ਹੈ, ਜਿਸ ਦਾ ਸਾਨੀ ਹੋਰ ਦੂਜਾ ਕੋ ਨਹੀਂ। ਬੱਸ, ਇਕੋ ਇਕ ਬੇ-ਮਿਸਾਲ ਸੱਚ ਦਾ ਅਲਾਂਬਾ ਹੈ। ਸਚੁ, ਇਸ ਅਵਸਥਾ ਵਿਖੇ ਅਪਾਰ ਖੁਸ਼ੀਆਂ ਦੀਆਂ ਡਲ੍ਹਕਾਂ ਡਲ੍ਹਕਣ ਡਲ੍ਹਕਾਉਣਹਾਰਾ, ਅਤੀ ਉੱਚ ਔਜ-ਮੇਅਰਾਜੀ ਆਨੰਦਤਾਈਆਂ ਬਰਸ ਬਰਸਾਉਣਹਾਰਾ, ਬੇਅੰਤ ਬਿਸਮਾਦ ਅਹਿਲਾਦੀ ਸੁਖ-ਸੰਤਾਈਆ ਵਿਗਸਣ ਵਿਗਸਾਉਣ-ਹਾਰਾ ਨਦਰ ਆਨੰਦੀਆ "ਹਰਖਵੰਤ ਆਨੰਤ ਦਇਆਲਾ" ਹੋ ਕੇ ਜ਼ਹੂਰ ਪਜ਼ੀਰ ਹੋ ਰਿਹਾ ਹੈ। ਨਿਰਾ ਜੋਤਿ ਜਮਾਲੀ ਉਜਾਲਾ ਹੀ ਉਜਾਲਾ ਬਣ ਕੇ ਪ੍ਰਕਾਸ਼ਮਾਨ ਹੋ ਰਿਹਾ ਹੈ ਅਤੇ ਆਪਣੇ ਜੋਤਿ ਜਮਾਲ ਕਮਾਲ ਸੁੰਦਰਤਾ ਦੇ ਫ਼ੈਜ਼-ਚਸ਼ਮੇ ਚੋਂ ਸੁੰਦਰ ਸਰੂਪ ਦੀਆਂ ਬਰਕਤਾਂ ਬਖਸ਼ਸ਼ਾਂ ਬਖ਼ਸ਼ ਬਖ਼ਸ਼ ਕੇ ਅਨੂਪ ਰੂਪੀ, ਪਰੇ ਤੋਂ ਪਰੇ ਸੋਹਣੀਆਂ ਸ਼ਕਲਾਂ ਰਚ ਰਚ ਕੇ ਵੇਖਿ ਵੇਖਿ ਵਿਗਸ ਰਿਹਾ ਹੈ। ਸੱਚ ਕਮਾਲ-ਕਮਾਲੀ, ਜੋਤਿ ਜਲਾਲੀ, ਸੋਹਣਿਆਂ ਦੇ ਸਿਰਤਾਜ ਦੀ ਰਚਤ ਰਚਨਾ ਦੀਆਂ ਸੋਹਣੀਆਂ ਮੋਹਣੀਆਂ ਸ਼ਕਲਾਂ ਦੀ ਰੂਪ ਸੁੰਦਰਤਾ

ਪਰੇ ਤੋਂ ਪਰੇ ਬਚਿਤਰ ਹੁੰਦੀ ਹੋਈ ਭੀ, ਉਸ ਮਹਾਨ ਸਚ ਸੁੰਦਰੱਜ ਦਾ ਇਕ ਅਕਸ ਮਾਤ੍ਰ ਹੀ ਪਰਛਾਵਾਂ ਹੈ। ਆਹਾ ! ਉਸ ਸੱਚਾਂ ਸਿਰ ਸੱਚ, ਸੁੰਦਰ ਮੋਹਨ ਲਾਲ ਗੋਪਾਲ ਦੀ ਸੁੰਦਰੱਜ ਬਚਿਤੱਰਤਾ ਦਾ ਪਾਰਾਵਾਰ ਤਾਂ ਅਤ ਅਗਮ ਅਪਾਰ ਹੀ ਹੈ। ਧੰਨ ਹਨ ਓਹ ਵਡ-ਭਾਗੀ ਜਨ, ਜੋ ਅਪਰ ਅਪਾਰੀ ਮਹਾਂ ਅਨੰਦ ਵਿਗਸਾਰੀ ਸੁੰਦਰਤਾ ਦਾ ਆਨੰਦ ਮਹਾਂ ਰਸ ਮਾਣ ਰਹੇ ਹਨ। ਇਸ ਪਦ ਪੂਜ ਕੇ ਸੱਚ ਸੁੰਦਰੱਜ ਅੱਤ ਅੱਕਥਨੀਯ ਹੈ। ਇਸ ਪਰਮ ਸਚ ਸੁੰਦਰਤਾ ਦਾ ਨਿਜ ਜਲਵਾ ਦੇਖਾਇਕੇ ਮੇਰਾ ਸੁੰਦਰ ਪੁਰਖ ਰੀਸਾਲੂ ਅਤਿ ਪ੍ਰੀਤਮ ਮਾਸ਼ੂਕੜਾ ਬਣ ਕੇ ਆਪਣੇ ਸਰੂਪ ਮੁਸ਼ਤਾਕ ਪ੍ਰੇਮੀਆਂ ਆਸ਼ਕਾਂ ਪਾਸੋਂ ਆਪਣੀ ਪੂਜਾ ਆਪ ਕਰਾ ਰਿਹਾ ਹੈ। ਆਪ ਹੀ ਪ੍ਰੇਮੀਆਂ ਦੇ ਘਟ ਅੰਦਰਿ ਪ੍ਰੀਤਮ ਰੂਪ ਹੋਇਕੇ ਵਸਦਾ ਹੈ। ਆਪ ਆਪਣੇ ਅੱਤ ਸੁੰਦਰ ਸਰੂਪ ਦਾ ਅੰਤਰਗਤਿ ਜਲਵਾ ਦਿਖਾਇਕੇ ਆਪਣੇ ਆਸ਼ਕਾਂ ਨੂੰ ਆਸ਼ਕਤ ਕਰਦਾ ਹੈ। ਆਪੇ ਪੂਜਯ ਪ੍ਰੀਤਮ ਬਣਕੇ ਆਪਣੇ ਆਪ ਨੂੰ ਪੂਜਾਇਕ ਆਪਣੀ ਪੂਜਾ ਪ੍ਰਸਤਸ਼ ਆਪ ਕਰਾਉਂਦਾ ਹੈ। ਰਸ ਰੂਪ ਹੋਕੇ, ਜੋਤਿ ਵਿਗੱਸ ਰੂਪ ਹੋਕੇ ਪਹਿਲਾਂ ਘਟ ਅੰਦਰਿ ਜਲਵਾ-ਅਫ਼ਰੋਜ਼ ਹੁੰਦਾ ਹੈ। ਫੇਰ ਆਪਣੀ ਜੋਤਿ- ਸੁੰਦਰਤਾ ਦਾ ਜ਼ਹੂਰ ਨੂਰ ਸਾਰੇ ਬਰਅਫ਼ਰੋਜ਼ ਕਰਾਉਂਦਾ ਹੈ। ਸਚ ਸਰੂਪ ਲਖਤਾ ਦੀ ਦੀਦਾਰ ਆਨੰਦੀ ਬਹਾਰ ਏਥੇ ਹੀ ਬਝਦੀ ਹੈ। ਸਾਰੀ ਕੁਦਰਤ ਅੰਦਰ ਹੀ ਅਪਾਰ ਦਿੱਬ ਜੋਤਿ ਹੁਸਨ ਅਫ਼ਗ਼ਨੀਆ ਉਜਿਆਰਾ ਪਸਰ ਜਾਂਦਾ ਹੈ, ਜਿਸ ਨੂੰ ਪੇਖਿ ਪੇਖਿ ਪੇਖਣਹਾਰੇ ਆਤਮਾ ਅੰਦਰਿ ਕਮਾਲ ਦਾ ਹੀ ਬਿਸਮਾਦੀ ਸੁਆਦ ਅਹਿਲਾਦ ਉਪਜਦਾ ਹੈ। "ਕਰੈ ਅਨੰਦੁ ਅਨੰਦੀ ਮੇਰਾ" ਦੇ ਹੁਸਨ-ਸਰੂਪ-ਪੇਖਣੀਆਂ ਆਤਮ- ਲਹਿਰਾਂ ਓਥੇ ਹੀ ਬਝਦੀਆਂ ਹਨ। ਏਸ ਬਿਸਮਾਦ ਹੁਸਨ ਹੁਸੰਨੀ ਆਨੰਦ ਬਿਸਮੰਨੀ ਕੁਦਰਤਿ ਵਿਚਿ ਸੱਚ ਨੂੰ ਸਰਬਤਰ ਪਸਰਿਆ ਪੇਖ ਕੇ ਪਰਤੱਖ ਸਚੁ ਲੱਖਤਾ (Truth-realization) ਦੀ ਅਸਲ ਕੀਮਤ ਪੈਂਦੀ ਹੈ। ਇਸ ਸਚ ਹੁਸਨ ਹੁਸੰਨੀ ਸੁੰਦਰਤਾ ਨੂੰ ਮਾਣ ਹੀ ਸਕੀਦਾ ਹੈ, ਕਥਨ ਨਹੀਂ ਕਰ ਸਕੀਦਾ। ਕਥਨ ਹੋ ਹੀ ਨਹੀਂ ਸਕਦਾ। ਏਹ ਸਚੁ ਪਰਗਟੰਨੀ ਬਿਵਸਥਾ, ਜਿਨ੍ਹਾਂ ਨੂੰ ਸੱਚਾ ਸਿਰਜਨਹਾਰ, ਸਚ ਦਾ ਪੁੰਜ, ਸਮਰਥੁ ਸਾਹਿਬੁ ਆਪ ਇਹ ਪਰਮ ਸੱਚ-ਅਨੰਦੀ ਬਿਵਸਥਾ ਪੇਖਾਉਂਦਾ ਲਖਾਉਂਦਾ ਹੈ, ਓਹਨਾਂ ਦੇ ਨਾਲਿ ਓਹ ਕੇਵਲ ਅਨੰਦੀ ਪੁਰਖ ਦਿਨ ਰਾਤਿ ਪ੍ਰੇਮ ਆਨੰਦੀ ਖੇਲਾਂ ਖੇਲਦਾ ਰਹਿੰਦਾ ਹੈ। ਆਪ ਹੀ ਪ੍ਰੀਤਮ ਪਿਆਰਾ ਪਰੀਤ-ਆਨੰਦੀ ਪੂਜਾ ਪ੍ਰਸਤਸ਼ ਸਿਫ਼ਤ ਅਬਾਦਤਾਂ ਕਰਾਉਂਦਾ ਹੈ। ਆਪ ਹੀ ਪੂਜਾ ਅਬਾਦਤੀ ਸਿਫ਼ਤਾਂ ਸੁਣਿ ਸੁਣਿ, ਸੁਪਰਸੰਨ ਹੋਇ ਹੋਇ ਆਪਣੇ ਸਿਫ਼ਤ ਸਾਲਾਹੀ ਭਗਤਾਂ ਉਤੇ ਭਿਜਦਾ ਸਿਜਦਾ ਹੈ। ਇਸ ਗੁਰਮਤਿ ਆਦਰਸ਼ ਵਿਲੱਖਣੀ ਸਚ ਦਾ ਅਰਸ਼-ਮਾਅਬੂਦ ਤਖ਼ਤ ਭੀ ਸੱਚਾ ਹੈ, ਜਿਸ ਤੇ ਅੱਚਲ ਆਸਣ ਸੰਘਾਸਣ ਜਮਾਇਕੇ ਉਹ ਆਪਣੇ ਸੰਤਾਂ ਭਗਤਾਂ ਸਚੇ ਆਸ਼ਕਾਂ ਨੂੰ ਆਪਣਾ ਮੰਦੂ ਮੰਦੂ ਮੁਸਕ੍ਰਾਉਂਦਾ ਅਨੰਦ ਬਿਸਮਨੀ ਦਰਸ਼ਨ ਦਿਖਾਉਂਦਾ ਹੈ। ਏਸ ਅਰਸ਼-ਮੇਅਰਾਜੀ ਤਖ਼ਤ ਤੇ ਬੈਠ ਕੇ ਸਚ ਰੂਪੀ ਸਚੇ ਪਤਸ਼ਾਹ ਦੀ ਸੱਚੀ ਅਬਿਚਲ ਪਾਤਸ਼ਾਹੀ ਨਿਭਦੀ ਹੈ। ਸਚ ਨਾਮ ਦੇ ਸਚੇ ਖ਼ਜ਼ਾਨੇ ਏਥੇ ਹੀ ਖੁਲ੍ਹਦੇ ਹਨ। ਅਤੇ ਏਥੇ ਅਚੱਲ ਆਸਣੀ ਬੈਠਾ ਹੀ ਸੱਚਾ ਪਾਤਸ਼ਾਹ ਸੱਚੀ ਰਾਸ ਦਾ ਸੱਚਾ ਸ਼ਾਹ ਬਣ ਕੇ ਸਚ ਨਾਮ

ਦੀ ਪੂੰਜੀ ਜਿਥੇ ਜਿਥੇ ਚਾਹੁੰਦਾ ਹੈ, ਤਿਥੈ ਤਿਥੈ ਵਰਤਾਉਂਦਾ ਹੈ, ਆਪਣੀ ਰਹਿਮਤ ਦੁਆਰੇ ਆਪਣੀ ਅਜ਼ਮਤ ਦੁਆਰੇ ਵਰਤਾਉਂਦਾ ਹੈ। ਆਪਣੇ ਸ੍ਵੈ ਸਰੂਪ ਵਿਚਿ ਉਹ ਸਚੁ ਹੈ ਅਤੇ ਅਪਣੀ ਅਜ਼ਮਤੀ ਸਮਰੱਥਾ ਕਰਿ ਜਿਥੇ ਜਿਥੇ ਭੀ ਸਚ ਨਾਮ ਦੀ ਕਲਾ ਵਰਤਾਈ, ਉਥੇ ਉਥੇ ਉਹ ਸੱਚਾ ਵਾਹਿਗੁਰੂ ਸਚ ਦਾ ਨਿਧਾਨ ਹੋ ਕੇ ਆਪੇ ਸਭ ਸਚ ਹੀ ਸਚੁ ਧਾਰਿ ਰਹਿਓ ਹੈ ਅਤੇ ਨਿਜ ਸੱਚੇ ਸਰੂਪ ਦੀ ਸੱਚਤਾ ਵਿਚਿ ਓਤਿ ਪੋਤਿ ਸਮਾਇ ਰਿਹਾ ਹੈ। ਸੱਚਾ ਕਲਾਧਾਰੀ ਸਮਰਥਤਾ ਵਾਲਾ ਵੱਡੀ ਹੂੰ ਵੱਡਾ ਅਪਾਰ ਮਰਤਬਾ ਹੈ, ਸਚ ਦਾ,ਸਚੇ ਦੀ ਸੱਚੀ ਤਪਾਵਸ ਕੇਰਾ। ਹੇ ਵਾਹਿਗੁਰੂ ਸਚਿਆ ! ਤੇਰਾ ਥਾਨੁ ਸਦਾ ਸਦਾ ਸੱਚਾ ਹੈ। ਤੇਰੀ ਕੁਦਰਤ ਭੀ ਸੱਚੀ ਹੈ, ਹੇ ਸਚੇ ਕਾਦਰ ਕਰਤੇ ਪੁਰਖਾ ! ਗੁਰੂ ਦੇ ਘਟ ਅਵਤਰੀ,ਗੁਰ-ਦੁਆਰੇ ਅਵਤਰੀ ਤੇਰੀ ਅਕਾਲੀ ਬਾਣੀ ਭੀ ਸੱਚੀ ਹੈ। ਇਸ ਸੱਚੀ ਬਾਣੀ ਦੁਆਰਾ ਹੀ ਸਚੇ ਸਾਹਿਬ ਨੇ ਸਚ-ਸੁਖ-ਅਨੰਦ ਦੇ ਵਰਤਾਰੇ ਵਰਤਾਏ, ਜਿਥੇ ਜਿਥੇ ਸਚੇ ਨੂੰ ਭਾਏ ਹਨ। ਸਚੜਾ ਸੁਖ-ਸੋਮਾ ਸਚੇ ਸਾਹਿਬ ਨੇ ਸਚ (ਨਾਮ) ਨੂੰ ਕੀਤਾ ਹੈ। ਆਹਾ ! ਸਚ-ਲੁਤਫ਼-ਲਤੀਫ਼ੀ ਕੈਸੀ ਅਧਿਭੁਤ ਦਿੱਬ ਆਨੰਦਤਾ ਹੈ।

'ਸਚੁ' ਕੀ ਹੈ ? ਗੁਰਸਿਖ ਸਚੁ ਸੋਹਾਗਣੀਆਂ ਸਖੀਆਂ ਦਾ ਸਚਾ, ਰੰਗਿ ਰੰਗਾਵਲਾ ਕੰਤੁ ਹੈ। ਕੈਸੇ ? ਸੁਣੋ ਇਹ ਗੁਰਵਾਕ ਉਚਾਰੇ ਜੈਸੇ, ਯਥਾ :

ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ ॥
ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ ॥ ੪ ॥
ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ॥
ਸਾਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ ॥੫॥ ਪੰਨਾ ੧੦੧੫
ਅਸਟਪਦੀਆ ਮਾਰੂ ਮਹਲਾ ੧

ਸਚ-ਰੱਤੀਆਂ,ਸਚ-ਸੁਹਾਗਵੰਤੀਆਂ, ਗੁਰਮੁਖੀਆਂ, ਸਖੀਆਂ ਨੇ ਹੀ 'ਸਚੁ' ਨੂੰ ਅਸਲੀ ਰੰਗਾਂ ਵਿਚ,ਅਸਲ ਜੋਤਿ ਰੰਗੀ ਸਰੂਪ ਵਿਚਿ ਪਛਾਣਿਆ ਹੈ। ਓਥੇ 'ਸਚੁ' "ਸਾਚਉ ਰੰਗਿ ਰੰਗਾਵਲੋ ਕੰਤੁ" ਹੀ ਨਦਰੀ ਆ ਰਿਹਾ ਹੈ, ਤਿਨ੍ਹਾਂ ਸਖੀਆਂ ਸੱਚ ਰੰਗਿ ਰੰਗਖੀਆਂ ਨੂੰ। ਸਚ-ਆਤਮ ਰੰਗਾਂ ਵਿਚਿ ਰੰਗਿਆ ਹੋਇਆ ਸਦ-ਰੰਗ-ਢੋਲੜਾ ਕੰਤੁ,ਤਿਸੁ ਆਤਮ ਸੋਹਾਗ ਰੰਗ ਰਤੰਨੜੀ ਅਵਸਥਾ ਵਿਖੇ 'ਸਚੁ' ਸੋਹਾਗ ਰੰਗਾਂ ਵਿਚਿ ਰਾਂਵਦਾ ਹੈ ਅਤੇ ਰਾਵਿ ਰਾਵਿ ਵਿਗਸਿ ਵਿਗਸਾਵੰਦਾ ਹੈ। ਇਸ ਰੰਗਿ ਰਾਵਨੀ,ਆਤਮ-ਭੋਗ ਰਸ ਭੋਗਾਵਨੀ, ਰੀਸਾਲਤਾ ਵਿਚੋਂ ਸੋ ਰੰਗਿ ਰਵੰਤਾ ਸ਼ਹੁ ਕਦੇ ਨਹੀਂ ਵਿਛੋੜਦਾ, ਸਦਾ ਹੀ ਆਤਮ-ਭੋਗ ਰਚਾਉਂਦਾ ਰੰਗਿ ਰਸਾਉਂਦਾ ਰਹਿੰਦਾ ਹੈ। ਐਸੇ ਸਚ ਦੀ ਸਚ-ਰੰਗ-ਰੀਸਾਲੜੀ ਸੋਹਾਗ-ਬਿਵਸਥਾਇਣੀ, ਸੇਜ ਸੁਖ-ਦਾਇਣੀ, ਆਤਮ ਭੋਗ ਭੋਗਾਇਣੀ, ਸੱਚ ਸੰਜੋਗਤਾ ਵਾਲੇ ਵਸਲ ਤੋਂ ਕਦੇ ਵਿਛੋੜਾ ਨਹੀਂ ਹੁੰਦਾ। ਰਸਕ ਰਸਾਇਣੀ,ਆਤਮ ਭੋਗ ਭੋਗਾਇਣੀ ਕਾਮਣੀ ਦਾ ਛੁਟਕਾਰਾ ਹੀ ਨਹੀਂ ਹੁੰਦਾ। ਸੇਜ ਰਾਵਾਲੂ ਰਸਕ ਰੀਸਾਲੂ ਛਡਦਾ ਹੀ ਨਹੀਂ, ਰਾਵੀ ਹੀ ਜਾਂਦਾ

ਹੈ। ਨਾ ਰਸ ਆਤਮ-ਭੋਗ-ਸੇਜ-ਰਾਵਣੀ ਤੋਂ ਛੁਟਦਾ ਹੈ, ਨਾ ਰਸ ਭੋਗ ਭੋਗਾਲੂਆ ਛੁਟਣ ਦਿੰਦਾ ਹੈ। ਐਸੀ ਹੀ ਸਚ-ਰਸ-ਆਨੰਦਨੀ ਰੀਤ ਹੈ ਆਤਮ ਰੰਗ ਅਨੰਦੀ ਸਹੁ ਸਚੜੇ ਦੀ।

ਅਗੇ ਹੋਰ ਪੜ੍ਹੋ ਸਚ ਨਾਮ ਨੀਸਾਣੇ ਸ਼ਹੁ ਆਨੰਦੀ ਦੀ ਆਨੰਦ ਗਾਥਾ। ਯਥਾ ਗੁਰਵਾਕ :

ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥
ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥
ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥
ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥
ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥
ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥ ੩ ॥
ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥
ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥
ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ ॥
ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥
ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥
ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥੪॥੫॥ ਪੰਨਾ ੧੧੧੨
ਤੁਖਾਰੀ ਮਹਲਾ ੧

ਨਾਮ ਮਸਤਕਿ ਨੀਸਾਣੀਏ ਗੁਰਮੁਖ ਜਨ ਗੁਰਮਤਿ ਗੁਣ ਗਾਇ ਗਾਇ ਗੁਣਾਂ-ਪੁੰਜ ਗੁਣੀ ਵਾਹਿਗੁਰੂ ਵਿਚਿ ਹੀ ਸਮਾਇ ਗਏ ਹਨ। ਸਚੁ (ਨਾਮੁ) ਸਚ (ਨਾਮੀ ਵਾਹਿਗੁਰੂ) ਵਿਚਿ ਹੀ ਸਮਾਇ ਗਇਆ। ਨਾਲੇ ਸਚੁ ਨਾਮੁ ਸਲਾਹਣਹਾਰਾ ਸੱਚਾ ਸੁਘੜ ਜਨੁ ਸਿਫਤਿ ਸਾਲਾਹ ਅਤੇ ਸਾਲਾਹੀ ਸਚ ਵਿਚਿ ਸਮਾਇ ਗਇਆ। ਇਉਂ ਸਚਿ ਸਮਾਇਕੈ ਉਸ ਦਾ ਆਵਣ ਜਾਣਾ ਸਭ ਚੁਕ ਗਇਆ। ਸਾਚੇ (ਵਾਹਿਗੁਰੂ) ਵਿਚਿ ਸਮਾਇਕੈ (ਰਤੇ ਜਾਇਕੈ) ਸਚੇ ਨਾਮ ਰਾਸੀ ਅਭਿਆਸੀ ਗੁਰਮੁਖ ਜਨ ਨੇ ਤੱਤ ਸਚੁ ਨੂੰ, ਅਸਲੀ ਸਚੁ ਨੂੰ ਪਛਾਣਿਆ ਹੈ। ਜਿਸ ਸਚ ਦੇ ਸਿਧ ਕਰਨ ਲਈ ਸਭ ਲੁਕਾਈ ਧਾਵੰਦੀ ਫਿਰਦੀ ਰਹੀ ਪਰ ਕੁਛ ਨਾ ਬਣਿਆ, ਕਿਸੇ ਨੂੰ ਭੀ ਸਚੁ ਨਾ ਲੱਭਾ। ਸਚੁ ਸੁਰਾਗਿਆ ਹੀ ਨਾ ਗਿਆ ਕਿਸੇ ਤੋਂ, ਸਚ ਮੁਚ ਇਹੁ 'ਸਚੁ' ਉਸ ਵਡਿਭਾਗੇ ਗੁਰਮੁਖ ਜਨ ਨੂੰ ਮਿਲਦਾ ਹੈ, ਜੋ ਸੱਚੇ ਵਾਹਿਗੁਰੂ ਦੇ ਦਿੱਬ-ਵਿਸ਼ਾਲੀ ਮਨ ਨੂੰ ਭਾਉਂਦਾ ਹੈ। ਇਸ ਸਾਚੇ 'ਸਚੁ' ਉਪਰ ਹੋਰ ਕੋਈ ਸੱਚ ਨਹੀਂ ਦਿਸਦਾ। ਏਦੂੰ ਉਪਰ ਤਾਂ ਕੀ ਦਿਸਣਾ ਸੀ, ਇਸ ਦੇ ਤੁਲ ਹੀ ਨਹੀਂ ਦਿਸਦਾ। ਸਚ ਸਹਜ ਅਵਸਥਾ ਨੂੰ ਪੁਜ ਕੇ, ਏਦੂੰ ਉਪਰ ਫੇਰ ਬਿਸਮਾਦ ਹੀ ਬਿਸਮਾਦ ਹੈ। ਏਦੂ ਪਰੰਦ ਹੋਰ ਕੁਛ ਨਹੀਂ, ਬਸ, ਸਚ ਬਿਸਮਾਦੀਏ ਪੁਗੇ ਹੋਏ ਗੁਰਮੁਖ ਜਨ ਸਚ (ਸਚੇ ਵਾਹਿਗੁਰੂ) ਦੇ ਬਿਸਮ ਰੰਗਾਂ

ਵਿਚਿ ਹੀ ਸਮਾਇ ਜਾਂਦੇ ਹਨ। ਇਥੇ ਪੁਗਿਆ ਹੋਇਆ ਸਚ-ਬਿਸਮਾਦੀਆ ਰੰਗਲਾ ਜਨੁ ਬਿਸਮ ਹੋਇ ਹੋਇ ਸਚ ਬਿਸਮਤਾ ਦੇ ਰੰਗ ਮਾਣਿ ਮਾਣਿ ਪ੍ਰੀਤਮੁ ਮਨਮੋਹਨੇ ਘਟਿ ਸੋਹਨੇ ਵਾਹਿਗੁਰੂ ਨੂੰ ਅੰਤਰਿ ਬਾਹਰ ਸਨਮੁਖ ਸਾਂਗੋ ਪਾਂਗ ਪੇਖਿ ਇਉਂ ਪੁਕਾਰ ਉਠਦਾ ਹੈ, "ਮੋਹਨਿ ਮੋਹਿ ਲੀਆ ਮਨੁ ਮੇਰਾ ॥" ਇਉਂ ਪੁਕਾਰੇ ਬਿਨਾਂ ਓਸ ਤੋਂ ਰਿਹਾ ਨਹੀਂ ਜਾਂਦਾ, ਕਿਉਂਕਿ ਜਕਣ ਸੰਕੋਚਣ, ਜਕਿ ਸੰਕੋਚਿ ਉਚਾਰਨ ਦੀਆਂ ਬੰਦਸ਼ਾਂ ਉਸ ਦੀਆਂ ਸੁਤੇ ਹੀ ਦੂਰ ਹੋ ਜਾਂਦੀਆਂ ਹਨ। ਉਸ ਦੇ ਸਚ ਬੋਲ, ਨਿਰਾਲਮੀ ਕਪਾਟ ਖੁਲ੍ਹ ਜਾਂਦੇ ਹਨ। ਉਸਦਾ ਸਚ ਬੋਲ ਵਿਲੱਖਣੀ, ਨਿਰਾਲਾ ਬੋਲ ਬਾਲਾ ਹੋ ਜਾਂਦਾ ਹੈ। ਉਹ ਸੁਤੇ ਸਫੁਰ ਆਜ਼ਾਦ ਬੋਲਾਂ ਵਾਲਾ ਹੋ ਜਾਂਦਾ ਹੈ। ਅੱਤੇ ਪਿਆਰੇ ਪ੍ਰੀਤਮ ਜੋਤੀ ਸਰੂਪ ਵਾਹਿਗੁਰੂ ਨੂੰ ਮਿਲਿਆਂ, ਸਚ-ਪ੍ਰੀਤ-ਜੋਤੀਏ ਪ੍ਰੇਮੀ ਜਨ ਦੀ ਆਤਮਾ ਜੋਤੀਸ਼ ਪ੍ਰੀਤਮ ਵਾਹਿਗੁਰੂ ਵਿਚਿ ਹੀ ਸਮਾਇ ਜਾਂਦੀ ਹੈ। ਇਉਂ ਗੁਰਮਤਿ ਆਦਰਸ਼ਕ ਸਚ ਦਾ ਸਚੜਾ ਖੋਜ ਗੁਰੂ-ਘਰ-ਅਸਥਾਨੀਆ, ਗੁਰ ਦਰਸਾਈ ਮੰਜ਼ਲ ਮੰਜ਼ਲਾਨੀਆ, ਗੁਰੂ ਘਰ ਦੇ ਮਹਾਤਮਾ ਗੁਰਮੁਖ ਪੁਰਸ਼ਾਂ ਨੂੰ ਹੀ ਮਿਲਦਾ ਹੈ। ਇਹ ਗੁਰ-ਮੰਜ਼ਲੀ ਠਿਕਾਣਾ ਹੋਰ ਕਿਸੇ ਨੂੰ ਨਹੀਂ ਮਿਲਦਾ। ਗੁਰ ਪ੍ਰਸਾਦ ਕਰਿ ਜਿਨ੍ਹਾਂ ਦੀ ਰਸਾਈ ਏਸ ਮੰਜ਼ਲ ਤਾਈਂ ਹੋਈ ਹੈ, ਓਹਨਾਂ ਨੂੰ ਹੀ ਇਹ ਗੁਰਮਤਿ ਔਜ ਸੌਜੀ ਸਚੁ ਮੰਜ਼ਲ ਮੁਰਾਤਬਾ ਮਿਲਦਾ ਹੈ। ਇਸ ਅੱਤ ਉਚੜੇ ਗੁਰਮਤਿ ਆਦਰਸ਼ ਔਜੀ 'ਸਚੁ' ਨੂੰ ਮਨਮੁਖ ਨਹੀਂ ਪਾ ਸਕਦੇ। ਸਚ ਦੇ ਇਸ ਤੱਤ ਗਿਆਨ ਨੂੰ ਗੁਰਮੁਖਾਂ ਨੇ ਹੀ ਪ੍ਰਚੰਡ ਕੀਤਾ ਹੈ। ਇਸ ਗੁਰਮੁਖ ਪ੍ਰਚੰਡ ਗਿਆਨ ਵਾਲੇ ਸੱਚ ਦੀ ਸਾਰ ਨੂੰ ਮਨਮੁਖ ਮੁਗਧ ਅਜਾਣ ਜਨ ਕੀ ਜਾਣ ਸਕਦੇ ਹਨ ? ਇਸ ਸਚੁ ਰੂਪੀ ਅਤਿ ਵਡੇ ਦਾਨ ਨੂੰ, ਦੇਣਹਾਰ ਦਾਤਾਰ ਜਿਸ ਨੂੰ ਇਹ ਸਚੁ ਦਾਨ ਦੇਵੇ, ਸੋਈ ਪਰਵਾਨ ਜਨ ਇਸ ਸਚੁ ਦਾਨ ਨੂੰ ਪਾਉਂਦਾ ਹੈ ਅਤੇ ਸੋਈ ਪਰਵਾਨ ਜਨ ਸਦਾਉਂਦਾ ਹੈ। ਉਸ ਨੂੰ ਇਸ ਅਜ਼ਲ ਅਬਦੀ, ਆਦਿ ਜੁਗਾਦੀ, ਅਮਰ ਅਜੋਨੀ ਸਚ ਦਾ ਸਾਚਾ ਅਸਥਿਰ ਮਹਿਲ ਪਰਗਟ ਪਾਹਾਰੇ ਜਾਪਣ ਲੱਗ ਪੈਂਦਾ ਹੈ, ਸਾਂਗੋ ਪਾਂਗ ਸਨਮੁਖ ਦਿਸਣ ਲਗ ਪੈਂਦਾ ਹੈ। ਉਸ ਨੂੰ ਹੈ ਨਾ! ਏਥੇ ਸਚ-ਲਖਤਾ ਦਾ ਸੱਚਾ ਲੁਤਫ਼! ਜਿਥੇ 'ਪ੍ਰਗਟੀ ਜੋਤਿ ਮੁਰਾਰੀ', ਓਥੇ ਦੋਤਿ ਉਚਾਪਤ ਲੇਖ ਨਹੀਂ ਲਿਖੀਦੇ। ਸਚ ਦੀ ਸੱਚੀ ਲਖਤਾ ਵਾਲੀ ਖੇਲ ਹੀ ਨਿਰਾਲੀ ਹੈ ਜਿਥੇ ਇਕੋ ਇਕ ਸਚ ਮੁਰਾਰੀ ਦੀ ਨਿਰਾਰੀ ਜੋਤਿ ਹੀ ਜਲਵਾਗਰ ਹੈ, ਓਥੇ ਹੋਰ ਕਿਸੇ ਇਕ ਦੁਹੂੰ ਤਿਹੂੰ ਚਹੁੰ ਨਾਨਾ ਖ਼ਿਆਲ ਖ਼ਿਆਲੇ ਗਿੱਟੀਆਂ ਗਿਣਿ ਗਿਣਿ ਅਨਮਾਨੇ, ਭਾਂਤੋ ਭਾਂਤਿ ਫ਼ਿਲਸਫ਼ੀ ਫ਼ਿਲਸਫ਼ਾਨੇ ਫ਼ਰਜ਼ੀ ਸੱਚਾਂ ਦਾ ਕੀ ਵਟੀਦਾ ਹੈ ? ਗੁਰੂ ਨਾਨਕ ਸਾਹਿਬ ਦੇ ਘਰ ਦਾ ਇਕੋ ਸਚੜੇ ਨੂੰ ਲਭ ਲੈਣ ਵਾਲਾ ਸਚ-ਵਾਸਲੀ (ਵਸਲੀਆ) ਗੁਰਮੁਖ ਜਨ ਬਸ, ਸਚ ਵਿਚਿ ਹੀ ਰਚ ਜਾਂਦਾ ਹੈ, ਤੇ ਸਦਾ ਲਈ ਰਚਿਆ ਮਿਚਿਆ ਹੀ ਰਹਿੰਦਾ ਹੈ। ਇਉਂ ਗੁਰਮਤਿ ਸਚ ਦੇ ਅਥਾਹ ਸਮੁੰਦਰ ਨੂੰ ਤਰਨਹਾਰੇ ਗੁਰਮੁਖ ਹੀ ਸੱਚੀਆਂ ਸੱਚ ਬਿਸਮ ਤਾਰੀਆਂ ਲਾਇ ਲਾਇ ਭਵਜਲ ਤਰ ਕੇ ਪਾਰ ਪੈਂਦੇ ਹਨ।

ਅਗਲਾ ਗੁਰਵਾਕ ਤਾਂ ਪੂਰੋ ਪੂਰ ਨਿਰਾ ਗੁਰਮਤਿ ਸਚ ਸਿਧਾਂਤ ਦਾ ਲਖਾਇਕ ਹੈ। ਯਥਾ ਗੁਰਵਾਕ :

ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥
ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿਧਾਰੇ ਰਾਮ ॥
ਸਚੁ ਰਖਿਆ ਉਰਿਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥
ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥ ੧ ॥
ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥ ੨ ॥
ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥
ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥
ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥
ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥
ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥
ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥ ੩ ॥
ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥
ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥
ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥
ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥
ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥
ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥

ਪੰਨਾ ੭੬੯—ਸੂਹੀ ਮਹਲਾ ੩

ਭਾਵ :—ਜਿਥੇ ਸਚੇ ਸ਼ਬਦ (ਵਾਹਿਗੁਰੂ ਨਾਮੁ ਗੁਰਮੰਤਰ) ਦੁਆਰਾ ਸਚੇ ਵਾਹਿਗੁਰੂ ਦਾ ਸਿਫਤਿ ਸਾਲਾਹ ਰੂਪੀ ਸਚਾ ਗਿਆਨੁ ਵੀਚਾਰੁ ਹੁੰਦਾ ਹੈ ਓਥੇ 'ਸਚੁ' ਦਾ ਹੀ ਮੰਗਲਾਚਾਰ ਹੁੰਦਾ ਹੈ, 'ਸਚੁ' ਦਾ ਹੀ ਸੋਹਿਲਾ ਗਾਵੀਦਾ ਹੈ। 'ਸਚੁ' ਦਾ ਸੱਚਾ ਸਿਧਾਂਤ ਓਥੇ ਖੁਲ੍ਹਦਾ ਹੈ। ਸਬਦ ਅਭਿਆਸ ਦੁਆਰਾ ਜਦੋਂ ਵਾਹਿਗੁਰੂ ਦਾ ਜੋਤਿ ਪ੍ਰਚੰਡੀ ਗਿਆਨੁ ਪਰਕਾਸ਼ਦਾ ਹੈ ਓਦੋਂ ਉਸ ਅਵੱਸਥਾ ਵਿਖੇ 'ਸਚੁ' ਦਾ ਤੱਤ ਸਰੂਪੀ ਤੇਜ ਚਮਕਦਾ ਹੈ। ਐਸੇ ਤੇਜ ਪਰਕਾਸ਼ੀ 'ਸਚੁ' ਨੂੰ, ਜੋਤਿ ਪ੍ਰਚੰਡ 'ਸਚੁ' ਨੂੰ ਸਦਾ ਹਿਰਦੇ ਵਿਚਿ ਧਾਰ ਕੇ ਰਖਿਆਂ ਹਉਮੈ

ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ। ਤਨ ਤੇ ਮਨ ਦੇ ਕਿਲਵਿਖ, ਅਸਾਧ ਰੋਗ ਕਟੇ ਜਾਂਦੇ ਹਨ। ਐਸੇ ਤੇਜ ਪਰਤਾਪੀ 'ਸਚੁ' ਨੂੰ ਉਰਿਧਾਰਿ ਰਖਿਆਂ, ਬਿਖਮ ਭਉ ਸਾਗਰ ਤਰ ਜਾਈਦਾ ਹੈ (ਜੋ ਐਵੇਂ ਤਰਨਾ ਅਤੀ ਅਸੰਭਵ ਦੁੱਤਰ ਹੈ, ਤਰਿਆ ਨਹੀਂ ਜਾ ਸਕਦਾ), ਫੇਰ ਮੁੜ ਕੇ ਭਵਜਲ ਤਰਨਾ ਨਹੀਂ ਹੁੰਦਾ, ਭਉਜਲ ਤਰਨ ਦੀ ਫੇਰ ਨੌਬਤ ਹੀ ਨਹੀਂ ਆਉਂਦੀ। ਸੱਚਾ ਸਤਿਗੁਰੂ ਅਤੇ ਸਤਿਗੁਰੂ ਦੀ ਸੱਚੀ ਬਾਣੀ ਹੀ ਹੈ, ਜਿਸ ਨੇ ਐਸੇ ਅਗਾਧ ਬੋਧ ਅਕਲ ਕਲਾ ਨਿਰੰਜਨੀ 'ਸਚੁ' ਨੂੰ ਪਰਤੱਖ ਵਿਖਾਲ ਦਿੱਤਾ ਹੈ। ਸੱਚੀ ਗੁਰਬਾਣੀ ਰੂਪੀ ਸਚੇ ਗੁਣ ਗਾਵਣਹਾਰਾ ਜੋ ਭੀ ਗੁਰਮੁਖ ਸੱਚਾ ਸਿਖ ਹੈ, ਉਹ ਸੱਚ ਵਿਚਿ ਸਮਾ ਜਾਂਦਾ ਹੈ। ਉਹ ਜਿਥੇ ਵੇਖਦਾ ਹੈ, ਜਿੱਧਰ ਨਜ਼ਰ ਮਾਰਦਾ ਹੈ, ਸਭ ਸਚੁ ਹੀ ਸਚੁ ਵੇਖਦਾ ਹੈ। ਉਸ ਨੂੰ ਸਾਰੇ ਸਚੁ ਹੀ ਸਚੁ ਦਿਸਦਾ ਹੈ। ਇਹ ਸਚੁ ਸੱਚਾ ਸਾਹਿਬੁ ਹੀ ਹੈ, ਇਉਂ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਸਚੇ ਸਾਹਿਬ ਦੇ ਸੱਚੇ ਨਾਉਂ ਦੀ ਸੱਚੀ ਰੌਸ਼ਨੀ ਕਰ ਕੇ 'ਸਚੁ' ਦਾ ਸਚੜਾ ਨਿਰਣੇ ਮਈ ਨਿਸਤਾਰਾ ਹੁੰਦਾ ਹੈ, 'ਸਚੁ' ਦੀ ਨਿਖਰਵੀਂ ਅਸਲੀਅਤ ਤਦੇ ਹੀ ਪਛਾਣ ਹੁੰਦੀ ਹੈ ॥ ੧ ॥ ਧੰਨ ਸੱਚਾ ਸਾਹਿਬ ਸਤਿਗੁਰੂ ਸਮਰਥੁ ਹੈ, ਜਿਸਨੇ ਅਗਮ ਅਗੋਚਰ ਸੱਚ ਨੂੰ ਆਪਣੇ ਸਿਖਾਂ ਪ੍ਰਤੀ ਹਸਤ-ਆਮਲ ਵਤ ਦਿਖਾ ਦਿਤਾ ਹੈ। ਐਉਂ ਬੁਝਾ ਦਿਤਾ ਹੈ, ਜਿਵੇਂ ਹੱਥ ਤੇ ਧਰਿਆ ਅਉਲਾ ਬੁਝਿਆ ਜਾਂਦਾ ਹੈ। ਸਚ-ਮੁਚ ਹਥਾਂ ਤੇ ਸਰ੍ਹੋਂ ਜਮਾ ਦਿਤੀ ਹੈ। ਐਸੇ ਸਚੁ ਬੁਝਣਹਾਰਿਆਂ, ਸਚੁ ਨੂੰ ਸਾਂਗੋ ਪਾਂਗ ਪੇਖਣਹਾਰਿਆਂ ਗੁਰਸਿਖਾਂ ਦੀ ਪਤਿ (ਪੈਜ ਪਰਤਿਸ਼ਟਾ) ਸੋਈ ਸਚੁ ਸਰੂਪੀ ਸਚਾ ਪਾਤਸ਼ਾਹ ਰਖਦਾ ਹੈ। ਐਸੇ ਸਚ-ਨਦ੍ਰਿਸ਼ਟਿਆਂ ਦਾ 'ਸਚੁ' (ਵਾਹਿਗੁਰੂ) ਦਾ ਸਚੁ ਨਾਮੁ ਹੀ ਸੱਚਾ ਭੋਜਨ ਭਾਉ ਹੈ। ਇਸ 'ਸਚੁ'(ਸੱਚੇ ਨਾਮੁ) ਦੇ ਅਹਾਰ ਆਧਾਰ ਕਰਕੇ ਤਿਨ੍ਹਾਂ ਨੂੰ ਸੱਚਾ ਸੁਖ, ਸੱਚਾ ਆਤਮ-ਸੁਖੁ ਪ੍ਰਾਪਤਿ ਰਹਿੰਦਾ ਹੈ। ਜਿਸ ਕਿਸੇ ਨੂੰ ਭੀ ਸਚੇ ਨਾਮ ਪਰਸਾਦੀਆ ਆਤਮ ਸੁਖੁ ਪ੍ਰਾਪਤਿ ਹੋਇਆ ਹੈ, ਉਹ ਕਦੇ ਮਰਦਾ ਹੀ ਨਹੀਂ, ਨਾ ਉਸ ਦਾ ਮੁੜਿ ਗਰਭ ਵਿਚਿ ਵਾਸਾ ਹੁੰਦਾ ਹੈ, ਨਾ ਉਹ ਫਿਰ ਜਨਮ ਲੈ ਕੇ ਜੂਨੀਆਂ ਵਿਚ ਭਉਂਦਾ ਹੈ। ਸਚ ਨਾਮ ਦੇ ਅੰਤਰਿ ਆਤਮੇ ਪਰਗਾਸ ਹੋਣ ਕਰਿ, ਤਿਨ੍ਹਾ ਦੀ ਜੋਤਿ ਜੋਤੀਸ਼ ਵਾਹਿਗੁਰੂ ਦੇ ਸਰੂਪ ਵਿਚਿ ਮਿਲ ਜਾਂਦੀ ਹੈ। ਸਚ ਵਿਚਿ ਤਿਨ੍ਹਾਂ ਦੀ ਸਮਾਈ ਹੋ ਜਾਂਦੀ ਹੈ। ਇਸ ਪਦ ਪਰਗਾਸਿਆ ਸਚੁ ਜਿਨ੍ਹਾਂ ਨੇ ਜਾਤਾ ਹੈ, (ਤੱਤ ਗਿਆਤ ਕਰ ਕੇ ਜਾਤਾ ਹੈ) ਸਚੇ ਗੁਰਮਤਿ ਗਿਆਨ ਦੇ ਚਾਨਣ ਕਰਿ ਜਾਣਿਆ ਹੈ, ਓਹੀ ਸਚੇ ਪੁਰਖ ਸਚ-ਨਿਧਾਨੀ ਗੁਰਮੁਖ ਪੁਰਖ ਹੋਏ ਹਨ। ਓਹ ਇਸ ਸਚੁ ਨਾਮੁ ਨਿਧਾਨ ਨੂੰ ਪਾ ਕੇ ਦਿਨੇ ਰਾਤ ਸਚੁ ਹੀ ਧਿਆਉਂਦੇ ਹਨ। ਅਰਥਾਤ ਸਚੁ ਨਾਮੁ ਨਾਮੀ ਨੂੰ ਹੀ ਆਰਾਧਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਅੰਦਰਿ ਸਚੁ ਨਾਮੁ (ਸਚੁ ਰੂਪੀ ਨਾਮੁ, ਨਾਮੁ ਰੂਪੀ ਸਚੁ) ਵਸਿਆ ਹੈ, ਓਹ ਸਚੇ ਵਾਹਿਗੁਰੂ ਰੂਪੀ ਸਚ ਤੋਂ, ਸਚੇ ਪ੍ਰੀਤਮ ਤੋਂ ਕਦੇ ਨਹੀਂ ਵਿਛੜਦੇ, ਨਾ ਹੀ ਵਿਛੁੜ ਕੇ ਦੁਖ ਪਾਉਂਦੇ ਹਨ, ਕਿਉਂਕਿ ਸਚੇ ਵਾਹਿਗੁਰੂ ਪ੍ਰੀਤਮ ਤੋਂ ਵਿਛੜਨ ਵਿਚਿ ਹੀ ਦੁਖ ਹੈ। ਓਹ ਵਿਛੋੜੇ ਦਾ ਦੁਖ ਸਹਿਣਾ ਹੀ ਨਹੀਂ ਪਾਉਂਦੇ, ਜਿਨ੍ਹਾਂ ਨੂੰ ਸਚ ਨਾਮ ਰੂਪੀ ਸਚੜੇ ਸੁਖ ਦਾ ਪੂਰਬ ਲਿਖੇ ਦਾ ਲਹਿਣਾ ਹੈ ॥ ੨ ॥ ਜੋ ਗੁਰਮੁਖ ਜਨ ਸੱਚੀ ਗੁਰਬਾਣੀ, ਗੁਰ ਸ਼ਬਦ-

ਮਈ ਸਚੇ ਗੁਣ ਗਾਉਂਦੇ ਹਨ, ਤਿਨ੍ਹਾਂ ਦੇ ਘਰ ਘਟ ਅੰਦਰਿ ਸਦਾ ਆਨੰਦ ਮੰਗਲਾਚਾਰ ਮਈ ਸੋਹਿਲਾ ਭਰਪੂਰਿਆ ਹੀ ਰਹਿੰਦਾ ਹੈ। ਏਹ ਗੁਰਬਾਣੀ ਗਾਏ, ਸੋਹਿਲੜਾਏ ਐਸੇ ਪਾਕ ਪਵਿਤਰ ਪਾਰਸ ਰਸਾਇਣੀ ਗੁਣ ਹਨ ਕਿ ਜਿਨ੍ਹਾਂ ਦੇ ਗਾਵਿਆਂ ਤਨੁ ਮਨੁ ਸਾਚਾ ਹੋ ਜਾਂਦਾ ਹੈ। ਸਚੇ ਪਾਰਸ ਗੁਣਾਂ ਦੀ ਪਾਰਸ ਰਸਾਇਣੀ ਸੁਪਰਸ ਕਲਾ ਦੁਆਰਾ ਤਨ ਅੰਦਰਿ ਸਾਚਾ ਪੁਰਖੁ (ਸੋਈ ਸਚੁ ਸਰੂਪ ਵਾਹਿਗੁਰੂ) ਆ ਵਸਦਾ ਹੈ। ਇਉਂ ਤਨੁ ਮਨੁ ਸਾਚਾ ਤਿਨ੍ਹਾਂ ਦਾ ਹੋ ਜਾਂਦਾ ਹੈ। ਤਨੁ ਮਨੁ ਸਾਚਾ ਤਾਂ ਹੋਣਾ ਹੀ ਸੀ, ਜਿਸ ਵਿਚਿ ਸੱਚਾ ਪੁਰਖ ਆਇ ਵਸਿਆ। ਜਿਸ ਸਚ- ਸੁਪਰਸੇ ਸਚੇ ਗੁਰਮੁਖ ਜਨ ਦੇ ਤਨ ਮਨ ਅੰਦਰਿ ਇਉਂ ਸਚੁ ਪੁਰਖੁ ਰੂਪੀ ਸਚੁ ਪਰਕਾਸ਼ਤ ਹੋਇ ਆਇਆ ਹੈ, ਉਸ ਦੇ ਅੰਦਰਿ ਸਭ ਸਚੋ ਹੀ ਸਚੁ ਵਰਤਦਾ ਹੈ। ਉਹ,ਕੇਵਲ ਉਹੀ ਸਚੋ ਸੱਚ ਬੋਲਦਾ ਹੈ, ਹੋਰ ਕੋਈ ਸੱਚ ਬੋਲ ਹੀ ਨਹੀਂ ਸਕਦਾ। ਹੋਰ ਕਿਸੇ ਨੂੰ ਸਚ ਬੋਲਣ ਦਾ ਸ਼ਅਊਰ ਹੀ ਨਹੀਂ। ਜਿਸ ਸੱਚ ਬੋਲਣ ਨੂੰ ਉਹ ਸਚ ਲਈ ਫਿਰਦਾ ਹੈ,ਉਹ ਹੈ ਹੀ ਕੂੜੁ, ਹੋਛਾ ਕੂੜੁ "ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥"* ਕੇਵਲ ਗੁਰਮਤਿ ਸਚੁ ਬੋਲਣਹਾਰਾ, ਸਚੁ ਚਵੱਲਣਹਾਰਾ ਗੁਰਮੁਖ ਜਨ ਹੀ 'ਸਚੁ' ਦਾ ਅਨੁਸਾਰੀ ਹੈ। 'ਜੋ ਸਚੁ ਕਰੈ ਸੁ ਹੋਈ' ਇਸ ਪੰਗਤੀ ਅੰਦਰਿ 'ਸਚੁ' ਫ਼ਾਇਲ ਰੂਪ ਕਰਤਾ ਹੈ, ਕਰਨ ਕਾਰਨ ਸਮਰੱਥਾ ਵਾਲਾ ਹੈ। ਸਮਝ ਲਵੋ ਜ਼ਰਾ, ਜਾਂਚ ਲਵੋ ਕਿ ਗੁਰਮਤਿ ਦਰਸਾਏ ਸਚ ਦਾ ਕੇਵਡੁ ਵੱਡਾ ਮਰਤਬਾ ਹੈ। ਫੇਰ ਇਸ ਤੋਂ ਅਗਲੀ ਤੁਕ "ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥" ਦਸਦੀ ਹੈ ਕਿ ਇਹੁ ਸਮਰਥਾ-ਵਾਨ ਸਚੁ, ਸਰਬ ਕਲਾ ਭਰਪੂਰ ਸਚੁ ਸਾਰੇ ਹੀ ਪਸਰ ਰਿਹਾ ਹੈ, ਸਾਰੇ ਹੀ ਵਿਆਪਕ ਹੈ। ਵੇਖਣਹਾਰੇ ਗੁਰਮੁਖ ਇਸ ਸਚੁ ਨੂੰ ਸਾਰੇ ਹੀ ਵਿਆਪਕ ਵੇਖਦੇ ਹਨ, ਸਰਬੱਤ ਰਵਿਆ ਪਰਤੱਖ ਪੇਖਦੇ ਹਨ, ਸਚੁ ਬਿਨਾਂ ਦੂਜਾ ਹੋਰ ਪਸਾਰਾ ਦੂਜੇ ਹੋਰ ਨਿਕਾਰੇ ਨਿਪੁੰਸਕ ਸੱਚ ਦਾ ਪਸਾਰਾ ਓਹਨਾਂ ਨੂੰ ਦੀਹਦਾ ਹੀ ਨਹੀਂ। ਦ੍ਰਿਸ਼ਟਮਾਨ ਪਸਾਰਾ ਸਾਰਾ ਕੂੜ ਦਾ ਪਸਾਰਾ ਹੈ।ਜਿਨ੍ਹਾਂ ਦੀ ਪਹੁੰਚ ਅਦ੍ਰਿਸ਼ਟ ਵਿਚਿ ਹੋਈ ਹੈ,ਉਨ੍ਹਾਂ ਨੂੰ ਪੰਜ-ਭੂਤਕ ਅੱਖੀਆਂ ਦੁਆਰਾ ਦਿਸਣਹਾਰੇ ਪਸਾਰੇ ਤੋਂ ਅਗਮ ਅਗੋਚਰ ਅਣ-ਦਿਸਦਾ ਅਦ੍ਰਿਸ਼ਟ ਦਿੱਬ ਆਤਮ-ਜੋਤ-ਤੇਜੰਤਰੀ ਜੋ ਪਸਾਰਾ ਹੈ, ਓਹ ਦਿੱਬ ਦ੍ਰਿਸ਼ਟੀ ਵਾਲੇ ਲੋਇਣਾਂ ਦੁਆਰਾ ਹੀ ਦਿਸਦਾ ਹੈ। ਇਸ ਦਿੱਬ ਅਦ੍ਰਿਸ਼ਟ ਪਸਾਰੇ ਅੰਦਰ, ਦ੍ਰਿਸ਼ਟੈ ਸੂਖਮ ਦ੍ਰਿਸ਼ਟ ਹੋਰ ਪਸਾਰੇ ਅੰਦਰ ਸੱਚ ਹੀ ਸੱਚ ਵਸਿ ਰਿਹਾ ਹੈ। ਇਸ ਦਿੱਬ ਮੰਡਲ ਵਿੱਚਿ ਪਹੁੰਚਾ ਹੋਇਆ ਪੁਗਿਆ ਹੋਇਆ ਮਰਦ ਗੁਰਮੁਖ ਪਿਆਰਾ ਸਚ ਵਿਚਿ ਹੀ ਵਰਤਦਾ ਖੇਲਦਾ ਹੈ। ਉਸ ਦੇ ਅੰਦਰੋਂ ਸਚੁ ਹੀ ਸਚੁ ਉਗਵਦਾ ਉਪਜਦਾ ਹੈ। ਸਚੁ ਉਸ ਦੇ ਅੰਦਰਿ ਸਮਾਇਆ ਰਹਿੰਦਾ ਹੈ ਤੇ ਉਹ ਸਚ ਦੇ ਅੰਦਰਿ। ਸੱਚ ਅੰਦਰ ਸਮਾਊਣਾ ਤਾਂ ਆਮ ਸਚ ਵਾਲਿਆਂ ਨੂੰ ਭੀ ਸਹਿਲਾ ਹੀ ਜਾਪਦਾ ਹੈ। ਪਰ ਸਚ ਦੇ ਅੰਦਰਿ ਸਮਾਉਣਾ,ਇਹ ਗੁਰਮਤਿ ਸਚ-ਲਖਾਇਆਂ,ਸਚੁ ਸਮਾਇਆਂ ਨੂੰ ਹੀ ਬਣ ਆਉਂਦਾ ਹੈ। ਸਚ ਦੇ ਅੰਦਰ ਸਮਾਉਣਾ ਦਸਦਾ ਹੈ ਕਿ ਸਚੁ ਇਕ ਐਸਾ ਸਰਬ ਵਿਆਪਕ ਸਚੁ ਹੈ,ਜਿਸ ਦੀ ਪੁਰਖਤਵ ਜਗ-ਜੀਵਨੀ ਸੱਤਤਾ ਹੈ, ਸਰਬ ਜੀਆਂ ਜੀਵਾਲਣੀ ਤੱਤਵਤਾ ਹੈ। ਗੁਰੂ ਨਾਨਕ ਸਾਹਿਬ ਸੱਤਿ ਬਾਣੀ ਸਚ ਫ਼ੁਰਮਾਣੀ

---

* ਸੂਹੀ ਮ: ੫—੭੬੧

ਭਾਖਿਆ ਭਾਖਦੇ ਹਨ ਕਿ ਇਹ ਸਚੁ ਸਭ ਕਿਛੁ ਕਰਨਹਾਰਾ,ਆਪੇ ਕਰਤਾ ਸਭ ਕਿਛੁ ਆਪੇ ਹੀ ਹੈ ਅਤੇ ਕਮਾਵਨਹਾਰਾ ਭੀ ਆਪ ਹੀ ਹੈ ਅਤੇ ਕਰਨਹਾਰ ਭੀ ਆਪੇ। ਸਚੁ ਨਿਰੀ **Entity** ਨਹੀਂ, **Entire Divinity** ਹੈ। ਏਸ ਡਿਵੀਨਿਟੀ ਸੁਭਰੰਭਰੇ, ਬਿਸੰਭਰੀ ਸਰਬੰਤਰੇ ਨਾਇਕੇਸ਼ਰੀ ਸਚ ਨੂੰ ਸਰਬ ਨਾਇਕ ਸਚੁ ਸਚਨਾਇਕੇ ਹੀ ਸਿਰੀ ਅਨੰਦ ਸਾਹਿਬ ਦੀ ਬਾਣੀ ਅੰਦਰਿ "ਇਹੁ ਸਚੁ ਸਭਨਾ ਕਾ ਖਸਮੁ ਹੈ" ਕਰਕੇ ਸੁਭਾਖਿਆ ਗਿਆ ਹੈ ॥ ੩ ॥ ਉਸ ਸਚੇ ਖਸਮ ਦੇ ਦਰਬਾਰ ਵਿਚਿ ਸਚੁ ਸੁਭਾਖਣ ਵਾਲੇ ਸਚੇ ਭਗਤ ਹੀ ਸੋਹੰਦੇ ਹਨ। ਸਚੋ ਸੱਚ ਵਖਾਨਣ ਵਾਲੇ, ਸਚੁ ਨਾਮੁ ਨੀਸਾਨਣ ਵਖਾਨਣ ਵਾਲੇ ਭਗਤ ਹੀ ਸੋਭਾ ਪਾਉਂਦੇ ਹਨ। ਦਰ ਪਰਵਾਨ ਪਏ ਭਗਤਾਂ ਦਾ ਸਚੋ ਸੱਚ ਵਖਾਨਣਾ ਏਹੋ ਹੈ, ਨਾਮੁ ਹੀ ਨਾਮੁ ਸੰਭਾਖਣਾ। 'ਸੱਚੋ ਸੱਚ' ਦਾ ਭਾਵ ਏਥੇ ਨਾਮੁ ਹੀ ਨਾਮੁ ਹੈ। ਨਾਮੁ ਤੋਂ ਬਿਨਾ ਹੋਰ ਸਚੁ ਨਹੀਂ। ਤਾਂਤੇ ਗੁਰਮੁਖ ਭਗਤ ਜਨ ਨਾਮੁ ਹੀ ਨਾਮੁ ਵਖਾਣਦੇ ਹਨ। ਨਾਲ ਦੀ ਅਗਲੀ ਤੁਕ "ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ" ਦਸਦੀ ਹੈ ਕਿ ਓਹਨਾਂ ਦੇ ਘਟ ਅੰਦਰਿ ਰੋਮ ਰੋਮ ਅੰਦਰਿ ਵਾਹਿਗੁਰੂ ਨਾਮੁ ਰੂਪੀ ਸਚੀ ਬਾਣੀ ਹੀ ਪਰਵੇਸ਼ ਕਰ ਗਈ ਹੁੰਦੀ ਹੈ। ਇਸ ਕਰਕੇ "ਜੋ ਜੀਇ ਹੋਇ ਸੁ ਉਗਵੈ" ਦੇ ਭਾਵ ਅਨੁਸਾਰ ਜੋ ਓਹਨਾਂ ਦੇ ਘਟ ਅੰਦਰਿ ਵਸਿਆ ਹੋਇਆ ਹੈ, ਓਹੀ ਮੁਖ ਕਰਕੇ ਬਾਹਰ ਉਗਵਦਾ ਹੈ। ਜਿਨ੍ਹਾਂ ਦੇ ਅੰਦਰਿ ਸਚੁ ਹੈ,ਓਹ ਮੂੰਹੋਂ ਭੀ ਸਚੁ ਅਲਾਉਣਾ ਹੀ ਪਸੰਦ ਕਰਦੇ ਹਨ। ਮਨ ਕਰਕੇ ਤੇ ਮੁਖ ਕਰਕੇ ਓਹ ਨਾਮੁ ਹੀ ਨਾਮੁ ਅਲਾਉਂਦੇ ਹਨ। ਏਸ ਨਾਮ ਰੂਪੀ ਸਚ ਤੋਂ ਬਿਨਾ ਹੋਰ ਸਚੁ ਨੂੰ ਸਿਆਣਦੇ ਪਛਾਣਦੇ ਨਹੀਂ। ਰਸਨਾ ਕਰਕੇ ਨਾਮੁ ਤਤੁ ਵਿਰੋਲਣਾ ਏਹੋ ਓਹਨਾਂ ਦਾ ਸਚੁ ਬੋਲਣਾ ਹੈ। ਏਸ ਸਚ ਬੋਲ ਤੋਂ ਬਿਨਾਂ ਹੋਰ ਬੋਲ ਬੋਲਣ ਕੁਸੱਚ ਕੁਬੋਲੀਆ ਬੋਲ ਬੋਲਣ ਨਾਲਿ ਓਹਨਾਂ ਦਾ ਲਾਕਾ ਦੇਕਾ ਹੀ ਨਹੀਂ, ਸਿਆਣ ਪਛਾਣ ਹੀ ਨਹੀਂ। ਜਿਨ੍ਹਾਂ ਨੇ ਆਪਣਾ ਆਪੁ ਪਛਾਣ ਲਿਆ ਹੈ,ਤਿਨ੍ਹਾਂ ਨੂੰ ਹੀ 'ਸਚੁ' ਦੀ ਸੱਚੀ ਲਖਤਾ ਪ੍ਰਾਪਤਿ ਹੋਈ ਹੈ, ਤਿਨ੍ਹਾਂ ਨੂੰ ਹੀ ਸਚੇ ਵਾਹਿਗੁਰੂ ਰੂਪੀ ਸਚ ਦੀ ਸੋਝੀ ਪਈ ਹੈ। ਜਿਨ੍ਹਾਂ ਦੇ ਆਪੇ ਵਿਚਿ ਜੋਤਿ ਆਤਮ ਸਰੂਪ ਪਰਗਟਿਆ ਹੈ, ਤਿਨ੍ਹਾਂ ਨੂੰ ਹੀ ਪਰਮਾਤਮਾ 'ਸਚੁ' ਦਾ ਸੱਚਾ ਪਰਕਾਸ਼ ਹੋਇਆ ਹੈ। ਸਚ ਸਬਦ ਅਭਿਆਸੀਆਂ ਨੂੰ ਇਹ ਸਚੜੀ ਸੋਭਾ ਵਿਰਸੇ ਵਿਚਿ ਆਈ ਹੈ। ਸਚੜੇ ਸੁਖ ਦੀ ਪ੍ਰਾਪਤੀ ਭੀ ਤਿਨ੍ਹਾਂ ਨੂੰ ਹੀ ਹੋਈ ਹੈ। "ਸਾਚਿ ਰਤੇ ਭਗਤ ਇਕਰੰਗੀ" ਸਚ ਨਾਮ ਰਤੇ ਭਗਤ ਜਨ ਇਕ ਵਾਹਿਗੁਰੂ ਦੇ ਸਚੜੇ ਰੰਗ ਵਿਚਿ ਰਤੇ ਹੋਏ ਹਨ। "ਦੂਜਾ ਰੰਗੁ ਨ ਕੋਈ" ਓਹਨਾਂ ਨੂੰ ਇਸ ਇਕੋ ਰੰਗ ਬਿਨਾ ਦੂਜੇ ਰੰਗ ਦਾ ਪਾਹੁ ਹੀ ਨਹੀਂ ਚੜ੍ਹਿਆ, ਦੂਜੇ ਰੰਗ ਦਾ ਲੇਸ ਹੀ ਨਹੀਂ ਲਗਾ ॥ "ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥" ਏਹ ਅਨੂਪਮੀ ਸਚੜੇ ਰੰਗ ਵਾਲਾ ਸਚੁ ਤਿਸੇ ਨੂੰ ਪ੍ਰਾਪਤਿ ਹੋਇਆ ਹੈ, ਜਿਸ ਦੇ ਮਸਤਕ ਵਿਚਿ ਗੁਰਪ੍ਰਸਾਦ ਕਰਿ, ਗੁਰੂ ਨਾਨਕ ਸਾਹਿਬ ਦੀ ਨਦਰ ਪ੍ਰਸਾਦ ਕਰਿ ਸਚੜੇ ਲੇਖ ਦੀ ਲਿਖਤਕਾਰ ਹੋਈ ਹੈ ॥

ਦੇਖੋ ਸਚ ਪ੍ਰਾਪਤੀ ਦੇ ਅਨੂਠੇ ਰੰਗ ਅਪਾਰ! ਗੁਰਮਤਿ ਸਚੁ ਸਿਧਾਂਤ ਨੂੰ ਅਗਲੇ ਗੁਰ ਵਾਕ ਵਿਚਿ ਹੋਰ ਭੀ ਖੋਲ੍ਹ ਕੇ ਸਪਸ਼ਟ ਕੀਤਾ ਹੈ। ਯਥਾ ਗੁਰ ਵਾਕ :

ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥
ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ ॥੧॥
ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥
ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥ਰਹਾਉ॥ ਪੰਨਾ ੭੨੩
ਤਿਲੰਗ ਮਹਲਾ ੪

ਇਸ ਗੁਰਵਾਕ ਵਿਖੇ 'ਸਚੁ' ਨੂੰ ਸਾਹਿਬ ਆਖਿਆ ਹੈ। 'ਸਚੁ' ਨੂੰ ਹੀ ਸਭ ਤੋਂ ਵੱਡਾ, ਸਭ ਤੋਂ ਉਪਰਲਾ ਸਚਾ ਹਰ ਧਨੀ ਹਾਕਮ ਅਫਸਰ ਸੁਭਾਖਿਆ ਹੈ। ਅਤੇ ਇਹ ਭੀ ਦਸਿਆ ਹੈ ਕਿ ਇਸ ਸੱਚ ਦਾ ਹੋਰ ਕੋਈ ਸ਼ਰੀਕ ਭੀ ਨਹੀਂ, ਅਰਥਾਤ, ਇਸ ਸੱਚ ਦੇ ਤੁਲ ਹੋਰ ਕੋਈ ਸਚ ਨਹੀਂ। ਏਸ ਦੇ ਨਾਲ ਢੁਕਵੇਂ ਭਾਵ ਦਾ ਹੀ ਏਹ ਅਗਲੇਰਾ ਗੁਰਵਾਕ ਹੈ।

੧੧

# ਸੱਚ ਦਾ ਮਿਲਾਪ

ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥
ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥੧੦॥
ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥
ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥੧੧॥
ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥
ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥
ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥
ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥
ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰਧਾਰਿ॥
ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥੧੪॥ ਪੰਨਾ ੭੫੫
ਰਾਗੁ ਸੂਹੀ ਮਹਲਾ ੩

ਏਥੇ 'ਸਚੁ' ਨੂੰ ਮੇਦਨੀ ਉਪਾਉਣ ਵਾਲਾ, ਸਭ ਨੂੰ ਰਿਜਕ ਸੰਬਾਹੁਣ ਵਾਲਾ, ਸਭਨਾਂ ਇਕੋ ਦਾਤਾਰੁ, ਸੱਚਾ ਆਪਿ ਧਣੀ ਦਸਿਆ ਗਿਆ ਹੈ। ਐਸੇ 'ਸਚੁ' ਨੂੰ ਦਸੋ ਕੀ ਗਣੀਏ ? ਕੈਸੀ ਅਲੌਕਿਕ ਸੰਭਾਵਨਾ ਵਾਲਾ ਇਹ ਗੁਰਮਤਿ ਸਿਧਾਂਤੀ ਸਚੁ ਹੈ। ਸਚ-ਮੁਤਲਾਸ਼ੀ ਨੂੰ ਸਾਫ ਸੰਬੋਧਨ ਕੀਤਾ ਗਿਆ ਹੈ ਕਿ "ਸੋ ਸਚੁ ਤੇਰੈ ਨਾਲਿ ਹੈ", ਐਸਾ ਸਚੁ ਜੋ ਉਪਰ ਵਰਨਣ ਕੀਤਾ ਗਿਆ ਹੈ, ਉਹ ਸਚੁ, ਹੇ ਸਚੁ ਦੇ ਮੁਤਲਾਸ਼ੀ, ਤੇਰੇ ਨਾਲਿ ਹੀ ਹੈ। ਜੇ ਤੂੰ ਸਚ ਦਾ ਸੱਚਾ ਮੁਤਲਾਸ਼ੀ ਹੈਂ ਤਾਂ ਤੂੰ ਇਸ ਸੱਚ ਦੀ ਤਲਾਸ਼ ਆਪਣੇ ਅੰਦਰਿ ਹੀ ਕਰਿ, ਪਰ ਗੁਰਮੁਖ ਬਣ ਕੇ ਕਰਿ, ਗੁਰਮੁਖ ਬਣ ਕੇ ਜਦ ਤੇਰੀ ਦ੍ਰਿਸ਼ਟੀ ਖੁਲ੍ਹ ਕੇ ਦਿਬ ਦ੍ਰਿਸ਼ਟੀ ਹੋ ਜਾਏਗੀ, ਤਦ ਤੂੰ ਅੰਦਰੇ ਆਪਣੇ ਨਾਲਿ ਹੀ ਸਚੁ ਪਰਗਾਸਿਆ ਦੇਖੇਂਗਾ। ਇਕ ਵਾਰ ਅਖੀਂ ਵੇਖ ਕੇ ਫਿਰ ਵਾਹਿਗੁਰੂ ਦੇ ਰੂਪ ਵਿਚਿ ਘਟਿ ਪ੍ਰਗਟ ਹੋਏ ਤਿਸੁ 'ਸਚੁ' ਨੂੰ ਤੂੰ ਸਦਾ ਸਮਾਲੁ, ਭਾਵ, ਘਟ-ਜੋਤਿ ਪ੍ਰਗਟੋਏ ਸਚ ਨਾਮ ਦਾ ਸਦਾ ਸਦਾ ਤੂੰ ਸਿਮਰਨ ਸੰਮਾਲਨ ਕਰਿ। ਕਿਉਂਕਿ ਪਹਿਲਾਂ ਵਾਹਿਗੁਰੂ ਨਾਮੀ ਅਭੇਦ ਵਾਹਿਗੁਰੂ ਨਾਮ ਹੀ ਜੋਤਿ ਕਿਰਨ

ਸਮੋਇਆ ਹੋਇਕੇ ਘਟ ਅੰਦਰਿ ਪਰਗਟ ਹੁੰਦਾ ਹੈ। ਵਾਹਿਗੁਰੂ ਦਾ ਜੋਤਿ- ਕਿਰਨੀ ਚਰਨ ਕੰਵਲ ਹੀ ਪਹਿਲਾਂ ਤੇਜਸੀ ਰਸ-ਜੋਤਿ ਪ੍ਰਗਟੰਨੇ ਨਾਮ ਦੇ ਸਰੂਪ ਵਿਚਿ ਘਟ ਅੰਦਰਿ ਪਰਜੁਲਤ ਹੁੰਦਾ ਹੈ। ਇਸ ਜੋਤਿ ਪ੍ਰਗਟੰਨੇ ਨਾਮ ਨੂੰ ਅੰਦਰਿ ਜਰ ਕੇ ਫਿਰ ਛਡਿਆ ਨਾ ਜਾਏ, ਹੋਰੋ ਹੋਰ ਤੇ ਜੋਰੋ ਜੋਰ ਅਭਿਆਸ ਪ੍ਰਚੰਡੀ ਖੰਡਾ ਖੜਕਾਇਆ ਜਾਏ, ਇਉਂ ਵਾਹਿਗੁਰੂ ਸੱਚਾ ਨਦਰੀ ਨਦਰ ਨਿਹਾਲ ਹੋ ਕੇ ਹੋਰ ਤੁਠਦਾ ਹੈ ਅਤੇ ਐਸੀ ਬਖਸ਼ਸ਼ ਕਰਦਾ ਹੈ ਕਿ "ਆਪੇ ਬਖਸ਼ੇ ਮੇਲਿ ਲਏ" ਸਚ-ਮੁਤਲਾਸ਼ੀਏ,ਸਚ -ਅਭਿਆਸੀ ਨੂੰ ਆਪੇ ਬਖਸ਼ਕੇ ਆਪਣੇ ਸਚੁ ਸੁੰਦਰੇ ਸਰੂਪ ਨਾਲਿ ਮੇਲ ਲੈਂਦਾ ਹੈ, ਆਪਣੇ ਹੀ ਨਾਲਿ ਮੇਲ ਲੈਂਦਾ ਹੈ। ਉਸ ਸਚੁ ਮੋਹਨੇ ਸੋਹਨੇ ਪ੍ਰੀਤਮ ਨੂੰ ਐਵੇਂ ਨਹੀਂ ਮਿਲਿਆ ਜਾਂਦਾ। ਮਨ ਦੀ ਮਤਿ ਕਰਿ ਕਿਵੇਂ ਮਿਲਿਆ ਜਾਏ ? ਸਭ ਮੱਤੀਂ ਬੁੱਧੀਂ ਮਿਥਿਆ ਹਨ। ਮਨ ਦੀਆਂ ਮੱਤਾਂ ਕੁਮੱਤਾਂ ਹਨ, ਸੰਕਲਪਾਂ ਵਿਕਲਪਾਂ ਵਿਚਿ ਖਿੰਡੀਆਂ ਹੋਈਆਂ ਹਨ। ਮੈਲੇ ਮਿਥਿਆ ਸੰਕਲਪਾਂ ਨਾਲਿ ਮਨੁ ਮੈਲਾ ਹੋਇਆ ਰਹਿੰਦਾ ਹੈ। "ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ" ॥ ਮਨੁ ਤਾਂ ਮੈਲਾ ਹੈ ਅਤੇ ਸਚੁ ਹੈ ਨਿਰਮਲਾ। ਦੋਹਾਂ ਦਾ ਮੇਲੁ ਕਿਕੂੰ ਹੋਵੇ। ਮੈਲੇ ਨਿਰਮਲੇ ਦਾ ਮੇਲ ਅਸੰਭਵ ਹੈ। ਗੁਰਮਤਿ ਸਚੁ ਤਾਂ ਅਤਿ ਨਿਰਮਲੀ ਹੂੰ ਨਿਰਮਲਾ ਹੋਇਆ, ਮਨੁ ਹੋਇਆ ਮਹਾਂ ਮਲੀਨ। ਜਨਮ ਜਨਮ ਦੀ ਮੈਲ ਇਸ ਨੂੰ ਲੱਗੀ ਹੋਈ ਹੈ। ਕਾਲਾ ਸਿਆਹ ਹੋਇਆ ਮਨੁ ਆਪਣੀਆਂ ਕਾਲੀਆਂ ਸਿਆਹ ਕੁਮੱਤੜੀਆਂ ਸਹਸ ਸਿਆਣਪਾਂ ਦੁਆਰਾ ਕਿਵੇਂ ਦੁਧ ਧੋਤੇ ਸਫੇਦ ਨਿਰਮਲ 'ਸਚੁ' ਨੂੰ ਮਿਲ ਸਕਦਾ ਹੈ ? ਕਦੇ ਨਹੀਂ ਮਿਲ ਸਕਦਾ। ਭਾਵੇਂ ਲਖ ਯਤਨ ਕਰ ਲਵੈ। ਹਾਂ "ਪ੍ਰਭੁ ਮੇਲੇ ਤਾਂ ਮਿਲਿ ਰਹੈ ਹਉਮੈ ਸਬਦਿ ਜਲਾਇ" ॥ ਵਾਹਿਗੁਰੂ ਦੀ ਖ਼ਾਸ ਮਿਹਰ ਹੋਵੇ ਤਾਂ ਇਹ ਬਿਉਂਤ ਬਣੇ। ਪਹਿਲਾਂ ਸਤਿਗੁਰੂ ਸਰਨੀ ਆਵੇ। ਫਿਰ ਸਤਿਗੁਰੂ ਦੁਆਰਿਓਂ ਗੁਰਪ੍ਰਸਾਦਿ ਕਰਿ ਸਤਿਗੁਰ ਸਰਣਿ ਪਇਆਂ ਨੂੰ ਗੁਰ ਦੀਖਿਆ ਸ਼ਬਦ ਗੁਰਮੰਤ੍ਰ ਮਿਲੇ, ਫੇਰ ਸ਼ਬਦ ਗੁਰਮੰਤ੍ਰ ਦੀ ਕਮਾਈ ਕੀਤੀ ਜਾਵੇ। ਤਿਸ ਪਾਰਸ ਰੂਪ ਸ਼ਬਦ ਅਭਿਆਸ ਕਮਾਈ ਦੁਆਰਾ ਹਉਮੈ ਦੀ ਮੈਲ ਕਟੀ ਜਾਇ। ਐਸੀ ਕੱਟੀ ਜਾਇ ਕਿ ਹਉਮੈ ਉੱਕੀ ਜਲ ਹੀ ਜਾਇ, ਤਾਂ ਵਾਹਿਗੁਰੂ ਆਪਣੇ ਸਚ ਸਰੂਪ ਨਾਲਿ ਆਪੇ ਮੇਲ ਲੈਂਦਾ ਹੈ ਅਤੇ ਐਸਾ ਮੇਲਦਾ ਹੈ ਕਿ ਮਿਲ ਕੇ ਮਿਲਿਆ ਹੀ ਰਹਿੰਦਾ ਹੈ। ਫੇਰ ਤਾਂ ਤਿਸ ਸਚ ਮੇਲ ਮਿਲੇ ਮਿਲਿ ਰਹੇ ਨੂੰ ਇਸ ਮੇਲ ਤੋਂ ਨਿਮਖ ਭਰ ਵਿਛੋੜਾ ਭੀ ਔਖਾ ਹੋ ਜਾਂਦਾ ਹੈ। ਤਿਸ ਸਚ ਮੇਲ ਮਿਲਣੀ ਮਿਲ ਕੇ ਸੱਚ ਨਵ-ਮਿਲਾਪੀਆ, ਸੱਚ ਵਸਲ-ਵਸਲਾਪੀਆ, ਸੱਚ ਪਰਖ ਕੇ ਇਉਂ ਪੁਕਾਰ ਉਠਦਾ ਹੈ। "ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ", ਤਿਸ ਸਚੜੇ ਖਸਮ, ਸਚੇ ਪਤੀ ਪਰਮੇਸਰ ਵਿਸਰਿਆਂ, ਇਕ ਖਿਨ ਮਾਤਰ ਭੀ ਵਿਸਰਿਆਂ ਸੰਸਾਰ ਵਿਚਿ ਰਹਿ ਕੇ ਜੀਉਣਾ ਧ੍ਰਿਗ ਹੋ ਜਾਂਦਾ ਹੈ। ਬਸ, ਗੁਰਮਤੀ ਸਚੁ ਨਾਮ ਅਭਿਆਸ ਦੀ ਵੀਚਾਰ ਮਈ ਸੱਚੀ ਕਮਾਈ ਕਰਦਾ ਹੀ ਰਹੇ, ਤਦ ਉਹ ਨਹੀਂ ਵਿਸਰਦਾ। ਅਭਿਆਸ ਕਮਾਈ ਉਤੇ ਤੁੱਠ ਕੇ ਨਿਹਾਲ ਹੋਇਆ ਰਹਿੰਦਾ ਹੈ। ਫੇਰ ਤਾਂ ਉਸ ਦੀਆਂ ਨਦਰਾਂ ਮਿਹਰਾਂ ਹੀ ਨਹੀਂ ਵਿਸਰਨ ਦਿੰਦੀਆਂ। "ਸਤਿਗੁਰੁ ਮੇਲੇ ਤਾਂ ਮਿਲਿ ਰਹਾ ਸਾਚੁ ਰਖਾ ਉਰਧਾਰਿ।" ਨਦਰੀ ਮੇਲਿ

 www.sikhbookclub.com

ਮਿਲਉਏ ਗੁਰਮੁਖ ਪਿਆਰੇ ਨੂੰ ਕਦੇ ਭੀ ਇਹ ਸੂਖਮ ਤੋਂ ਸੂਖਮ ਅਹੰਕਾਰ ਨਹੀਂ ਉਪਜਦਾ ਕਿ ਮੈਂ ਆਪੋਂ ਮਿਲਿਆ ਹਾਂ ਤੇ ਮਿਲ ਰਹਾਂਗਾ। ਉਹ ਤਾਂ ਇਉਂ ਹੀ ਉਚਾਰਦਾ ਪੁਕਾਰਦਾ ਰਹਿੰਦਾ ਹੈ ਕਿ ਸਤਿਗੁਰੂ ਮੇਲੇ ਤੇ ਮੇਲੀ ਰਖੇ ਤਾਂ ਸੱਚ ਨੂੰ, ਪ੍ਰੀਤਮ ਨੂੰ, ਸਚੜੇ ਮਹਿਬੂਬ ਨੂੰ ਮਿਲ ਰਹਾਂ, ਐਸਾ ਮਿਲਾਂ, ਐਸੀ ਮਿਲਣੀ ਮਿਲ ਰਹਾਂ ਕਿ ਸਚੁ ਪ੍ਰੀਤਮ ਪਿਆਰੇ ਨੂੰ ਸਦਾ ਹਿਰਦੇ ਵਿਚਿ ਧਾਰੀ ਹੀ ਰਖਾਂ, ਹਿਰਦੇ ਵਿਚਿ ਉਤਾਰ ਕੇ ਐਸੀ ਮਿਲਨ-ਘਟ ਜੱਫੜੀ ਪਾਇ ਰਖਾਂ ਕਿ ਕਦੇ ਭੀ ਫੇਰ ਵਿਛੜਾਂ ਨਾ। "ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ।' ਗੁਰ ਕੇ ਹੇਤ ਪਿਆਰ ਕਰਿ ਜੇਹੜਾ ਮਿਲਿਆ ਹੋਇਆ ਹੈ, ਉਹ ਕਦੇ ਨਹੀਂ ਵਿਛੜਦਾ ਸਚੁ ਸਚੜੇ ਪਿਆਰੇ ਪ੍ਰੀਤਮ ਤੋਂ। ਗੁਰੂ ਬਖ਼ਸ਼ਿਆ, ਗੁਰੂ ਨਦਰਾਇਆ ਹੇਤ ਪਿਆਰ, ਜਿਸ ਪ੍ਰੇਮੀਅੜੇ ਨੂੰ ਸੱਚ ਮੇਲ ਮਿਲਾਪ ਦਾ, ਹਿਤ ਚਿਤ ਕਰਿ ਅੰਦਰਿ ਰਚਿਆ ਮਿਚਿਆ ਹੈ, ਉਹ ਗੁਰੂ ਸੰਵਾਰਿਆ ਹੇਤ ਪਿਆਰੂਆ, ਸਚਿ ਮੇਲ ਮਿਲਾਰੂਆ ਪ੍ਰੇਮੀ ਜਨ ਫੇਰ ਕਦੇ ਨਹੀਂ ਵਿਛੜਦਾ ਸਚੁ ਮੇਲਿ ਮਹਿਬੂਬੜੇ ਮਸ਼ੂਕੜੇ ਤੋਂ। ਯਥਾ ਗੁਰਵਾਕ :

ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥
ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ ॥ ੧੦ ॥
ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥
ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥ ੧੧ ॥
ਜਿਨ੍ਹਾਂ ਅੰਦਰਿ ਸਚਾ ਨੇਹੁ ਕਿਉ ਜੀਵਨਿ੍ ਪਿਰੀ ਵਿਹੂਣਿਆ ॥
ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ ॥ ੧੨ ॥

... ... ... ...

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥ ੧੫ ॥

... ... ... ...

ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ ॥
ਜਾ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ ॥ ੮ ॥
ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥
ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ ॥੯॥ ਪੰਨਾ ੧੪੨੨

ਸਲੋਕ ਵਾਰਾਂ ਤੇ ਵਧੀਕ ਮਹਲਾ ੪

ਏਹ 'ਸਚੁ' ਸਚੜੇ ਪ੍ਰੀਤਮ ਦੇ ਪ੍ਰੀਤ-ਪਿਆਰ ਦਾ ਨਿਤ ਨਵਤਨ ਬਾਲਾ ਰੰਗ ਰੂਪਾਲਾ ਹੇਤ-ਹਿਤਾਲਾ ਇਸ਼ਕ ਮੁਜੱਸਮੀ ਨਕਸ਼ਾ ਹੈ। ਸਚੁ ਨੂੰ ਪ੍ਰੀਤਮ ਰੂਪ ਰੂਪਾਇਕੈ ਪੂਜਿਆ

ਗਿਆ ਹੈ । ਇਸ ਸਚ ਰੂਪੀ ਪ੍ਰੀਤਮ ਦਾ ਅੱਤ ਅਨੂਪ ਦਰਸਾਰਾ ਨਿਤ ਨਵਾਂ ਹੈ । ਤਾਹੀਂ ਤੇ ਰਾਗ ਬਸੰਤ ਦੀ ਗੁਰਬਾਣੀ ਵਿਖੇ 'ਸਚੁ' ਨੂੰ ਨਿਤ ਨਵਾਂ ਪਰਮੇਸਰ ਕਰਕੇ ਵਰਨਿਆ ਗਿਆ ਹੈ । "ਸਚੁ ਪਰਮੇਸੁਰ ਨਿਤ ਨਵਾ" ਸਚੁ ਨੂੰ ਏਥੇ ਖਾਸ ਪੁਰਖਤੱਵਤਾ ਦਿਤੀ ਗਈ ਹੈ । ਸਚੁ ਨੂੰ ਪਰਸੋਨੀਫ਼ਾਈਡ ਕੀਤਾ ਗਿਆ ਹੈ । ਨਿਤ ਨਵੀਂ Personification ਸਚੁ ਨੂੰ ਮਿਲਦੀ ਹੈ,ਸਚੁ ਨੂੰ ਸਾਕਸ਼ਾਤ ਦੇਖਣਹਾਰਿਆਂ ਆਸ਼ਕਾਂ ਵਲੋਂ । ਇਹ ਕੋਈ ਅਲੰਕਾਰਕ ਜਜ਼ਬਾ ਨਹੀਂ, ਹੂਬਹੂ ਸਚ ਦਾ ਦਿੱਬ - ਜੋਤਿ ਰੂਪਾਰੀ, ਅਮਰ ਅਚੱਲ ਅਕਾਲ ਮੂਰਤੀ ਹੋਂਦ ਹਸਤੀਆ ਸਨਮੁਖ ਦਿਦਾਰ ਹੈ, ਜਿਸ ਨੂੰ ਪਰਤੱਖ ਦੇਖਿ ਦੇਖਿ ਭਗਤ ਜਨ ਵਿਗਸਾਉਂਦੇ ਹਨ, ਬਿਸਮਾਉਂਦੇ ਹਨ, ਅਨਦਿਨ ਅਨਦੋ ਅਨਦ ਰਹਾਉਂਦੇ ਹਨ । ਇਸ ਬਿਵਸਥਾ ਵਿਚਿ ਸਚਿ ਰਤੇ ਸਚਾਵੇ ਗੁਰਮੁਖ ਜਨ ਹੀ ਖੇਡਦੇ ਹਨ । ਕੂੜਾਵੇ ਮਨਮੁਖਾਂ ਨੂੰ ਇਸ 'ਸਚੁ' ਉਤੇ ਟੇਕ ਸਰਧਾ ਭਾਵਨੀ ਹੀ ਨਹੀਂ ।

ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ ॥
ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥ ਪੰਨਾ ੭੫੫
ਰਾਗ ਸੂਹੀ ਮਹਲਾ ੩

ਸਚੁ ਰੂਪੀ ਪੁਰਖਤੱਵਤਾ ਵਾਲਾ ਸਚਾ ਸ਼ਾਹੁ ਸਚੁ-ਵਣਜਾਰਿਆਂ ਨੂੰ ਭਾਂਵਦਾ ਹੈ । ਕੂੜਿਆਰਿਆਂ ਨੂੰ ਇਹ ਸਚੁ ਭਾਂਵਦਾ ਹੀ ਨਹੀਂ । ਕੂੜ-ਮੁਠਿਆਂ ਦੀ ਏਥੇ ਟੇਕ ਹੀ ਨਹੀਂ ਟਿਕਦੀ । ਇਸ ਕਰਕੇ ਤਿਨ੍ਹਾਂ ਨੂੰ ਸਚੇ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ । ਓਹ ਦੁਖ ਹੀ ਦੁਖ ਵਿਚਿ ਪਚਿ ਪਚਿ ਮਰਦੇ ਹਨ, ਮਰਿ ਮਰਿ ਖੁਆਰ ਹੁੰਦੇ ਹਨ ।

੧੨

# ਸੱਚ ਦੀ ਪ੍ਰਾਪਤੀ ਤੇ ਮਹੱਤਤਾ

ਇਹ ਸਚੁ ਸੱਚਮੁਚ ਸੁਖ ਰੂਪ ਹੈ, ਸਹਜ ਰੂਪ ਹੈ, ਅਨਦੁ ਰੂਪ ਹੈ ਪਰ ਇਹ ਸਚੁ ਸਹਜ ਅਨਦ ਰੂਪੀ ਮਣੀ ਸਤਿਗੁਰੂ ਪਾਸ ਹੀ ਹੈ। ਇਸ ਜੋਤਿ ਮਣੀਏ 'ਸਚੁ' ਸਚੇ ਸੇਤੀ ਪਾਰਬ੍ਰਹਮ ਸੰਵਾਰੇ ਸੰਤਾਂ ਭਗਤਾਂ ਦੀ ਹੀ ਬਣਿ ਆਈ ਹੈ। ਯਥਾ :

ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ ॥
ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ ॥੧੨॥ ਪੰਨਾ ੮੫੪
ਬਿਲਾਵਲ ਕੀ ਵਾਰ ਮਹਲਾ ੪

ਸਚੁ ਬ੍ਰਹਮ ਰੂਪ ਹੈ, ਅਤਿ ਉਤਮ ਅਨੂਪ ਹੈ। ਪਰ ਇਸ ਊਤਮ ਬ੍ਰਹਮ ਰੂਪ ਸੱਚ ਨੂੰ ਪਛਾਣਦਾ ਕੋਈ ਵਿਰਲਾ ਗੁਰਮੁਖ ਹੀ ਹੈ। ਜਿਸ ਗੁਰਮੁਖ ਜਨ ਨੇ ਇਸ ਸਚੁ ਬ੍ਰਹਮੁ ਨੂੰ ਪਛਾਣਿਆ ਹੈ, ਉਸ ਨੂੰ ਸਰਬਤਰ ਸਾਚਾ ਸੋਈ ਪਾਰਬ੍ਰਹਮ ਸਚੁ ਹੀ ਨਦਰੀ ਆਇਆ ਹੈ। ਨਦਰਿ ਕਰੰਮੇ ਗੁਰਮੁਖ ਜਨਾਂ ਨੂੰ ਸਚੁ ਹੀ ਸਾਚਾ ਪਾਰਬ੍ਰਹਮ ਪਰਮੇਸਰ ਰੂਪ ਦ੍ਰਿੜ੍ਹ ਨਿਸਚੇ ਕਰ ਦਿਸਦਾ ਹੈ। ਨਦਰਾਲੂ ਵਾਹਿਗੁਰੂ ਦਾ ਵਿਖਾਇਆ ਹੋਇਆ ਸਚੁ ਵੇਖਿ ਸਕੀਦਾ ਹੈ। ਵਾਹਿਗੁਰੂ ਸੱਚੇ ਦਾ ਲਾਇਆ ਹੋਇਆ ਹੀ ਕੋਈ ਗੁਰਮੁਖ ਜਨ ਸਚ ਵਿਖੇ ਲਗ ਸਕਦਾ ਹੈ। ਯਥਾ ਗੁਰਵਾਕ :

ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥
ਊਤਮ ਬ੍ਰਹਮੁ ਪਛਾਣੈ ਕੋਇ ॥
ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥
ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥ ਪੰਨਾ ੬੬੬
ਧਨਾਸਰੀ ਮਹਲਾ ੩

ਜਿਥੇ ਜਿਥੇ ਭੀ ਗੁਰਬਾਣੀ ਅੰਦਰਿ ਸਚੁ ਸਿਮਰਿਆ ਜਾਣਾ ਵਰਨਣ ਕੀਤਾ ਗਿਆ ਹੈ, ਤਿਥੇ ਤਿਥੇ ਸੱਚ ਤੋਂ ਸਪਸ਼ਟ ਭਾਵ ਨਾਮ ਦਾ ਹੈ ਯਾ ਨਾਮੀ ਵਾਹਿਗੁਰੂ ਦਾ ਹੈ। ਯਥਾ ਗੁਰਵਾਕ :


www.sikhbookclub.com

ਸਚਿ ਸਿਮਰਿਐ ਹੋਵੈ ਪਰਗਾਸੁ ॥
ਤਾਂਤੇ ਬਿਖਿਆ ਮਹਿ ਰਹੈ ਉਦਾਸੁ ॥੨॥੪॥ ਪੰਨਾ ੬੬੧
ਧਨਾਸਰੀ ਮਹਲਾ ੧

ਸਚ ਨੂੰ ਅਰਥਾਤ ਨਾਮ ਨੂੰ ਸਿਮਰਨ ਕਰ ਕੇ ਸਚ ਨਾਮ ਪਰਗਾਸ ਹੁੰਦਾ ਹੈ। ਸੱਚ ਪਰਗਾਸ ਹੋਇਆਂ ਹੀ ਇਸ ਗਲ ਦੀ ਸੱਚੀ ਪਰਤੀਤ ਬਝਦੀ ਹੈ ਕਿ ਸਚ ਨਾਮ ਤੋਂ ਬਿਨਾ ਹੋਰ ਸਭ ਕਿਛੁ ਕੂੜ ਅਤੇ ਕੂੜਾਵਾ ਪਾਸਾਰਾ ਹੀ ਹੈ। ਇਹ ਪਰਤੀਤ ਬਝਣ ਕਰਿ ਬਿਖ ਮਾਇਆ ਦੀ ਪਰਵਿਰਤੀ ਤੋਂ ਉਪਰਾਮਤਾ ਹੁੰਦੀ ਹੈ। ਸੱਚੀ ਨਿਰਵਿਰਤੀ ਇਹ ਪਰਤੀਤ ਬੁਝਿਆਂ ਹੀ ਉਪਜਦੀ ਹੈ। ਕੂੜਾਵੀ ਮਾਇਆ ਸੱਚ ਮੁੱਚ ਬਿਖ ਰੂਪ ਹੋ ਕੇ ਭਾਸਣ ਲੱਗ ਪੈਂਦੀ ਹੈ। ਬਿਖ ਮਾਇਆ ਤੋਂ ਉਦਾਸੀਨਤਾ ਮਨ ਬਚ ਕ੍ਰਮ ਕਰਕੇ ਉਪਜਿ ਆਉਂਦੀ ਹੈ। ਮਾਇਆ ਵਿਚਿ ਰਹਿੰਦਿਆਂ ਹੋਇਆਂ ਹੀ ਸਚੇ ਗੁਰਮੁਖ ਜਨ ਸੱਚੀ ਉਦਾਸੀਨਤਾ ਧਾਰਨ ਕਰਦੇ ਹਨ, ਧਾਰਨ ਕਰੀ ਹੀ ਰਖਦੇ ਹਨ। ਸੱਚ ਪਰਕਾਸ਼ ਹਰ ਦਮ ਸਾਹਮਣੇ ਹੀ ਰਹਿੰਦਾ ਹੈ, ਜਿਸ ਕਰਕੇ ਓਹ ਡੋਲਦੇ ਨਹੀਂ। ਕੂੜੀ ਭਰਮ ਮਾਇਆ ਵਿਚਿ ਫਸ ਕੇ ਲੱਥ ਪੱਥ ਨਹੀਂ ਹੁੰਦੇ, ਐਵੇਂ ਠਾਠਾ ਬਾਗਾ ਹੀ ਰਖਦੇ ਹਨ।

ਨਾਮੁ ਅਥਵਾ ਸਚੁ ਕਦੇ ਮੈਲਾ ਨਹੀਂ ਹੁੰਦਾ, ਕਦੇ ਪੁਰਾਣਾ ਨਹੀਂ ਹੁੰਦਾ। ਸਚੁ ਨਾਮ ਨੂੰ ਮੈਲ ਕਦੇ ਲਗਦੀ ਨਹੀਂ। ਸਚੁ ਨਾਮ ਹਾਰ ਬਣ ਕੇ ਜਿਨ੍ਹਾਂ ਦੇ ਉਰ ਅੰਦਰਿ ਪ੍ਰੋਇਆ ਹੈ, ਓਹ ਸਿਫਤਿ ਸਾਲਾਹੀ ਮਾਲਾ ਦੇ ਮਣਕੇ ਫੇਰਿ ਫੇਰਿ ਇਸ ਹਾਰ ਨੂੰ ਸਦਾ ਹੀ ਕੰਚਨ-ਵੰਨਾ ਰਖਦੇ ਹਨ। ਓਹਨਾਂ ਦਾ ਤਨੁ ਮਨੁ ਭੀ ਨਿਰਮਲ ਹੋਇਆ ਹੁੰਦਾ ਹੈ। ਦੂਜੀ ਮੈਲੁ ਲਗਣ ਦਾ ਤੌਖਲਾ ਹੀ ਨਹੀਂ ਰਹਿੰਦਾ, ਨਾ ਝੂਰਾ ਵਿਸੂਰਾ ਹੁੰਦਾ ਹੈ। ਇਸ ਸਚ ਨਾਮ ਦੀ ਸਿਫਤਿ ਸਾਲਾਹੀ ਮਾਲਾ ਰੂਪੀ ਹਾਰੁ ਨੂੰ ਉਰਿਧਾਰ ਕੇ ਰਮੇਂਰਮ ਵੀਚਾਰ ਅਭਿਆਸੀਆਕਾਰ ਹੋਇਆ ਹਉਮੈ ਮੈਲ ਰੂਪੀ ਦੁਬਿਧਾ ਦੂਜੇ ਭਾਵ ਨੂੰ ਅੰਦਰੋਂ ਮਾਰ ਲੈਂਦਾ ਹੈ, ਅਤੇ ਆਪਣਾ ਆਪ ਤਾਰ ਲੈਂਦਾ ਹੈ। ਤਰ ਕੇ ਉਲਟ ਜੋਨ ਨਹੀਂ ਆਉਂਦਾ, ਮੁੜਿ ਜੂਨੀਆਂ ਵਿਚਿ ਨਹੀਂ ਪੈਂਦਾ। ਸਾਚੁ ਅਰਥਾਤ ਸਚੁ ਨਾਮੁ ਪਾਰਸ ਰੂਪ ਹੈ। ਇਸ ਨੂੰ ਪਰਸਨਹਾਰਾ ਭੀ ਪਾਰਸ ਰੂਪ ਹੋ ਜਾਂਦਾ ਹੈ। ਪਾਰਸ ਪਰਸਦਾ ਪਰਸਦਾ ਪਾਰਸ ਰੂਪ ਹੋ ਕੇ ਪਰਮ ਧਿਆਨੀ ਬਣ ਜਾਂਦਾ ਹੈ। ਐਸਾ ਹੈ ਇਹ ਸਚੁ ਪਾਰਸ ਰਸਾਇਣ। ਇਹ ਸਚੁ ਹੀ ਸੱਚੇ ਵਾਹਿਗੁਰੂ ਨੂੰ ਭਾਉਂਦਾ ਹੈ, ਹੋਰ ਕਾਚਾ ਸੱਚ ਸਚੇ ਨੂੰ ਨਹੀਂ ਸੁਖਾਉਂਦਾ। ਨਾਮ ਰਸਾਇਣੀ ਸਚੁ ਪਾਰਸ ਸੁਪਰਸੀਆ ਸਚਿਆਰ ਜਨ ਹੀ ਸਚੇ ਦੇ ਦਰਿ ਪਰਵਾਣ ਪੈਂਦਾ ਹੈ। ਜਿਸ ਗੁਰਮੁਖ ਸਚਿਆਰੇ ਨੇ ਇਸ ਸਚੁ ਪਾਰਸ ਨੂੰ ਪਰਸਿਆ ਹੈ, ਓਹ ਅਨਦਿਨ ਆਨੰਦ ਹਰਖਵੰਤ ਰਹਿੰਦਾ ਹੈ, ਸਦਾ ਅਨੰਦ ਖੁਸ਼ੀਆਂ ਮਾਣਦਾ ਹੈ। ਉਸਦੇ ਸਗਲੇ ਦੁਖ ਦਲਿਦਰ ਕਿਲਵਿਖ ਰੋਗ ਪਾਪ ਸਭ ਪਰਹਰੇ ਜਾਂਦੇ ਹਨ। ਜਿਸ ਨੇ ਗੁਰ ਦੀਖਿਆ ਦੁਆਰਾ ਗੁਰਪ੍ਰਸਾਦ ਕਰਿ ਪਾਏ ਨਾਮ ਨੂੰ ਸਾਖੀ ਹੋ ਕੇ ਦੇਖਿਆ ਹੈ, ਉਸਦੇ ਸਚੁ ਪਾਰਸ ਸੁਪਰਸੇ ਮਨ ਨੂੰ ਕਦੇ ਭੀ ਮੈਲ ਨਹੀਂ ਲਗਦੀ। ਇਸ ਸਾਰੇ ਉਪਰਲੇ ਭਾਵ

ਨੂੰ ਇਹ ਹੇਠਲਾ ਗੁਰਵਾਕ ਖ਼ੂਬ ਸੰਵਾਰ ਕੇ ਨਿਖਾਰਦਾ ਹੈ :

ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਿਦਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥

ਪੰਨਾ ੬੮੭-੮੮—ਧਨਾਸਰੀ ਮਹਲਾ ੧

ਇਹ ਸਚ ਬਿਹੂਣਾ, ਸਚ ਨਾਮ ਸੁਨਾ ਸਖਣਾ ਪ੍ਰਾਣੀ ਸਦਾ ਭੂਖਾ ਪਿਆਸਾ ਹੀ ਰਹਿੰਦਾ ਹੈ। ਭੂਖ ਪਿਆਸ ਦਾ ਆਥਿਆ ਹੋਇਆ ਆਯੂ ਦੀ ਆਥਣ ਪੈਣ ਪਰ ਭੀ ਭੁੱਖਾ ਪਿਆਸਾ ਹੀ ਪਰਲੋਕ ਨੂੰ ਚਲਿਆ ਜਾਂਦਾ ਹੈ। ਸਚ ਨਾਮੋਂ ਭੁੱਖਿਆਂ ਪਿਆਸਿਆਂ ਨੂੰ ਸੱਚੀ ਦਰਗਾਹ ਭੀ ਢੋਈ ਨਹੀਂ ਮਿਲਦੀ। ਉਹ ਸੱਚੀ ਦਰਗਾਹ ਦੇ ਦਰਿ ਵੜਨੇ ਹੀ ਨਹੀਂ ਪਾਉਂਦੇ। ਜਿਨ੍ਹਾਂ ਨੂੰ ਸਚੁ ਪਿਆਰੇ ਪ੍ਰੀਤਮ ਦੇ ਮਿਲਣ ਦੀ ਸਚੜੀ ਭੁਖ ਪਿਆਸ ਲੱਗੀ ਹੋਈ ਹੈ, ਓਹ ਸੱਚੇ ਦਰ ਢੂੰਡਣ ਦੇ ਤਰਲੇ ਲੈਂਦੇ ਹਨ ਕਿ ਕਿਵੇਂ ਸੱਚੇ ਦਰ ਤੇ ਪੁਜੀਏ, ਪੁਜਣ ਦੇ ਲਾਇਕ ਹੋਈਏ। ਗੁਰਬਾਣੀ ਦੁਆਰਾ ਉਹਨਾਂ ਨੂੰ ਇਹ ਸੱਚੀ ਸੋਝੀ ਮਿਲਦੀ ਹੈ ਕਿ ਸਚੇ ਸਤਿਗੁਰੂ ਦਾ ਦੁਆਰਾ ਢੂੰਡਿਆਂ ਹੀ ਅਤੇ ਗੁਰ ਦੀਖਿਆ ਦੀਖਤ ਹੋਇਆਂ ਹੀ ਏਹ ਸਭ ਭੁਖ ਪਿਆਸ ਮਿਟਦੀ ਹੈ। ਓਥੋਂ ਸਚ ਨਾਮ ਦੀ ਦਾਤ ਮਿਲਦੀ ਹੈ। ਸਚੁ ਨਾਮੁ ਦੀਖਿਆ ਦਾਤ ਲੈ ਕੇ ਸਚ ਨਾਮ ਦੀ ਅਭਿਆਸ ਕਮਾਈ ਕੀਤੀ ਜਾਂਦੀ ਹੈ, ਅਰਥਾਤ ਸਚੁ ਨਾਮੁ ਨੂੰ ਧਿਆਇਆ ਜਾਂਦਾ ਹੈ। ਧਿਆਇ ਧਿਆਇ, ਸਚੁ ਨਾਮੁ ਚਵਾਇ ਚਵਾਇ ਕੇ ਗੁਰਮਤਿ ਸਚੁ ਰੂਪੀ ਰਤਨ ਮਣੀਆ ਘਟ ਅੰਦਰਿ ਹੀ ਜੋਤਿ ਰੁਸ਼ਨਾਇਆ ਹੋ ਕੇ ਲਭਦਾ ਹੈ। ਇਸ ਸਚ ਨਾਮ ਰਤਨ ਹੀਰੇ ਦੀ ਜੋਤਿ ਰੌਸ਼ਨੀ ਸਚ ਨਾਮ ਕਮਾਈ ਦੇ ਪਾਰਸ ਪਰਸ ਕਰਕੇ ਜਿਉਂ ਜਿਉਂ ਘਟ ਅੰਦਰਿ ਵਧਦੀ ਜਾਂਦੀ ਹੈ, ਤਿਉਂ ਤਿਉਂ ਇਸ ਰੌਸ਼ਨੀ ਦਾ ਰੁਸ਼ਨਾਇਆ ਹੋਇਆ ਨਾਮੀ ਪੁਰਖ ਨਿਰੰਜਨਾ ਦਇਆਲ ਹੋ ਕੇ ਨਾਮ ਸਰਨਾਏ ਦੀਨ ਗੁਰਮੁਖ ਨੂੰ ਘਟ ਅੰਦਰਿ ਹੀ ਪਰਗਟ ਹੋ ਕੇ ਆਦਿ ਦਿਦਾਰੇ ਦਿੰਦਾ ਹੈ। ਇਹ ਕਰਨੀ ਕਾਰ ਧੁਰਹੁੰ ਫੁਰਮਾਈ ਜਾਂਦੀ ਹੈ, ਤਾਂ ਹੀ 'ਆਪਿ ਮੁਆ ਮਨ ਮਾਰੀ' ਦੀ ਨੌਬਤ ਆਉਂਦੀ ਹੈ। ਇਉਂ ਨਾਮ ਮਹਾਂ ਰਸ ਮੀਠਾ ਹੋ ਕੇ ਜਦ ਰੋਮ ਰੋਮ ਅੰਦਰਿ ਰਮ ਜਾਂਦਾ ਹੈ, ਤਦ ਹੀ ਇਸ ਨਾਮ ਰੂਪ ਸਚ ਪਾਰਸ ਦੇ ਤੁਫ਼ੈਲ ਸਾਰੀ ਭੁਖ ਪਿਆਸ ਤ੍ਰਿਸ਼ਨਾ ਦੂਰ ਹੁੰਦੀ ਹੈ। ਯਥਾ ਗੁਰਵਾਕ :

ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ ॥
ਸਤਿਗੁਰ ਪੂਛਉ ਜਾਇ ਨਾਮੁ ਧਿਆਇਸਾ ਜੀਉ ॥
ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮਖਿ ਸਾਚੁ ਪਛਾਣਾ॥

ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ ॥
ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ॥
ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥੫॥੨॥

ਪੰਨਾ ੬੮੯—ਧਨਾਸਰੀ ਮਹਲਾ ੧

ਹਰਿ ਨਾਮੁ ਧਨ ਰੂਪੀ 'ਸਚੁ' ਦਾ ਭਗਤਿ ਖਜਾਨਾ ਗੁਰੂ ਘਰ ਦੇ ਭਗਤ ਜਨਾਂ ਗੁਰਮੁਖਿ ਸਿਖਾਂ ਨੂੰ ਹੀ ਮਿਲਦਾ ਹੈ। ਏਹ ਅਖੁੱਟ ਖਜਾਨਾ ਸਚੁ ਨਾਮ ਦਾ ਕਦੇ ਨਿਖੁੱਟਦਾ ਨਹੀਂ। ਨਾਹੀ ਇਸ ਦੀ ਕੀਮਤਿ ਕਿਸੇ ਤੋਂ ਪੈਂਦੀ ਹੈ। ਨਾਮ ਧਨ ਵਾਲਿਆਂ ਦੇ ਮੁਖ ਉਜਲੇ ਹੁੰਦੇ ਹਨ। ਤਿਨ੍ਹਾਂ ਨੇ ਵਾਹਿਗੁਰੂ ਰੂਪੀ ਸੱਚ ਨੂੰ ਪਾ ਲਿਆ ਹੈ। ਏਹ ਸਚੁ ਅਰਥਾਤ ਵਾਹਿਗੁਰੂ ਕੇਵਲ ਗੁਰਪ੍ਰਸਾਦੀ ਹੀ ਪਾਇਆ ਜਾ ਸਕਦਾ ਹੈ। ਗੁਰ ਪਰਸਾਦੀ ਪ੍ਰਾਪਤਿ ਹੋਈ ਸ਼ਬਦ ਗੁਰਦੀਖਿਆ ਬਿਨਾ ਸਾਰਾ ਜਗ ਭੁਲਿਆ ਫਿਰਦਾ ਹੈ, ਤੇ ਭੁਲਦਾ ਹੀ ਰਹਿੰਦਾ ਹੈ। ਤਿਨ੍ਹਾਂ ਨੂੰ ਸਚੁ ਪ੍ਰਾਪਤੀ ਕਦੇ ਭੀ ਨਹੀਂ ਹੁੰਦੀ, ਤੀਨ ਕਾਲ ਨਹੀਂ ਹੁੰਦੀ। ਸਚ ਪ੍ਰਾਪਤੀ, ਸਚ ਨਾਮ ਪ੍ਰਾਪਤੀ ਬਿਨਾ ਸੱਚੀ ਦਰਗਾਹੇ ਸਜਾ ਮਿਲਦੀ ਹੈ। ਸਚ ਨਾਮ ਤੋਂ ਸੁੰਞਿਆਂ ਵੰਞਿਆਂ ਮਨਮੁਖ ਮਾਇਆ-ਧਾਰੀਆਂ ਸੰਸਾਰੀਆਂ ਦੇ ਦੇਹ ਸਰੀਰਾਂ ਅੰਦਰਿ ਅਹਿਨਿਸਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਪੰਜ ਚੋਰ ਹੀ ਵਸੇ ਰਹਿੰਦੇ ਹਨ। ਅੰਮ੍ਰਿਤ ਨਾਮੁ ਪਦਾਰਥ ਤਿਨ੍ਹਾਂ ਨੂੰ ਮਿਲਦਾ ਹੀ ਨਹੀਂ ਇਨ੍ਹਾਂ ਮਨਮੁਖਾਂ ਨੂੰ ਬੂਝ ਹੀ ਨਹੀਂ ਆਉਂਦੀ ਕਿ ਅੰਮ੍ਰਿਤ ਨਾਮ ਪਦਾਰਥ ਖੁਣੋਂ ਓਹ ਪੰਜ ਚੋਰਾਂ ਦੁਆਰਾ ਨਿਤ ਪ੍ਰਤਿ ਲੁਟੀਂਦੇ ਰਹਿੰਦੇ ਹਨ। ਲੁੱਟੀ ਜਾਂਦਿਆਂ ਦੀ ਪੁਕਾਰ ਭੀ ਕੋਈ ਨਹੀਂ ਸੁਣਦਾ। ਸੁਣੇ ਕਉਣ, ਸਾਰਾ ਜਗਤ ਅੰਧ ਗੁਬਾਰ ਵਿਚਿ ਹੀ ਵਰਤ ਰਿਹਾ ਹੈ। ਕਿਸੇ ਨੂੰ ਭੀ 'ਸਚੁ' ਦੀ ਸੂਝ ਨਹੀਂ। ਸਤਿਗੁਰੂ ਬਾਝੋਂ ਸਾਰੇ ਸੰਸਾਰ ਵਿਖੇ ਗੁਬਾਰ ਹੀ ਗੁਬਾਰ ਛਾ ਰਿਹਾ ਹੈ। ਯਥਾ ਗੁਰਵਾਕ :

ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥
ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ੧ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਜ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥

ਪੰਨਾ੬੦੦—ਸੋਰਠਿ ਮਹਲਾ ੩

ਗੁਰਮਤਿ ਭੈ ਭਾਉ ਭਗਤੀ ਹੀ ਸਚੁ ਕਰਨੀ ਰੂਪੀ ਸਚੁ ਹੈ। ਗੁਰਮਤਿ ਨਾਮੁ ਅਧਾਰੁ ਹੀ ਤੱਤ ਸਾਰ ਸਚੁ ਹੈ। ਪ੍ਰੇਮ ਪਦਾਰਥ ਹੀ ਸਚੁ ਹੈ। ਬਾਣੀ ਗੁਰਬਾਣੀ ਭੀ ਸਚੁ ਸਰੂਪ ਹੈ।

ਸ਼ਬਦੁ ਭੀ ਸਚੁ ਸਰੂਪ ਹੈ । ਯਥਾ ਗੁਰਵਾਕ :

ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥੬॥
ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥
ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥੨॥

**ਪੰਨਾ੬੩੮-੩੯—ਸੋਰਠਿ ਅਸਟਪਦੀਆਂ ਮਹਲਾ ੩**

ਸਚ ਸਚੇ ਦੀ ਭੈ-ਭਾਵਨੀ, ਸੱਚ ਦੀ ਸਰਧਾ ਯਕੀਨ ਕਰਨ ਵਾਲਿਆਂ ਸਚਿਆਰ ਸਿਖ ਸੇਵਕਾਂ ਨੇ ਆਪੋ ਆਪਣਾ ਜਨਮੁ ਸਵਾਰ ਲਿਆ । ਅਤੇ ਜਿਸ ਜਿਸ ਕੁਲ ਅੰਦਰਿ ਤਿਨ੍ਹਾਂ ਨੇ ਜਨਮ ਲਿਆ, ਤਿਨ੍ਹਾਂ ਕੁਲਾਂ ਨੂੰ ਭੀ ਬਖ਼ਸ਼ਵਾ ਲਿਆ ਹੈ । ਐਸਾ ਹੈ ਗੁਰਮਤਿ ਨਾਮ ਰੂਪੀ ਸਚੁ, ਜੋ ਕੇਵਲ ਗੁਰਮਤੀ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ । ਗੁਰਪ੍ਰਸਾਦ ਕਰਿ ਹੀ ਪਾਇਆ, ਅੰਦਰਿ ਵਸਾਇਆ ਜਾ ਸਕਦਾ ਹੈ ਅਤੇ ਜਿਨ੍ਹਾਂ ਦੇ ਅੰਦਰਿ, ਮਨ ਤਨ ਅੰਦਰਿ ਇਹ ਨਾਮੁ ਰੂਪੀ ਸਚੜਾ ਸਚੁ ਵਸ ਗਿਆ ਹੈ, ਤਿਨ੍ਹਾਂ ਨੂੰ ਫੇਰ ਕੋਈ ਭੀ ਬਿਘਨ ਨਹੀਂ ਲਗਦਾ ।

ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਂਇ ॥
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥੬॥

**ਮ: ੩, ਵਾਰ ਸੋਰਠ ਕੀ—੬੪੫**

ਗੁਰਮਤਿ ਨਾਮੁ ਰੂਪੀ ਸਚੁ ਕੇਵਲ ਸਤਿਗੁਰੂ ਦੇ ਮਿਲਿਆਂ ਹੀ ਪਾਇਆ ਜਾ ਸਕਦਾ ਹੈ ਇਸ ਸਚ ਦੀ ਪ੍ਰਾਪਤੀ ਹੋਣ ਪਰ ਹੀ ਸਚੇ ਸੁਖ ਵਿਚਿ ਸਮਾਈ ਹੁੰਦੀ ਹੈ । ਐਸੇ ਸਚ ਦੇ ਰੰਗ ਵਿਚਿ ਰਤੜੇ ਗੁਰਮੁਖ ਜਨ ਹੀ ਸਚੇ ਨਿਰਮਲ ਪੁਰਖ ਸਦਾਉਂਦੇ ਹਨ ਅਤੇ ਜੋਤੀਸ਼ (ਜੋਤੀ ਸਰੂਪ) ਵਾਹਿਗੁਰੂ ਦੀ ਜੋਤਿ ਵਿਚਿ ਜਾਇ ਮਿਲਦੇ ਹਨ ।

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥
ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥
ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥੧॥

**ਸਲੋਕ ਮ: ੩, ਵਾਰ ਵਡਹੰਸ—੫੮੫**

ਸਚੁ ਸਰੂਪ ਨਾਮੁ ਨੂੰ ਉਰਿਧਾਰਨ ਵਾਲੇ ਗੁਰ ਸ਼ਬਦ ਰੰਗਾਂ ਵਿਚਿ ਰਤੇ ਗੁਰਮੁਖ ਜਨ

ਵਡ ਹੌਸਲੇ ਪੁਰਖ ਹਨ। ਸਚ ਦੇ ਰੰਗ ਵਿਚਿ ਰਪ ਕੇ ਫੇਰ ਭੀ ਸਚੁ ਸੰਗ੍ਰਹਿਨ ਹੀ ਕਰੀ ਜਾਂਦੇ ਹਨ, ਸਚੁ ਨਾਮੁ ਧਨੁ ਹੀ ਸੰਚੀ ਜਾਂਦੇ ਹਨ। ਸਚੇ ਨਾਮ ਦਾ ਪ੍ਰੇਮ ਪਿਆਰੁ ਓਹਨਾਂ ਨੂੰ ਸਚ ਵਿਚਿ ਹੀ ਰਚਾਈ ਰਖਦਾ ਹੈ। ਤਿਨ੍ਹਾਂ ਨੂੰ ਮਾਇਆ ਮੋਹ ਅੰਜਨੀ ਮੈਲ ਕਦੇ ਨਹੀਂ ਲਗਦੀ। ਸਦਾ ਨਿਰਮਲ ਨਿਰਅੰਜਨ ਹੀ ਰਹਿੰਦੇ ਹਨ, ਜਿਨ੍ਹਾਂ ਉਤੇ ਕਰਤਾਰ ਨੇ ਸੱਚੀ ਨਦਰਿ ਕੀਤੀ ਹੁੰਦੀ ਹੈ। ਤਾਂਤੇ ਗੁਰੂ ਨਾਨਕ ਸਾਹਿਬ ਤਿਨ੍ਹਾਂ ਸਚਿਆਰ ਸਿਖਾਂ ਵਿਟਹੁ ਸਦਾ ਬਲਿ ਬਲਿ ਜਾਂਦੇ ਹਨ, ਜੋ ਦਿਨ ਰਾਤ ਭਵਖੰਡਨਾ ਨਾਮੁ ਜਪਦੇ ਰਹਿੰਦੇ ਹਨ। ਅਤੇ ਇਸ ਬਿਧਿ ਸਚ ਵਿਚਿ ਹੀ ਰਚੇ ਰਹਿੰਦੇ ਹਨ।

ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥
ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥
ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥
ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥
ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ ॥
ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ ॥੧॥੨॥

ਸਲੋਕ ਮ: ੩, ਵਾਰ ਵਡਹੰਸ—੫੮੬

ਸਤਿਗੁਰੂ ਦੇ ਹੁਕਮੀ ਬੰਦਿਆਂ ਆਗਿਆਕਾਰ ਸਚਿਆਰ ਸਿਖਾਂ ਨੂੰ ਸਚੁ ਪ੍ਰਾਪਤਿ ਹੁੰਦਾ ਹੈ। ਗੁਰੂ ਕੇ ਸਚੇ ਹੁਕਮੀ ਬੰਦੇ ਓਹ ਸਿਖ ਸੇਵਕ ਹਨ, ਜੋ ਸਤਿਗੁਰੂ ਦਾ ਹੁਕਮਨ ਸਿਰਿ ਸੱਚਾ ਹੁਕਮ ਨਾਮੁ ਕਮਾਉਂਦੇ ਹਨ। ਸਚੁ ਨਾਮੁ ਕਮਾਈ ਹੀ ਸਤਿਗੁਰੂ ਦੀ ਸੱਚੀ ਸੇਵਾ ਚਾਕਰੀ ਹੈ। ਇਹ ਸਚੁ ਕਮਾਈ, ਨਾਮ ਕਮਾਈ ਰੂਪੀ ਸੇਵਾ ਚਾਕਰੀ ਹੀ ਸੁਖੀ ਹੂੰ ਸੁਖੁ ਸਾਰੁ ਹੈ। ਸਾਰੇ ਸੁਖਾਂ ਸਿਰਿ ਸਾਰ ਸੁਖੁ ਨਾਮ ਦੀ ਕਮਾਈ, ਨਾਮੁ ਰੂਪੀ 'ਸਚੁ' ਦੀ ਕਮਾਈ ਹੀ ਹੈ। ਇਸ ਸਚੁ ਸੇਵਾ ਕਮਾਈ ਕੀਤਿਆਂ, ਐਥੇ ਇਸ ਲੋਕ ਵਿਖੇ ਵਡਿਆਈਆਂ ਮਿਲਦੀਆਂ ਹਨ ਅਤੇ ਦਰਗਾਹੇ ਜਾ ਕੇ ਉਸ ਲੋਕ ਵਿਚਿ ਮੋਖ ਦੁਅਰੁ ਮਿਲਦਾ ਹੈ। ਐਥੇ ਓਥੈ ਸਚਿਆਰ ਗੁਰਮੁਖ ਸਿਖ ਸਜਣ ਏਹੋ ਨਾਮ ਜਪਣ-ਮਈ ਸਚੁ ਉਚਰਨੀ ਸੱਚੀ ਕਾਰ ਹੀ ਅਨਦਿਨ ਕਮਾਈ ਜਾਂਦੇ ਹਨ, ਓਹਨਾਂ ਦੇ ਰੋਮ ਰੋਮ ਅੰਦਰਿ ਸਚੁ ਨਾਮੁ ਹੀ ਰਚਿਆ ਹੋਇਆ ਹੁੰਦਾ ਹੈ। ਓਹਨਾਂ ਦਾ ਸਾਰਾ ਸਰੀਰ ਅਕਾਰੁ ਨਾਮੁ ਦਾ ਜਾਮਾ ਹੀ ਪਹਿਰੀ ਰਖਦਾ ਹੈ। ਤਿਨ੍ਹਾਂ ਦਾ ਭੋਜਨ ਅਹਾਰ ਸਚੁ ਨਾਮ ਆਧਾਰੁ ਕਰਿ ਆਘ੍ਹਾਏ ਰਹਿਣ ਵਿਚਿ ਹੀ ਹੁੰਦਾ ਹੈ। ਇਹ ਸਚੁ ਪਦਾਰਥੁ,ਸਚੁ ਨਾਮ ਪਦਾਰਥੁ ਗੁਰਮੁਖ ਦੀ ਸੱਚੀ ਸੰਗਤਿ ਵਿਚਿ ਰਹਿਣ ਕਰਕੇ ਹੀ ਮਿਲਦਾ ਹੈ। 'ਸਚੀ ਸੰਗਤਿ ਸਚਿ ਮਿਲੈ' ਜਿਨ੍ਹਾਂ ਨੂੰ ਸੱਚੀ ਸੰਗਤ ਵਿਚਿ ਸਚੁ ਮਿਲਿਆ ਹੈ ਤਿਨ੍ਹਾਂ ਦਾ ਸਦਾ ਸਚੇ ਨਾਮ ਨਾਲਿ ਹੀ ਪਿਆਰ ਪਰਚਾ ਬਣਿਆ ਰਹਿੰਦਾ ਹੈ। ਨਾਮ ਰੂਪੀ ਸਚ ਸ਼ਬਦ ਦੇ ਪਿਆਰ ਪਿਰੰਮੀ ਰੰਗ ਵਿਚਿ ਰਤਿਆਂ ਸਦਾ ਹਰਖੁ ਹੀ ਹਰਖੁ (ਆਨੰਦ ਹੀ ਆਨੰਦ) ਰਹਿੰਦਾ ਹੈ, ਸੋਗੁ ਕਦੇ ਨਹੀਂ ਵਿਆਪਦਾ। ਸਚ ਆਨੰਦ ਦੇ

ਅਨੰਦੀ ਜਨ ਹੀ ਸਚੇ ਅਕਾਲਪੁਰਖ ਦੇ ਦਰ ਦਰਵਾਜ਼ੇ ਜਾ ਕੇ ਸਚਿਆਰ ਮੁਖ ਉਜਲਾਰ ਰਹਿੰਦੇ ਹਨ। ਇਸ ਪ੍ਰਕਾਰ ਦੀ ਮੋਖ ਪਦ ਪ੍ਰਾਪਤਾਉਣੀ ਸੇਵਾ ਸੋਈ ਜਨ ਕਰਦੇ ਹਨ, ਜਿਨ੍ਹਾਂ ਉਤੇ ਕਰਤਾਰ ਦੀ ਨਦਰਿ ਹੁੰਦੀ ਹੈ :

ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥
ਸਚੋ ਸਚਾ ਸਚੁ ਸਚੁ ਨਿਹਾਰੀਐ ॥...॥੧॥ ਪੰਨਾ ੫੧੮
ਰਾਗੁ ਗੂਜਰੀ ਵਾਰ ਮਹਲਾ ੫

ਅਗੰਮ ਅਪਾਰ ਨਿਰੰਜਨ ਨਿਰੰਕਾਰ ਅਕਾਲ ਪੁਰਖ ਹੀ 'ਸਚੋ ਸਚਾ ਸਚੁ' ਹੈ। ਏਦੂੰ ਉਪਰਿ ਸਚੁ ਹੋਰ ਕੋਈ ਨਹੀਂ। ਏਸ ਸਚੁ ਨੂੰ ਗੁਰਮੁਖ ਜਨਾਂ ਨੇ ਪਰਤੱਖ ਆਪਣੀ ਅਖੀਂ ਪੇਖਿਆ (ਨਿਹਾਰਿਆ) ਹੈ।

ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥
ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥
ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥
ਪੰਨਾ ੫੨— ਸਿਰੀ ਰਾਗ ਮਹਲਾ ੫

ਇਹ ਫ਼ੈਸਲਾਕੁਨ ਡੇਫ਼ੀਨੀਸ਼ਨ ਹੈ (ਲਛਣ, ਤਾਰੀਫ਼) 'ਸਚੁ' ਦੀ। ਇਕੋ ਕਰਤਾ ਪੁਰਖ ਕਰਨਹਾਰ ਦਾਤਾਰ ਨਿਰੰਕਾਰ ਸੱਚਾ ਸਾਹਿਬ ਹੀ ਸਚੁ ਹੈ। ਇਸ ਸਚੁ ਸਰੂਪ ਸਚੇ ਸਾਹਿਬ ਦਾ ਨਾਮ ਭੀ ਸਚੁ ਹੈ। ਇਸ ਸਚੇ ਸਾਹਿਬ ਦੇ ਸਚੁ ਨਾਮੁ ਨੂੰ ਗੁਰਮਤਿ ਪ੍ਰਗਟਾਈ, ਗੁਰ ਨਦਰ ਨਦਰਾਈ ਸੱਚੀ ਬੁਧਿ ਬਿਬੇਕ ਦੁਆਰਾ ਹੀ ਸੱਚੀ ਵਖਾਨਣੀ ਕਰਿ ਵਖਾਣੀ-ਦਾ (ਜਾਪ ਜਪਾਣੀਦਾ) ਹੈ। ਏਹੋ ਸਚੁ ਹੀ ਸਰਬ ਨਿਰੰਤਰਿ ਰਵਿ ਰਹਿਆ ਹੈ। ਇਸ ਇਕੋ ਗੁਰਮਤਿ ਸਚੜੇ ਨਾਮੁ ਨੂੰ ਹੀ ਜਪਿ ਜਪਿ ਕੇ ਜੀਵੰਦੇ ਹਨ, ਸਿਰੀ ਗੁਰੂ ਨਾਨਕ ਸਾਹਿਬ ਸਚੇ ਪਾਤਸ਼ਾਹ।

ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥
ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥
ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ॥
ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ ॥...॥੨॥
ਪੰਨਾ ੫੭੬-੭੭— ਵਡਹੰਸ ਮਹਲਾ ੫

ਗੁਰਮੁਖ ਸੰਤ ਸਜਣਾਂ ਨੂੰ ਸਤਿਗੁਰੂ ਨੇ ਸ਼ਬਦ ਮੰਤ੍ਰ ਰੂਪੀ ਸਚੁ ਦੇ ਕੇ ਦ੍ਰਿੜ੍ਹਾਇਆ ਹੈ, ਹਿਰਦੇ ਅੰਦਰਿ ਪਰਵੇਸ਼ ਕਰਾਇਆ ਹੈ। ਤਿਨ੍ਹਾਂ ਸੰਤ ਜਨਾਂ ਗੁਰਮੁਖ ਪਿਆਰਿਆਂ ਨੇ ਦ੍ਰਿੜ੍ਹ ਨਿਸਚੇ ਕਰਕੇ ਇਸ ਸਚੁ (ਗੁਰਸ਼ਬਦ ਮੰਤ੍ਰ) ਨੂੰ ਧਿਆਇਆ ਹੈ ਅਤੇ ਧਿਆਇ ਧਿਆਇ

ਸਚੁ ਸੋਹਿਲੜਾ ਗਾਇਆ ਹੈ। ਜਿਸ ਦੇ ਧਿਆਉਣ ਗਾਉਣ ਕਰਕੇ ਤਿਨ੍ਹਾਂ ਦੇ ਰਿਦੰਤਰੋਂ ਸਭ ਸੰਕਲਪ ਵਿਕਲਪਾਂ ਦਾ ਸੰਸਾ ਅੰਦੇਸਾ ਦੂਰ ਹੋ ਗਿਆ ਹੈ। ਅਤੇ ਇਸ ਸਚ ਗੁਰਮੰਤ੍ਰ ਦੀ ਅਭਿਆਸ ਕਮਾਈ ਦੀ ਬਦੌਲਤ, ਵਾਹਿਗੁਰੂ ਸੱਚਾ ਸਾਹਿਬ ਹਾਜ਼ਰ ਨਾਜ਼ਰ ਹੋ ਕੇ ਉਹਨਾਂ ਨੂੰ ਮਿਲ ਪਿਆ। ਐਸਾ ਮਿਲਿਆ ਕਿ **ਮਿਲ ਕੇ** ਫੇਰ ਓਹਨਾਂ ਤੋਂ ਲਾਂਭੇ ਨਹੀਂ ਹੋਇਆ, ਸਦਾ ਅੰਗਿ ਸੰਗਿ ਹੋ ਕੇ ਵਰਤਿਆ। ਐਸਾ ਵਰਤਿਆ ਕਿ ਸਦਾ ਸਹਾਈ ਹੁੰਦਾ ਹੋਇਆ ਓਹਨਾਂ ਦੇ ਅੰਙਣੇ ਅੰਦਰ ਹੀ ਆਇ ਵੂਠਾ। **ਵੂਠ ਕੇ** ਸਦਾ ਸੰਗ ਸਾਥ ਹੀ ਬੈਸਿ ਰਿਹਾ ਹੈ। ਐਸਾ ਸੰਗ ਸਾਥ ਬੈਸ ਰਹਿਣ ਵਾਲਾ ਸਚਾਂ ਸਿਰ ਸਚੁ ਕੇਵਲ ਗੁਰਸਿਖਾਂ ਨੂੰ ਹੀ ਮਿਲਿਆ ਹੈ। ਗੁਰੂ ਘਰ ਤੋਂ ਬਾਹਰਿ ਹੋਰ ਕਿਸੇ ਦੀ ਪਰਾਲਬਧ ਵਿਚਿ ਏਹ ਸਚੁ ਨਹੀਂ। **ਤਾਂ ਤੇ** ਇਸ ਸਚੁ ਨੂੰ ਦੂਰ ਭਾਲਣ ਦੀ ਲੋੜ ਨਹੀਂ। ਅੰਤਰਿ ਆਤਮੇ ਹੀ ਇਹ ਸਚੁ ਲਭਦਾ ਹੈ। ਪਰ ਗੁਰਮੁਖਾਂ ਨੂੰ। ਯਥਾ ਗੁਰਵਾਕ :

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ॥
ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ ॥
ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ ॥...॥੧॥ ਪੰਨਾ ੫੮੧

ਵਡਹੰਸੁ ਮਹਲਾ ੧ ਅਲਾਹਣੀਆ

ਜਿਸ ਸਚੇ ਸਾਹਿਬ ਸਿਰਜਨਹਾਰ ਨੇ ਇਹ ਜਗੁ ਸਿਰਜਿਆ ਹੈ, ਸੋ ਇਸ ਸਿਰਜੇ ਜਗਤ ਵਿਚਿ ਹੀ ਸਮਾਇ ਰਹਿਆ ਹੈ, ਸਿਰਜ ਕੇ ਲਾਂਭੇ ਨਹੀਂ ਹੋਇਆ। ਕੁਦਰਤਿ ਰੂਪੀ ਰਚਨਾ ਵਿਖੇ ਹੀ ਕਾਦਰ (ਕੁਦਰਤ ਰਚਨਹਾਰ) ਨੂੰ ਗੁਰਮੁਖਾਂ ਨੇ ਜਾਣਿਆ, ਨਿਕਟ ਪਛਾਣਿਆ ਹੈ। ਸਚੜਾ ਸਾਹਿਬ ਗੁਰਮੁਖ ਜਨਾਂ ਸਬਦ ਅਭਿਆਸੀਆਂ ਅਤੇ ਸਚੁ ਪਰਗਾਸੀਆਂ ਨੇ ਘਟ ਅੰਦਰੇ ਹੀ ਭਾਲ ਲਿਆ ਹੈ, ਐਸਾ ਸਚੁ ਸ਼ਬਦ ਪਛਾਣਿਆ ਹੈ ਕਿ ਨਿਮਖ ਮਾਤਰ ਭੀ ਘਟ ਅੰਦਰੋਂ ਦੂਰ ਨਹੀਂ ਜਾਣਿਆ ਸਚੜੇ ਸਾਹਿਬ ਨੂੰ, ਜਿਸ ਨੇ ਸ੍ਰਿਸਟਿ **ਸਜਾ ਕੇ** ਰਚਨਾ ਰਾਚੀ ਹੈ। ਇਹ ਸਚੜਾ ਸੁਖੁ ਸਚੇ ਸਾਹਿਬ ਨੂੰ ਨਿਕਟ ਪਛਾਨਣ ਦਾ, ਨਿਕਟ ਪਛਾਣ ਕੇ ਰੰਗ-ਰਲੀਆਂ ਮਾਨਣ ਦਾ, ਤਿਨ੍ਹਾਂ ਨੂੰ ਸਦਾ ਹੀ ਪ੍ਰਾਪਤਿ ਹੋਇਆ ਰਹਿੰਦਾ ਹੈ; ਜਿਨ੍ਹਾਂ ਨੇ ਸਚ ਨਾਮ ਦੀ ਸਚੜੀ ਲਿਵ ਤਾਰ ਡੋਰੀ ਨਹੀਂ ਛੱਡੀ, ਸੁਆਸਿ ਸੁਆਸਿ ਅਭਿਆਸ ਰੰਗ ਲੋਰੀ ਹੀ ਲਗੀ ਰਹੀ ਹੈ। ਨਾਮੁ ਬਿਹੂਨੜਿਆਂ ਦੀ ਸਚ-ਭਾਲ **ਟੋਲਾਇਣੀ** ਪਿੜ ਕਾਚੀ ਹੋ ਰਹੀ ਹੈ। ਸਚੁ ਧਾਵਣੀ ਟੋਲ ਤਿਨ੍ਹਾਂ ਦੀ ਹੀ ਸਾਚੀ ਅਤੇ ਸੋਹਾਵਣੀ ਰਹੀ ਹੈ, ਜਿਨ੍ਹਾਂ ਨੇ ਗੁਰ ਦੀਖਿਆ ਲੈ ਕੇ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਕੀਤੀ ਹੈ।

ਜਿਸ ਗੁਰਮੁਖ ਪਿਆਰੇ ਜੋਗੀਅੜੇ ਨੇ ਸਚੁ ਨੂੰ ਪਛਾਣਿਆ ਹੈ, ਉਹ ਸੱਚ ਭਾਲ ਟੋਲ ਉਤੇ ਹਾਵੀ ਹੋ ਕੇ ਨਿਸੰਗ ਅਤੇ ਬਰਮਲਾ **ਇਸ ਬਿਧਿ ਪ੍ਰਕਾਰ** ਉਠਦੇ ਹਨ। ਯਥਾ :

ਮੈ ਪ੍ਰਭੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥
ਮੈ ਸਦਾ ਰਾਵੇ ਪਿਰੁ ਆਪਣਾ ਸਚੜੈ ਸਬਦਿ ਵੀਚਾਰੇ ॥

 www.sikhbookclub.com

ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ ਮਿਲਿ ਸਤਿਗੁਰ ਪ੍ਰੀਤਮੁ ਪਾਇਆ ॥
ਅੰਤਰਿ ਰੰਗਿ ਰਾਤੀ ਸਹਜੇ ਮਾਤੀ ਗਇਆ ਦੁਸਮਨੁ ਦੂਖੁ ਸਬਾਇਆ ॥
ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ ॥
ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥੩॥ ਪੰਨਾ ੫੮੪

ਵਡਹੰਸੁ ਮਹਲਾ ੩

ਗੁਰਮਤਿ ਗੁਣਾ ਗਹੀਰੜੇ ਗੁਰਮੁਖ ਜਨ ਦੀ ਇਹ ਸੱਚੀ ਮੁਸੱਦਕਾ ਗਵਾਹੀ ਹੈ, ਜੋ ਇਸ ਬਿਧਿ ਸਪਸ਼ਟ ਪੁਕਾਰੇ ਬਿਨਾ ਰਹਿ ਨਹੀਂ ਸਕਿਆ, ਮਤੇ ਸਚੋਂ ਘੁੱਥੀ ਹੋਰ ਲੁਕਾਈ ਉੱਕੀ ਅਸ਼ਰਧਕ ਹੀ ਨਾ ਹੋ ਜਾਏ ਕਿ 'ਸਚੁ' ਦੀ ਹਸਤੀ ਹੀ ਹੈ ਨਹੀਂ। ਗਹਿਰੀ ਗੰਭੀਰੀ ਗੁਰਮੁਖਿ ਸਚੁ ਸੋਹਾਗ ਸਜਨੀ ਪਰਤੱਖ ਪੇਖੇ ਸਚ ਦੀ ਸਾਖਾ ਇਉਂ ਭਰਦੀ ਹੈ: ਮੈਂ ਪ੍ਰਭੂ ਨੂੰ ਪੇਖ ਲਿਆ ਹੈ ਅਤੇ ਪੇਖ ਕੇ ਪਰਤੱਖ ਪਛਾਣ ਲਿਆ ਹੈ ਕਿ ਵਾਹਿਗੁਰੂ ਹੀ ਸਚੁ ਹੈ, ਜਿਸ ਨੂੰ ਟੋਲਣ ਭਾਲਣ ਪਿਛੇ ਭਰਮ ਭੁਲੀ ਅਵਗੁਣਿਆਰੀ ਲੋਕਾਈ ਬਿਰਥੀਆਂ ਧਾਵਨੀਆਂ ਧਾਂਵਦੀ ਫਿਰਦੀ ਹੈ। ਪਰ ਗੁਰਮਤਿ ਗੁਣਾਂ ਤੋਂ ਊਣਿਆਂ ਥੂਣਿਆਂ ਅਵਗਣਿਆਰਿਆਂ ਨੂੰ ਸਚੁ ਕਿਤੇ ਭੀ ਟੋਲਿਆਂ ਭਾਲਿਆਂ ਨਹੀਂ ਮਿਲਦਾ। ਮਿਲਦਾ ਹੈ ਤਾਂ ਗੁਰਮਤਿ ਗੁਣਾਂ ਗੁੰਦੇਲੜੇ ਗੁਰਮੁਖ ਜਗਿਆਸੂਆਂ ਨੂੰ ਹੀ ਮਿਲਦਾ ਹੈ। ਗੁਰਮਤਿ ਗੁਣਾ ਤੋਂ ਬਿਹੂਣ ਹੋਰ ਜਿਤਨੇ ਭੀ ਆਮ ਸੰਸਾਰੀ ਬਿਉਹਾਰੀ ਇਖ਼ਲਾਕ ਈਮਾਰੀ ਗੁਣ ਹਨ, ਸਭ ਅਵਗੁਣ ਹੀ ਹਨ। ਜਿਤਨੇ ਭੀ ਤ੍ਰੈਗੁਣੀ ਗੁਣ ਹਨ, ਗੁਰਮਤਿ ਅੰਦਰ ਅਵਗੁਣ ਹੀ ਸੁਮਾਰ ਹੁੰਦੇ ਹਨ। ਏਹਨਾਂ ਤ੍ਰੈਗੁਣੀ ਗੁਣ ਅਵਗੁਣਾਂ ਵਾਲੀ ਜਗਿਆਸਾ ਇਸਤ੍ਰੀ ਨੂੰ ਸਚੜਾ ਪਿਰ ਪਰਮੇਸਰ ਨਹੀਂ ਮਿਲਦਾ। ਕਦਾ-ਚਿਤ ਨਹੀਂ ਮਿਲ ਸਕਦਾ। ਗੁਰਮਤਿ ਗੁਣਾਂ ਵਾਲੀ ਸੋਹਾਗਣੀ ਧਨ (ਇਸਤਰੀ) ਪਰਤੱਖ ਪਿਰ ਪਰਮੇਸਰ ਤੋਂ ਰਾਵੀ ਭੋਗਵੀ ਹੋਈ ਰਸ ਗੀਧੀ ਹੋ ਕੇ ਇਉਂ ਰਸ ਰਮਨੀ ਹੋਇ ਪੁਕਾਰਦੀ ਹੈ:

ਮੈ ਸਦਾ ਰਾਵੇ ਪਿਰੁ ਆਪਣਾ ਸਚੜੈ ਸਬਦਿ ਵੀਚਾਰੇ ॥

ਮੈਨੂੰ ਮੇਰਾ ਆਪਣਾ ਪਿਰੁ ਰੀਸਾਲੂ ਸਦਾ ਸਦਾ ਸੇਜੇ ਰਮਤ ਹੋ ਕੇ ਰਾਵੰਦਾ ਹੈ। ਜਿਉਂ ਜਿਉਂ ਸਚੜੇ ਸ਼ਬਦ ਦਾ ਰਸ ਅਭਿਆਸ-ਸੁਆਦ ਅਹਿਲਾਦ ਵਧਦਾ ਹੈ, ਤਿਉਂ ਤਿਉਂ ਰਸ-ਖੀਵੀ ਰਸ-ਗੁੰਦੀ ਹੋ ਹੋ ਉਭਰਿ ਉਭਰਿ ਆਮੁਹਾਰੀ ਪੁਕਾਰਦੀ ਹੈ: ਮੇਰੀ ਸੇਜ ਨੂੰ ਸਦਾ ਰਾਵ ਰਾਵ ਕੇ ਰੀਸਾਲੂ ਭਰਤਾ ਸਦਾ ਆਤਮ ਭੋਗ ਲਗਾਵੰਦਾ ਰਹਿੰਦਾ ਹੈ। ਸਚੇ ਸ਼ਬਦ ਦੁਆਰਾ ਆਤਮ ਭੋਗ ਭੋਗਾਵਤੀ ਰੰਗਿ ਰਾਤੀ ਨਾਰੀ ਇਉਂ ਸਤਿਗੁਰੂ ਨੂੰ ਮਿਲ ਕੇ ਸਚੇ ਪ੍ਰੀਤਮ ਦੇ ਸੋਹਾਗ ਭਾਗ ਵਸਲ ਭੋਗਾਰ ਨੂੰ ਪ੍ਰਾਪਤਿ ਹੁੰਦੀ ਹੈ। ਇਉਂ ਅੰਤਰਿ ਰੰਗਿ ਰਾਤੀ ਸਹਜੇ ਮਾਤੀ ਸੁਹਾਗਣ ਨਾਰ ਦੇ ਦੂਖ ਦੂਤ ਦੁਸ਼ਟ ਸਭ ਦੂਰ ਹੋ ਜਾਂਦੇ ਹਨ। ਆਪਣੇ ਗੁਰੂ ਨੂੰ ਤਨ ਮਨ ਸਭ ਸਰੀਰ ਸੌਂਪਿਆਂ ਹੀ ਮਨੁ ਸਚੇ ਆਤਮ ਭੋਗ ਰਸ ਨਾਲਿ ਭਿਜਦਾ ਹੈ, ਅਤੇ ਸਾਰੀਆਂ ਤ੍ਰਿਝਾਂ ਲਹਿੰਦੀਆਂ ਹਨ। ਇਉਂ ਪਿਰੁ ਸਚੁ ਪਛਾਣਿਆ ਜਾਂਦਾ ਹੈ, ਜਿਵੇਂ ਪਛਾਨਣਹਾਰੀ ਨੇ ਪਰਤੱਖ ਪਛਾਣਿਆ ਹੈ। ਨਹੀਂ ਤਾਂ ਹੋਰ ਸਭ ਅਵਗੁਣਹਾਰੀਆਂ


www.sikhbookclub.com

ਭੁੱਲਣ ਹਾਰੀਆਂ ਹੀ ਇਸਤਰੀਆਂ ਹਨ ।

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥
ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ॥...
ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ੧ ॥ ਰਹਾਉ ॥

**ਪੰਨਾ ੫੮੦**— ਵਡਹੰਸੁ ਮਹਲਾ ੧

ਸ੍ਰਿਸ਼ਟੀ ਨੂੰ ਸਿਰਜਨਹਾਰਾ **ਸਿਰਜ** ਕੇ ਸਰਬ ਨੂੰ ਪ੍ਰਤਿਪਾਲਣਹਾਰਾ ਸਚੜਾ ਸਾਹਿਬ ਹੀ ਸਚੁ ਹੈ । ਏਸੇ ਸਚੁ ਨੂੰ ਹੀ ਸੱਚਾ ਅਤੇ ਸਚੇ ਸਾਹਿਬ ਨੂੰ ਹੀ ਸਚੁ ਜਾਣੀਐ । ਜਿਸ ਨੂੰ ਸਾਜਣਹਾਰਾ ਹੋਰ ਕੋਈ ਨਹੀਂ, ਸੋਈ ਸਭ ਤੋਂ ਵਡਾ ਸਚੁ ਹੈ । ਜਿਸ ਨੇ ਆਪਣੀ ਸ੍ਵੈ-ਕਲਾ ਦੁਆਰਾ ਆਪਣਾ ਆਪੁ ਸਾਜਿਆ ਹੈ, ਉਹੀ ਸਚੜਾ ਅਲਖ ਅਪਾਰ ਸ੍ਵੈਭੂ ਸੁਤੇ ਪ੍ਰਕਾਸ਼ੁ ਪਾਰਬ੍ਰਹਮੁ ਸਚੁ ਹੈ । ਹੇ ਵਾਹਿਗੁਰੂ ! ਤੂੰ ਸਚੜਾ ਸਾਹਿਬੁ ਹੈਂ ਅਤੇ ਤੂੰ ਹੀ ਸਚੁ ਹੈਂ । ਤੇਰਾ ਸਚੜਾ ਪਿਆਰ ਪ੍ਰਸਾਦੁ ਤੇਰਾ ਨਾਮੁ ਹੈ । ਜਿਸ ਨੂੰ ਤੂੰ ਦੇਹਿ, ਤਿਸ ਨੇ 'ਸਚੁ' ਨੂੰ ਲਭ ਲਿਆ । 'ਸਚੁ' ਦੀ ਪਹਿਲੀ ਟੋਲ ਨਾਮ-ਪ੍ਰਾਪਤੀ ਦੀ ਨੌਂਈਅਤ ਵਿਚਿ ਹੈ ।

ਸਚੁ ਪਾਰਸੁ ਸੁਪਰਸਿਆਂ ਸਭ ਕੁਛ ਸਚੁ ਸੁਵਿੰਨਾ ਹੋ ਜਾਂਦਾ ਹੈ । ਯਥਾ ਗੁਰਵਾਕ :

ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥
ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥੧॥
ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥
ਦਾਸਨਿ ਦਾਸਾ ਹੋਇ ਰਹਹਿ ਤਾ ਪਾਵਹਿ ਸਚਾ ਨਾਉ ॥੧॥ ਰਹਾਉ ॥
ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ ॥
ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ ॥੨॥
ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ ॥
ਅਨਦਿਨੁ ਲਾਹਾ ਸਚੁ ਨਾਮੁ ਧਨੁ ਭਗਤਿ ਭਰੇ ਭੰਡਾਰਾ ॥੩॥
ਸਚੁ ਖਾਣਾ ਸਚੁ ਪੈਨਣਾ ਸਚੁ ਟੇਕ ਹਰਿ ਨਾਉ ॥
ਜਿਸਨੋ ਬਖਸੇ ਤਿਸੁ ਮਿਲੈ ਮਹਲੀ ਪਾਏ ਥਾਉ ॥੪॥
ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ ॥
ਗੁਰਮੁਖਿ ਦਰਿ ਸਾਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ ॥੫॥
ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ ॥
ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ ॥੬॥
ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ ॥
ਸਚੁ ਵੇਖਣਾ ਸਚੁ ਬੋਲਣਾ ਸਚਾ ਸਭ ਆਕਾਰੁ ॥੭॥
ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ ॥

ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ ॥੮॥੧॥ਪੰਨਾ ੫੬੪-੬੫

ਵਡਹੰਸ ਮਹਲਾ ੩ ॥ ਅਸਟਪਦੀਆਂ ॥

ਸਚੁ ਰੂਪੀ ਸਬਦੁ ਅਭਿਆਸਿਆਂ (ਵੀਚਾਰਿਆਂ), ਸਬਦੁ ਰੂਪੀ ਸਚੁ ਕਮਾਇਆਂ ਸਭ ਕੁਛ ਸਚੁ ਹੀ ਸਚੁ ਰਸਾਇਣ ਹੋ ਜਾਂਦਾ ਹੈ। ਸੱਚੀ ਗੁਰਬਾਣੀ ਅੰਦਰਿ ਨਿਰੋਲ ਤਤੁ ਸਚੁ ਹੀ ਸਿੰਚਰਤ ਹੋ ਰਿਹਾ ਹੈ। ਸੱਚੀ ਬਾਣੀ ਦੀ ਧੁੰਨੀ ਭੀ ਸਚੁ ਸਰੂਪ ਹੈ। ਧੰਨੁ ਧੰਨੁ ਹੈ ਸੱਚਾ ਸਤਿਗੁਰੂ, ਜਿਸ ਪ੍ਰਸਾਦ ਕਰਿ ਗੁਰ-ਸਿੱਖਾਂ ਦੇ ਭਾਗਾਂ ਵਿਚਿ ਅਨਦਿਨ ਸਚੁ ਸਾਲਾਹਣਾ ਆਇਆ ਹੈ। ਏਹ ਸਚੁ ਸਾਲਾਹਣਾ ਨਾਮੁ ਸਾਲਾਹਣਾ ਹੈ, ਕਿਉਂਕਿ ਨਾਮੁ ਹੀ ਸਚੁ ਹੈ। ਸਚੁ ਨਾਉ ਹੈ ਨਾਮ ਦਾ। ਇਸ ਸੱਚੇ ਨਾਮ ਦੀ ਨਾਮ ਰੂਪੀ ਸਚੁ ਰਾਸ ਨੂੰ ਬਿੰਦ ਬਿੰਦ ਚੁਖ ਚੁਖ ਹੋ ਕੇ ਹੀ ਗੁਰੂ ਦੁਆਰਿਓਂ ਪ੍ਰਾਪਤਿ ਕਰੀਦਾ ਹੈ ਅਤੇ ਬਿੰਦ ਬਿੰਦ ਚੁਖ ਚੁਖ ਹੋ ਕੇ ਹੀ ਕਮਾਈਦਾ ਹੈ। ਦਾਸਨ ਦਾਸ ਹੋ ਕੇ ਸਚੇ ਨਾਮੁ ਨੂੰ ਪਾਈਦਾ ਹੈ। ਜਦ ਪਾ ਲਿਆ ਸਚਾ ਨਾਮੁ ਤਾਂ "ਜਿਹਵਾ ਸਚੀ ਸਚਿ ਰਤੀ" ਹੋ ਜਾਂਦੀ ਹੈ। ਅਰਥਾਤ, ਸਚੁ ਨਾਮੁ ਨੂੰ ਜਪਦੀ ਹੋਈ ਸਚ ਨਾਮ ਰੰਗਾਂ ਵਿਚਿ ਹੀ ਰੱਤੀ ਜਾਂਦੀ ਹੈ ਅਤੇ ਅੰਤ ਸੱਚੀ ਸੂਚੀ ਹੋ ਜਾਂਦੀ ਹੈ। ਸਚ ਨਾਮ ਦੇ ਅੰਤਰਿ ਸੁਆਸ ਅਭਿਆਸੀ ਪਾਰਸ ਪ੍ਰਭਾਵ ਕਰਿ ਤਨੁ ਮਨੁ ਭੀ ਸੱਚਾ ਹੋ ਜਾਂਦਾ ਹੈ। ਸਚੇ ਵਾਹਿਗੁਰੂ ਰੂਪੀ ਸਚੁ ਬਿਨਾ ਹੋਰੁ ਸਾਲਾਹਣਾ ਐਵੇਂ ਬਿਰਥਾ ਹੀ ਜਾਂਦਾ ਹੈ। ਕੱਚ ਨੂੰ ਸਚੁ ਸਮਝ ਕੇ ਚਿਮੜੇ ਰਹਿਣਾ ਅਤੇ ਸਾਰੀ ਉਮਰ ਏਸੇ ਕੂੜਾਵੇ ਸੱਚ ਨੂੰ ਹੀ ਲਗੇ ਰਹਿਣਾ ਮਾਨੁਖਾ ਜਨਮ ਅਜਾਈਂ ਖੋਣਾ ਹੈ। ਸਚੁ ਨਾਮੁ ਵਖਰੁ ਵਿਹਾਜਣ ਵਾਲੇ ਗੁਰਮੁਖ ਜਨ ਅੰਤਰਿ ਆਤਮੇ 'ਸਚੁ' (ਨਾਮੁ) ਦੀ ਖੇਤੀ ਹੀ ਜਮਾਉਂਦੇ ਹਨ। 'ਸਚੁ ਨਾਮੁ' ਦੇ ਬੀਜੁ ਨੂੰ ਹੀ ਰਿਦ ਭੂਮਕਾ ਅੰਦਰਿ ਬੀਜਦੇ ਹਨ। ਇਹ 'ਸਚੁ' ਦਾ ਵਾਪਾਰ ਅੰਤਰੇ ਅੰਤਰਿ ਕਰਦੇ ਹਨ। ਅਨਦਿਨੁ ਸਚੁ ਨਾਮੁ ਲਾਹਾ ਹੀ ਲੈਂਦੇ ਰਹਿੰਦੇ ਹਨ। ਇਉਂ ਸਚੀ ਭਗਤਿ ਰੂਪੀ ਸਚੇ ਧਨ ਦੇ ਭੰਡਾਰ ਭਰਦੇ ਹਨ। ਸਚੁ ਪੂੰਜੀ ਸੰਚ ਕੇ ਸਚੁ ਭੋਜਨ ਆਹਾਰ ਸਚੁ ਪੈਨਣੁ ਬਿਉਹਾਰ ਉਹਨਾਂ ਦਾ ਬਣਿਆ ਰਹਿੰਦਾ ਹੈ। ਹਰਿ ਨਾਮੁ ਰੂਪੀ 'ਸਚੁ' ਦੀ ਟੇਕ ਉਤੇ ਸ਼ਾਕਰ ਰਹਿੰਦੇ ਹਨ। ਜਿਸ ਉਤੇ ਬਖਸ਼ਨਹਾਰ ਦੀ ਬਖਸ਼ੀਸ਼ ਹੁੰਦੀ ਹੈ, ਉਸੇ ਨੂੰ ਇਹ ਸਚੁ ਨਾਮੁ ਟੇਕ ਮਿਲਦੀ ਹੈ, ਉਸੇ ਦੀ ਘਾਲ ਥਾਉਂ ਪੈਂਦੀ ਹੈ, ਉਸੇ ਨੂੰ ਹੀ ਸਚ-ਮਹਿਲੀਂ ਸਚੁ ਅਸਰਾਉ ਮਿਲਦਾ ਹੈ। ਓਹਨਾਂ ਦਾ ਸਫਲ ਜਗਿ ਆਉਣਾ ਭੀ ਸੱਚਾ ਹੈ। ਸਚਮੁਚ ਉਜਲੇ ਸਚੇ ਸਚਿਆਰ ਹੋ ਕੇ ਅਗੇ ਸਿਧਾਉਂਦੇ ਹਨ ਫੇਰ ਮੁੜ ਕੇ ਜੂਨੀਂ ਵਿਚਿ ਮੂਲੇ ਨਹੀਂ ਪੈਂਦੇ। ਸਚੇ ਸਾਹਿਬ ਦੇ ਦਰ ਉਤੇ, ਸਚੇ ਸਾਹਿਬ ਦੀ ਦਰਗਾਹ ਵਿਖੇ ਐਸੇ ਸਚੁ ਸਾਲਾਹੁਣ, ਸਚੁ ਕਮਾਉਣਹਾਰੇ ਗੁਰਮੁਖ ਹੀ ਸਚਿਆਰ ਹੋ ਕੇ ਪਰਵਾਣ ਪੈਂਦੇ ਹਨ। ਅਤੇ ਸਾਚੇ ਮਾਹਿ ਜਾਇ ਸਮਾਉਂਦੇ ਹਨ। ਸਚੇ ਦੀ ਸੱਚੀ ਸਿਫਤਿ ਤੌਸੀਫ਼ (ਸਨਾਇ) ਸੱਚੀ ਹੈ। ਸੱਚੀ ਤੌਸੀਫ਼ੋ-ਸਨਾ ਕਰਨ-ਹਾਰਿਆਂ ਦਾ ਅੰਤਰੁ ਘਟੁ ਹਿਰਦਾ ਭੀ ਸੱਚਾ ਅਤੇ ਮਨ ਭੀ ਸੱਚਾ। ਸੱਚੀ ਸਤਿਸੰਗਤਿ ਰੂਪੀ ਬੈਸਕ ਬੈਸਣੇ ਸੁਥਾਨ ਵਿਚਿ ਬੈਠ ਕੇ ਹੀ ਸਚੁ (ਨਾਮੁ) ਸਾਲਾਹੀਦਾ ਹੈ, ਸਚੇ ਸਤਿਗੁਰੂ


www.sikhbookclub.com

ਦੇ ਪਰਸਾਦ ਕਰਿ । ਐਸੇ ਸਤਿਗੁਰੂ ਦੇ ਬਲਿ ਬਲਿ ਜਾਈਐ, ਜਿਸ ਕਰ ਕੇ ਸਚੇ ਵਾਹਿਗੁਰੂ ਅਤੇ ਵਾਹਿਗੁਰੂ ਦੇ ਸਚੁ ਨਾਮ ਨਾਲਿ ਪਿਆਰ ਲਗਦਾ ਹੈ। ਸੋ ਵੇਲਾ ਭੀ ਸਚੁ ਹੈ, ਸਾ ਮੂਰਤਿ ਪਲ ਘੜੀ ਭੀ ਸਚੁ ਹੈ। ਤਿਥੇ ਵੇਖਣਾ ਬੋਲਣਾ ਸੁਣਨਾ ਸਭ ਸਚੁ ਹੀ ਸਚੁ ਹੈ। ਜਿਤਨਾ ਭੀ ਓਅੰਕਾਰੀ ਆਕਾਰੁ ਹੈ, ਸਭ ਸਚੁ ਸੁਭਰ ਭਰਿਆ ਦਿਖਾਈ ਦਿੰਦਾ ਹੈ। ਜੋ ਜਨ ਸਚੇ ਨਾਮ ਨਾਲਿ ਮੇਲ ਲਏ ਹਨ, ਤਿਨ੍ਹਾਂ ਨੂੰ ਵਾਹਿਗੁਰੂ ਸੱਚਾ ਆਪਣੇ ਸਰੂਪ ਨਾਲਿ ਆਪਿ ਮਿਲਾਇ ਲੈਂਦਾ ਹੈ। ਅਤੇ ਜਿਵੇਂ ਸਚੇ ਸਤਿਗੁਰੂ ਨੂੰ ਭਾਉਂਦਾ ਹੈ ਤਿਵੇਂ ਹੀ ਆਪਣੀ ਰਜਾਇ ਨਾਲਿ ਮਿਲਿਆਂ ਹੋਇਆਂ ਨੂੰ ਸਦਾ ਮੇਲੀ ਹੀ ਰਖਦਾ ਹੈ। ਧੰਨੁ ਹੈ ਰਖਣਹਾਰਾ ਸਦਾ ਮੇਲੀ ਰਖਣਹਾਰਾ ।

ਆਦਿ ਜੁਗਾਦੀ ਆਪਿ ਰਖਣਵਾਲਿਆ ॥
ਸਚੁ ਨਾਮੁ ਕਰਤਾਰੁ ਸਚੁ ਪਸਾਰਿਆ ॥
ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ ॥
ਮਿਹਰਵਾਨ ਸਮਰਥ ਆਪੇ ਹੀ ਘਾਲਿਆ ॥
ਜਿਨ੍ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ ॥
ਆਪੇ ਰਚਨੁ ਰਚਾਇ ਆਪੇ ਹੀ ਪਾਲਿਆ ॥
ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ ॥
ਗੁਰ ਪੂਰੇ ਕੀ ਟੇਕ ਨਾਨਕ ਸਮ੍ਾਲਿਆ ॥੧੯॥ ਪੰਨਾ ੫੨੩

ਰਾਗੁ ਗੂਜਰੀ ਵਾਰ ਮਹਲਾ ੫

ਸੱਚਾ ਸਾਹਿਬੁ ਆਪਿ ਹੀ ਆਦਿ ਜੁਗਾਦੀ ਰਖਣ ਵਾਲਾ ਹੈ। ਕਰਤਾਰ ਦਾ ਨਾਮੁ ਹੀ ਸਚੁ ਹੈ। ਸਚ ਦਾ ਹੀ ਪਸਾਰਾ ਸਭ ਥਾਈਂ ਹੈ। ਕੋਈ ਥਾਉਂ ਭੀ ਸਚ ਤੋਂ ਊਣਾ ਨਹੀਂ। ਸਾਰੇ ਘਟਾਂ ਅੰਦਰਿ ਸਭ ਹੀ ਸਮਾਇਆ ਹੋਇਆ ਹੈ। ਏਹ ਸਚੁ ਸਮਰੱਥਵਾਨ ਸਚੁ ਹੈ,। ਨਿਰਾਪੁਰਾ ਬੇਜਾਨ ਸੱਚ ਨਹੀਂ। ਇਹ ਸਚੁ ਮਿਹਰਵਾਨ ਖੁਦਾਇ ਹੈ। ਸਚ ਨਾਮ ਦੀ ਘਾਲ ਘਲਾਵਣਹਾਰ ਆਪਿ ਨਦਰੀ ਨਦਰਿ ਨਿਹਾਲ ਮੇਹਰਵਾਨ ਖੁਦਾਇ ਜਿਸ ਮਨ ਵਿਖੇ ਆਪਿ ਵੁਠਾ ਹੈ, ਸੋ ਸਦਾ ਹੀ ਸੁਖਾਲਾ ਹੋ ਗਿਆ। ਆਪੇ ਹੀ ਰਚਨ ਰਚਾਇਕੇ ਆਪ ਪਾਲਣਹਾਰਾ ਸਚੁ ਪਰਵਰਦਗਾਰ ਹੈ। ਸਭ ਕਿਛੁ ਆਪੇ ਆਪਿ ਬੇਅੰਤ ਅਪਾਰ ਦਾਤਾਰ ਸਚੁ ਸਿਰਜਨਹਾਰ ਹੈ। ਗੁਰ ਪੂਰੇ ਦੀ ਟੇਕ ਕਰ ਕੇ ਗੁਰੂ ਨਾਨਕ ਸਾਹਿਬ ਦੇ ਘਰ ਵਾਲਾ ਸਚੁ ਸਮ੍ਾਲ ਹੁੰਦਾ ਹੈ।

ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥
ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥

੨॥੨॥ ਪੰਨਾ ੫੦੯-ਮ: ੩, ਗੂਜਰੀ ਕੀ ਵਾਰ ਮਹਲਾ ੩

ਨਾਮੁ ਰੂਪੀ ਸਚੁ, ਸਚੁ ਰੂਪੀ ਨਾਮ ਧਿਆਇਆਂ ਸਭ ਸਚੁ ਹੀ ਵਰਤਦਾ ਹੈ। ਸਚੇ ਸਾਹਿਬ ਦਾ ਸਚੁ ਰੂਪੀ ਨਾਮ ਹੁਕਮ ਬੁਝ ਕੇ ਹੀ, ਹੁਕਮੁ ਬੁਝਣਹਾਰਾ ਗੁਰਮੁਖ ਜਨੁ ਪਰਵਾਨ ਪੈਂਦਾ ਹੈ। ਸੱਚ ਨਾਮ ਬੀਜ ਕਮਾਈ ਦਾ ਫਲੁ ਭੀ ਸਚੁ ਹੈ। ਜਿਨ੍ਹਾਂ ਤੋਂ ਸਤਿਗੁਰੂ ਦਾ ਹੁਕਮੁ ਉੱਕਾ ਹੀ ਨਹੀਂ ਬੁੱਝ ਹੁੰਦਾ, ਓਹ ਚਾਹੇ ਲਖ ਕਥਨੀਆਂ ਬਦਨੀਆਂ ਕਰਦੇ ਫਿਰਨਿ, ਓਹਨਾਂ ਨੂੰ ਸੱਚ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਸਚੁ-ਹੁਕਮ ਬੂਝੇ ਵਿਹੂਣਾ ਮਨਮੁਖੀ ਅੰਧਲਾ ਅਗਿਆਨੀ ਕਚੁ ਹੀ ਕਚੁ ਵਿਹਾਜਦਾ ਫਿਰਦਾ ਹੈ। ਕਚੁ ਨੂੰ ਹੀ ਸਚੁ ਜਾਣੀ ਫਿਰਦਾ ਹੈ। ਕੱਚਾ ਕੂੜਿਆਰ ਹੀ ਰਹਿੰਦਾ ਹੈ।

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥
ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥
ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ ॥
ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥
... ... ...॥੧॥
ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥
ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥
ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥
ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥
ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥
ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ ॥
ਮਨਿ ਤਨਿ ਰਵਿ ਰਹਿਆ ਜਗ ਜੀਵਨੋ ਦਾਤਾ ਰਾਮ ॥
ਜਗ ਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ ॥
ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥
ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥
ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥ ਪੰਨਾ ੪੩੭
ਆਸਾ ਮਹਲਾ ੧

ਉਪਰਲਾ ਗੁਰ ਵਾਕ ਸਪਸ਼ਟ ਦਸਦਾ ਹੈ ਕਿ ਆਦਿ ਪੁਰਖ ਅਗਮ ਅਗੋਚਰ ਅਪਰ ਅਪਾਰ ਪਾਰਬ੍ਰਹਮ ਪਰਧਾਨ ਪੁਰਖ ਭਗਵਾਨ ਹੀ ਪਰਮ ਸਚੁ ਹੈ। ਏਹ ਪਰਮ ਸਚੁ ਹੀ ਆਦਿ ਜੁਗਾਦੀ, ਹੈ ਭੀ ਹੋਸੀ ਅਬਿਚਲੀ ਹੋਂਦ ਵਾਲਾ ਕਾਇਮ ਬਿਲਜ਼ਾਤ ਸਚੁ ਹੈ। ਇਸ ਪਰਮ ਸਚ ਤੋਂ ਬਿਨਾ ਜੇਹੜੇ ਹੋਰ ਸਚ ਦੀ ਡੀਂਗ ਮਾਰਦੇ ਹਨ, ਓਹਨਾਂ ਦਾ ਸਭ ਝੂਠਾ ਮਦ ਮਤਸਰੀ ਮਾਨ ਹੈ। ਗੁਰਮਤਿ ਸਚ-ਪ੍ਰਗਟੀਵੀਏ ਗੁਰਮੁਖ ਜਨ ਸਚੁ ਭਾਖਦੇ ਹਨ, ਜਦੋਂ ਓਹ ਆਖਦੇ ਹਨ "ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ।" ਕਿਉਂਕਿ

ਨਿਰੋਲ (ਨਿਰਮਲ ਸਚੁ) ਓਨ੍ਹਾਂ ਨੇ ਹੀ ਪੇਖਿਆ ਹੈ, ਅੰਤਰਿ ਆਤਮੇ ਸਮ੍ਹਾਲਿਆ ਹੈ। ਜਿਸ ਗੁਰਮੁਖ ਨੇ ਗੁਰਮਤਿ ਸਚੁ ਅੰਤਰਿ ਆਤਮੇ ਸਮ੍ਹਾਲਿਆ ਹੈ, ਉਹ ਸਫਲ ਮਾਨੁਖਾ ਜਨਮ ਪਾਇਕੈ ਅਵਗਣ ਸਭ ਮੇਟਿ ਚਲਿਆ ਹੈ ਅਤੇ ਗੁਰਮਤਿ ਗੁਣਾਂ ਦੇ ਸਮੂਹ ਨੂੰ ਸੰਚ ਕੇ ਨਾਲਿ ਲੈ ਚਲਿਆ ਹੈ।

ਉਹ "ਸੁਕ੍ਰਿਤੁ ਕਰਣੀ ਸਾਰ ਜਪ ਮਾਲੀ" ਵਾਲਾ ਗੁਰਮੁਖ ਜਨ ਸਭ ਅਵਗੁਣਾਂ ਨੂੰ ਪ੍ਰਹਾਰ ਕੇ ਸਚੇ ਦੇ ਦਰ ਤੇ ਜਾ ਕੇ ਸਚਿਆਰੁ ਸਾਬਤ ਹੋਇਆ ਹੈ। ਉਹ ਐਥੇ ਭੀ ਸਚ ਤੇ ਗੁਰਮਤਿ ਸਚ ਤੇ ਸਾਬਤ ਕਦਮ ਰਹਿਆ ਹੈ। ਵਾਹਿਗੁਰੂ ਨਾਮ ਰੂਪੀ ਤੱਤ ਸਚ ਦੀ ਅਭਿਆਸ ਕਮਾਈ ਕਰਕੇ ਉਸ ਨੇ ਆਵਣ ਜਾਣਾ ਸਭ ਠਾਕ ਰਹਾਇਆ ਹੈ। ਜਿਸ ਗੁਰਮੁਖ ਜਨ ਨੂੰ ਸਚ-ਪ੍ਰਾਪਤੀ ਦੀ ਸੱਚੀ ਵਡਿਆਈ ਮਿਲੀ ਹੈ, ਉਸਦਾ ਸਚੁ ਹੀ ਸਾਜਨੁ ਹੈ, ਸਚੁ ਹੀ ਮੀਤੁ ਹੈ, ਸਚੁ ਹੀ ਸਖਾ ਹੈ। ਕਿਉਂਕਿ ਸਚੁ-ਨਾਮੁ-ਰਤਨੁ ਘਟ ਅੰਤਰਿ ਪਰਕਾਸ਼ਨ ਕਰਕੇ ਉਸਨੂੰ ਸਚ ਦੀ ਸੱਚੀ ਲੱਖਤਾ ਹੋਈ ਹੈ। ਐਸੀ ਗੁਰਮਤਿ ਸਿਧਾਂਤੀ ਸਚ ਦੀ ਪ੍ਰਾਪਤੀ ਉਸ ਨੂੰ ਹੋਈ ਹੈ। ਉਸ ਗੁਰਮੁਖ ਜਨ ਦੇ ਨੇਤ੍ਰੀਂ ਨਿਰੰਕਾਰੀ ਸਚ ਦਾ ਸੱਚਾ ਅੰਜਨ ਸਮੋਇਆ ਹੋਇਆ ਹੈ। ਇਸ ਕਰਕੇ ਉਹ ਸਾਰ ਨਿਰੰਜਨੀ ਸੱਚ ਵਿਖੇ ਹੀ ਹਰ ਵਕਤ ਰਤਿਆ ਰਹਿੰਦਾ ਹੈ। ਉਸ ਦੇ ਮਨ ਅੰਦਰਿ ਜਗ-ਜੀਵਨ ਦਾਤਾ ਹੀ ਸਦੀਵ ਰਵਿਆ ਰਹਿੰਦਾ ਹੈ। ਜਗ-ਜੀਵਨ ਦਾਤਾ ਹਰਿ ਮਨਿ ਰਾਤਾ ਹੀ ਰਹਿੰਦਾ ਹੈ। ਇਉਂ ਗੁਰਮੁਖ ਸਚ-ਰਸੀਅੜੇ ਨੂੰ ਸਚ ਦਾ ਸਹਜੇ ਮੇਲ ਮਿਲਾਪ ਸਦੀਵ ਬਣਿਆ ਰਹਿੰਦਾ ਹੈ। ਏਹ ਸਹਜ ਮੇਲ ਮਿਲਾਪ "ਸਾਧ ਸਭਾ ਸੰਤਾ ਕੀ ਸੰਗਤਿ" ਦੇ ਪਰਤਾਪ ਕਰਕੇ ਹੀ ਨਸੀਬ ਹੁੰਦਾ ਹੈ। ਸਚ ਵਸਲ ਵਸਲਾਪੀ, ਮੇਲ ਮੇਲਾਪੀ ਸੁਖੁ ਇਉਂ ਸਭ, ਸਤਿਗੁਰੂ ਦੀ ਨਦਰ ਮੇਹਰ ਦਾ ਹੀ ਸਦਕਾ ਹੈ। ਗੁਰੂ ਘਰ ਦੇ ਗੁਰਮੁਖ ਜੋਗੀ ਜਾਗਦੇ ਵਿਰਲੇ ਐਸੇ ਗ੍ਰਿਸਤ ਉਦਾਸ ਜਨ ਹਨ, ਜੋ ਹਰਿ ਕੀ ਭਗਤਿ ਰਤੜੇ ਸਚੇ ਬੈਰਾਗੀਅੜੇ ਬਣ ਕੇ ਮਾਇਆ ਮਮਤਾਵੀ ਮੋਹ ਪਿਆਸ ਨੂੰ ਮਨ ਅੰਦਰੋਂ ਚੁਕਾਇ ਦਿੰਦੇ ਹਨ ਅਤੇ ਹਉਮੈ ਨੂੰ ਮਾਰ ਕੇ ਉਕੇ ਹੀ ਅਤੀਤ ਬੈਰਾਗੀ ਹੋਇ ਸਚ-ਅਨੁਰਾਗਤਾ ਦੀ ਹਕੀਕਤ ਵਿਚਿ ਲੀਨ ਹੋਇ ਜਾਵੰਦੇ ਹਨ। ਸਚ ਦੀ, ਨਿਰੋਲ ਸਚ ਦੀ ਪਤੀਜ ਇਉਂ ਲੀਨ ਹੋਇਆਂ ਹੀ ਆਵੰਦੀ ਹੈ। ਪਰ ਵਿਰਲਿਆਂ ਦਾਸ ਉਦਾਸੀਆਂ ਨੂੰ ਹੀ ਆਉਂਦੀ ਹੈ।

ਸਚਿ ਰਤੀਆ ਸੋਹਾਗਣੀ ਜਿਨ ਗੁਰ ਕੈ ਸਬਦਿ ਸੀਗਾਰਿ ॥
ਘਰ ਹੀ ਸੋ ਪਿਰੁ ਪਾਇਆ ਸਚੈ ਸਬਦਿ ਵੀਚਾਰਿ ॥੧॥
ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ ॥
ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ ॥੧॥ ਰਹਾਉ ॥
ਇਕਿ ਪਿਰੁ ਹਦੂਰਿ ਨ ਜਾਣਨੀ ਦੂਜੈ ਭਰਮਿ ਭੁਲਾਇ ॥
ਕਿਉ ਪਾਇਨਿ੍ ਡੋਹਾਗਣੀ ਦੁਖੀ ਰੈਣਿ ਵਿਹਾਇ ॥੨॥
ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥

ਅਨਦਿਨੁ ਸੇਵਹਿ ਸਹਜ ਸਿਉ ਸਚੇ ਮਾਹਿ ਸਮਾਇ ॥੩॥
ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥
ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ॥੪॥
ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ ॥
ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ ॥੫॥
ਸੋਹਾਗਣੀ ਸਦਾ ਪਿਰੁ ਪਾਇਆ ਹਉਮੈ ਆਪੁ ਗਵਾਇ ॥
ਪਿਰ ਸੇਤੀ ਅਨਦਿਨੁ ਗਹਿ ਰਹੀ ਸਚੀ ਸੇਜ ਸੁਖੁ ਪਾਇ ॥੬॥
ਮੇਰੀ ਮੇਰੀ ਕਰਿ ਗਏ ਪਲੈ ਕਿਛੁ ਨ ਪਾਇ ॥
ਮਹਲੁ ਨਾਹੀ ਡੋਹਾਗਣੀ ਅੰਤਿ ਗਈ ਪਛੁਤਾਇ ॥੭॥
ਸੋ ਪਿਰੁ ਮੇਰਾ ਏਕੁ ਹੈ ਏਕਸੁ ਸਿਉ ਲਿਵ ਲਾਇ ॥
ਨਾਨਕ ਜੇ ਸੁਖੁ ਲੋੜਹਿ ਕਾਮਣੀ ਹਰਿ ਕਾ ਨਾਮੁ ਮੰਨਿ ਵਸਾਇ ॥੮॥

ਪੰਨਾ ੪੨੭-੨੮— ਆਸਾ ਮਹਲਾ ੩

ਜਿਨ੍ਹਾਂ ਨੇ ਗੁਰੂ ਦੇ ਸਬਦ ਦਾ ਸੀਗਾਰੁ (ਸ਼ਿੰਗਾਰੁ) ਕੀਤਾ ਹੈ। ਗੁਰ ਮੰਤਰ ਰੂਪੀ ਹਾਰੁ ਉਰਿਧਾਰ ਕੇ ਪਹਿਰਿਆ ਹੈ, ਤਿਨ੍ਹਾਂ ਨੇ ਸੁਆਸਿ ਸੁਆਸਿ ਨਾਮ ਅਭਿਆਸ ਦਾ ਬਿਲੋਵਨਾ ਬਿਲੋਇਕੈ ਘਟ ਅੰਤਰਿ ਜੋਤਿ ਪਰਗਾਸ ਕਰ ਲਈ ਹੈ, ਸਚੇ ਹਰਿ ਰੰਗ ਚਾੜ੍ਹ ਲਏ ਹਨ। ਤਾਂ ਤੇ ਸੇ ਗੁਰ ਕੇ ਸ਼ਬਦ ਸ਼ਿੰਗਾਰ ਦੁਆਰਾ ਸਚੁ ਰੰਗ ਰਤੀਆਂ ਸੋਹਾਗਣੀਆਂ ਹੋ ਗਈਆਂ ਹਨ। ਤਿਨ੍ਹਾ ਨੂੰ ਸਚ ਦਾ, ਆਤਮ ਰੰਗੁ-ਚਲੂਲੜਾ ਸੋਹਾਗੁ, ਪ੍ਰਾਪਤਿ ਹੋਇਆ ਹੈ। ਤਿਨ੍ਹਾਂ ਨੇ ਸਚੇ ਸਬਦ ਦੀ ਵੀਚਾਰ ਕਮਾਈ ਦੁਆਰਾ ਘਰ ਹੀ ਅੰਦਰ ਸਚੁ ਸੋਹਾਗ ਵਰੀਆ ਪਿਰੁ ਪਾ ਲਿਆ ਹੈ। ਉਨ੍ਹਾਂ ਸਚੁ ਸੋਹਾਗ ਪਿਰ ਵਰ ਪ੍ਰਾਪਤੀ ਵਾਲੀਆਂ ਸੋਹਾਗਣੀਆਂ ਨੇ ਗੁਣ ਕਾਮਣ ਕਰਿ ਅਵਗੁਣ ਬਖਸਾਇ ਲਏ ਹਨ। ਅਤੇ ਹਰਿ ਵਰ ਪਿਰ ਸਿਉਂ ਸੱਚੀ ਲਿਵ ਲਾਇ ਲਈ ਹੈ। ਗੁਰ ਸ਼ਬਦ ਰੂਪੀ ਮੰਤ੍ਰ ਕਮਾਇਣੀ ਕਾਮਣੀਆਂ ਨੇ ਹਰਿ ਵਰੁ ਪਾ ਲਿਆ ਹੈ। ਏਹ ਵਸਲ ਮੇਲ ਮਿਲਾਪੁ ਗੁਰੂ ਨੇ ਕਰਾਇਆ ਹੈ। ਰਹਾਉ। ਜੇਹੜੀਆਂ ਦੁਹਾਗਣੀਆਂ ਸੱਚ ਦੀ ਗੁਰਮਤਿ ਖੋਜ ਨੂੰ ਛਡ ਕੇ ਦੂਜੀ ਕੱਚਪਿਚੇ ਸਚ ਦੀ ਖੋਜ ਵਿਚਿ ਭਰਮ ਭੁਲਾਣੀਆਂ ਫਿਰਦੀਆਂ ਰਹੀਆਂ ਹਨ,ਤਿਨ੍ਹਾਂ ਨੂੰ ਤੱਤ ਸਚ ਦੀ ਸੂੰਹ ਹੀ ਨਹੀਂ ਲਗੀ। ਓਸ ਸਚੁ ਪਿਰ ਨੂੰ ਦੂਰ ਜਾਣਦੀਆਂ ਹਨ। ਤਿਨ੍ਹਾਂ ਨੂੰ ਸਚੁ ਪਿਰੁ ਹਾਜਰਾ ਹਜ਼ੂਰ ਨਹੀਂ ਦਿਸਿਆ, ਨਾ ਦਿਸ ਸਕਦਾ ਹੈ। ਓਹ ਪਿਰ ਪਾ ਹੀ ਨਹੀਂ ਸਕਦੀਆਂ, 'ਸਚੁ' ਪ੍ਰਾਪਤਿ ਕਰਿ ਹੀ ਨਹੀਂ ਸਕਦੀਆਂ। ਓਹਨਾਂ ਦੀ ਅਵਧ ਆਯੂ ਰੂਪੀ ਸਾਰੀ ਰੈਣ ਦੁਖਾਂ ਵਿਚਿ ਹੀ ਵਿਹਾ ਜਾਂਦੀ ਹੈ। ਜਿਨ੍ਹਾਂ ਦੇ ਮਨ ਅੰਦਰਿ ਸਚੁ ਵਸਿ ਗਇਆ ਹੈ,ਅਰਥਾਤ, ਸਚੁ (ਨਾਮੁ) ਰਸਿ ਗਇਆ ਹੈ,ਓਹਨਾਂ ਨੇ ਨਾਮ ਅਭਿਆਸ ਦੀ ਸੱਚੀ ਕਾਰ ਕਮਾਈ ਕੀਤੀ ਹੋਈ ਹੁੰਦੀ ਹੈ। ਓਹ ਅਨਦਿਨ ਸਹਜ ਸੇਤੀ ਸਚੁ ਰੂਪੀ ਨਾਮੁ ਨੂੰ ਹੀ ਸੇਂਵਦੇ ਸਿਮਰਦੇ ਰਹਿੰਦੇ ਹਨ ਅਤੇ ਸਿਮਰਿ ਸਿਮਰਿ ਕੇ ਸਚੇ (ਵਾਹਿਗੁਰੂ) ਮਾਹਿ ਹੀ ਸਮਾਇ ਜਾਂਦੇ ਹਨ। ਗੁਰਮਤਿ ਤੋਂ

ਘੁੱਥੀਆਂ ਜੋਹੜੀਆਂ ਦੋਹਾਗਣੀਆਂ ਹਨ, ਸੋ ਭਰਮ ਭੁਲਾਣੀਆਂ ਹੀ ਫਿਰਦੀਆਂ ਹਨ । ਤਿਨ੍ਹਾਂ ਨੂੰ ਸਚੁ ਮਿਲਦਾ ਹੀ ਨਹੀਂ । ਓਹ ਕੂੜ ਬੋਲ ਬੋਲ ਕੇ ਬਿਖ ਖਾਂਦੀਆਂ ਹਨ । ਸਚ ਦੀ ਓਹਨਾਂ ਨੂੰ ਸੋਝੀ ਹੀ ਨਹੀਂ ਪੈਂਦੀ । ਸਚ ਤੋਂ ਸੁੰਞੇ ਘਟਾਂ ਵਿਚਿ ਪਿਰੁ ਪਰਗਟ ਹੀ ਨਹੀਂ ਹੁੰਦਾ । ਪਿਰ ਪ੍ਰੀਤਮ ਤੋਂ ਬਿਹੂਣ ਸੇਜ ਸੁੰਞੀ ਹੀ ਰਹਿੰਦੀ ਹੈ । ਸੁੰਞੀ ਸੇਜ ਵਾਲੀਆਂ ਦੋਹਾਗਣੀਆਂ ਪਿਰ ਬਿਹੂਣ ਦੁਖੁ ਪਾਉਂਦੀਆਂ ਹਨ । ਇਸ ਵਿਚਿ ਰੰਚਕ ਭੀ ਸੰਦੇਹ ਨਹੀਂ ਕਿ ਸੱਚਾ ਸਾਹਿਬੁ ਏਕ ਹੈ । ਪਰ ਉਹ ਪਰਗਟ ਤਿਨ੍ਹਾਂ ਨੂੰ ਹੁੰਦਾ ਹੈ, ਜੋ ਗੁਰ ਦੀਖਿਆ ਲੈ ਕੇ ਗੁਰਮੰਤ੍ਰ ਨਾਮ ਦਾ ਸੇਵਨ ਸਿਮਰਨ ਕਰਦੇ ਅਤੇ ਨਾਮ ਅਭਿਆਸ ਦੀਆਂ ਅਤੁਟ ਕਮਾਈਆਂ ਕਰਦੇ ਹਨ । ਨਿਰਮਲ ਨਿਰੋਲ ਸਚੁ, ਗੁਰਮਤਿ ਤਤੁ ਵਿਲਖਣੀ ਸਚੁ ਤਿਨ੍ਹਾ ਦੇ ਮਨ ਵਿਖੇ ਆ ਵਸਦਾ ਹੈ । ਜਿਨ੍ਹਾਂ ਸੋਹਾਗਣੀਆਂ ਨੇ ਆਪਣਾ ਆਪ ਗਵਾਇਆ ਹੈ ਅਤੇ ਹਉਮੈ ਵਿਚਹੁੰ ਮਾਰੀ ਹੈ ਤਿਨ੍ਹਾਂ ਨੂੰ ਹਰਿ ਵਰੁ ਰੂਪੀ ਥਿਰ ਸੋਹਾਗ ਦੀ ਸਦਾ ਪ੍ਰਾਪਤੀ ਰਹਿੰਦੀ ਹੈ । ਓਹ ਅਨਦਿਨ ਇਕ ਹੋਕੇ ਪਿਰ ਪ੍ਰੀਤਮ ਸੇਤੀ ਗਹਿਗਚੀਆਂ ਰੰਗ ਰਲੀਆਂ ਮਾਣਦੀਆਂ ਹਨ । ਤਿਨ੍ਹਾਂ ਦੀ ਸੱਚੀ ਸੇਜ ਸਚੜੇ ਸੁਖ ਸੇਤੀ ਹਰੀ ਭਰੀ ਅਤੇ ਸ਼ਾਦਾਬ ਰਹਿੰਦੀ ਹੈ । ਏਹਨਾਂ ਸਚ ਸੋਹਾਗ ਦੇ ਰੰਗਾਂ ਤੋਂ ਘੁੱਥੇ ਹੋਏ ਸਭ ਮੇਰੀ ਮੇਰੀ ਕਰਿ ਗਏ । ਤਿਨ੍ਹਾਂ ਦੇ ਪੱਲੇ ਕੁਛ ਭੀ ਨਹੀਂ ਪੈਂਦਾ । ਡੋਹਾਗਣੀਆਂ ਨੂੰ ਸਚੇ ਮਹਿਲ ਦੀ ਪ੍ਰਾਪਤੀ ਕਦੇ ਨਹੀਂ ਹੁੰਦੀ । ਅੰਤ ਨੂੰ ਪਛੁਤਾਇ ਪਛੁਤਾਇ ਮਰਦੀਆਂ ਹਨ । ਸੋ ਪਿਰ ਸਚੜਾ ਸਚੁ ਪ੍ਰੀਤਮ ਏਕੋ ਹੀ ਹੈ । ਇਕਸ ਸਿਉਂ ਲਿਵ ਲਾਇਆਂ ਹੀ ਨਿਸਤਾਰਾ ਹੁੰਦਾ ਹੈ । ਜਿਨ੍ਹਾਂ ਕਾਮਣੀਆਂ ਨੂੰ ਸਚੇ ਸੁਖ ਦੀ ਲੋੜ ਹੈ, ਓਹਨਾਂ ਨੂੰ ਗੁਰਮੰਤ੍ਰ ਨਾਮੁ ਕਮਾਇਕੇ ਅੰਤਰਿ ਵਸਾਉਣਾ ਅੱਵਸ਼ ਜ਼ਰੂਰੀ ਅਤੇ ਲਾਜ਼ਮੀ ਹੈ ।

'ਗੁਰਮਤਿ-ਸਚੁ' ਦਾ ਸਿੱਟਾ ਸਿਧਾਂਤ ਏਹੋ ਹੈ :

ਜਿਸਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥
ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥ ਪੰਨਾ ੯੨੪
ਰਾਮਕਲੀ ਮਹਲਾ ੫

ਏਥੇ "ਸਚੁ ਭਾਖੈ" ਤੋਂ ਭਾਵ ਨਾਮੁ ਜਪਣ ਦਾ ਹੈ । 'ਸਚੁ' ਪਦ 'ਨਾਮੁ' ਦਾ ਲਖਾਇਕ ਹੈ। "ਗੁਰ ਕਾ ਸਬਦੁ ਬੀਚਾਰਾ", ਸਚੁ ਭਾਖ ਰੂਪੀ ਨਾਮੁ ਉਚਾਰਾ ਹੀ ਹੈ ।

ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥
ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥੧॥ ...
ਇਕੁ ਸਚਾ ਸਭ ਸੇਵਦੀ ਧੁਰਿ ਭਾਗਿ ਮਿਲਾਵਾ ਹੋਇ ॥
ਗੁਰਮੁਖਿ ਮਿਲੇ ਸੇ ਨ ਵਿਛੁੜਹਿ ਪਾਵਹਿ ਸਚੁ ਸੋਇ ॥੨॥ ਪੰਨਾ ੯੯੪
ਮਾਰੂ ਮਹਲਾ ੩

"ਸਚਿ ਰਤੇ" ਤੋਂ ਭਾਵ ਏਥੇ 'ਨਾਮਿ ਰਤੇ' ਦਾ ਹੈ। ਤੱਤ ਸਚੁ ਨਾਮੁ ਹੀ ਹੈ। ਨਾਮੁ ਰੂਪੀ ਸਚੁ ਦੇ ਰੰਗਾਂ ਵਿਚਿ ਰਤੇ ਹੋਏ ਸੰਸਾਰ ਵਿਖੇ ਵਿਰਲੇ ਹੀ ਟੋਲੇ ਮਿਲਦੇ ਹਨ। ਤਿਨ੍ਹਾਂ ਮਿਲਿਆਂ ਮਨ ਨੂੰ ਸਚਾ ਸੰਤੋਖੁ ਹੁੰਦਾ ਹੈ। ਤਿਨ੍ਹਾਂ ਦੀ ਸੰਗਤ ਵਿਚਿ ਮਿਲ ਕੇ ਨਾਮ ਜਪਣ ਦੇ ਉਮਾਹੇ ਹੀ ਉਪਜਦੇ ਹਨ, ਓਹਨਾਂ ਪਾਸ ਨਾਮੁ ਰਸਾਇਣੀ ਸਚੁ ਜੁ ਹੁੰਦਾ ਹੈ। "ਪਾਵਹਿ ਸਚੁ ਸੋਇ" ਦੀ ਪੰਗਤੀ ਵਿਖੇ ਸਚੁ ਤੋਂ ਭਾਵ ਸੱਚਾ ਨਾਮੁ ਯਾ ਸੱਚਾ ਨਾਮੀ ਵਾਹਿਗੁਰੂ ਹੀ ਹੈ, ਹੋਰ ਭਾਵ ਕੋਈ ਨਹੀਂ। ਗੁਰਮੁਖ ਜਨ ਹੀ ਏਸ ਸਚੁ ਨੂੰ ਪਾਉਂਦੇ ਹਨ। ਜੋ ਗੁਰਮੁਖ ਜਨ ਇਸ ਸਚੁ ਨੂੰ ਮਿਲੇ ਹਨ ਸੋ ਫੇਰ ਸਚੇ ਵਾਹਿਗੁਰੂ ਤੋਂ ਕਦੇ ਵਿਛੜਦੇ ਨਹੀਂ। ਸੱਚਾ ਨਾਮੁ ਨਾਮੀ ਅਭੇਦ ਇਕੋ ਹੀ ਹੈ। ਇਹ ਸਚ-ਮਿਲਾਵਾ ਵਡਭਾਗੀ ਗੁਰਮੁਖ ਜਨਾਂ ਦੇ ਵਿਰਸੇ ਵਿਚਿ ਹੀ ਆਉਂਦਾ ਹੈ।

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਪੰਨਾ ੧੨੪— ਮਾਝ ਮਹਲਾ ੩

ਇਸ ਗੁਰ ਪ੍ਰਮਾਣ ਵਿਖੇ "ਗੁਰ ਗਿਆਨ ਅੰਜਨੁ" ਤੋਂ ਭਾਵ ਜੋਤਿ ਪ੍ਰਚੰਡਨੀ ਨਾਮੁ ਹੈ। ਜੈਸਾ ਕਿ "ਗੁਰ ਗਿਆਨੁ ਪਦਾਰਥੁ ਨਾਮੁ ਹੈ" ਦੀ ਹੀ ਪੰਗਤੀ ਪ੍ਰੋੜਤਾ ਕਰਦੀ ਹੈ। ਨਾਮ ਜਪਣ ਦੀ ਪਾਰਸ ਆਕ੍ਰਖਣੀ ਕਲਾ ਦੁਆਰਾ (ਨਾਮ ਦਾ ਅਤੁਟ ਅਭਿਆਸ ਕਮਾਇਆਂ) ਓਹੀ ਨਾਮੁ ਜੋਤਿ ਪਰਜੁਲਤ ਹੋ ਕੇ ਅੰਗ ਅੰਗ ਵਿਖੇ ਰੰਗਿਆ ਜਾਂਦਾ ਹੈ। ਸਚ ਦਾ ਇਹ ਸਾਖਸ਼ਾਤ ਦ੍ਰਿਸ਼ ਜੋਤਿ-ਤੇਜ ਵਿੱਗਸੀਆ ਗਿਆਨ ਹੋ ਕੇ ਨੇਤ੍ਰਾਂ ਰਾਹੀਂ ਨੂਰੱਤ ਹੋਇਆ ਹੁੰਦਾ ਹੈ। ਜਿਨ੍ਹਾਂ ਨੇ "ਗੁਰ ਗਿਆਨ ਅੰਜਨੁ ਸਚੁ" ਨੇਤ੍ਰੀ ਪਾਇਆ ਹੈ, ਤਿਨ੍ਹਾਂ ਦੇ ਅੰਦਰਿ ਚਾਨਣੁ ਪ੍ਰਚੰਡ ਜੋਤਿ ਦਾ ਜਗਮਗਾ ਉਠਿਆ ਹੈ। ਤਿਨ੍ਹਾਂ ਦੇ ਅੰਦਰਹੁੰ ਤਿਮਰ ਅਗਿਆਨ ਅੰਧੇਰ ਸਭ ਦੂਰ ਹੋ ਗਿਆ ਹੈ। ਤਿਨ੍ਹਾਂ ਦੀ ਆਤਮ-ਜੋਤਿ ਪਰਮਾਤਮ ਜੋਤੀਸ਼ (ਜੋਤੀ ਸਰੂਪ) ਵਿਖੇ ਮਿਲ ਗਈ ਹੈ। ਜੋਤੀ ਜੋਤਿ ਮਿਲੀ ਦਾ ਪ੍ਰਗਟ ਪਾਹਾਰੇ ਵਰਤਿਆ ਚਲਤ ਪੇਖ ਕੇ ਸਚ ਦੇ ਪ੍ਰਕਾਸ਼ ਸਰੂਪ ਉਤੇ ਸ਼ੱਚੀ ਪਰਤੀਤ ਆਉਂਦੀ ਹੈ। ਐਸੇ ਜੋਤਿ ਪ੍ਰਕਾਸ਼ੀ ਸਚੁ ਸਰੂਪ ਨੂੰ ਪੁੱਜੇ ਹੋਏ ਹੀ ਹਰਿ ਦਰਿ ਸੋਭਾ ਪਾਉਂਦੇ ਹਨ।

ਸਰਬ ਨਿਰੰਤਰਿ ਖਸਮੁ ਏਕੋ ਰਵਿ ਰਹਿਆ ॥
ਗੁਰਪਰਸਾਦੀ ਸਚੁ ਸਚੋ ਸਚੁ ਲਹਿਆ ॥੧॥੮॥ ਪੰਨਾ ੯੬੧
ਸਲੋਕ ਮ: ੫, ਰਾਮਕਲੀ ਕੀ ਵਾਰ ਮਹਲਾ ੫

ਸਰਬ ਨਿਰੰਤਰ ਰਵਿ ਰਹਿਆ ਇਕੋ ਖਸਮੁ (ਵਾਹਿਗੁਰੂ) ਹੀ ਸੱਚਾਂ ਸਿਰਿ ਸੱਚਾ ਸਰਬੋਤਮ ਸਚੁ ਹੈ। ਸੋ ਕੇਵਲ ਗੁਰਪ੍ਰਸਾਦ ਕਰਿ ਹੀ ਲਹਿਆ ਜਾ ਸਕਦਾ ਹੈ। 'ਸਚੁ' ਦਾ ਸੱਚਾ ਪਰਗਾਸ ਗੁਰਮੁਖਾਂ ਨੂੰ ਹੀ ਹੁੰਦਾ ਹੈ।

ਪ੍ਰਭ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ ॥
ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ ॥੨॥
ਪੰਨਾ ੭੭੫--- ਰਾਗ ਸੂਹੀ ਛੰਤ ਮਹਲਾ ੪

ਘਟਿ ਘਟਿ ਰਵਿਆ ਅੰਤਰਜਾਮੀ ਸੱਚਾ ਸੁਆਮੀ ਵਾਹਿਗੁਰੂ ਜੋ ਹੈ, ਇਹੀ ਗੁਰਮਤਿ ਸਚੁ ਹੈ। ਇਹ ਸਚੁ ਕੇਵਲ ਗੁਰਮਤਿ ਦੁਆਰਾ ਹੀ ਪਾ ਸਕੀਦਾ ਹੈ। ਗੁਰਮਤਿ ਦੁਆਰਾ ਸਚੁ ਪਾ ਕੇ ਹੀ ਸਹਜ/ਬਿਵਸਥਾ ਵਿਖੇ ਸਮਾਈਦਾ ਹੈ। ਬਸ ਇਸ ਗੁਰਮਤਿ ਸਚ ਬਿਨਾ ਹੋਰ ਸਚੁ ਕੋਈ ਨਹੀਂ। ਤੱਤ ਸਚੁ ਇਹੀ ਹੈ।

ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥
ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥
ਗੁਰਮਤਿ ਸਾਚੀ ਸਾਚਾ ਵੀਚਾਰੁ ॥
ਆਪੇ ਬਖਸੇ ਦੇ ਵੀਚਾਰੁ ॥ ੧ ॥
... ... ...
ਆਪੁ ਛੋਡਿ ਸਦਾ ਸੁਖੁ ਹੋਈ ॥
ਗੁਰਮਤਿ ਸਾਲਾਹੀ ਸਚੁ ਸੋਈ ॥ ੩ ॥
ਆਪੇ ਸਾਜੇ ਕਰਤਾ ਸੋਇ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥
ਜਿਸੁ ਸਚਿ ਲਾਏ ਸੋਈ ਲਾਗੈ ॥
ਨਾਨਕ ਨਾਮਿ ਸਦਾ ਸੁਖੁ ਆਗੈ ॥੪॥੮॥ ਪੰਨਾ ੬੬੨
ਧਨਾਸਰੀ ਮਹਲਾ ੩

ਨਾਮ ਦੀ ਕੀਮਤਿ ਮਿਤਿ ਕਹੀ ਨਹੀਂ ਜਾਂਦੀ। ਸੇ ਜਨ ਧੰਨ ਹਨ, ਜਿਨ੍ਹਾਂ ਨੇ ਇਕ ਨਾਮ ਵਿਖੇ ਹੀ ਲਿਵ ਲਾਈ ਹੈ। ਏਹੋ ਸਾਚੀ ਗੁਰਮਤਿ ਹੈ। ਏਹੀ ਸੱਚਾ ਵੀਚਾਰੁ ਹੈ। ਭਾਵ, ਸਾਚੇ ਨਾਮ ਵਿਖੇ ਲਿਵ ਲਾਉਣੀ ਹੀ ਸਾਚੀ ਗੁਰਮਤਿ ਹੈ ਅਤੇ ਸਾਚਾ ਗੁਰਮਤਿ ਵੀਚਾਰੁ ਹੈ। ਹੋਰ ਇਸ ਤੋਂ ਉਪਰ ਕੋਈ ਵਡੇਰਾ ਵੀਚਾਰੁ ਨਹੀਂ।

ਇਸ ਤੇ ਊਪਰਿ ਨਹੀ ਬੀਚਾਰੁ ॥
ਜਾ ਕੈ ਮਨਿ ਬਸਿਆ ਨਿਰੰਕਾਰ ॥੪॥੨੨॥ ਪੰਨਾ ੨੬੨

ਜਿਸ ਨੂੰ ਬਖ਼ਸ਼ਣਹਾਰ ਨਿਰੰਕਾਰੁ ਬਖ਼ਸ਼ਿਸ਼ ਕਰੇ, ਤਿਸ ਨੂੰ ਇਹ ਵੀਚਾਰੁ, ਸੱਚਾ ਗੁਰਮਤਿ ਵੀਚਾਰੁ ਦਿੰਦਾ ਹੈ।

ਆਪਣਾ ਆਪੁ ਛਡ ਕੇ ਸਦਾ ਸੁਖੁ ਹੁੰਦਾ ਹੈ। ਆਪੁ ਛਡ ਕੇ ਗੁਰਮਤਿ ਸਚੁ ਅਰਥਾਤ ਵਾਹਿਗੁਰੂ ਨੂੰ ਸਾਲਾਹਿਆਂ ਪਰਮ ਆਤਮ ਸੁਖੁ ਪ੍ਰਾਪਤਿ ਹੁੰਦਾ ਹੈ। ਏਹ ਸਾਜਨਾ ਸੱਚਾ ਸਿਰਜਨਹਾਰੁ ਆਪੇ ਸਾਜਦਾ ਹੈ। ਤਿਸੁ ਬਿਨੁ ਹੋਰ ਦੂਜਾ ਕੋਈ ਨਹੀਂ। ਜਿਸ ਨੂੰ ਸੱਚਾ ਸਾਹਿਬ ਸਚ ਵਿਖੇ (ਸਚੁ ਨਾਮ ਦੇ ਸਿਮਰਨ ਵਿਖੇ) ਲਾਉਂਦਾ ਹੈ ਸੋਈ ਲਗਦਾ ਹੈ। ਗੁਰੂ ਨਾਨਕ ਸਾਹਿਬ ਮੋਹਰ ਛਾਪ ਲਾਉਂਦੇ ਹਨ ਕਿ ਇਸ ਨਾਮ ਰੂਪ ਸਚ ਦੀ ਸਚੁ ਕਮਾਈ ਦੁਆਰਾ

ਹੀ ਸੱਚੀ ਦਰਗਾਹੇ ਸੱਚਾ ਸੁਖ ਮਿਲਦਾ ਹੈ ।

ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥
ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥
ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥ ੩ ॥

... ............................ ......... . .....

ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥
ਕਹਣੈ ਹਾਥਿ ਨ ਲਭਈ ਸਚਿ ਟਿਕੈ ਪਤਿ ਪਾਇ ॥
ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥ ੫ ॥

... .. .. ................ .. .................... .

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥
ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਥੁ ॥
ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥ ਪੰਨਾ ੬੧-੬੨
ਸਿਰੀ ਰਾਗੁ ਮਹਲਾ ੧

ਆਪੋ ਆਪਣੀਆਂ ਮਨ ਦੀਆਂ ਮਤਾਂ ਕਰਿ ਭਾਵੇਂ ਕੇਤੜੇ ਬੇਗਿਣਤ ਅਕਲਾਂ ਵਾਲੇ ਅਣਗਿਣਤ ਸਿਆਣੇ ਫਿਲਾਸਫਰ ਆਖਣੀਆਂ ਆਖਦੇ ਫਿਰਨਿ ਪ੍ਰੰਤੂ ਸਤਿਗੁਰੂ ਦੀ ਸੁਮਤਿ ਬਿਨਾ ਸਤਿਗੁਰ ਪ੍ਰਸਾਦ ਕਰਿ ਆਈ ਸੁਮੱਤ ਬਿਨਾ 'ਸਚੁ' ਦੀ ਸੂਝ ਬੂਝ ਨਹੀਂ ਹੁੰਦੀ। ਸਤਿਗੁਰੂ ਦੁਆਰਿਓਂ 'ਨਾਮੁ' ਦੀ ਵਡਾਈ ਜਿਨ੍ਹਾਂ ਨੂੰ ਮਿਲਦੀ ਹੈ, ਤਿਨ੍ਹਾਂ ਨੂੰ ਹੀ 'ਸਚੁ' ਦੇ ਆਤਮ ਰੰਗ ਅਤੂੜ ਹੁੰਦੇ ਹਨ। ਇਉਂ ਸਚ-ਰੰਗਿ-ਰਤਿਆਂ ਸੱਚੀ ਪਤਿ ਪਰਤਿਸ਼ਟਾ ਸੱਚੀ ਦਰਗਾਹੇ ਹੁੰਦੀ ਹੈ। ਬਸ ਜੋ ਜਨ ਸੱਚੀ ਦਰਗਾਹੇ ਪਰਵਾਣ ਪੈਂਦੇ ਹਨ, ਸੋਈ ਭਲੇ ਹਨ। ਖੋਟੇ ਖਰੇ ਸੱਚੇ ਦਰਬਾਰ ਵਿਚਿ ਗਇਆਂ ਹੀ ਪਰਖੇ ਜਾਂਦੇ ਹਨ। ਕਿਸੇ ਦਾ ਬਣਾਇਆ ਜਾਂ ਆਪੋਂ ਬਨਿਆਂ ਖੋਟਾ ਖਰਾ, ਝੂਠਾ ਸੱਚਾ ਕੋਈ ਨਹੀਂ ਹੋ ਸਕਦਾ। 'ਸਚੁ' ਦੀ ਤੇ ਸੱਚੇ ਦੀ ਕੀਮਤਿ ਆਪੋਂ ਕਿਸੇ ਤੋਂ ਭੀ ਪੈ ਨਹੀਂ ਸਕਦੀ। ਸਭ ਲੁਕਾਈ ਠੋਕ ਵਜਾਇ ਕੈ ਦੇਖ ਲਈ ਹੈ। ਪਤਿ-ਪਰਵਾਣੇ ਗੁਰਮੁਖ ਜਨ ਦੇ ਘਟ ਅੰਦਰਿ ਹੀ ਸਚੁ ਟਿਕਦਾ ਹੈ। ਐਵੇਂ ਕਹਿਣ ਕਹਾਉਣ ਤੋਂ ਸਚੁ ਨਹੀਂ ਲਭਦਾ, ਹਥਿ ਨਹੀਂ ਆਉਂਦਾ। ਗੁਰਮਤਿ ਸਿਫਤਿ ਸਲਾਹ ਸਲਾਹਿਆਂ ਹੀ ਸਚੁ ਦਾ ਸੁਹਾਵਣਾ ਟੋਲ ਟੋਲਾਈਦਾ ਹੈ। ਹੋਰ ਕੀਮਤਿ ਸੱਚ ਦੀ ਕਹਿਣ ਕਥਨ ਅਗੋਚਰੀ ਹੈ। ਸਰਬੇ ਥਾਈਂ ਏਕੋ ਸੱਚਾ ਰਵਿ ਰਹਿਆ ਹੈ। ਜਿਉਂ ਤਿਸ ਨੂੰ ਭਾਉਂਦਾ ਹੈ ਤਿਵੇਂ ਅਤੇ ਤਿਥੈ ਹੀ ਉਹ ਸਚੁ ਪਦਾਰਥ ਨੂੰ ਰਖਦਾ ਹੈ, ਟੇਕ ਟਿਕਾਉਂਦਾ ਹੈ। ਗੁਰਮਤਿ ਦੁਆਰਾ ਸੱਚਾ ਸਾਹਿਬ ਜਿਸ ਦੇ ਮਨ ਅੰਦਰਿ ਵਸਿ ਆਉਂਦਾ ਹੈ, ਤਿਸੁ ਦੇ ਨਾਮੁ ਰੂਪੀ ਸਚੁ (ਸਚੜਾ ਪਦਾਰਥ) ਸਾਥ ਹੀ ਜਾਂਦਾ ਹੈ। ਨਾਲੇ ਹੀ ਪਰਵਾਨ ਪਈ ਪਰਤਿਸ਼ਟਤਾ ਭੀ ਸਾਥ ਹੀ ਨਿਭਦੀ ਹੈ। ਸਚੈ ਸ਼ਬਦ ਰੂਪੀ 'ਸਚੁ' ਦਾ ਜਾਪ ਜਪਿਆਂ, ਸਚੁ ਨਾਮੁ ਭਾਖੁ ਭਾਖਿਆਂ ਹਉਮੈ ਰੋਗ ਦਾ ਅਭਾਵ ਹੁੰਦਾ ਹੈ, ਐਵੇਂ ਨਹੀਂ।

ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥
ਸਾਚੀ ਬਾਣੀ ਨਾਮ ਪਿਆਰੁ ॥
ਮਨਮੁਖ ਭੂਲੇ ਕਾਹੇ ਆਏ ॥
ਨਾਮਹੁ ਭੂਲੇ ਜਨਮੁ ਗਵਾਏ ॥੧॥
ਜੀਵਤ ਮਰੈ ਮਰਿ ਮਰਣੁ ਸਵਾਰੈ ॥
ਗੁਰ ਕੈ ਸਬਦਿ ਸਾਚੁ ਉਰਿਧਾਰੈ ॥ ੧ ॥ ਰਹਾਉ ॥
ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥
ਮਨੁ ਨਿਰਮਲੁ ਸਦ ਗੁਣੀ ਗਹੀਰਾ ॥
ਜੰਮੈ ਮਰੈ ਨ ਆਵੈ ਜਾਇ ॥
ਗੁਰ ਪਰਸਾਦੀ ਸਾਚਿ ਸਮਾਇ ॥ ੨ ॥
ਸਾਚਾ ਸੇਵਹੁ ਸਾਚੁ ਪਛਾਣੈ ॥
ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥
ਦਰਿ ਸਾਚੈ ਸਚੁ ਸੋਭਾ ਹੋਇ ॥
ਨਿਜ ਘਰਿ ਵਾਸਾ ਪਾਵੈ ਸੋਇ ॥ ੩ ॥
ਆਪਿ ਅਭੁਲੁ ਸਚਾ ਸਚੁ ਸੋਇ ॥
ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥
ਸਾਚਾ ਸੇਵਹੁ ਸਾਚੀ ਬਾਣੀ ॥
ਨਾਨਕ ਨਾਮੇ ਸਾਚਿ ਸਮਾਣੀ ॥੪॥੬॥ ਪੰਨਾ ੧੧੭੪-੭੫

ਬਸੰਤੁ ਮਹਲਾ ੩

ਨਾਮ ਦੇ ਰੰਗਾਂ ਵਿਚਿ ਰਤੇ ਗੁਰਮੁਖ ਜਨ ਪਰਵਾਰੇ ਸਾਧਾਰ ਹੁੰਦੇ ਹਨ। ਉਹ ਕਈ ਕੁਲਾਂ ਦਾ ਭੀ ਉਧਾਰ ਕਰ ਦਿੰਦੇ ਹਨ। ਸੱਚੀ ਬਾਣੀ ਦੁਆਰਾ ਤਿਨ੍ਹਾਂ ਦਾ ਨਾਮ ਨਾਲਿ ਪਿਆਰ ਪਰਚਾ ਲਗਦਾ ਹੈ। ਨਾਮ ਤੋਂ ਭੁੱਲੇ ਹੋਏ ਜਿਤਨੇ ਭੀ ਪੁਰਸ਼ ਹਨ, ਸੋ ਮਨਮੁਖ ਹਨ। ਓਹਨਾਂ ਦਾ ਜਗ ਤੇ ਆਉਣਾ ਨਿਸਫਲ ਹੀ ਜਾਂਦਾ ਹੈ, ਐਵੇਂ ਅਜਾਈਂ ਹੀ ਮਨਮਖ ਜਨਮ ਗੰਵਾ ਲੈਂਦੇ ਹਨ। ਗੁਰ ਕੇ ਸ਼ਬਦ (ਗੁਰਦੀਖਿਆ, ਗੁਰ ਮੰਤ੍ਰ) ਦੁਆਰਾ ਜੇਹੜੇ ਗੁਰਮੁਖ ਜਨ, 'ਸਚੁ' ਨੂੰ ਹਿਰਦੇ ਵਿਚਿ ਧਾਰਦੇ ਹਨ, ਓਹ ਜੀਉਂਦੇ ਜੀ ਮਰ ਕੇ ਆਪਣਾ ਮਰਣ ਸੰਵਾਰਦੇ ਹਨ। ਰਹਾਉ। ਗੁਰਮੁਖਾਂ ਦਾ ਸੱਚਾ ਭੋਜਨ ਸਚੁ ਅਰਥਾਤ ਨਾਮੁ ਹੀ ਹੈ। ਇਸ ਨਾਮੁ ਰੂਪੀ ਸਚੁ ਅਹਾਰੁ ਕੀਤਿਆਂ ਸਰੀਰੁ ਪਵਿਤ੍ਰ ਹੋ ਜਾਂਦਾ ਹੈ ਅਤੇ ਪਵਿਤ੍ਰ ਰਹਿੰਦਾ ਹੈ। ਮਨੁ ਐਸਾ ਨਿਰਮਲ ਹੋਇ ਆਵੰਦਾ ਹੈ ਕਿ ਉਸ ਵਿਚਿ ਨਿਰੇ ਗੁਰਮਤਿ ਗੁਣ ਹੀ ਗੁਣ ਵਸਦੇ ਹਨ। ਤਾਹੀਂ ਤੇ ਗੁਰਮੁਖਾਂ, ਨਾਮ ਜਪਣ ਹਾਰਿਆਂ (ਸਾਚ ਸੰਚਨਹਾਰਿਆਂ) ਦਾ ਮਨੁ ਗੁਣੀ ਗਹੀਰਾ ਮਨੁ ਹੁੰਦਾ ਹੈ। ਓਹ ਨਾ ਜੰਮਦੇ ਹਨ, ਨਾ ਮਰਦੇ ਹਨ, ਨਾ ਮੁੜਿ ਮੁੜਿ ਜੂਨਾਂ ਵਿਚਿ ਆਉਂਦੇ ਜਾਂਦੇ ਹਨ। ਗੁਰਪ੍ਰਸਾਦੀ ਸਚ (ਨਾਮੀ ਵਾਹਿਗੁਰੂ) ਵਿਚਿ ਹੀ

ਸਮਾਇ ਜਾਂਦੇ ਹਨ। ਸਾਚਾ ਨਾਮ ਸੇਵਨ ਸਿਮਰਨਹਾਰੇ ਹੀ ਸਾਚੁ ਪਛਾਣ ਸਕਦੇ ਹਨ। ਹੋਰ ਕਿਸੇ ਨੂੰ 'ਸਚੁ' ਦੀ ਪਛਾਣ ਨਹੀਂ ਆਉਂਦੀ। ਗੁਰ ਕੇ ਸ਼ਬਦ (ਗੁਰਮੰਤ੍ਰ) ਦੁਆਰਾ ਕਮਾਈਆਂ ਕਰਿ ਧੁਰਿ ਸਚੇ ਦਰਬਾਰ ਪੁਜ ਕੇ ਜਾ ਡੰਕਾ ਬਜਾਉਂਦੇ ਹਨ। ਸਚੇ ਵਾਹਿਗੁਰੂ ਦੀ ਸੱਚੀ ਦਰਗਾਹੇ ਗਇਆਂ ਸੱਚ ਦੀ ਸੋਭਾ ਹੁੰਦੀ ਹੈ। ਐਸੇ ਗੁਰਮਤਿ ਸਚੁ-ਨਿਧਾਨੀ, ਸੋਭਾ ਵਾਲਿਆਂ ਦਾ ਹੀ ਨਿਜ ਘਰਿ ਵਾਸਾ ਹੁੰਦਾ ਹੈ। ਸਾਚਾ ਵਾਹਿਗੁਰੂ ਹੀ ਤੱਤ ਸਚੁ ਹੈ। ਆਪਿ ਅਭੁਲ ਹੈ ਅਤੇ ਜੋ ਇਸ 'ਸਚੁ' ਵਿਚਿ ਸਮਾਇਕੈ ਤਦ ਰੂਪ ਹੋ ਜਾਂਦਾ ਹੈ, ਉਹ ਭੀ ਭੁਲਣ ਵਿਚਿ ਨਹੀਂ ਆਉਂਦਾ। ਇਸ ਸਚੋਂ ਭੁਲੇ ਹੋਰ ਸਭ ਦੂਜੇ ਭਾਇ ਚੋਟਾਂ ਖਾਂਦੇ ਹਨ ਅਤੇ ਆਪਣੀ ਪਤਿ ਖੋਇ ਬੈਂਹਦੇ ਹਨ। ਤਾਂ ਤੇ ਸਾਚੀ ਬਾਣੀ ਰਾਹੀਂ ਸਾਚਾ ਹੀ (ਅਰਥਾਤ ਸਚੁ ਨਾਮ ਹੀ) ਸੇਵਨਾ ਸਿਰਮਨਾ ਲੋੜੀਂਦਾ ਹੈ। ਨਾਮੁ ਸੇਵਨ ਕਰਿ ਹੀ 'ਸਚੁ' ਵਿਖੇ ਸਮਾਈਦਾ ਹੈ।

ਪੂਰੈ ਭਾਗਿ ਸਚੁ ਕਾਰ ਕਮਾਵੈ ॥
ਏਕੋ ਚੇਤੈ ਫਿਰਿ ਜੋਨਿ ਨ ਆਵੈ ॥
ਸਫਲ ਜਨਮੁ ਇਸ ਜਗ ਮਹਿ ਆਇਆ ॥
ਸਾਚਿ ਨਾਮਿ ਸਹਜਿ ਸਮਾਇਆ ॥ ੧ ॥
ਗੁਰਮੁਖਿ ਕਾਰ ਕਰਹੁ ਲਿਵ ਲਾਇ ॥
ਹਰਿ ਨਾਮੁ ਸੇਵਹੁ ਵਿਚਹੁ ਆਪੁ ਗਵਾਇ ॥ ੧ ॥ ਰਹਾਉ ॥
ਤਿਸੁ ਜਨ ਕੀ ਹੈ ਸਾਚੀ ਬਾਣੀ ॥
ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥
ਚਹੁ ਜੁਗ ਪਸਰੀ ਸਾਚੀ ਸੋਇ ॥
ਨਾਮਿ ਰਤਾ ਜਨੁ ਪਰਗਟੁ ਹੋਇ ॥ ੨ ॥
ਇਕਿ ਸਾਚੈ ਸਬਦਿ ਰਹੇ ਲਿਵ ਲਾਇ ॥
ਸੇ ਜਨ ਸਾਚੇ ਸਾਚੈ ਭਾਇ ॥
ਸਾਚੁ ਧਿਆਇਨਿ ਦੇਖਿ ਹਜੂਰਿ ॥
ਸੰਤ ਜਨਾ ਕੀ ਪਗ ਪੰਕਜ ਧੂਰਿ ॥ ੩ ॥
ਏਕੋ ਕਰਤਾ ਅਵਰੁ ਨ ਕੋਇ ॥
ਗੁਰ ਸਬਦੀ ਮੇਲਾਵਾ ਹੋਇ ॥
ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥
ਨਾਨਕ ਸਹਜੇ ਨਾਮਿ ਸਮਾਇਆ ॥੪॥੭॥ ਪੰਨਾ ੧੧੭੪

ਬਸੰਤੁ ਮਹਲਾ ੩

ਸਚੁ ਕਾਰ ਕਮਾਵਣੀ 'ਸਚੁ' ਨਾਮ ਨੂੰ ਚੇਤਨਾ ਹੈ। ਕੋਈ ਵਿਰਲਾ ਗੁਰਮੁਖ ਜਨ ਹੀ

ਪੂਰੇ ਭਾਗਾਂ ਕਰਕੇ ਸਚੁ ਕਾਰ ਕਮਾਵੰਦਾ ਹੈ, ਅਰਥਾਤ ਇਕ ਗੁਰਮਤਿ ਨਾਮ ਨੂੰ ਚੇਤਦਾ ਹੈ। ਜੋ ਇਕ ਨਾਮ ਦਾ ਹੀ ਚੇਤਨ ਅਰਾਧਨ ਸਿਮਰਨ ਕਰਦਾ ਹੈ,ਉਹ ਫੇਰ ਮੁੜ ਕੇ ਜੂਨਾਂ ਵਿਚਿ ਨਹੀਂ ਆਉਂਦਾ। ਜੋ ਸਾਚੁ ਨਾਮ ਦੀ ਕਮਾਈ ਕਰਕੇ ਸਹਜ ਅਵਸਥਾ ਵਿਖੇ ਸਮਾਇ ਗਇਆ ਹੈ ਉਸਦਾ ਸਫਲ ਜਨਮ ਹੈ, ਉਸਦਾ ਜਗਿ ਆਇਆ (ਜਗ ਵਿਚਿ ਆਉਣਾ) ਸਫਲ ਹੈ। ਵਾਹਿਗੁਰੂ ਨਾਮ ਅਭਿਆਸ ਰੂਪੀ ਗੁਰਮੁਖ ਕਾਰ, ਲਿਵ ਲਾਇਕੈ ਕੀਤਿਆਂ ਹੀ ਆਪਾ ਭਾਵ ਦੀ ਹਉਮੈ ਦੀ ਕਾਈ ਬਿਨਾਸ ਹੁੰਦੀ ਹੈ। ਤਿਸ ਜਨ ਦੀ ਸੱਚੀ ਰਾਸ ਗੁਰਬਾਣੀ ਹੈ,ਜੋ ਇਕ ਗੁਰਮੁਖ ਜਨ ਦੀ ਗੁਰ ਸ਼ਬਦ ਕਮਾਈ ਦੁਆਰਾ ਸਾਰੇ ਜਗਤ ਵਿਚਿ ਪਰਸਿਧ ਹੋ ਜਾਂਦੀ ਹੈ। ਉਸਦੀ ਚਹੁੰ ਜੁਗਾਂ ਵਿਚਿ ਸੱਚੀ ਸੋਇ ਪਸਰ ਜਾਂਦੀ ਹੈ। ਨਾਮ ਰਤਾ ਜਨ ਗੁੱਝਾ ਨਹੀਂ ਰਹਿੰਦਾ, ਉੱਘਾ ਹੋ ਜਾਂਦਾ ਹੈ। ਓਹੀ ਇਕ ਐਸੇ ਉਘੇ ਪੁਰਖ ਹੋ ਜਾਂਦੇ ਹਨ ਜੋ ਅਠੇ ਪਹਿਰ ਸਾਚੇ ਸ਼ਬਦ ਅਭਿਆਸ ਵਿਖੇ ਹੀ ਲਿਵ ਲਾਈ ਰਖਦੇ ਹਨ। ਜੋ ਸੱਚੇ ਵਾਹਿਗੁਰੂ ਨੂੰ ਭਾਉਂਦੇ ਹਨ ਸੇਈ ਜਨ ਸੱਚੇ ਕਹਾਉਂਦੇ ਹਨ। ਤਿਨ੍ਹਾਂ ਸਚਿਆਂ ਦੀ ਹੀ ਨੀਸ਼ਾਨੀ ਹੈ ਕਿ ਓਹ ਅਨਦਿਨ ਸਾਚੁ (ਸਚੁ ਨਾਮੁ ਨੂੰ)ਹੀ ਧਿਆਉਂਦੇ ਹਨ। ਅਤੇ ਨਾਮੀ ਵਾਹਿਗੁਰੂ ਰੂਪੀ ਸਚੁ ਨੂੰ, ਵਾਹਿਗੁਰੂ ਦੇ ਸਚੁ ਸਰੂਪ ਨੂੰ ਸਨਮੁਖ ਦੇਖ ਕੇ, ਹਾਜ਼ਰਾ ਹਜ਼ੂਰ ਦੇਖ ਕੇ ਸਚੁ ਨੂੰ ਧਿਆਉਂਦੇ ਹਨ। ਐਸੇ ਸਨਮੁਖ ਦੀਦਾਰੀਏ (ਦੀਦਾਰ ਕਰਨਹਾਰੇ) ਹੋਇ ਕੈ ਸਰਬ ਸੰਤ ਜਨਾਂ ਗੁਰਮੁਖ ਸਿਖਾਂ ਦੀ ਪਗ ਪੰਕਜ ਧੂਰ ਹੀ ਬਣਿ ਰਹਿੰਦੇ ਹਨ। ਏਹੋ ਤਾਂ ਗੁਰਮਤਿ ਨਾਮ ਕਮਾਈ ਦਾ ਵਾਧਾ ਹੈ, ਕਿ ਜਿਉਂ ਜਿਉਂ ਗੁਰਮੁਖ ਜਨ ਗੁਰਮਤਿ ਨਾਮ ਅਭਿਆਸ ਕਮਾਈ ਕਰਦੇ ਹਨ,ਤਿਉਂ ਤਿਉਂ ਤਿਨ੍ਹਾਂ ਦੇ ਹਿਰਦੇ ਵਿਚਿ ਗਰੀਬੀ ਆਉਂਦੀ ਹੈ। ਅਤੇ ਹਉਮੈ ਅਭਿਮਾਨ ਦੀ ਕਾਈ ਦੂਰ ਹੁੰਦੀ ਜਾਂਦੀ ਹੈ। ਐਥੋਂ ਤਾਂਈਂ ਕਿ ਸੂਖਮ ਤੋਂ ਸੂਖਮ ਹਉਮੈ ਭੀ ਓਹਨਾਂ ਅੰਦਰਿ ਨਹੀਂ ਰਹਿੰਦੀ। ਸਭ ਦਾ ਕਰਤਾ ਕਰਨਹਾਰ ਕਰਤਾਰੁ ਇਕੋ ਵਾਹਿਗੁਰੂ ਹੀ ਹੈ, ਦੂਜਾ ਹੋਰ ਕੋਈ ਨਹੀਂ। ਗੁਰ ਸ਼ਬਦ ਦੀ ਕਮਾਈ ਦੁਆਰਾ ਤਿਸ ਨਾਲਿ ਮੇਲਾਵਾ ਹੁੰਦਾ ਹੈ। ਜਿਸ ਨੇ ਸਚੁ ਸੇਵਿਆ ਹੈ ਤਿਸੇ ਨੂੰ ਹੀ 'ਸਚੁ'-ਮੇਲਾਵੇ ਦਾ ਸਚੇ ਵਾਹਿਗੁਰੂ ਮਿਲਣ ਦਾ ਸੱਚਾ ਰਸ ਆਇਆ ਹੈ। ਸੋਈ ਜਨ ਸਹਜੇ ਨਾਮ ਵਿਖੇ ਸਮਾਇਆ ਹੈ। ਏਹ ਗੁਰੂ ਨਾਨਕ ਸਾਹਿਬ ਦੇ ਘਰ ਦਾ ਬਿਰਦ ਹੈ।

੧੩

# ਗੁਰਮਤਿ ਹੀ ਸੱਚਾ ਧਰਮ ਹੈ

ਦਰਸਨ ਕੀ ਪਿਆਸ ਜਿਸੁ ਨਰੁ ਹੋਇ ॥
ਏਕਤੁ ਰਾਚੈ ਪਰਹਰਿ ਦੋਇ ॥
ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥
ਤੇਰੇ ਦਰਸਨ ਕਉ ਕੇਤੀ ਬਿਲਲਾਇ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ॥
ਬੇਦ ਵਖਾਣਿ ਕਹਹਿ ਇਕੁ ਕਹੀਐ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥
ਏਕੋ ਕਰਤਾ ਜਿਨਿ ਜਗੁ ਕੀਆ ॥
ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥
ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥
ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵਤਾਰ ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥
ਏਕੋ ਤਖਤੁ ਏਕੋ ਪਾਤਸਾਹੁ ॥
ਸਰਬੀ ਥਾਈ ਵੇਪਰਵਾਹੁ ॥
ਤਿਸ ਕਾ ਕੀਆ ਤ੍ਰਿਭਵਣ ਸਾਰੁ ॥
ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥

ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥ ੬ ॥
ਏਕਾ ਭਗਤਿ ਏਕੋ ਹੈ ਭਾਉ ॥
ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥
ਹਰਿ ਰਸਿ ਰਾਤਾ ਜਨੁ ਪਰਵਾਣੁ ॥ ੭ ॥
ਇਤ ਉਤ ਦੇਖਉ ਸਹਜੇ ਰਾਵਉ ॥
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥
ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥ ਪੰਨਾ ੧੧੮੮-੮੯
ਬਸੰਤੁ ਮਹਲਾ ੧

ਵਿਆਖਿਆ :—ਜਿਸ ਜਨ ਨੂੰ ਦਰਸਨ ਦੀ ਪਿਆਸ ਹੈ, ਸੱਚ ਪ੍ਰੀਤਮ ਵਾਹਿਗੁਰੂ ਦੇ ਦਰਸ਼ਨ ਦੀ ਸੱਚੀ ਪਿਆਸ ਹੈ, ਤਿਸਨੂੰ ਹੀ ਸੱਚ ਦੀ ਤਲਾਸ਼ ਦੀ ਸੱਚੀ ਲਿੱਲ ਲਗੀ ਜਾਣੀਏ। ਜਿਸ ਨਰ ਨੂੰ ਇਸ ਪਿਆਸ ਤਲਾਸ਼ ਦੀ ਸੱਚੀ ਲਿੱਵ ਲੱਗੀ ਹੈ, ਉਹ ਸਚ ਨੂੰ ਸਾਂਗੋ ਪਾਂਗ ਦੇਖੇ ਬਿਨਾ, ਸੱਚ ਪ੍ਰੀਤਮ ਦਰਸਨ ਨੂੰ ਸਾਮਰਤਖ ਦੇਖੇ ਬਿਨਾ ਪਤਿਆਉਂਦਾ ਨਹੀਂ । ਉਹ ਇਕੋ ਸੱਚ ਦਰਸ਼ਨ ਦੀ ਤਲਾਸ਼ ਬਿਨਾ ਹੋਰ ਕਿਸੇ ਦੂਜੇ ਭਾਵ ਦੀ ਤਲਾਸ਼ ਵਲ ਧਾਂਵਦਾ ਹੀ ਨਹੀਂ, ਨ ਕਿਤੇ ਵਲ ਰਚਦਾ ਮਿਚਦਾ ਹੈ, ਏਕਤ ਸੱਚ ਪ੍ਰੀਤਮ ਦੀ ਦਰਸ ਪਿਆਸ ਆਸ ਵਿਚ ਰਚਿਆ ਰਹਿੰਦਾ ਹੈ। ਗੁਰੂ ਘਰ ਵਿਖੇ, ਗੁਰਮਤਿ ਵਿਖੇ ਜੋ ਇਕ ਅਕਾਲ ਦੀ ਪ੍ਰੇਮ-ਭਗਤੀ ਪਰਧਾਨ ਹੈ, ਏਹੋ ਇਕੋ ਸਚ ਦੀ ਸੱਚੀ ਤਲਾਸ਼ ਹੈ। ਇਕ ਪ੍ਰੀਤਮੀ 'ਸਚੁ' ਦੀ ਪਿਆਸ ਜਿਸ ਨਰ ਨੂੰ ਪਰਬਲ ਹੋ ਕੇ ਲਗੀ ਹੋਈ ਹੈ, ਉਹ ਸਚੁ ਦਾ ਸੱਚਾ ਖੋਜੀ ਹੋ ਕੇ ਜਦ ਪੂਰਬਲੇ ਭਾਗ ਉਦੇ ਹੋਣ ਪਰ ਗੁਰੂ ਘਰ ਵਲ ਆਉਣ ਦੀ ਗੁਰਮਤਿ ਓਰਿ ਰੁਚੀ ਰੁਚਾਉਂਦਾ ਹੈ ਤਾਂ ਏਥੇ ਉਸਦੀ ਪਿਆਸ ਦੂਰ ਹੋਣ ਦਾ ਦਾਰੂ ਮਿਲਦਾ ਹੈ। ਏਹ ਦਾਰੂ ਅੰਮ੍ਰਿਤ ਨਾਮੁ ਹੈ, ਜੋ ਗੁਰੂ ਦੁਆਰਿਓਂ ਪੰਜਾਂ ਪਿਆਰਿਆਂ ਰਾਹੀਂ ਮਿਲਦਾ ਹੈ। ਇਸ ਅੰਮ੍ਰਿਤ ਨਾਮ ਨੂੰ ਜਿਉਂ ਜਿਉਂ ਉਹ ਗੁਰਮੁਖ ਜਨ ਸੁਆਸ ਅਭਿਆਸੀ ਸ਼ਬਦ ਬਿਲੋਵਨੇ ਦੁਆਰਾ ਰਿੜਕ ਬਿਲੋਇਕੈ (ਮਥ ਕੇ) ਤੱਤ ਮਾਖਨ ਦੀ ਨਿਆਈਂ ਨਿਆਰਾ ਕਢ ਲੈਂਦਾ ਅਤੇ ਨਿਆਰਾ ਕਢ ਕੇ ਇਸ ਅੰਮ੍ਰਿਤ ਨਾਮ ਰੂਪੀ ਤਤ ਮਾਖਣ ਦੇ ਗਟਾਕ ਜਿਉਂ ਜਿਉਂ ਉਹ ਭੁੰਚਦਾ ਹੈ, ਤਿਉਂ ਤਿਉਂ ਉਸਦੇ ਬਿਰਹੇ-ਦਾਹਨੀ ਪਿਆਸ ਦੇ ਦਰਦ ਦੂਰ ਹੁੰਦੇ ਜਾਂਦੇ ਹਨ। ਐਥੋਂ ਤਕ ਕਿ ਉਹ ਗੁਰਮੁਖ ਜਨ ਇਕੋ ਰੂਪ ਸਰੂਪੀ ਦਰਸਨ ਵਿਚਿ ਹੀ ਸਮਾਇ ਜਾਂਦਾ ਹੈ । ਏਥੇ 'ਸਚੁ' ਦਾ ਪਰਤੱਖ ਦਰਸ਼ਨ ਉਸਨੂੰ ਹੁੰਦਾ ਹੈ। ਏਥੇ 'ਸਚੁ'-ਦਰਸ਼ਨ ਦੀ ਪਿਆਸ ਉਸ ਦੀ ਮਿਟਦੀ ਹੈ। ਏਥੇ ਪੁਜ ਕੇ ਉਸ ਦੀ 'ਸਚੁ'-ਦਰਸ਼ਨੀ ਤਲਾਸ਼ ਦੀ ਘਾਲ ਥਾਇ ਪੈਂਦੀ ਹੈ।

ਹੇ ਵਾਹਿਗੁਰੂ ਸਚੇ ! ਤੂੰਹੀ 'ਸਚੁ' ਹੈਂ । ਤੂੰ ਸਚੁ ਦਰਸ਼ਨ ਹੈਂ । ਤੇਰਾ ਦਰਸ਼ਨ ਹੀ ਸਚੁ ਹੈ । ਇਸ ਤੇਰੇ ਸਚੁ ਦਰਸ਼ਨ ਨੂੰ ਹੋਰ ਕੇਤੀ ਬਿਲਲਾਉਂਦੀ ਫਿਰਦੀ ਹੈ । ਪਰ ਇਸ ਦਰਸ਼ਨ ਨੂੰ ਵਿਰਲਾ ਕੋਈ ਗੁਰਮੁਖ ਜਨ ਹੀ ਚੀਨਦਾ ਹੈ, ਅਤੇ ਚੀਨਦਾ ਹੈ ਗੁਰਸ਼ਬਦ ਕਮਾ ਕੇ । ਜਿਸ ਨੂੰ ਗੁਰੂ ਘਰ ਪ੍ਰਾਪਤਿ ਹੋਣ ਪਰ ਗੁਰੂ ਦੁਆਰਿਓਂ ਗੁਰਦੀਖਿਆ ਗੁਰਸ਼ਬਦ ਮੰਤ੍ਰ ਦੀ ਮਿਲਦੀ ਹੈ, ਉਹੀ ਸਚੁ ਸ਼ਬਦੁ ਨੂੰ ਕਮਾ ਸਕਦਾ ਹੈ । 'ਸਚੁ ਸਬਦੁ' ਦੀਆਂ ਅਭਿਆਸ ਕਮਾਈਆਂ ਕਰ ਕੇ ਤੱਤ ਸਚੁ, ਅਰਥਾਤ, ਸੱਚੇ ਵਾਹਿਗੁਰੂ ਦੇ ਦਰਸ਼ਨ ਨੂੰ ਹੀ ਜਾਇ ਪ੍ਰਾਪਤਿ ਹੁੰਦਾ ਹੈ । ਬੇਦ ਉਪਨਿਸ਼ਦ ਆਦਕ ਆਨਮਤ ਫਿਲਾਸਫੀਆਂ ਕਥਨੀ ਕਥਿ ਕਥਿ ਕਹਿੰਦੀਆਂ ਹਨ ਅਤੇ ਨਿਰੇ ਅਨੁਮਾਨ ਦੁਆਰਾ ਓਪਰਾ ਜੇਹਾ ਇਕ ਅੱਧ ਖ਼ਿਆਲ ਅਕਾਲ ਪੁਰਖ ਦੀ ਹੋਂਦ ਦਾ ਜਣਾਉਂਦੀਆਂ ਹਨ । ਪਰ ਉਹ ਬੇਅੰਤ ਹੈ । ਉਸ ਬੇਅੰਤ ਦਾ ਅੰਤ ਏਹਨਾਂ ਅਨਮਾਨਾਂ ਦੁਆਰਾ ਕਿਸੇ ਨੂੰ ਵੀ ਕਿਵੇਂ ਆ ਸਕਦਾ ਹੈ ? ਸ੍ਰਿਸ਼ਟੀ ਰਚਨਹਾਰ, ਸਭ ਰਚਨਾ ਰਚਨਹਾਰ ਕਰਤੇ ਪੁਰਖ ਦੀ ਗਤਿ ਮਿਤ ਨੂੰ ਉਸਦਾ ਕੀਤਾ ਹੋਇਆ (ਰਚਿਆ ਹੋਇਆ) ਅਲਪਗ ਜੰਤੂ ਆਪਣੀ ਅਲਪਗ ਬੁਧੀ ਦੁਆਰਾ ਕੀ ਜਾਣ ਸਕਦਾ ਹੈ ? ਜਿਸ ਕਰਨਹਾਰ ਕਰਤਾਰ ਦੀ ਏਵਡ ਕਲਾ ਹੈ ਕਿ ਉਸ ਨੇ ਧਰਤ ਆਕਾਸ਼ ਨੂੰ ਸਾਜ ਕੇ ਬਿਨਾਂ ਥੰਮਾਂ ਦੇ ਥੰਮਿਆ ਹੋਇਆ ਹੈ, ਉਸ ਸਰਬ ਕਲਾ ਸਮਰੱਥ 'ਸਚੁ' ਦੇ ਸਚੇ ਸਮਰਥਾਵਾਨ ਸਾਹਿਬ ਦੇ ਅਪ੍ਰੋਕਸ਼ ਦਰਸ਼ਨ ਮਹਿਜ਼ ਕਿਆਸੀ ਅਨੁਮਾਨਾਂ ਦੁਆਰਾ ਕੋਈ ਕਿਵੇਂ ਪਾ ਸਕਦਾ ਹੈ ? ਇਸ ਏਕੋ 'ਸਚੁ' ਦਾ ਦਰਸ਼ਨ ਕੇਵਲ ਗੁਰਮਤਿ ਦੁਆਰਾ ਹੀ ਪਰਤੱਖ ਕੀਤਾ ਜਾ ਸਕਦਾ ਹੈ । ਗੁਰਮਤਿ ਹੀ ਅਕਾਲ ਪੁਰਖੁ ਰੂਪ ਸਚੁ ਦੀ ਹੋਂਦ ਨੂੰ ਨਿਸਚੇ ਕਰਾਂਦੀ ਹੈ । ਗੁਰਮਤਿ ਹੀ ਇਸ ਇਕ ਸਚੁ ਦੇ ਅਪ੍ਰੋਕਸ਼ ਗਿਆਨ ਨੂੰ ਦ੍ਰਿੜਾਉਂਦੀ ਹੈ । ਗੁਰਮਤਿ ਰੂਪੀ ਇਕੋ ਸੱਚਾ ਧਿਆਨ ਗੁਰਮਤਿ ਧੁਨਿ ਬਾਣੀਆਂ ਦਾ ਏਕੋ ਸਚਾ ਸਬਦ ਨੀਸਾਣੁ, ਇਕੁ ਨਿਰਾਲਮ ਅਕਾਲ ਪੁਰਖ ਦੀ ਅਕੱਥ ਕਹਾਣੀ ਨਿਰੂਪਣ ਕਰਾ ਸਕਦਾ ਹੈ । ਪੂਰੇ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੇ ਘਰ ਤੋਂ ਹੀ 'ਸਚੁ' ਦੇ ਸਚੁ-ਗਿਆਨ ਦਾ ਜਾਨਣਾ ਜਾਣਿਆ ਜਾ ਸਕਦਾ ਹੈ । ਏਕੋ ਸੱਚਾ ਧਰਮੁ ਹੈ ਤਾਂ ਏਹੀ ਗੁਰਮਤਿ ਸਚੁ ਹੈ । ਪਰ ਇਸ ਗੁਰਮਤਿ ਨੂੰ ਕੋਈ ਵਿਰਲਾ ਗੁਰਮੁਖ ਜਨ ਹੀ ਇਸ ਏਕੋ ਸਚੁ ਧਰਮੁ ਨੂੰ ਦ੍ਰਿੜੁ ਕਰਕੇ ਧਾਰਨ ਕਰਦਾ ਹੈ । ਇਹੀ ਏਕੋ ਗੁਰਮਤਿ ਸਚੁ ਧਰਮ ਹੀ ਜੁਗਾਂ ਜੁਗਾਤਰਾ ਵਿਖੇ ਪੂਰਾ ਉਤਰਨ ਵਾਲਾ ਧਰਮੁ ਹੈ । ਜੇਹੜਾ ਗੁਰਮੁਖ ਜਨ ਇਸ ਗੁਰਮਤਿ ਧਰਮ ਨੂੰ ਧਾਰਨ ਕਰਕੇ ਅਨਹਦ ਇਕ ਲਿਵ ਤਾਰ ਵਿਖੇ ਰਤਿਆ ਗਿਆ ਹੈ, ਓਹੀ ਗੁਰਮੁਖ ਜਨ ਅਲੱਖ ਅਪਾਰ ਪਾਰਬ੍ਰਹਮ ਦੇ ਸਚੁ ਦਰਸ਼ਨ ਨੂੰ ਪ੍ਰਾਪਤਿ ਹੁੰਦਾ ਹੈ । ਇਸ ਏਕੋ 'ਸਚੁ'-ਦਰਸ਼ਨ ਦਾ ਪਰਤੱਖ ਪੇਖਣਹਾਰਾ, ਸਚ ਖੰਡ ਦਾ ਸਾਮਰਤਖ ਨਜ਼ਾਰਾ ਸਾਂਗੋ ਪਾਂਗ ਪੇਖਦਾ ਹੈ "ਏਕੋ ਤਖਤੁ ਏਕੋ ਪਾਤਸਾਹੁ" ॥ ਇਕੋ ਸਚੇ ਪਾਤਸ਼ਾਹ ਨੂੰ ਸਚੇ ਸਚਖੰਡੀ ਤਖਤ ਉਤੇ ਬ੍ਰਾਜਮਾਨ ਦੇਖਦਾ ਹੋਇਆ, ਸਰਬ ਥਾਈਂ ਸਗਲੀ ਖੰਡੀਂ ਬ੍ਰਹਮੰਡੀਂ ਰਵਿਆ ਹੋਇਆ ਭੀ ਉਸੇ ਏਕੋ ਦ੍ਰਿਸ਼ਟ ਨਾਲਿ ਓਥੇ ਏਕੋ ਵੇਪਰਵਾਹ ਸਚੇ ਪਾਤਸ਼ਾਹ ਨੂੰ ਹਾਜ਼ਰਾ ਹਜ਼ੂਰ ਦੇਖਦਾ ਹੈ । ਤਿਸ ਸਚੇ ਸਿਰਜਨਹਾਰ ਦੇ ਤ੍ਰਿਭਵਣ ਪਸਾਰੇ ਵਿਚਿ ਭੀ ਨਿਆਰਾ ਸਚੁ ਸਾਰ ਪਦਾਰਥ ਨਦਰੀ ਆਉਂਦਾ ਹੈ । "ਓਹੁ ਅਗਮੁ ਅਗੋਚਰੁ ਏਕੰਕਾਰੁ"

ਹੀ ਸਚੁ ਹੈ। ਏਕੰਕਾਰ ਦੀ ਏਕਾ ਅਕਾਲ ਮੂਰਤਿ ਦੀ ਉਪਾਸ਼ਨਾ ਏਕਾ ਸਚੇ ਗੁਰਮਤਿ 'ਨਾਮੁ' ਦੁਆਰਾ ਹੀ ਵੇਹਤ ਹੈ। ਤਿਥੈ, ਅਕਾਲਪੁਰਖ ਦੀ ਸੱਚੀ ਦਰਗਾਹ ਵਿਖੇ ਹੀ 'ਸਚੁ' ਦਾ ਨਿਆਉਂ ਨਿਬੜਦਾ ਹੈ। ਨਾਮੁ ਹੀ ਸਚੁ ਹੈ। ਨਾਮ ਦੀ ਸਚੁ ਕਰਨੀ ਕਰਕੇ ਸੱਚੀ ਦਰਗਾਹੇ ਪਤਿ ਪਰਵਾਣ ਪੈਂਦੀ ਹੈ ਅਤੇ ਸੱਚੀ ਦਰਗਾਹ ਵਿਖੇ ਹੀ ਮਾਨ ਪਾਈਦਾ ਹੈ। ਇਕੋ 'ਸਚੁ ਨਾਮੁ' ਗੁਰਮਤਿ ਨਾਮ ਅਭਿਆਸ ਦੁਆਰਾ ਕੀਤੀ ਕਮਾਈ ਕਰਨੀ ਵਾਲੀ ਭਾਉ ਭਗਤੀ ਹੀ ਸੱਚੀ ਭਾਉ ਭਗਤੀ ਹੈ। ਇਸ ਸੱਚੀ ਭੈ ਭਗਤੀ ਬਿਹੂਣ ਬਸ, ਆਵਣ ਜਾਣਾ ਹੀ ਬਣਿਆ ਰਹਿੰਦਾ ਹੈ। ਗੁਰੂ ਦੀਖਿਆ, ਗੁਰੂ ਬਾਣੀ ਦੀ ਮਤਿ ਲੈ ਕੇ ਆਪਣੇ ਆਪ ਨੂੰ ਇਸ ਜਗ ਜਹਾਨ ਵਿਖੇ ਰਹਿੰਦਿਆਂ ਹੋਇਆਂ ਭੀ ਮੇਹਮਾਣ (ਮੁਸਾਫ਼ਰ, ਪ੍ਰਾਹੁਣਾ) ਸਮਝ ਰਖੇ। ਇਉਂ ਸੰਸਾਰ ਤੋਂ ਉਪਰਾਮ ਹੁੰਦਾ ਹੋਇਆ, ਹਰਿ ਰਸ ਵਿਖੇ ਰੱਤਾ ਰਹੇ। ਐਸਾ ਜਨ 'ਪਰਵਾਣ-ਗ੍ਰਿਸਤ-ਉਦਾਸ' ਵਾਲਾ ਨਿਰਬਾਣ ਬੰਦਾ ਸਦਾਉਂਦਾ ਹੈ। ਇਤ ਉਤ, ਇਸ ਲੋਕ ਅਤੇ ਪਰਲੋਕ ਵਿਖੇ ਭੀ ਸਚੁ ਖਸਮ ਨੂੰ ਸਨਮੁਖ ਪੇਖਦਾ ਹੋਇਆ ਸਹਜੇ ਹੀ ਰਸੀਏ ਨੂੰ, ਰਾਵਨਹਾਰ ਠਾਕੁਰ ਸਚੇ ਮਾਲਕ ਨੂੰ ਮਨਜ਼ੂਰ ਨਜ਼ਰ ਹੋ ਕੇ ਉਸ ਨੂੰ ਭਾਉਂਦਾ ਹੈ। ਉਹ ਬਿਨਾ ਇਕ ਠਾਕੁਰ ਦੇ ਹੋਰ ਕਿਸੇ ਉਤੇ ਭਾਉ ਭਾਵਨੀ ਨਹੀਂ ਲਿਆਉਂਦਾ। ਜਦੋਂ ਸਬਦ ਗੁਰਮੰਤ੍ਰ (ਗੁਰਮਤਿ 'ਨਾਮੁ') ਦੀ ਅਭਿਆਸ ਕਮਾਈ ਏਤਨੀ ਪਰਬਲ ਹੋ ਜਾਂਦੀ ਹੈ ਕਿ ਹਉਮੈ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ ਤੇ ਸਬਦ ਦੁਆਰਾ ਹਉਮੈ ਜਲ ਜਾਂਦੀ ਹੈ, ਤਦੋਂ ਸਤਿਗੁਰੂ ਦੀ ਕਿਰਪਾ ਕਰਿ 'ਸਚੁ' ਦਾ ਸੱਚਾ ਦਰਸ਼ਨ-ਝਲਕਾ ਨਸੀਬ ਹੁੰਦਾ ਹੈ।

ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ ॥
ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ ॥੧॥
ਸੋ ਜਨੁ ਐਸਾ ਮੈ ਮਨਿ ਭਾਵੈ ॥
ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥੧॥ਰਹਾਉ॥
ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖੁ ਆਦੇਸੋ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥੨॥
ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥
ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥੩॥
ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥
ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥੪॥੫॥੬॥
ਪੰਨਾ ੧੧੨੬-੨੭—ਭੈਰਉ ਮਹਲਾ ੧

ਜੋ ਜਨ ਗੁਰਮਤਿ ਨਾਮ, ਰਮਤ ਰਾਮ ਨੂੰ ਰਸਨਾ ਤੇ ਰਸਾ ਕੇ ਨਾਮ ਰਸ-ਜੋਤਿ ਰੰਗਾਂ ਵਿਚਿ ਸਦਾ ਰੱਤਾ ਰਹਿੰਦਾ ਹੈ, ਉਹ ਪਿਆਰਾ ਦਿਨੇ ਰਾਤ ਗੁਰੂ ਵਾਹਿਗੁਰੂ ਦੀ ਨਿਕਟ ਹਜ਼ੂਰੀ ਵਿਚਿ ਵਸਦਾ ਹੈ। ਉਹ ਗੁਰੂ ਵਾਹਿਗੁਰੂ ਬਾਝੋਂ ਹੋਰ ਕਿਸੇ ਨੂੰ ਦੇਖਦਾ ਬਸੇਖਦਾ

ਹੀ ਨਹੀਂ। ਸਬਦ-ਰਸ-ਜੋਤਿ ਵਿਗਾਸ ਦੇ ਅੰਤਰਿ ਆਤਮੇ ਪਰਗਾਸ ਹੋਣ ਕਰਿ ਅੰਤਰਿ ਬਾਹਰਿ ਇਕੋ ਜੋਤਿ ਜਲਵੰਨੇ 'ਸਚੁ' ਨੂੰ ਸਬਦ ਦੀ ਪਾਰਸ ਕਲਾ ਦੁਆਰਾ ਪਰਸਦਾ ਪੇਖਦਾ ਹੈ। ਸੋ ਜਨ ਐਸਾ ਸਤਿਗੁਰੂ ਨੂੰ ਭਾਉਂਦਾ ਹੈ, ਜੋ ਆਪ ਮਾਰ ਕੇ ਅਪਰੰਪਰ ਪਦਿ ਰਾਤਾ ਹੋਇਆ ਭੀ ਗੁਰਮਤਿ ਨਾਮੁ ਅਭਿਆਸ ਰੂਪੀ ਗੁਰੂ ਕੀ ਕਾਰ ਕਮਾਈ ਜਾਂਦਾ ਹੈ ਪੁਰਖ ਨਿਰੰਜਨ ਨੂੰ ਅੰਤਰਿ ਬਾਹਰਿ ਪਰਤੱਖ ਪੇਖਿ ਪੇਖਿ ਕੇ ਆਦੇਸ ਕਰਦਾ ਰਹਿੰਦਾ ਹੈ। ਉਸਦੇ ਭਾ ਦਾ "ਘਟ ਘਟ ਅੰਤਰਿ ਸਰਬ ਨਿਰੰਤਰਿ" ਇਕੋ ਸਚਾ ਸਾਹਿਬ ਹੀ 'ਸਚੁ' ਦੇ ਸਰੂਪ ਵਿਚ ਜੋਤਿ ਰੂਪ ਹੋ ਕੇ ਰਵਿਆ ਰਹਿੰਦਾ ਹੈ। ਜੋ ਇਸ ਬਿਧਿ ਜੋਤਿ ਜਗੰਨੇ 'ਸਚੁ' ਸਰੂਪ ਵਿਚਿ ਰੱਤੇ ਰਹਿੰਦੇ ਹਨ, ਉਹਨਾਂ ਦੀ ਜਿਹਬਾ (ਰਸਨਾ) ਉਤੇ ਹਰਦਮ ਸਚੁ ਅੰਮ੍ਰਿਤ ਹੀ ਰਚਿਆ ਰਹਿੰਦਾ ਹੈ। ਅਰਥਾਤ ਅੰਮ੍ਰਿਤ ਨਾਮੁ ਰੂਪੀ ਸਚੁ ਹੀ ਤਿਨ੍ਹਾਂ ਦੇ ਮੁਖੜੇ ਤੋਂ ਟੁਲਿ ਟੁਲਿ ਪਉਂਦਾ ਰਹਿੰਦਾ ਅਤੇ ਰਸਨਾ ਤੋਂ ਚਉਂਦਾ ਚੁਇੰਦਾ ਰਹਿੰਦਾ ਹੈ। ਮਿਥਿਆ ਬਚਨ ਰੂਪੀ ਕੂੜਾਵੀ ਮੈਲੁ ਰਾਈ ਮਾਤਰ ਭੀ ਤਿਨ੍ਹਾਂ ਦੇ ਮੁਖ ਰਸਨਾ ਬੋਲ ਤੇ ਨਹੀਂ ਰਹਿੰਦੀ। ਨਿਰਮਲ ਨਾਮ ਅੰਮ੍ਰਿਤ ਰਸ ਸੁਆਦ ਅਹਿਲਾਦੀ ਬਿਸਮਾਦ ਵਿਚਿ ਰੱਤੇ ਰਹਿਣ ਕਰਕੇ ਹਰਿ ਦਰਗਾਹੇ ਪਰਵਾਨ ਪਤਿ ਤਿਨ੍ਹਾਂ ਨੂੰ ਪ੍ਰਾਪਤਿ ਹੁੰਦੀ ਹੈ ਅਤੇ ਸਦਾ ਪ੍ਰਾਪਤਿ ਰਹਿੰਦੀ ਹੈ। ਅੰਮ੍ਰਿਤ ਰਸ 'ਨਾਮੁ' ਰੂਪੀ ਸੱਚੇ ਗੁਣਾਂ ਦੇ ਗੁਣੀ, ਪ੍ਰਸਪਰ ਰਲ ਮਿਲਕੇ ਸੱਚਾ ਲਾਹਾ ਲੈਂਦੇ ਹਨ। ਪੁਗ ਖਲੋਤੇ ਗੁਰਮੁਖਾਂ ਨੂੰ ਸੱਚੀ ਦਰਗਾਹ ਵਿਚਿ ਭੀ 'ਨਾਮੁ' ਦੀ ਵਡਾਈ ਮਿਲਦੀ ਹੈ। ਇਉਂ ਗੁਰੂ ਘਰ ਦੀ ਸੱਚੀ ਕਾਰ ਕਮਾਇਆਂ, ਸਗਲੇ ਸਰੀਰਕ ਮਾਨਸਿਕ ਦੁਖ ਮਿਟ ਜਾਂਦੇ ਹਨ। ਨਾਮੁ ਰੂਪੀ ਸਚੁ ਹੀ ਸਦਾ ਸਖਾ ਸਹਾਈ ਬਣਿਆ ਰਹਿੰਦਾ ਹੈ ਗੁਰਮੁਖਾਂ ਦੇ ਲੋਕ ਪਰਲੋਕ ਸੰਵਾਰਨ ਹਿਤ।

ਲੋਕ ਪਤੀਆਰੈ ਕਛੂ ਨ ਪਾਈਐ ॥
ਸਾਚਿ ਲਗੈ ਤਾ ਹਉਮੈ ਜਾਈਐ ॥ ੨ ॥
ਜਿਸ ਨੋ ਲਾਇ ਲਏ ਸੋ ਲਾਗੈ ॥
ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥
ਗੁਰ ਪਰਸਾਦੀ ਨਾਮੁ ਧਿਆਏ ॥੩॥
ਦੁਇ ਕਰ ਜੋੜਿ ਕਰਉ ਅਰਦਾਸਿ ॥
ਤੁਧੁ ਭਾਵੈ ਤਾ ਆਣਹਿ ਰਾਸਿ ॥
ਕਰਿ ਕਿਰਪਾ ਅਪਨੀ ਭਗਤੀ ਲਾਇ ॥
ਜਨ ਨਾਨਕ ਪ੍ਰਭੁ ਸਦਾ ਧਿਆਇ ॥ ੪॥੨॥ *ਪੰਨਾ੭੩੬-੩੭

ਸੂਹੀ ਮਹਲਾ ੫

---

* ਅਗਲਾ ਕਾਂਡ ਇਸ ਸ਼ਬਦ ਦੀ ਵਿਆਖਿਆ ਤੋਂ ਅਰੰਭ ਹੁੰਦਾ ਹੈ।

੧੪

# ਸੱਚ ਦੀ ਲਾਗ ਦੀ ਨਿਸ਼ਾਨੀ

ਹਰੇਕ ਕੋਈ ਕਹਿੰਦਾ ਹੈ ਲੋਕਾਂ ਦੇ ਪਤੀਆਉਣ ਨੂੰ ਕਿ ਮੈਂ ਸਚੁ ਪਾ ਲਿਆ ਹੈ। ਇਹ ਮਹਿਜ਼ ਲੋਕ-ਪਤੀਆਰਾ ਮਿਥਿਆ ਕੁਫ਼ਾਰਾ ਹੀ ਹੁੰਦਾ ਹੈ। ਭਲਾ ਗਲਾਂ ਨਾਲਿ ਸਚੁ ਕਦੇ ਪਾ ਲਈਦਾ ਹੈ ? ਗਲਾਂ ਨਾਲਿ ਪਾ ਲਿਆ ਸੱਚ ਜੋ ਹੋਣਾ ਹੈ ਤਾਂ ਲੋਕ-ਪਤੀਆਰਾ ਕੂੜ-ਕੁਫ਼ਾਰਾ ਸੱਤ ਹੀ ਹੋਣਾ ਹੈ। 'ਸਚੁ' ਦੇ ਮਿਲਣ ਦੀ, 'ਸਚੁ' ਨੂੰ ਲਗਣ ਦੀ, 'ਸਚੁ' ਲਾਗ ਲਗਣ ਦੀ ਪੱਕੀ ਏਹ ਨਿਸ਼ਾਨੀ ਹੈ ਕਿ "ਸਾਚਿ ਲਗੈ ਤਾ ਹਉਮੈ ਜਾਈਐ ॥" 'ਸਚੁ' ਨੂੰ ਲਗਿਆਂ, 'ਸਚੁ' ਦੀ ਲਾਗ ਲਗਿਆਂ 'ਹਉਮੈ' ਦਾ ਅਭਾਵ ਹੋ ਜਾਂਦਾ ਹੈ। ਹਉਮੈ ਉੱਕੀ ਰਹਿੰਦੀ ਹੀ ਨਹੀਂ। ਜਿਥੇ ਹਉਮੈ ਹੈ ਉਥੇ ਸਚੁ ਨਹੀਂ, ਜਿਥੇ ਸਚੁ ਹੈ ਉਥੇ ਹਉਮੈ ਨਹੀਂ ਅਤੇ "ਹਉਮੈ ਨਾਮੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ" ॥ ਗੁਰ ਵਾਕ ਦੇ ਭਾਵ ਤੋਂ ਸਾਫ਼ ਜ਼ਾਹਰ ਹੈ ਕਿ ਹਉਮੈ ਤੇ ਨਾਮ ਦੋਵੇਂ ਇਕ ਥਾਉਂ ਨਹੀਂ ਵਸਦੇ। ਏਹਨਾਂ ਦਾ ਪਰਸਪਰ ਵਿਰੋਧ ਹੈ। ਜਿਥੇ ਨਾਮ ਹੈ ਓਥੇ ਹਉਮੈ ਨਹੀਂ, ਜਿਥੇ ਹਉਮੈ ਹੈ ਓਥੇ ਨਾਮ ਨਹੀਂ। ਤਾਂ 'ਸਾਚਿ' ਪਦ ਏਥੇ ਸਾਫ਼ ਨਾਮ ਪ੍ਰਥਾਇ ਹੀ ਵਰਤਿਆ ਗਿਆ ਹੈ। 'ਸਚੁ' ਨੂੰ ਲਗਿਆਂ ਅਰਥਾਤ 'ਨਾਮੁ' ਨੂੰ ਲਗਿਆਂ ਹੀ ਹਉਮੈ ਜਾਂਦੀ ਹੈ। ਪਰ ਇਸ 'ਸਚੁ' ਨੂੰ ਸੋਈ ਜਨ ਲਗਦਾ ਹੈ, ਜਿਸ ਨੂੰ ਆਪਿ ਕ੍ਰਿਪਾਲੂ ਪਾਤਸ਼ਾਹ ਲਾਉਂਦਾ ਹੈ। ਅਤੇ ਜੋ ਜਨ ਖ਼ਾਸ ਨਦਰ ਕਰੰਮੀ ਕਿਰਪਾ ਦੁਆਰਾ ਇਸ 'ਸਚੁ' ਨੂੰ ਲਗ ਜਾਂਦਾ ਹੈ, ਅਰਥਾਤ, ਜੋ 'ਸਚੁ ਨਾਮੁ' ਅਭਿਆਸੀ ਕਮਾਈਆਂ ਕਰਨ ਲਗ ਪੈਂਦਾ ਹੈ, ਨਾਮ ਅਭਿਆਸ ਵਿਚਿ ਜੁਟ ਜਾਂਦਾ ਹੈ, ਤਿਸ ਦੇ ਅੰਤਰਿ ਆਤਮੇ ਗਿਆਨ ਰਤਨ ਰੂਪੀ ਦੀਵਾ ਜਗ ਪੈਂਦਾ ਹੈ। ਗਿਆਨ ਪ੍ਰਚੰਡ ਹੋ ਜਾਂਦਾ ਹੈ। ਗੁਰਮਤਿ ਗਿਆਨ ਰਤਨ ਪਰਚੰਡ ਹੋਣ ਨਾਲਿ ਸਾਰੀ ਦੁਰਮਤਿ ਦੂਰ ਹੋ ਜਾਂਦੀ ਹੈ। ਇਸ ਬਿਧਿ ਗੁਰਪ੍ਰਸਾਦੀ ਗੁਰਮਤਿ ਨਾਮ ਧਿਆਉਣ ਕਰਕੇ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। **ਤਾਂ ਤੇ** ਗੁਰਮੁਖ ਜਨ ਜਿਉਂ ਜਿਉਂ ਨਾਮੁ ਧਿਆਉਂਦੇ ਹਨ, ਤਿਉਂ ਤਿਉਂ ਪਰੇ ਤੋਂ ਪਰੇ ਪਰਮ ਪਦ ਵਾਲਾ 'ਸਚੁ' ਬਿਸਮਾਦ ਦਾ ਜ਼ਹੂਰ ਤਜਰਬਾਉਂਦੇ ਹਨ, ਘਟ ਅੰਤਰਿ ਹੀ ਪੇਖ ਪੇਖਾਉਂਦੇ ਹਨ। **ਤਾਂ ਤੇ** ਓਹਨਾਂ ਦੀ ਦੋਈ ਹਥ ਜੋੜਵੀਂ ਸਦਾ ਇਹੀ ਅਰਦਾਸ ਬਣੀ ਰਹਿੰਦੀ ਹੈ ਕਿ ਹੇ ਵਾਹਿਗੁਰੂ, ਤੇਰੇ ਭਾਣੇ ਅੰਦਰਿ ਜੇ ਸਾਡੀ ਕੀਤੀ ਅਰਦਾਸ ਰਾਸ ਆ ਜਾਵੇ ਤਾਂ ਸਾਡੀ ਏਹੋ ਅਰਜੋਈ ਹੈ ਕਿ ਕਿਰਪਾ ਕਰਕੇ ਆਪਣੀ ਭਗਤੀ ਵਿਚਿ



 www.sikhbookclub.com

ਸਾਨੂੰ ਲਾਈ ਹੀ ਰਖਿ ਜਾਂ ਤੇ ਪ੍ਰਭ ਰੂਪੀ 'ਸਚੁ' ਦੇ ਸਰੂਪ ਦਾ ਧਿਆਨ ਅਹਿਨਿਸ ਬਣਿਆ ਹੀ ਰਹੇ ਅਤੇ ਸਚੁ ਵਿਗਾਸੁ ਵਿਗਸਿਆ ਹੀ ਰਹੇ ।

'ਸਾਚੁ' ਵਿਗਾਸਿਆਂ ਤੇ ਢੁਕਦਾ ਅਗਲਾ ਗੁਰਵਾਕ ਭੀ ਜ਼ਰਾ ਵੀਚਾਰੋ :

ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥
ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥
ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥
ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥
ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥
ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥ ੧ ॥
ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥
ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥
ਨਵਹਾਣਿ ਨਵਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥
ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥
ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚੁ ਸਬਦੁ ਨੀਸਾਣਿਆ ॥
ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥ ੨ ॥
...... ... .. ...
ਰਹੈ ਅਤੀਤ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥
ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿਧਾਰਿਆ ॥ ੩ ॥
...... .. ... .....
ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥
ਸਾਚਿ ਸੂਚਾ ਸਦਾ ਨਾਨਕ ਗੁਰਸਬਦਿ ਝਗਰੁ ਨਿਬੇਰਓ ॥੪॥੨॥

ਪੰਨਾ ੮੪੩-੪੪—ਬਿਲਾਵਲੁ ਮਹਲਾ ੧

ਜਿਸ ਗੁਰਮੁਖ ਜਗਿਆਸੂ ਇਸਤ੍ਰੀ ਦੇ ਘਟ ਅੰਦਰਿ 'ਸਚੁ ਨਾਮੁ'- ਵਿਗਾਸ ਜੋਤਿ ਪ੍ਰਚੰਡ ਹੋ ਕੇ ਪਰਗਾਸ ਹੋਇਆ ਹੈ, ਉਸ ਨੂੰ ਸਦਾ ਇਹੀ ਅਤਿ ਪਰਬਲ ਚਾਉ ਚੜ੍ਹਿਆ ਰਹਿੰਦਾ ਹੈ ਕਿ ਮੈਂ ਸਦਾ ਸਾਚਿ ਵਿਗਾਸੀ ਹੀ ਰਹਾਂ । ਸਦ ਜੋਤਿ ਵਿਗਾਸੀਆ ਭਾਨ ਚਾਨਣੀਆ 'ਸਚੁ' ਦਾ ਚੰਦਰਮਾ ਮੇਰੇ ਘਟ ਅੰਦਰਿ ਚੜ੍ਹਿਆ ਹੀ ਰਹੇ । ਅੰਤਰਿ ਬਾਹਰ ਏਸੇ ਜੋਤਿ ਵਿਗਾਸ ਪ੍ਰਚੰਡੀਏ ਸਚੁ ਨੂੰ ਸਨਮੁਖ ਵੇਖਦੀ ਹੀ ਰਹਾਂ । ਇਹ ਸਦ ਜੋਤਿ ਵਿਗਾਸੀ ਸਚੁ ਹੀ ਦਰ ਹਕੀਕਤ ਪਿਰੀ ਪ੍ਰੀਤਮੁ, ਪ੍ਰਭ ਅਬਿਨਾਸੀ ਦਾ ਪਰਤੱਖ ਸਰੂਪ ਹੈ । ਇਸ ਪ੍ਰੇਮ ਪਿਰੇ ਪ੍ਰਭ ਅਬਿਨਾਸੀ ਦੀ ਦਰਸ-ਮਗਨਤਾ, ਜੋਤਿ ਸਰੂਪੀ 'ਸਚੁ' ਦੇ ਵਿਗਾਸ ਹੋਇਆਂ ਹੀ ਅੰਤਰਿ ਆਤਮੇ ਮਗਨੀਵੀ ਜਾਂਦੀ ਹੈ । ਤਿਥੈ, ਤਿਸ ਸਚ ਦਰਸ ਮਗਨ ਮਗਨੀਵੀ ਮੰਜ਼ਲੇ ਪਹੁੰਚ ਕੇ "ਅਵਿਗਤੋ ਹਰਿ ਨਾਥੁ ਨਾਥਹ" 'ਸਚੁ' ਸੁਆਮੀ ਦੀ ਰਜ਼ਾ ਵਿਚਿ ਰਹਿਣ ਦਾ ਖਿੜਾਉ ਖਿੜਦਾ ਹੈ । ਅਤੇ ਇਸ ਗਲ ਦੀ ਸੱਚੀ ਸੂਝ ਆਉਂਦੀ ਹੈ ਕਿ "ਕਿਰਪਾਲੁ

ਸਦਾ ਦਇਆਲੁ ਦਾਤਾ" ਸਰਬ ਜੀਆ ਜੰਤ ਦਾ ਜੀਵਨ ਆਧਾਰੁ ਹੈ। ਇਸ ਅਗੰਮੀ ਸੂਝ ਵਾਲਾ ਗੁਰਮੁਖ ਜਨ ਕੇਵਲ ਏਸੇ ਗਲ ਦੀ ਹੀ ਪੁਕਾਰਿ ਪੁਕਾਰਿ ਜਾਚਨਾ ਕਰਦਾ ਰਹਿੰਦਾ ਹੈ ਕਿ ਕੇਵਲ ਨਾਮੁ ਹੀ ਮੇਰੇ ਅੰਦਰਿ ਹਰ ਦਮ ਸਦਾ ਸਦਾ ਲਈ ਵਸਿਆ ਰਸਿਆ ਰਹੇ। ਇਹੀ ਪਰਮ ਸਚੁ ਹੈ, ਇਹੀ ਪਰਮ ਗਿਆਨ ਹੈ, ਇਹੀ ਪਰਮ ਧਿਆਨ ਹੈ, ਇਹੀ ਪਰਮ ਪੂਜਾ ਹੈ। ਇਸ 'ਸਚੁ'-ਵਿਗਾਸ –ਜੋਤੀਏ -'ਨਾਮੁ' ਬਿਨਾਂ ਹੋਰ ਦੂਜੀ ਕੋਈ ਗਿਆਨ-ਧਿਆਨ-ਪੂਜਾ ਸੁਖਾਉਂਦੀ ਨਹੀਂ। ਬਸ, "ਹਰਿ ਨਾਮੁ ਅੰਤਰਿ ਵਸਿ ਰਹੇ" ਤੋਂ ਉੱਚੀ ਤੇ ਵਡੇਰੀ ਹੋਰ ਕੋਈ ਅਕਾਂਖਿਆ ਨਹੀਂ ਹੁੰਦੀ 'ਸਚੁ' ਬਿਸਮਾਦੀਆਂ 'ਸਚੁ' ਅਹਿਲਾਦੀਆਂ ਨੂੰ। ਏਸ ਪਰਮ ਪਦ 'ਸਚੁ' ਨੂੰ ਪ੍ਰਾਪਤਿ ਹੋ ਕੇ ਏਹੋ ਸਚੁ ਹੀ ਸਦਾ ਗਹਿ ਰਹਿਣ ਦੀ ਦ੍ਰਿੜ੍ਹ ਭਾਵਨੀ ਭਰੀ ਰਹਿੰਦੀ ਹੈ, ਸਚੁ-ਵਿਗਾਸੀ ਗੁਰਮੁਖ ਜਨ ਦੇ ਹਿਰਦੇ ਅੰਦਰਿ। ਆਨ ਮਤਿ ਅਵਲੰਬੀ ਭੇਖ ਭਵਨੀ ਹਠ ਧਰਮੀ ਕਰਮ ਕਾਂਡ, ਗੁਰਮਤਿ 'ਸਚੁ' ਵਿਗਾਸ ਵਿਗਸੰਨੀ ਗੁਰਮੁਖ ਜਨ ਦੇ ਖ਼ਿਆਲ ਅੰਦਰਿ ਹੀ ਨਹੀਂ ਆਉਂਦੇ। ਬਸ, 'ਸਚੁ ਗਹਿ ਰਹੇ' ਦੀ ਗਹਿਣ ਗਤਿ ਹੀ ਗਤੰਭੀ ਰਹਿੰਦੀ ਹੈ। ਨਿਸ ਬਾਸਰ ਸਾਚ ਵਿਗਾਸੀ ਸੋਹਾਗਣ ਨੂੰ ਹੀ "ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ" ਦੇ ਆਤਮ ਆਨੰਦ ਮਾਨਣ ਦਾ ਸੁਭਾਗ ਪਰਾਪਤਿ ਹੁੰਦਾ ਹੈ। ਸੋ ਵਡ-ਭਾਗਣ ਸੁਹਾਗਵੰਤੀ ਲਿਵ-ਮਗਨ - ਸਮਾਧੀਆਂ ਦੀ ਸੱਚੜੀ ਨੀਂਦੇ ਸੁੱਤੀ ਹੋਈ ਭੀ ਸਦਾ ਸਾਵਧਾਨ ਰਹਿੰਦੀ ਹੈ, ਕਿਉਂਕਿ ਉਸ ਨੂੰ ਪਿਰੀ ਪ੍ਰੀਤਮ ਦੇ ਮਿਲਾਪ (ਵਸਲ) ਦਾ ਰਸੁ, ਪਿਰਮ ਰਸੁ ਖਿਨ ਖਿਨ ਟੁੰਬ ਕੇ ਬਿਸਮਨ ਬਿਸਮ ਇਕੋ ਸਹਜ ਜਾਗ੍ਰਤ ਵਿਚ ਜਗਾਈ ਹੀ ਰਖਦਾ ਹੈ। ਵਸਲ ਆਤਮੀ ਰਸ ਭੋਗ ਦੇ ਵਿਸਮਾਦ ਸੁਆਦ ਵਾਲੇ ਹੁਲਾਰੇ ਹੋਰ ਤੇ ਹੋਰ ਵਧੇਰੇ ਆਉਂਦੇ ਹੀ ਰਹਿੰਦੇ ਹਨ। ਉਹ ਨਿਹਚਲ ਹੋ ਕੇ ਸਉਣ-ਸਮਾਧੀਆਂ ਵਿਚ ਟਿਕੇ ਰਹਿਣ ਨਹੀਂ ਦਿੰਦੇ। ਸ਼ਬਦ ਸੰਜੋਗ ਭੋਗ ਦੀ ਜਾਗ ਸਦ ਨਵਲ ਨਵੇਲੀ ਹੋ ਕੇ ਲਗਦੀ ਰਹਿੰਦੀ ਹੈ। ਜਿਸ ਤੋਂ ਆਤਮ ਭੋਗ ਭੁਗਿਅੰਤੀ ਸੋਹਾਗਵੰਤੀ ਦਾ ਸੁਹਾਗੁ ਸਦ ਨਵਲ ਨਵੇਲਾ ਸੱਜਰਾ ਸੁਹਾਗ ਹੀ ਬਣਿਆ ਰਹਿੰਦਾ ਹੈ। ਸਦ ਨਵਲ ਨਵਤਨ ਨਾਹ ਬਾਲੇ ਪ੍ਰੀਤਮ ਕੰਤੜੇ ਦੇ ਸੰਜੋਗ ਭੋਗ ਵਸਲ ਵਿਚਿ ਸਬਦਿ ਜਾਗੀ ਆਤਮ ਰਸ ਭੋਗ ਭੋਗਾਇਣੀ ਇਸਤ੍ਰੀ ਭੀ ਨਾਹ ਬਾਲੇ ਦੇ ਹਾਣ ਪਰਮਾਣ ਸਦਾ 'ਨਵ ਹਾਣਿ ਨਵ ਧਨ' ਨਵਲ ਬਾਲੀ ਹੀ ਰਹਿੰਦੀ ਹੈ। ਉਸ ਦੇ ਜੋਤਿ ਹੁਸੰਨੇ ਰੂਪ ਦਾ ਕਦੇ ਉਤਰਾਉ ਨਹੀਂ ਹੁੰਦਾ। ਉਸ ਦੇ ਜੋਤਿ ਜਲਵੰਨੇ ਜੋਬਨ ਦਾ ਸਦਾ ਚੜ੍ਹਾਉ ਹੀ ਚੜ੍ਹਾਉ ਰਹਿੰਦਾ ਹੈ, ਇਸ ਕਰਕੇ ਉਹ ਸਦਾ ਹੀ "ਆਪਣੇ ਪਿਰ ਭਾਣੀਆ" ਹੀ ਰਹਿੰਦੀ ਹੈ। ਉਸ ਦੇ ਅੰਦਰਿ ਕੂੜ ਕਪਟ ਸੁਭਾਉ ਦੂਜਾ ਰਹਿੰਦਾ ਹੀ ਨਹੀਂ, ਨਿਰੀ 'ਸਚੁ' ਹੀ 'ਸਚੁ' ਦੀ ਪੁਤਲੀ ਜੁ ਹੋਈ। 'ਸਚੁ' ਪ੍ਰੀਤਮ ਸੇਵਕਾ (ਦਾਸੀ) ਨੂੰ 'ਚਾਕਰੀ ਲੋਕਾਣੀਆ' ਭਲਾ ਕਦੋਂ ਭਾਉਂਦੀ ਹੈ? ਉਸ ਦੇ ਕੰਠ ਵਿਖੇ 'ਸਬਦੁ ਨੀਸਾਣਿਆ ਹਾਰ' ਸਦਾ ਪਹਿਰਿਆ ਰਹਿੰਦਾ ਹੈ। ਇਸ ਕਰਕੇ ਉਸ ਦੀ ਲਾਲਸਾ ਖੁਸ਼ਾਲਸਾ ਸਦਾ 'ਸਚੁ' ਦੀ ਮੰਗ ਦੀ ਬਣੀ ਰਹਿੰਦੀ ਹੈ। ਨਦਰੀ ਨਦਰਿ ਨਿਹਾਲੀਆਂ ਨੂੰ 'ਸਚੁ' ਦੀ ਬਖ਼ਸ਼ਿਸ਼ ਬਿਨਾ ਹੋਰ ਬਖ਼ਸ਼ਸ਼ ਕੋਈ ਭਾਉਂਦੀ ਹੀ ਨਹੀਂ। ਇਹ ਸਚੁ, ਗੁਰਮਤਿ ਸਚੁ, ਗੁਰ ਸਬਦ ਨੀਸਾਨੀਆ ਨਦਰਿ ਭਾਣੀਆ ਸਚੁ

ਹੈ, ਸਚੇ ਦਰ ਪਰਵਾਣੀਆ ਮਨਜ਼ੂਰੇ ਨਜ਼ਰ ਸਚੁ ਹੈ।........ਇਸ ਗੁਰਮਤਿ ਗੁਣ ਸਾਰ ਵਾਲੇ 'ਸਚੁ' ਨੂੰ "ਸਾਰ ਭੂਤ ਸਤਿ" ਹਰਿ ਕੇ ਨਾਉਂ ਦੇ ਰੰਗਾਂ ਵਿਚਿ, ਅਪਰੰਪਰ ਰੰਗਾਂ ਵਿਚਿ ਅਤੀਤ ਹੋ ਕੇ ਰੱਤੇ ਗੁਰਮੁਖ ਜਨ ਨੂੰ,ਸਚੁ ਉਰਿਧਾਰਿਆ ਹੋਇਆ "ਓਹੁ ਪੂਰਿ ਰਹਿਆ ਸਰਬ ਠਾਈ" ਪਰਤੱਖਿ ਨਜ਼ਰੀਂ ਆਉਂਦਾ ਹੈ, ਦਿਬ ਦ੍ਰਿਸ਼ਟ ਦੀਦਿਆਂ ਕਰ ਕੇ। ਗੁਰ ਸਬਦ ਨੇ ਇਹ ਝਗੜਾ ਨਿਬੇੜ ਦਿਤਾ ਹੈ। ਕਿਆ ਖੂਬ ਨਿਬੇੜਿਆ ਹੈ ਕਿ ਅਧਾਰ ਰੂਪ ਤਾਣ ਤਕੀਆ ਰੂਪ ਸੱਚਾ ਸਾਹਿਬ (ਸਚ ਖਸਮ) ਹੀ ਸਦਾ ਸੂਚਾ ਸੱਚ ਹੈ। ਵਾਹ ! ਇਹ ਕੈਸਾ ਊਚਾ ਗੁਰਮਤਿ ਸਿਧਾਂਤੀ ਸਚੁ ਹੈ।

ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥
ਸਾਜਨੁ ਮੀਤੁ ਸੁਜਾਣੁ ਤੂ ਤੂ ਸਰਵਰੁ ਤੂ ਹੰਸੁ ॥
ਸਾਚਉ ਠਾਕੁਰੁ ਮਨਿ ਵਸੈ ਹਉ ਬਲਿਹਾਰੀ ਤਿਸੁ ॥...੪੮॥ ਪੰਨਾ ੯੩੭
ਰਾਮਕਲੀ ਮਹਲਾ ੧ ਦਖਣੀ ਓਅੰਕਾਰ

ਸਚਿਆਰ ਗੁਰਮੁਖ ਸਿਖਾਂ ਨੇ ਹੀ ਸਚੁ ਰੂਪੀ ਸੱਚਾ ਧਨ ਸੰਚਿਆ ਹੈ। ਇਹ ਸਚੁ ਕੀ ਹੈ ਜੋ ਗੁਰਮੁਖ ਸਚਿਆਂ ਸਿਖਾਂ ਨੇ ਸੰਚਿਆ ? ਇਹ 'ਸਾਚਉ ਨਾਮੁ ਅਮੋਲੁ' ਸਚੁ ਅਰਥਾਤ ਗੁਰਮੁਖ ਸਚਿਆਂ ਸਿਖਾਂ ਦੇ ਸੰਚਣ ਯੋਗ ਹੈ। ਸਾਚੋ ਨਾਮੁ ਅਮੋਲ ਹੀ ਹੈ ਜੋ ਸਭ ਤੋਂ ਸ੍ਰੇਸ਼ਟ ਸਚੁ ਹੈ। ਨਾਮੁ ਅਮੋਲ ਰੂਪੀ ਸਚੁ ਹੀ ਸਰਬੋਤਮ ਅਮੋਲ ਮੁਲ ਵਾਲਾ ਸਚੁ ਹੈ। ਏਹੋ ਗੁਰਮਤਿ ਸਿਧਾਂਤ ਸਿਧਾਂਤਿਆ ਸਚੁ ਹੈ। ਇਹ ਸਚੁ ਗੁਰਮਤਿ ਸਿਧਾਂਤੀ ਸਚੁ "ਹਰਿ ਨਿਰਮਾਇਲੁ ਊਜਲੋ" ਸਚੁ ਹੈ। ਇਸ ਸੱਚ ਨੂੰ ਸੰਚਿਆਂ ਸੰਗ੍ਰਹਿਨ ਕੀਤਿਆਂ 'ਸਚੁ' ਦੇ ਸੰਚਨ ਹਾਰਾ (ਸਚ ਸੰਗ੍ਰਹਿਣ ਕਰਨ ਹਾਰਾ) ਸਚੀ ਪਤਿ ਵਾਲਾ ਸਚਿਆਰ ਸਿਖ ਸਦਾਉਂਦਾ ਹੈ। ਇਹ 'ਸਾਚਉ ਨਾਮੁ ਅਮੋਲੁ' ਦਾ ਜਾਪੁ ਹੈ 'ਸਚੁ ਬੋਲੁ' ਹੈ, ਅਰਥਾਤ, ਨਾਮੁ ਜਾਪੁ ਹੀ ਗੁਰਮਤਿ ਬੋਲਿ ਬੋਲਣ ਜੋਗ ਸਚੁ ਹੈ। ਇਸ ਨਾਮ-ਜਾਪ ਰੂਪੀ 'ਸਚੁ' ਬੋਲ ਤੋਂ ਬਿਨਾਂ ਹੋਰ ਬੋਲਣ ਯੋਗ ਸੱਚ ਜੋ ਹੈ,ਸੋ ਸਭ ਅਸੱਚ ਹੈ, ਅਰਥਾਤ, ਕੂੜ ਹੈ। ਇਸ ਗੁਰਮਤਿ 'ਸਚੁ',ਸਿਧਾਂਤੀ 'ਸਚੁ' ਬਿਨਾਂ ਹੋਰ ਸਚੁ ਹੀ ਕੋਈ ਨਹੀਂ। ਇਹ 'ਸਚੁ' ਹੀ ਮਨ ਵਸਾਉਣ ਜੋਗ, ਗੁਰਮਤਿ ਪੂਜ ਪੁਜਾਉਣ ਜੋਗ ਸਾਚੇ ਠਾਕੁਰ ਹੈ। ਏਹ 'ਸਚੁ' ਰੂਪੀ ਸਾਚੋ ਠਾਕੁਰ ਹੀ ਸਾਜਨ ਮੀਤ ਸੁਜਾਨ ਹੈ। ਸਾਚੋ ਠਾਕੁਰ ਰੂਪੀ ਇਹ 'ਸਚੁ' ਹੀ ਸਰਵਰੁ ਹੈ। ਸਚੁ ਠਾਕਰੋ ਸਚੁ ਹੀ 'ਸਚੁ' ਸਰਵਰੀ ਹੰਸ ਹੈ। ਇਸ ਭਾਵ ਨੂੰ ਨਾਲ ਲਗਦਾ ਗੁਰਵਾਕ ਸੂਚਤ ਕਰਾਉਂਦਾ ਹੈ :

ਅੰਤਰਿ ਉਤਭੁਜੁ ਅਵਰੁ ਨ ਕੋਈ ॥
ਜੋ ਕਹੀਐ ਸੋ ਪ੍ਰਭ ਤੇ ਹੋਈ ॥


www.sikhbookclub.com

ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ ॥
ਉਤਪਤਿ ਪਰਲਉ ਅਵਰੁ ਨ ਕੋਈ ॥ ੧ ॥
ਐਸਾ ਮੇਰਾ ਠਾਕੁਰ ਗਹਿਰ ਗੰਭੀਰੁ ॥
ਜਿਨਿ ਜਪਿਆ ਤਿਨ ਹੀ ਸੁਖੁ ਪਾਇਆ
ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥ ੧ ॥ ਰਹਾਉ ॥
ਨਾਮੁ ਰਤਨੁ ਹੀਰਾ ਨਿਰਮੋਲੁ ॥
ਸਾਚਾ ਸਾਹਿਬੁ ਅਮਰੁ ਅਤੋਲੁ ॥
ਜਿਹਵਾ ਸੂਚੀ ਸਾਚਾ ਬੋਲੁ ॥
ਘਰਿ ਦਰਿ ਸਾਚਾ ਰਾਹੀ ਰੋਲੁ ॥੨॥੬॥ ਪੰਨਾ ੯੦੫

ਰਾਮਕਲੀ ਮਹਲਾ ੧

ਇਸ ਗੁਰਵਾਕ ਅੰਦਰਿ ਭੀ ਇਹ ਦਰਸਾਇਆ ਹੈ ਕਿ ਜੁਗਾ ਜੁਗੰਤਰੀ ਸਚੁ ਠਾਕੁਰ ਗਹਿਰ ਗੰਭੀਰ ਸੱਚਾ ਸਾਹਿਬ ਹੈ ਯਾ ਸਚੇ ਸਾਹਿਬ ਦਾ ਸੱਚਾ ਨਾਮੁ ਹੈ। ਸਚੇ ਸਾਹਿਬ ਦਾ ਸਚੁ ਨਾਮੁ ਐਸਾ ਹੀਰਾ ਰਤਨ ਨਿਰਮੋਲ ਹੈ, ਜਿਸ ਨੂੰ ਜਪਣ ਕਰਿ ਜੀਹਬਾ ਸੂਚੀ ਪਾਕ ਪਵਿਤਰ ਹੋ ਜਾਂਦੀ ਹੈ। ਜਿਸ ਨੂੰ ਬੋਲਣ ਕਰਿ ਬੋਲਿਆ ਬੋਲ ਭੀ 'ਸਾਚਾ ਬੋਲੁ' ਹੋ ਜਾਂਦਾ ਹੈ। ਐਸਾ ਹੈ ਅਮਰ ਅਤੋਲ ਸਚੁ ਰੂਪੀ ਸਾਚਾ ਸਾਹਿਬ, ਜਿਸ ਨੂੰ ਜਪਿਆਂ ਜਪਣਹਾਰਾ ਫੇਰ ਮੁੜ ਕੇ ਜਮ ਦੇ ਫੇਟੇ ਵਿਚਿ ਨਹੀਂ ਆਉਂਦਾ। ਘਰਿ ਦਰਿ ਸਾਚਾ ਪਾ ਕੇ ਫੇਰ ਸੱਚ ਦੇ ਪਿਛੇ ਰੁਲਣਾ ਨਹੀਂ ਪੈਂਦਾ।

ਸਚਾ ਅਮਰੁ ਸਚਾ ਪਾਤਿਸਾਹੁ॥
ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥
ਸਚੈ ਮਹਲਿ ਸਚਿ ਨਾਮਿ ਸਮਾਹੁ ॥੧॥੩੧॥ ਪੰਨਾ ੧੬੧

ਗਉੜੀ ਮਹਲਾ ੩ ਗੁਆਰੇਰੀ

ਨਾਮ ਰੂਪੀ 'ਸਚੁ' ਦੁਆਰਾ ਸਚੇ ਮਹਲ ਵਿਚਿ ਜਾ ਸਮਾਈਦਾ ਹੈ ਅਤੇ ਸਚੇ ਵੇਪ੍ਰਵਾਹ ਵਾਹਿਗੁਰੂ ਦੇ ਜੋਤਿ ਸਰੂਪ ਰੰਗਾਂ ਵਿਚਿ ਰੰਗੇ ਜਾਈਦਾ ਹੈ, ਜਿਸ ਬਿਵਸਥਾ ਵਿਚਿ ਅਮਰਾਇ ਸੱਚਾ ਪਾਤਸ਼ਾਹ ਨਿਰੰਕਾਰ ਨਿਰੰਜਨ ਅਕਾਲ ਪੁਰਖ ਪਰਤੱਖ ਨਜ਼ਰੀਂ ਆਉਂਦਾ ਹੈ। ਉਸ ਦਾ ਸੱਚਾ ਅਮਰੁ ਹੀ ਸਾਰੀ ਖ਼ੁਦਾਈ ਵਿਚਿ ਵਰਤਦਾ ਸਾਫ਼ ਦਿਸਦਾ ਹੈ।

ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥
ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ ॥ ਪੰਨਾ ੧੪੩

੧੧ ਪਉੜੀ, ਵਾਰ ਮਾਝ

ਵਾਹਿਗੁਰੂ ਸਚੇ ਸਾਹਿਬ ਦੀ ਨਦਰ ਮੇਹਰ ਦੁਆਰਾ ਨਾਮੁ ਰੂਪੀ ਤਤੁ ਸਚੁ,ਨਦਰ ਕਰੰਮੀਆਂ ਨੂੰ ਮੁਖ ਵਿਚਿ ਕਮਾਉਣ ਲਈ ਮਿਲਦਾ ਹੈ, ਜਿਸ ਦੀ ਕਮਾਈ ਦੇ ਪ੍ਰਤਾਪ ਕਰਿ ਸਚੇ ਵਾਹਿਗੁਰੂ ਦਾ ਸਨਮੁਖ ਦੀਦਾਰਾ ਕਰਨ ਨੂੰ ਸਮਰੱਥ ਹੋ ਜਾਂਦੇ ਹਨ, ਸਚਖੰਡਿ ਵਸਿ ਰਹੇ ਨਿਰੰਕਾਰ ਦੇ ਸਿੰਘਾਸਨ ਸੌਂਹੇ ਸਦਾ ਨਮਸਕਾਰ ਜੋਹਾਰ ਕਰਨਹਾਰੇ ਹੋ ਜਾਂਦੇ ਹਨ। ਇਹ ਓਹਨਾਂ ਦੀ ਸਚੁ ਨਾਮੁ ਕਮਾਈ ਦਾ ਕਮਾਤਾ ਫਲ ਮਿਲਦਾ ਹੈ,ਫਲ ਪਰਦਾਤੇ ਕਰਤਾਰ ਵਲੋਂ ।

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥ ੧ ॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥ ੧ ॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰ ॥ ੨ ॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥ ੩ ॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥ ੪ ॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥ ੫ ॥
ਸਾਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥ ੬ ॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥ ੭ ॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥

ਆਨ ਮਤ ਕਰਮੀ ਜਪ ਤਪ ਸੰਜਮ ਭਾਵੇਂ ਕਿਤਨੇ ਹੀ ਸਾਧੇ ਜਾਣ, ਆਨ ਮਤ ਤੀਰਥਾਂ ਦੇ ਵਾਸ ਕਰਿ ਕਰਿ ਕੇ ਅਤੇ ਤਿਨ੍ਹਾਂ ਆਨ-ਮਤ ਤੀਰਥਾਂ ਤੇ ਜਾਇਕੈ ਭਾਵੇਂ ਕਿਤਨੀਆਂ ਹੀ ਪੁੰਨ ਦਾਨ ਚੰਗਿਆਈਆਂ ਕੀਤੀਆਂ ਜਾਣ, ਪਰ 'ਸਚੁ' ਦੀ ਪ੍ਰਾਪਤੀ ਨਹੀਂ ਹੁੰਦੀ। ਸਚੁ ਵਾਹਿਗੁਰੂ ਰੂਪੀ ਪਰਮ ਸਚੁ ਨਹੀਂ ਮਿਲਦਾ। ਇਹ ਪਰਮ 'ਸਚੁ' ਸਚੇ ਵਾਹਿਗੁਰੂ ਦੇ ਮਿਲੇ ਬਾਝੋਂ, ਏਹ ਜਪ ਤਪ ਸੰਜਮ ਪੁੰਨ ਦਾਨ ਆਦਿ ਕੀਤੇ ਆਨ-ਮਤ ਕਰਮ ਕਿਸੇ ਭੀ ਅਰਥ ਨਹੀਂ। ਜੇਹਾ ਬੀਜ ਬੀਜਿਆ **ਜਾਂਦਾ ਹੈ ਤੇਹਾ ਹੀ ਤਿਸ ਦਾ ਫਲ** ਲੁਣਿਆ ਜਾਂਦਾ ਹੈ। ਆਨ-ਮਤ ਕਰਮਾਂ ਦੇ ਬੀਜ ਬੀਜੇ ਦਾ ਫਲ ਕੁਛ ਭੀ ਨਹੀਂ ਪ੍ਰਾਪਤਿ ਹੁੰਦਾ। ਗੁਰਮਤਿ ਗੁਣਾਂ ਰੂਪੀ ਕਰਮਾਂ ਰੂਪੀ ਬੀਜ ਬੋਏ ਬਿਨਾਂ ਜਨਮ ਦਾ ਬਿਨਾਸ ਨਹੀਂ ਹੁੰਦਾ। ਮਾਨੁਖਾ ਜਨਮ ਬਿਰਥਾ ਹੀ ਜਾਂਦਾ ਹੈ ।੧। ਗੁਰਮਤਿ ਗੁਣਾ ਦੀ ਦਾਸੀ (ਕਮਾਵਣਹਾਰੀ), ਗੁਰਮਤਿ ਗੁਣਾਂ ਰੂਪੀ ਸੱਚੀ ਕਾਰ ਕਮਾਵਣਹਾਰੀ, ਗੁਰੂ ਆਗਿਆ ਅਨੁਸਾਰਨ ਗੁਰਮੁਖ ਸੋਹਾਗਣੀ ਨੂੰ ਸੱਚਾ ਸੁਖੁ ਲਭਦਾ ਹੈ। ਗੁਰਮਤਿ ਗੁਣਾਂ ਨੂੰ **ਗ੍ਰਹਿਣ** ਕਰ ਕੇ ਅਤੇ ਸਭ ਅਵਗੁਣਾਂ ਨੂੰ ਤਿਆਗ ਕੇ ਹੀ ਸਚੁ ਪਾਈਦਾ ਹੈ ਅਤੇ ਸਚੇ ਸਾਹਿਬ ਦੇ 'ਸਚੁ' ਸਰੂਪ ਵਿਖੇ ਸਮਾਈਦਾ ਹੈ। ਇਉਂ ਗੁਰਮਤਿ ਮਾਰਗ ਵਿਖੇ ਪੂਰੇ ਉਤਰੀਦਾ ਹੈ। ਰਹਾਉ। ਜਿਸ ਦੇ ਪਲੈ ਸਚੁ ਰੂਪੀ ਰਾਸ ਨਹੀਂ, ਉਹ ਸੱਚੀ ਰਾਸੀ ਵਿਹੂਣਾ ਵਾਪਾਰੀ 'ਸਚੁ' ਦੀ ਤਲਾਸ਼ ਹਿਤ ਚਾਰੇ ਕੂੰਟਾਂ ਐਵੇਂ ਬਿਰਥਾ ਹੀ ਤਕਦਾ ਫਿਰਦਾ ਹੈ। ਉਹ ਐਵੇਂ ਔਝੜੀਂ ਹੀ ਟੱਕਰਾਂ ਮਾਰਦਾ ਰਹਿੰਦਾ ਹੈ**ਆਪਣੀ ਰਾਸ ਰਹਿਤ**ਵਾਪਾਰੀ ਮੂਲ ਨੂੰ ਬੁਝਦਾ ਨਹੀਂ ਸੱਚੀ ਵਸਤੁ ਘਟ ਰੂਪੀ ਘਰ ਬਾਰ ਅੰਦਰਿ ਹੀ ਲੁਪਤ ਗੁਪਤ ਪਈ ਰਹਿ ਜਾਂਦੀ ਹੈ। ਬਾਹਰ-ਮੁਖੀ ਸਚ ਦੀ ਤਲਾਸ਼ ਅਜਾਈਂ ਹੀ ਜਾਂਦੀ ਹੈ ਅਤੇ ਸੱਚੀ, ਸਚੁ ਵਖਰੁ ਲਭੇ ਬਿਨਾਂ ਅੱਤ ਘਨੇਰਾ ਦੁਖ ਹੈ। ਕਿਉਂਕਿ ਕੂੜ ਪਸਾਰੇ ਵਿਚਿ ਬਿਰਤੀ ਲੱਥ ਪੱਥ ਰਹਿਣ ਕਰਕੇ ਕੂੜਕਾਰ ਅਤੇ "ਕੂੜਿ ਮੁਠੀ ਕੂੜਿਆਰ" ਹੀ ਰਹਿੰਦੀ ਹੈ ।੨। ਜੋ ਗੁਰਮੁਖ ਜਨ ਗੁਰਮਤਿ ਵੀਚਾਰ ਦੁਆਰਾ ਸਚੁ ਰੂਪੀ ਰਤਨ ਨੂੰ ਨਿਜ ਘਟ ਅੰਦਰਿ ਹੀ ਖੋਜ ਕੇ ਪਰਖਦੇ ਹਨ, ਤਿਨ੍ਹਾਂ ਸੱਚ ਦੇ ਵਾਪਰੀਆਂ ਨੂੰ ਅਹਿਨਿਸ ਨਿਤ ਨਵਾਂ ਲਾਹਾ ਹੀ ਲਾਹਾ ਹੈ, ਸੱਚਾ ਲਾਹਾ ਹੈ। ਜੋ ਆਪਣੇ ਘਟ ਰੂਪੀ ਘਰ ਅੰਦਰਿ ਹੀ ਸਚੁ ਵਖਰ ਨੂੰ ਲਹਿੰਦੇ, ਹਾਸਲ ਕਰਦੇ ਹਨ, ਉਹ ਵਾਪਾਰੀ ਹੀ ਸਚਾ ਕਾਰਜ ਸਾਰ ਕੇ ਚਲਦੇ ਹਨ, ਅਰਥਾਤ, ਸਚਾ ਲਾਹਾ ਲੈ ਜਾਂਦੇ ਹਨ। ਐਸੇ ਨਾਮ ਦੇ ਵਾਪਾਰੀ, 'ਸਚੁ' ਦੇ ਬਿਉਹਾਰੀ, ਸਾਚੀ ਵਸਤ ਵਖਰ ਦੇ ਵਣਜਾਰੇ, ਗੁਰੂ ਘਰ ਦੇ ਵਣਜਾਰਿਆਂ ਨਾਲਿ ਸਚੇ ਵਣਜ ਵਾਪਾਰ ਦੀ ਸਾਂਝ ਪਾ ਪਾ ਕੇ ਗੁਰਮੁਖ ਬ੍ਰਹਮ-ਵੀਚਾਰੀ ਬ੍ਰਹਮ ਵੇਤੇ (ਬ੍ਰਹਮ ਨੂੰ ਪਰਤੱਖ ਲਖਣਹਾਰੇ) ਬਣ ਜਾਂਦੇ ਹਨ ॥ ੩ ॥ ਐਸੇ ਅੰਤਰਿ ਬ੍ਰਹਮੁ ਲਖਣਹਾਰੇ ਗੁਰਮੁਖ ਸਿਖ ਸੰਤਾਂ ਦੀ ਸੰਗਤਿ ਤਾਂ ਮਿਲਦੀ ਹੈ, ਜੇ ਮੇਲਣਹਾਰ ਵਾਹਿਗੁਰੂ ਆਪਿ ਕਿਰਪਾ ਕਰਿ ਮੇਲੇ। ਅਜੇਹੇ ਵਾਹਿਗੁਰੂ ਮੇਲਿ ਮਿਲਾਏ ਗੁਰਮੁਖ ਸੰਤਾਂ ਦੀ ਸੰਗਤਿ

ਦੇ ਪਰਤਾਪ ਕਰਿ 'ਸਚੁ' ਦੇ ਸਚੇ ਮੁਤਲਾਸ਼ੀ ਜਗਿਆਸੂ ਜਨ ਦਾ ਜੋਤਿ ਪ੍ਰਕਾਸ਼ ਸਰੂਪ 'ਸਚੁ' ਮਹਿਬੂਬ ਨਾਲਿ ਵਸਲ ਮਿਲਾਪ ਸਚ ਮੁਚ ਹੋ ਜਾਂਦਾ ਹੈ। ਜਿਸ ਜਨ ਦੇ ਘਟ ਅੰਦਰਿ ਜੋਤਿ ਅਪਾਰ ਜਗ ਰਹੀ ਹੁੰਦੀ ਹੈ, ਉਹ ਜਨ ਜੋਤੀ ਸਰੂਪ 'ਸਚੁ' ਨੂੰ ਮਿਲਿਆ ਹੋਇਆ ਫੇਰ ਕਦੇ ਨਹੀਂ ਵਿਛੜਦਾ। ਉਹ ਸਚੇ ਪ੍ਰੇਮ ਪਿਆਰ ਕਰ ਕੇ ਸਚੇ ਮਹਿਬੂਬ ਦੇ ਜੋਤਿ ਜਗੰਨੇ ਸਿੰਘਾਸਨ ਦੇ ਸੱਚ ਜਲੌ ਵਿਖੇ ਹੀ ਟਿਕਿਆ ਰਹਿੰਦਾ ਹੈ। ਜਿਸ ਜਲੌ ਦਾ ਜੋਤਿ ਚਾਨਣ ਚਮਤਕਾਰ ਸਾਰੇ ਖੰਡਾਂ ਬ੍ਰਹਮੰਡਾਂ ਵਿਚਿ ਪਸਰਿਆ ਹੋਇਆ ਹੁੰਦਾ ਹੈ ॥ ੪ ॥ ਜਿਨ੍ਹਾਂ ਨੇ ਆਪਣੀ ਜੋਤਿ ਸਰੂਪ ਰੂਪ ਮਹੀਅਲੀ ਸਰੂਪ ਨੂੰ ਪਛਾਣਿਆ ਹੈ, ਓਹਨਾਂ ਨੂੰ ਘਟ ਰੂਪੀ ਸੁਥਾਇਂ (ਸੋਹਣੇ ਥਾਇਂ) ਵਿਖੇ ਹੀ ਸਚੁ ਮਹਿਲੁ ਮਿਲ ਜਾਂਦਾ ਹੈ। ਇਤ ਬਿਧਿ "ਸਚੇ ਸੇਤੀ ਰਤਿਆ" ਹੀ "ਸਚੋ ਪਲੈ ਪਾਇ" ਸਚੁ ਪਲੇ ਵਿਚ ਪੈਂਦਾ ਹੈ। ਸਚੁ, ਪਰਮ ਸਚੁ, ਪਰਮਾਤਮ ਸਚੁ ਮਿਲਦਾ ਹੈ। ਸਚੇ ਨਾਮ ਵਿਖੇ ਰਤਿਆਂ ਤ੍ਰਿਭਵਣ ਵਿਖੇ, ਸਾਰਿਆਂ ਭਵਨਾਂ ਵਿਖੇ, ਖੰਡਾਂ ਮੰਡਲਾਂ ਬ੍ਰਹਿਮੰਡਲਾਂ ਆਕਾਸ਼ਾਂ ਪਾਤਾਲਾਂ ਵਿਖੇ ਵਾਹਿਗੁਰੂ ਰੂਪੀ ਸਚੁ ਹੀ ਪਰਤੱਖ ਜਲਵਨੀ ਪ੍ਰਚੰਡ ਰੰਗਾਂ ਵਿਚਿ ਪਸਰਿਆ ਹੋਇਆ **ਲਹਿਲਹਾਂਦਾ ਦਿਸਦਾ ਹੈ** ।੫॥ ਓਹਾ ਸੋਹਾਗਣੀ ਖਰੀ ਹੀ ਸੁਹਾਵਣੀ ਹੈ, ਜਿਸਨੇ ਉਪਰ ਦਸੇ ਰੰਗਾਂ ਵਿਚਿ ਰਵ ਰਹੇ ਪਿਰ ਪ੍ਰੀਤਮ ਨੂੰ ਆਪਣੇ ਅੰਗ ਸੰਗਿ ਸਾਥ ਪਰਤੱਖ ਜਾਣਿਆ ਹੈ। ਤਿਸ ਭਾਗਵੰਤੀ ਸੁਹਾਗਣ ਨੂੰ ਸਚਖੰਡੀ ਮਹਲ ਵਾਲਾ ਮਹਿਲੀ ਪ੍ਰੀਤਮ ਪਰਮਾਤਮਾ ਆਪਣੇ ਸਚਖੰਡ ਮਹਿਲ ਵਿਖੇ ਬੁਲਾਇ ਲੈਂਦਾ ਹੈ, ਜਿਥੈ ਬੁਲਾਇਕੈ ਸੋ ਪਿਰੁ ਪ੍ਰੀਤਮ ਤਿਸ ਪ੍ਰਿਮਨੀ ਸੁਹਾਗਣ ਨੂੰ ਹਾਵ ਭਾਵ ਸੇਤੀ ਆਤਮ ਰੰਗਾਂ ਦੇ ਭੋਗ ਭੋਗਾਇਕੈ ਰਾਵੰਦਾ ਹੈ। ਸਾਈ ਸੱਚ ਵਿਚ ਰਤੀ, ਸੱਚ ਰਵਿ ਰਹੀ ਸੋਹਾਗਣ ਹੀ ਸਭ ਤੋਂ ਭਲੀ ਹੈ ਜੋ ਪਿਰੀ ਪ੍ਰੀਤਮ ਨੇ ਗੁਰਮਤਿ ਗੁਣ ਕਰਕੇ ਮੋਹ ਲਈ ਹੈ, ਸ਼ੈਦਾਈ ਕਰਿ ਲਈ ਹੈ ॥ ੬ ॥ ਇਉਂ ਸੱਚ ਦੇ ਸੁਹਾਗ ਭਾਗ ਦੇ ਸਚੜੇ ਰੰਗ ਲਗਦੇ ਹਨ, ਇਉਂ ਸਚੁ ਦੀ ਸੱਚੀ ਪ੍ਰਾਪਤੀ ਹੁੰਦੀ ਹੈ। 'ਸਚੁ' ਦੀ ਗੁਰਮਤਿ ਖੋਜ ਬਿਨਾਂ, 'ਸਚੁ'-ਖੋਜ ਦੀ ਸੱਚੀ ਸੂੰਹ ਮਿਲੇ ਬਿਨਾਂ (ਜੋ ਕੇਵਲ ਗੁਰੂ ਘਰ ਵਿਖੇ ਹੀ ਮਿਲਦੀ ਹੈ) 'ਸਚੁ' ਦੀ ਆਮੁਹਾਰੀ ਤਲਾਸ਼ ਵਿਖੇ ਬਥੇਰੀ ਲੋਕੀ ਭੂਲੀ ਭੂਲੀ ਫਿਰਦੀ ਹੈ। ਕਦੇ ਥਲਾਂ ਤੇ ਜਾ ਚੜ੍ਹਦੀ ਹੈ, ਫੇਰ ਥਲੀਂ ਚੜ੍ਹ ਕੇ ਡੂੰਗਰ ਬਨਾਂ ਵਿਖੇ ਜਾ ਵੜਦੀ ਹੈ ਸਚੁ ਢੂੰਡਣ ਨੂੰ। ਪਰ ਬਨਾਂ ਵਿਚਿ ਭੀ ਭਰਮ ਭੁਲੀ ਹੀ ਫਿਰਦੀ ਰਹਿੰਦੀ ਹੈ। ਸੱਚ ਦੀ ਸੂਝ ਕਿਤੋਂ ਭੀ ਨਹੀਂ ਪੈਂਦੀ। ਸਤਿਗੁਰੂ ਬਿਨਾ 'ਸਚੁ' ਦੀ ਖੋਜ ਕਿਤੋਂ ਮਿਲ ਹੀ ਨਹੀਂ ਸਕਦੀ। ਨਾਮੁ ਤੋਂ ਭੁਲੀ ਫਿਰਦੀ ਲੁਕਾਈ ਨੂੰ ਸਚੁ ਕਦੇ ਨਹੀਂ ਮਿਲਦਾ। ਨਿਰਾ ਭਰਮ ਭੁਲਾਵਾ ਹੀ ਰਹਿੰਦਾ ਹੈ। ਭਰਮ ਭੁਲੀ ਨਾਮੋ ਘੁਥੁੱਲੀ ਲੁਕਾਈ ਫਿਰਿ ਫਿਰਿ ਜੂਨੀਆਂ ਵਿਚਿ ਪੈਂਦੀ ਹੈ। ਆਵਣ ਜਾਣ (ਆਵਾਗਵਣ) ਵਿਚਿ ਹੀ ਰਹਿੰਦੀ ਹੈ ॥ ੭ ॥ ਹੇ ਭੁਲਿਓ ਲੋਕੋ! ਤਿਨ੍ਹਾਂ ਸਚੜੇ ਗੁਰ ਮਾਰਗੀ ਪੰਧਾਊਆਂ ਨੂੰ ਜਾ ਕੇ ਪੁਛੋ, ਜੋ ਸਚੇ ਮਾਰਗ ਤੇ ਗੁਰਸਿਖ ਸੇਵਕ ਚਾਕਰ ਹੋ ਕੇ ਚਲਦੇ ਹਨ। ਜਿਨ੍ਹਾਂ ਨੇ ਆਪਣੇ ਸੁਆਮੀ ਰਾਜਨ ਵਾਹਿਗੁਰੂ ਦਾ ਪਰਤੱਖ ਦਰਸ਼ਨ ਪ੍ਰਾਪਤਿ ਕਰਿ ਲਿਆ ਹੈ, ਤਿਨ੍ਹਾਂ ਨੂੰ ਮਹਿਲੀ ਵਾਹਿਗੁਰੂ ਦੇ ਸਚੇ ਦਰ ਘਰ ਮਹਲ ਵਿਖੇ ਵੜਦਿਆਂ ਕੋਈ ਰੋਕ ਠਾਕ ਨਹੀਂ ਹੁੰਦੀ। ਓਥੇ ਏਕੈ ਹੀ ਸੱਚਾ ਵਾਹਿਗੁਰੂ ਓਹਨਾਂ ਦੀ ਸਨਮੁਖ ਦਿੱਬ ਦਰਿਸ਼ਟੀ ਅੰਦਰਿ ਰਵਿ ਰਹਿਆ ਹੁੰਦਾ

ਹੈ । ਸਾਰੇ ਪਰਮਾਤਮ ਜੋਤੀਸ਼ ਸਚੁ ਹੀ ਸਚੁ ਲਿਸ਼ਕਾਰੇ ਮਾਰ ਰਿਹਾ ਹੁੰਦਾ ਹੈ । ਇਸ ਜੋਤੀਸ਼ ਈਸ਼ 'ਸਚੁ' ਬਿਨਾ ਦੂਜਾ ਹੋਰ ਸਚੁ ਕੋਈ ਹੈ ਹੀ ਨਹੀਂ ॥੮॥

ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥
ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥
ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥
ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥ ੨ ॥
ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥
ਮਾਇਆ ਮੋਹਿ ਵਿਸਾਰਿਆ ਸੁਖੁ ਦਾਤਾ ਦਾਤਾਰੁ ॥
ਸਤਿਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰਧਾਰਿ ॥
ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ ॥ ੩ ॥
ਸਤਿਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥
ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥
ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥
ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥ ੪ ॥
ਸਤਿਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥
ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾਂ ਲਾਗੈ ਨਾਮ ਪਿਆਰੁ ॥
ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ ॥ ੫॥੨੦॥੫੩॥

ਪੰਨਾ ੩੪—ਸਿਰੀ ਰਾਗ ਮਹਲਾ ੩

ਜੇਹੜੇ ਗੁਰਮੁਖ ਜਨ 'ਸਚੁ' ਨੂੰ ਸਲਾਹੁੰਦੇ ਹਨ, ਅਰਥਾਤ 'ਸਚੁ ਨਾਮੁ' ਨੂੰ ਸਿਮਰਦੇ ਹਨ ਦਰਹਕੀਕਤ ਸੇਈ ਸੱਚੇ ਹਨ । ਇਸ 'ਸਚੁ' ਸਿਫਤਿ ਸਾਲਾਹ ਤੋਂ ਊਰੇ, 'ਸਚੁ ਨਾਮੁ' ਸਿਮਰਨ ਤੋਂ ਸੁੰਞੇ ਅਤੇ ਥੋਥੇ ਪੁਰਸ਼ ਸਭ ਝੂਠੇ ਅਤੇ ਕੂੜਿਆਰ ਹਨ । ਸਚੁ ਸਾਲਾਹਣਹਾਰ ਸਚਿਆਰ ਗੁਰਮੁਖ ਪਿਆਰਿਆਂ ਨੂੰ ਇਕ 'ਸਚੁ ਨਾਮੁ' ਦਾ ਹੀ ਆਧਾਰੁ ਹੈ । ਸਚੁ ਨਾਮੁ ਅਭਿਆਸ ਕਮਾਈਆਂ ਦੀ ਸੱਚੀ ਕਾਰ ਕਮਾਵਣੀ ਹੀ ਓਹਨਾਂ ਦਾ ਪਿਆਰ ਹੈ । ਸਚ ਨਾਮ ਦੀ ਕਾਰ ਕਮਾਵਣ ਵਿਚਿ ਲਗਾਤਾਰ ਜੁਟੇ ਰਹਿਣਾ ਵਾਹਿਗੁਰੂ ਸਚੇ ਨਾਲਿ ਪਰਬਲ ਪਿਆਰ ਹੋਣ ਦਾ ਸੱਚਾ ਸਬੂਤ ਹੈ । ਸੱਚਾ ਪਾਤਸ਼ਾਹ ਨਿਰੰਕਾਰ ਵਾਹਿਗੁਰੂ ਓਹਨਾਂ ਦੇ ਸਨਮੁਖ ਪਰਗਟ ਪਾਹਾਰੇ ਜਾਪਦਾ ਹੈ । ਇਸ ਕਰਕੇ ਓਹਨਾਂ ਦੇ ਇਸ ਪਿਆਰ ਨੂੰ ਮੇਟਣਹਾਰ ਕੋਈ ਨਹੀਂ । ਮਨਮਖਾਂ ਨੂੰ ਸਚੇ ਵਾਹਿਗੁਰੂ ਦਾਤਾਰ ਦੇ ਦਰ ਘਰ ਮਹਲਾਂ ਅੰਦਰਿ ਢੋਈ ਨਹੀਂ ਮਿਲਦੀ, ਕਿਉਂਕਿ ਨਾਮੋ ਘੁਥੇ ਹੋਣ ਕਰਕੇ ਓਹ ਸਦਾ ਕੂੜ ਮੁੱਠੇ ਕੂੜਿਆਰ ਹੀ ਰਹਿੰਦੇ ਹਨ । ਸਾਰਾ ਸੰਸਾਰ ਹਉ ਹਉ ਕਰਦਾ ਹੋਇਆ ਹਉਮੈ ਵਿਚਿ ਮਰ ਰਿਹਾ ਹੈ । ਗੁਰੂ ਬਿਨਾ ਘੋਰ ਅੰਧਾਰ ਹੀ ਅੰਧਾਰ ਹੈ । ਸਾਰਾ ਜਗਤ ਮਾਇਆ ਮੋਹ ਦੇ ਅੰਧ ਖਾਤੇ ਵਿਚਿ ਪੈ ਕੇ

ਡੁੱਬ ਰਿਹਾ ਹੈ । ਇਸ ਮਾਇਆ ਮੋਹ ਨੇ ਸੁਖ-ਦਾਤਾ ਦਾਤਾਰ ਵਿਸਾਰ ਛਡਿਆ ਹੈ । ਜੇਹੜੇ ਸਤਿਗੁਰੂ ਨੂੰ ਸੇਂਵਦੇ ਹਨ,ਸੋਈ ਉਬਰਦੇ ਹਨ, ਅਰਥਾਤ,ਜੋ ਜੋ ਜਨ ਸੁਮੱਤੇ ਪੈ ਕੇ ਸਤਿਗੁਰੂ ਸਚੇ ਪਾਤਸ਼ਾਹ ਦੀ ਸੱਚੀ ਸਿਖੀ ਸੇਵਕੀ ਧਾਰਨ ਕਰਦੇ ਹਨ ਅਤੇ ਸੱਚੇ ਸਿਖ ਸੇਵਕ ਸਤਿਗੁਰੂ ਦੇ ਦਰ ਘਰ ਦੇ ਬਣਦੇ ਹਨ,ਤਿਨ੍ਹਾਂ ਦਾ ਹੀ ਇਸ ਮਾਇਆ-ਮੋਹ ਦੇ ਜਾਲ-ਜੰਜਾਲ ਤੋਂ ਉਭਰਨਾ ਹੁੰਦਾ ਹੈ । ਓਹ ਸਤਿਗੁਰੂ ਦੇ ਸੇਵਕ, ਗੁਰੂ ਦੇ ਸੇਵਕ, ਗੁਰੂ ਦੇ ਸਚੇ ਸਿਖ ਬਣਕੇ "ਸਚੁ ਰਖਹਿ ਉਰਧਾਰਿ", ਸਦਾ 'ਸਚੁ' ਨੂੰ,ਅਰਥਾਤ,ਸਚੇ ਨੂੰ ਹਿਰਦੇ ਅੰਦਰਿ ਧਾਰੀ ਪਰੋਈ ਰਖਦੇ ਹਨ । ਇਸ ਸਚੁ ਸਬਦੁ, ਗੁਰਮਤਿ ਨਾਮੁ ਦੀ ਵੀਚਾਰ ਕਮਾਈ ਦੁਆਰਾ ਗੁਰ ਪ੍ਰਸਾਦ ਕਰਿ ਪਰਮ ਪੁਰਖੋਤਮ ਸਚੁ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ । ਸਤਿਗੁਰੂ ਦ੍ਰਿੜ੍ਹਾਈ ਸੇਵਾ ਸਿਮਰਨ ਕਮਾਈ ਦੁਆਰਾ ਹੀ ਮਨੁ ਅਤਿ ਨਿਰਮਲ ਹੁੰਦਾ ਹੈ ਅਤੇ ਹਉਮੈ ਤੋਂ ਉਪਜੇ ਸਭ ਵਿਕਾਰ ਤਜੇ ਜਾਂਦੇ ਹਨ । ਗੁਰ ਕੇ ਸਬਦ ਵੀਚਾਰ ਦੁਆਰਾ ਅਭਿਆਸ ਕਮਾਈ ਕਮਾਇਆਂ ਆਪਾ ਭਾਵ ਦਾ ਅਭਾਵ ਹੋ ਜਾਂਦਾ ਹੈ ਅਤੇ ਜੀਉਂਦੇ ਜੀ ਮਰ ਕੇ ਜੀਵਨ ਮੁਕਤ ਪਦਵੀ ਪ੍ਰਾਪਤਿ ਹੁੰਦੀ ਹੈ । 'ਸਚੁ' ਨਾਲਿ ਸੱਚਾ ਪਿਆਰੁ ਪਾਇਆਂ,ਅਰਥਾਤ, ਨਾਮੁ ਸੱਚ ਸੇਤੀ ਲਿਵ ਪਿਆਰ ਪਕਾਇਆਂ ਸਭ ਧੰਦੇ ਧਾਵਣੀਆਂ ਤੋਂ ਛੁਟਕਾਰਾ ਹੋ ਜਾਂਦਾ ਹੈ । 'ਸਚੁ' ਸੇਤੀ ਰਤਿਆਂ,ਅਰਥਾਤ ਸਚੁ ਨਾਮ ਦੇ ਰੰਗਾਂ ਵਿਚਿ ਭਿਜਿਆਂ ਰੰਗਿਜਿਆਂ ਸਚੇ ਸਾਹਿਬ ਦੇ ਸਚੇ ਦਰਬਾਰ ਵਿਚ ਜਾ ਕੇ ਮੁਖ ਉਜਲੇ ਹੁੰਦੇ ਹਨ ਅਤੇ ਸਦਾ ਉਜਲੇ ਰਹਿੰਦੇ ਹਨ । "ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ"। ਜਿਨ੍ਹਾਂ ਨੇ ਸੱਚਾ ਸਤਿਗੁਰੁ ਪੁਰਖ ਨਹੀਂ ਮੰਨਿਆ ਅਤੇ ਧਾਰਨ ਨਹੀਂ ਕੀਤਾ (ਗੁਰੂ ਦੁਆਰੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕੇ) ਤਿਨ੍ਹਾਂ ਦਾ 'ਸਚੁ' ਸਬਦ,ਅਰਥਾਤ, ਸਬਦ ਰੂਪੀ 'ਸਚੁ' ਗੁਰਮਤਿ ਨਾਮ ਨਾਲਿ ਸੱਚੀ ਸਰਧਾ ਭਾਵਨੀ ਵਾਲਾ ਪਿਆਰੁ ਨਹੀਂ ਲਗਦਾ । ਤਿਨ੍ਹਾਂ ਦਾ ਇਸ਼ਨਾਨ ਦਾਨ ਕੀਤਾ ਸਭ ਬਿਰਥਾ ਜਾਂਦਾ ਹੈ । ਕਿਉਂਕਿ ਨਿਗੁਰਿਆਂ ਦਾ ਇਸ਼ਨਾਨ ਦਾਨ ਸਭ ਦੂਜੇ ਭਾਵ ਨੂੰ ਮੁਖ ਰਖ ਕੇ ਹੁੰਦਾ ਹੈ । ਤਾਂ ਤੇ ਓਹ ਦੂਜੇ ਭਾਵ ਦੇ ਕੂੜਾਵੇ ਪਿਆਰ ਵਿਚਿ ਖੱਜਲ ਖੁਆਰ ਹੁੰਦੇ ਰਹਿੰਦੇ ਹਨ । ਜਿਨ੍ਹਾਂ ਉਤੇ ਗੁਰੂ ਕਰਤਾਰ ਦੀ ਅਪਾਰ ਕਿਰਪਾ ਹੁੰਦੀ ਹੈ, ਓਹ ਮੁੜ ਕੇ ਫੇਰ ਨਿਗੁਰਿਓਂ ਸਗੁਰੇ ਬਣ ਜਾਂਦੇ ਹਨ । ਤਾਂ ਓਹਨਾਂ ਦਾ 'ਸਚੁ ਨਾਮੁ' ਨਾਲਿ ਸੱਚਾ ਪਿਆਰ ਲਗਦਾ ਹੈ । ਤਾਂ ਤੇ ਗੁਰ ਕੇ ਅਪਾਰ ਹੇਤ ਪਿਆਰ **ਪ੍ਰਸਾਦ ਕਰਿ ਸੱਚਾ ਨਾਮੁ ਸਮਾਲਿਆਂ**, ਹਕੁ ਹਕੀਕੀ ਸਚੁ ਸੰਚਰਨ ਹੁੰਦਾ ਹੈ । ਇਉਂ ਗੁਰੂ ਨਾਨਕ ਸਾਹਿਬ ਸਚੇ ਫੁਰਮਾਨ ਦੀ ਸ਼ਾਹਦੀ ਦਿੰਦੇ ਹਨ । ਹੋਰ ਭੀ ਅਗਾਹਾਂ ਹਾਮੀ ਭਰਦੇ ਹਨ :

ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥
ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥
ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ ॥
ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ ॥
ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ ॥

ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥
ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥੨॥੯॥ ਪੰਨਾ ੮੬

ਸਿਰੀ ਰਾਗ ਕੀ ਵਾਰ ਮਹਲਾ ੪

ਸਾਰੇ ਗੁਰਮਤਿ ਗੁਣਾਂ ਦਾ ਨਿਚੋੜ ਗੁਰਮਤਿ ਨਾਮੁ ਹੈ, ਸੋ ਸਤਿਗੁਰ ਸੇਵਿਆਂ, ਅਰਥਾਤ, ਸਤਿਗੁਰੂ ਦੇ ਸੇਵਕ ਸਿਖ ਬਣਿਆਂ ਹੀ ਪ੍ਰਾਪਤਿ ਹੁੰਦਾ ਹੈ। ਇਹ ਸਚੁ ਨਾਮੁ, ਅਰਥਾਤ, ਗੁਰਮਤਿ ਨਾਮੁ ਰੂਪੀ ਸਚੁ ਹੀ ਸਚੇ ਸੁਖ ਦੀ ਖਾਣ ਹੈ। ਗੁਰਮਤੀ ਜਦੋਂ ਰੋਮ ਰੋਮ ਰਮਤ ਰਾਮ ਨਾਮ ਹਿਰਦੇ ਅੰਦਰਿ ਪਰਗਾਸ ਹੋ ਜਾਂਦਾ ਹੈ, ਤਦੋਂ ਪਤਾ ਲਗਦਾ ਹੈ ਇਸ ਪਰਮਾਰਥੀ ਗੁਝੇ ਭੇਦ ਦਾ ਕਿ ਆਪਾ ਆਤਮ-ਅੰਸੀ ਹੈ ਅਤੇ ਇਸ ਦਾ ਮੂਲ ਜੋਤਿ ਸਰੂਪ ਪਰਮਾਤਮਾ ਹੈ। ਰਿਦੰਤਰਿ ਜੋਤਿ ਪਰਗਾਸ ਹੋਣ ਪਰ ਹੀ ਪਤਾ ਲਗਦਾ ਹੈ ਕਿ ਤਤ ਸਚੁ ਇਹ ਜੋਤਿ ਕਿਰਨ ਪ੍ਰਕਾਸ਼ੀ ਨਾਮੁ ਹੈ। ਇਸ 'ਸਚੁ' ਦੀ ਰਸੁ-ਜੋਤਿ-ਕਿਰਣ ਜਦ ਅੰਦਰਿ ਪਰਗਾਸਦੀ ਹੈ ਤਾਂ ਇਸ ਜੋਤਿ ਚੰਨਣਾਇਣੀ 'ਸਚੁ' ਨਾਮ ਦੇ ਰਸ-ਪ੍ਰਾਇਣ ਹੋ ਕੇ ਸਚੋ ਸਚੁ ਕਮਾਉਣ ਲਈ ਆ-ਮੁਹਾਰੇ ਉਤਸ਼ਾਹ ਉਮਾਹੇ ਅੰਦਰੋਂ ਉਠਦੇ ਹਨ ਅਤੇ ਜਿਉਂ ਜਿਉਂ ਇਸ 'ਸਚੁ' ਨਾਮ ਰੂਪੀ 'ਸਚੁ' ਦੀ ਰਸ ਜੋਤਿ ਕਣੀ ਅਭਿਆਸ ਕਮਾਈ ਦੁਆਰਾ ਹੋਰ ਤੇ ਹੋਰ ਬਿਸਮਾਦ ਅਮੀ ਅਹਿਲਾਦ ਵਿਚਿ ਅੰਤਰਿ ਆਤਮੇ ਪਸਰਦੀ ਹੈ, ਤਿਉਂ ਤਿਉਂ ਇਸ 'ਸਚੁ' ਵਖਰ ਦੀ ਕੀਮਤਿ ਕਦਰ ਹੋਰ ਵਧ ਵਧ ਕੇ ਵਡੀ ਹੁੰਦੀ ਜਾਂਦੀ ਹੈ। ਐਥੋਂ ਤਾਈਂ ਕਿ ਇਸ ਦੀ ਵਡਿਆਈ ਹੋ ਹੀ ਨਹੀਂ ਸਕਦੀ। ਏਹ ਵਡਿਆਈ ਵਡੇ 'ਸਚੁ' (ਸਚੇ ਵਾਹਿਗੁਰੂ) ਵਿਚ ਹੀ ਸਮਾਇ ਜਾਂਦੀ ਹੈ। ਵਡੀ ਵਡਿਆਈ ਵਾਲਾ ਸਚੁ ਚਉਂਦਿਆਂ, ਵਾਹਿਗੁਰੂ ਵਡੇ ਦੀਆਂ ਸਿਫਤਿ ਸਾਲਾਹ ਰੂਪੀ ਵਡਿਆਈਆਂ ਕਰਦਿਆਂ ਦੇਹੋਂ ਬਦੇਹ ਹੋ ਜਾਈਦਾ ਹੈ। ਜੀਉ ਪਿੰਡ ਦੀ ਕੋਈ ਪ੍ਰਵਾਹ ਸੁਝ ਰਹਿੰਦੀ ਹੀ ਨਹੀਂ। ਜੀਉ ਪਿੰਡ ਓਸੇ ਵਾਹਿਗੁਰੂ ਵਡੇ ਦਾ ਸਮਝ ਕੇ ਓਸੇ ਦੇ ਅਰਪਨ ਕਰਿ ਦੇਈਦਾ ਹੈ, ਸਿਫਤ ਅਰਦਾਸ ਕਰਨ ਵਿਚਿ। ਵਾਸਤਵ ਵਿਚਿ ਸਿਫ਼ਤਿ ਸਾਲਾਹ ਰੂਪੀ ਨਾਮ ਅਭਿਆਸ ਸਚੇ ਸਾਹਿਬ ਦੇ ਸਨਮੁਖ ਅਰਦਾਸ ਹੁੰਦੀ ਹੈ। ਵਾਹਿਗੁਰੂ ਧਿਆਉਣਾ ਵਾਹਿਗੁਰੂ ਅਗੇ ਅਰਦਾਸ ਕਰਨੀ ਹੀ ਹੈ ਪਰ ਅਰਦਾਸ ਏਹ, ਸਾਲਾਹੀ ਵਾਹਿਗੁਰੂ ਦੇ ਦਰਸ ਵਿਗਾਸ ਦੀ, ਵਾਹਿਗੁਰੂ ਨਾਮ ਜਪਦਿਆਂ ਹੁੰਦੀ ਹੈ।

ਸੋ, ਅਰਦਾਸ ਸਚੜੀ ਏਹੀ ਹੈ ਕਿ ਵਿਣੁ ਸਚੇ ਹੋਰ ਕੁਛ ਨਾ ਮੰਗਿਆ ਜਾਇ। ਏਸ ਕਰਕੇ ਸਚੇ ਸਬਦ ਸਲਾਹਣ ਰੂਪੀ ਸਿਫਤਿ ਅਰਦਾਸ ਕੀਤਿਆਂ, 'ਸੁਖੇ ਸੁਖਿ ਨਿਵਾਸੁ' ਹੁੰਦਾ ਹੈ। ਇਸ ਬਿਧਿ ਜਪੁ ਤਪੁ ਸੰਜਮੁ ਮਨ ਮਾਂਹਿ ਹੀ ਨਾਮ ਜਪਦਿਆਂ ਹੋ ਜਾਂਦੇ ਹਨ। ਨਾਮ ਬਿਨਾ ਹੋਰ ਜਪ ਤਪ ਸੰਜਮ ਕਰਨੇ ਧ੍ਰਿਗ ਜੀਵਣੀ ਫਿਟਕਾਰ ਹੈ। ਸੱਚਾ ਜਪੁ ਤਪੁ ਸੰਜਮੁ ਨਾਮੁ ਅਭਿਆਸ ਕਮਾਉਣਾ ਹੀ ਹੈ ਅਤੇ ਐਸਾ ਜਪੁ ਤਪੁ ਸੰਜਮੀ ਨਾਮ ਕੇਵਲ ਗੁਰਮਤੀ ਹੀ ਪਾਈਦਾ ਹੈ। ਗੁਰਮੁਖਾਂ ਨੂੰ ਹੀ ਇਹ ਨਾਮੁ ਪ੍ਰਾਪਤਿ ਹੁੰਦਾ ਹੈ। ਮਨਮੁਖਾਂ ਦਾ ਤਾਂ ਮਾਇਆ ਮੋਹ ਵਿਚਿ ਹੀ ਵਿਣਾਸ ਹੋ ਜਾਂਦਾ ਹੈ। ਓਹ ਨਾਮ ਵਾਲੇ ਪਾਸੇ ਆਉਂਦੇ ਹੀ ਨਹੀਂ। ਓਹਨਾਂ ਦੇ ਕਰਮਾਂ ਵਿਚਿ ਏਹੋ ਲਿਖਿਆ ਹੁੰਦਾ ਹੈ। ਜਿਵੇਂ ਤਿਸ ਦੀ ਰਜ਼ਾ ਹੈ ਉਸੇ ਵਿਚਿ ਰਾਜ਼ੀ ਰਹਿਣਾ ਹੀ ਗੁਰਮੁਖ ਹਰਿ ਕੇ ਦਾਸਾਂ ਦਾ ਧਰਮ ਹੈ।

੧੫

# ਗੁਰਮਤਿ 'ਸਚੁ' ਸਿਧਾਂਤ

ਅਗੇ ਦੇਖੋ 'ਸਚੁ' ਦਾ ਸਿਖਰਲਾ ਸਿਧਾਂਤ :

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥
ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥
ਕਰਤੇ ਹਥਿ ਵਡਿਆਈਆ ਪੂਰਬਿ ਲਿਖਿਆ ਪਾਇ ॥੩॥
ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥
ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥
ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥

**ਪੰਨਾ ੫੨**—ਸਿਰੀ ਰਾਗੁ ਮਹਲਾ ੫

ਸਤਿਗੁਰੂ ਦੇ ਮਿਲਿਆਂ ਹੀ ਸਚੁ ਮਿਲਦਾ ਹੈ। ਸੇਈ ਜਨ ਜਗ ਵਿਚਿ ਆਏ ਪਰਵਾਨ ਹਨ, ਜਿਨ੍ਹਾਂ ਨੂੰ ਭਾਇ ਸੁਭਾਇ ਸਤਿਗੁਰੂ ਦਾ ਮਿਲਾਪ ਹੋਇਆ ਹੈ। ਸਤਿਗੁਰੂ ਦੇ ਮਿਲਿਆਂ 'ਸਚੁ' ਦੀ ਸੂਝ ਪੈਂਦੀ ਹੈ। ਸੂਝ ਹੀ ਨਹੀਂ ਪੈਂਦੀ, 'ਸਚੁ' ਦੇ ਸਰੂਪ ਵਿਚਿ ਸਮਾ ਜਾਈਦਾ ਹੈ। ਪਰਮ 'ਸਚੁ', ਸਰਬੋਤਮ 'ਸਚੁ', ਸਚੇ ਵਾਹਿਗੁਰੂ ਦੇ ਰੰਗਾਂ ਵਿਚਿ ਰੰਗੇ ਜਾਈਦਾ ਹੈ ਅਤੇ ਸਚੇ ਸੇਤੀ ਰਤਿਆਂ ਹੀ ਸੱਚੀ ਦਰਗਾਹ ਵਿਚਿ ਬੈਠਣ ਦੀ ਜਾਇ (ਜਗ੍ਹਾ) ਮਿਲਦੀ ਹੈ। ਏਹ ਸਭ ਵਡਿਆਈਆਂ ਕਰਤੇ ਹਥਿ ਹਨ। ਪੂਰਬ ਲਿਖਤ ਅਨੁਸਾਰ ਹੀ ਇਹ ਮਰਤਬਾ ਪਾਈਦਾ ਹੈ। ਸਚੁ ਹੀ ਕਰਤਾ ਹੈ, ਸਚੁ ਹੀ ਕਰਨਹਾਰ ਹੈ, ਸਚੁ ਹੀ ਸਾਹਿਬ ਹੈ, ਸਚੁ ਹੀ ਟੇਕ ਆਧਾਰ, ਆਸਰਾ ਰੂਪ ਹੈ। ਗੁਰਮਤਿ ਨਾਮ ਜਪਦਿਆਂ ਹੀ ਸਚੋ ਸਚੁ ਵਖਾਣੀਦਾ ਹੈ। ਅਰਥਾਤ ਗੁਰਮਤਿ ਨਾਮੁ ਜਪਣਾ ਹੀ ਸਚੁ ਵਖਾਨਣਾ ਹੈ। ਨਾਮੁ ਰੂਪੀ 'ਸਚੁ' ਦੀ ਜਾਪ ਅਭਿਆਸ ਕਮਾਈ ਕਰਨੀ ਏਹੋ ਸੱਚਾ ਬੁਧਿ ਬਿਬੇਕੁ ਹੈ। ਏਹ ਸਚੁ ਹੀ ਸਰਬ ਨਿਰੰਤਰਿ ਰਵਿ ਰਹਿਆ ਹੈ। ਇਸੇ ਕਰਕੇ ਸਚੁ ਨੂੰ ਹੀ ਜਪਿ ਜਪਿ ਕੇ ਗੁਰੂ ਨਾਨਕ ਨਿਰੰਕਾਰੀਏ ਜਨ ਜੀਵੰਦੇ ਹਨ। ਸਚਾ ਜੀਵਨ-ਆਧਾਰ ਏਹੀ ਗੁਰਮਤਿ ਸਿਧਾਂਤ 'ਸਚੁ' ਹੈ।

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥

 www.sikhbookclub.com

ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥
ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥
ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਇਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥
ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥
ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੯॥ ਪੰਨਾ ੨੦

ਸਿਰੀ ਰਾਗੁ ਮਹਲਾ ੧

ਇਸ ਸੰਸਾਰ ਰੂਪੀ ਸਾਗਰ ਵਿਖੇ ਪੂਰਾਂ ਦੇ ਪੂਰ ਹੰਕਾਰ ਲੱਦੇ ਆਉਂਦੇ ਹਨ ਤੇ ਹੰਕਾਰ ਭਰੇ ਜਾਂਦੇ ਹਨ। ਅਨੇਕਾਂ ਆਉਂਦੇ ਹਨ, ਅਨੇਕਾਂ ਜਾਂਦੇ ਹਨ। ਮਨ ਹਠ ਮਨ ਦੀਆਂ ਮਤਾਂ ਕਰ ਕੇ ਮੰਝਧਾਰ ਵਿਖੇ ਹੀ ਡੁਬ ਜਾਂਦੇ ਹਨ। ਗੁਰੂ ਨਾਨਕ ਸਾਹਿਬ ਨੇ 'ਸਚੁ' ਦੀ ਬੇੜੀ, ਸੱਚ ਨਾਮ ਦੀ ਬੇੜੀ ਇਸ ਭਵਜਲ ਤੋਂ ਤਾਰਨ ਲਈ ਧੁਰ ਅਰਸ਼ਾਂ ਕੁਰਸ਼ਾਂ ਤੋਂ ਲਿਆਂਦੀ। ਸੋ ਜਿਨ੍ਹਾਂ ਨੇ ਮਨ ਦੀ ਮਤਿ ਤਿਆਗ ਕੇ ਗੁਰੂ ਦੀ ਮਤਿ ਲਈ ਅਤੇ ਸਚੁ ਰੂਪੀ ਗੁਰਮੰਤ੍ਰ ਦੀਖਿਆ ਲਈ, ਸੋ ਗੁਰਮੁਖ ਜਨ ਸਚੁ ਨਾਮੁ ਕਮਾਈਆਂ ਕਰ ਕੇ ਤਰ ਗਏ ਅਤੇ ਇਸ ਭਵਜਲੋਂ ਪਾਰ ਪਏ। ਗੁਰੂ ਬਿਨਾਂ, ਬਿਨ ਗੁਰੂ ਧਾਰਨ ਕੀਤਿਆਂ, ਇਸ ਭਵ ਸਾਗਰ ਤੋਂ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ ? ਕਿਵੇਂ ਭੀ ਨਹੀਂ ਤਰਿਆ ਜਾ ਸਕਦਾ, ਨਾ ਹੀ ਗੁਰੂ ਬਿਨਾ ਸਚਾ ਸੁਖ ਮਿਲ ਸਕਦਾ ਹੈ। ਤਾਂ ਤੇ ਗੁਰੂ ਪ੍ਰਾਇਣ ਹੀ ਹੋ ਰਹਿਣਾ ਅਤੇ ਗੁਰੂ ਪਰਣੇ ਹੋਇ, ਗੁਰ ਭਾਣੇ ਅੰਦਰਿ ਦਰਸਾਈ ਸੱਚੀ ਗੁਰੂ ਕਾਰ ਕਮਾਵਣ ਵਿਚਿ ਹੀ ਸੱਚਾ ਸੁਖੁ ਹੈ। ਸਤਿਗੁਰੂ ਬਾਝੋਂ ਅਵਰ ਦੂਜਾ ਕੋਈ ਭੀ ਸੁਖਦਾਤਾ ਨਹੀਂ। ਨਾਹੀ ਕੋਈ ਹੋਰ ਭਵਜਲ-ਤਾਰਕ ਹੈ। ਨਾਹੀ ਮਨ ਦੀ ਮਤਿ ਸਿਆਣਪ ਚਤੁਰਾਈ ਹੀ ਸਹਾਈ ਹੋ ਸਕਦੀ ਹੈ ॥ਰਹਾਉ॥ ਪਿਛੇ ਨਜ਼ਰ ਮਾਰੀਦੀ ਹੈ ਤਾਂ ਹਰੀਆਂ ਅੰਗੂਰੀਆਂ ਉਗਵ ਰਹੀਆਂ ਹਨ, ਅਗੇ ਨਜ਼ਰ ਮਾਰਿਆਂ ਓਹੀ ਹਰੀਆਂ ਅੰਗੂਰੀਆਂ ਦਵ (ਅੱਗ) ਨਾਲਿ ਦਧੀਆਂ ਸੁਆਹ ਹੋ ਜਾਂਦੀਆਂ ਦਿਸਦੀਆਂ ਹਨ। ਜਿਥੋਂ ਉਪਜਦੀਆਂ ਹਨ ਤਿਥੇ ਹੀ ਬਿਨਸ

ਜਾਂਦੀਆਂ ਹਨ । ਘਟ ਘਟ ਅੰਦਰ ਸਚੁ ਭਰਪੂਰ ਹੈ । ਸਚੁ ਸਰੂਪ ਸੱਚਾ ਵਾਹਿਗੁਰੂ ਘਟਿ ਘਟਿ ਭਰਪੂਰ ਹੁੰਦਾ ਹੋਇਆ ਭੀ ਕਿਸੇ ਨੂੰ ਨਹੀਂ ਦਿਸਦਾ । ਜਿਨ੍ਹਾਂ ਉਤੇ ਨਦਰ ਕਰੰਮੀ ਮੇਹਰ ਹੁੰਦੀ ਹੈ,ਤਿਨ੍ਹਾਂ ਨੂੰ ਗੁਰਪ੍ਰਸਾਦੀ ਸੱਚਾ ਸਾਹਿਬੁ ਆਪੇ ਹੀ ਆਪਣੇ 'ਸਚੁ' ਸਰੂਪ ਵਿਖੇ ਮੇਲ ਕੇ ਮਿਲਾਈ ਰਖਦਾ ਹੈ । ਓਹ ਸਦਾ ਸਚੇ ਮਹਲ ਦੀ ਹਜ਼ੂਰੀ ਵਿਖੇ ਹੀ ਰਹਿੰਦੇ ਹਨ ਅਤੇ ਜੋਤੀ ਸਰੂਪ 'ਸਚੁ' ਜੋਤੀਸ਼ ਵਾਹਿਗੁਰੂ ਦਾ ਪਰਤੱਖ ਦਰਸ਼ਨ ਕਰਦੇ ਹਨ । ਉਹ ਜੋਤੀਸ਼ ਵਾਹਿਗੁਰੂ ਦੇ 'ਸਚੁ' ਬਿਮਲ ਸਰੂਪ ਨੂੰ ਸਨਮੁਖ ਪੇਖਿ ਪੇਖਿ ਅਤੇ ਬਿਸਮ ਹੋਇ ਹੋਇ ਵਾਹਿ ਵਾਹਿ ਕਰਿ ਪਰਕਾਸ਼ ਰੂਪ ਸਚ (ਵਾਹਿਗੁਰੂ) ਨੂੰ ਸੁਆਸਿ ਸੁਆਸਿ ਵਿਰਦ ਅਭਿਆਸ ਦੁਆਰਾ ਸੰਮਾਲ ਕੇ ਸਾਲਾਹੁੰਦੇ ਹਨ ਅਤੇ ਸਲਾਹੁੰਦੇ ਰਜਦੇ ਨਹੀਂ, ਅਰਥਾਤ ਸਾਲਾਹੁਣੋਂ ਕਦੇ ਹਟਦੇ ਨਹੀਂ, ਸਿਫਤਿ ਸਾਲਾਹ ਨੂੰ ਕਦੇ ਵਿਸਾਰਦੇ ਨਹੀਂ । ਸੁਆਲਿਉ ਸਰੂਪ 'ਸਚੁ' ਦੀ ਸਿਫਤ ਕਰਨ ਵਿਚਿ ਮਸਤ ਮਖ਼ਮੂਰ ਰਹਿੰਦੇ ਹਨ । ਜਿਉਂ ਜਿਉਂ ਸਚੁ ਸੁਆਲਿਉ ਸਰੂਪ ਵਾਹਿਗੁਰੂ ਸਿਫਤਿ ਸਾਲਾਹ ਕਰਦਿਆਂ ਕਰਦਿਆਂ ਤਿਨ੍ਹਾਂ ਦੇ ਮਨ ਅੰਦਰਿ ਵਸਦਾ ਰਸਦਾ ਹੈ, ਤਿਉਂ ਤਿਉਂ ਗੁਰਮੁਖ ਜਨ ਹੋਰ ਤੋਂ ਹੋਰ ਬਿਸਮਾਦ ਅਹਿਲਾਦ ਸੁਆਦ ਵਾਲੇ ਅੰਮ੍ਰਿਤ ਦੇ ਗਟਾਕ ਅੰਤਰਿ-ਆਤਮੇ ਪੀਂਦੇ ਹਨ । ਅਤੇ ਪੀ ਪੀ ਹੋਰ ਬਿਸਮਾਦ ਥੀਂਦੇ ਹਨ । ਮਨ ਤਨ ਧਨ ਸਰਬੰਸ ਸਚੇ ਧਣੀ ਵਿਟਹੁ ਵਾਰ ਕੇ, ਇਉਂ ਆਪਾ ਨਿਵਾਰ ਕੇ ਸੱਚ ਸਮਾਉਣੀ ਜੋਤੀ ਜੋਤਿ ਵਿਚਿ ਇਕਿ ਮਿਕਿ ਹੋ ਕੇ ਸਮਾ ਜਾਂਦੇ (ਲੀਨ ਹੋ ਜਾਂਦੇ) ਹਨ । ਜਿਸ 'ਸਚੁ' ਜੋਤਿ ਸਮੇਉ ਸਰੂਪ ਜੋਤੀਸ਼ ਵਾਹਿਗੁਰੂ ਨੇ ਤ੍ਰਿਭਵਣ ਆਕਾਰੁ ਕਰਕੇ ਇਸ ਜਗਤ ਨੂੰ ਉਪਾਇਆ ਹੈ, ਗੁਰਮੁਖਾਂ ਨੂੰ ਤਾਂ ਉਹ ਸਚੁ ਚਾਨਣ-ਮੁਨਾਰੇ ਦੀ ਨਿਆਈਂ ਸਾਕਸ਼ਾਤ ਦਿਸਦਾ ਹੈ । ਮਨਮੁਖ ਮੁਗਧ ਗਵਾਰਾਂ ਨੂੰ ਇਸ 'ਸਚੁ' ਵਲੋਂ ਹਨੇਰ ਗੁਬਾਰ ਘੋਰ ਅੰਧਾਰ ਹੀ ਰਹਿੰਦਾ ਹੈ । ਘਟਿ ਘਟਿ ਜੋਤਿ ਨਿਰੰਤਰੀ ਗੁਰਮੁਖ ਜਨ ਹੀ ਇਸ ਤੱਤ ਸਾਰ ਭੂਤੀ 'ਸਚੁ' ਨੂੰ ਗੁਰਮਤਿ ਦੇ ਸਚੇ ਚਾਨਣੇ ਦੁਆਰਾ ਪਰਤੱਖ ਲਖਦੇ ਹਨ । ਇਸ ਬਿਧਿ ਜਿਨ੍ਹਾਂ ਗੁਰਮੁਖਾਂ ਨੇ 'ਸਚੁ' ਨੂੰ ਪਰਤੱਖ ਲਖਿਆ ਹੈ, ਤਿਨ੍ਹਾਂ ਨੂੰ ਹੀ ਸੱਚੀ ਦਰਗਾਹੇ ਸਚੇ ਸਾਹਿਬ ਵਲੋਂ ਸੱਚੀ ਸ਼ਾਬਾਸ਼-ਮਈ ਥਾਪਨਾ ਮਿਲਦੀ ਹੈ । ਓਹ ਗੁਰਮੁਖ ਜਨ ਸਚੇ ਜੋਤੀਸ਼ ਵਾਹਿਗੁਰੂ ਸੇਤੀ ਜੋਤਿ ਕਰਾਕੇ ਘੁਲ ਮਿਲ ਘਿੱਚ ਹੋਇ ਰਲ ਮਿਲ ਜਾਂਦੇ ਹਨ । ਪਰ ਓਹਨਾਂ ਦੇ ਸਚੇ ਦਿੱਬ ਜੋਤਿ ਅੰਸ ਗੁਣੀ ਵਜੂਦ, ਨਿਰਾਲੀ (ਵਖਰੀ) ਜੋਤਿ ਜਗਮਗੀ ਆਭਾ ਭੀ ਮਾਰਦੇ ਰਹਿੰਦੇ ਹਨ । ਓਹਨਾਂ ਦਾ ਜੋਤਿ ਪ੍ਰਕਾਸ਼ੀਆ ਜੀਉ ਪਿੰਡ ਨਾਮ ਸੰਤੋਖੀਆ ਹੋਇ ਕੇ 'ਨਾਮੁ' ਵਾਹਿਗੁਰੂ ਦੀ ਸਮੀਪਤਾ ਵਿਚਿ ਹੀ ਸਮਾਇਆ ਰਹਿੰਦਾ ਹੈ ।

ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥
ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥
ਸਾਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥
**ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥**

ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗਣ ਕਢਾ ਧੋਇ ॥
ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥
ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥

**ਪੰਨਾ ੩੭**— ਸਿਰੀ ਰਾਗੁ ਮਹਲਾ ੩

ਜਿਸ ਬੇਅੰਤ 'ਸਚੁ' ਦਾ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ, ਸੋਈ **ਸਚੁ** **ਕੇਵਲ** ਗੁਰਮਤੀ ਸਾਲਾਹਿਆ ਜਾ ਸਕਦਾ ਹੈ। ਗੁਰਮਤਿ ਅੰਦਰਿ ਜੋ ਹੁਕਮਾਂ ਸਿਰ ਹਕਮ ਹੈ ਸੋ ਏਕੋ ਨਾਮੁ ਹੈ। ਤਿਸ ਗੁਰਮਤਿ 'ਨਾਮੁ' ਦੀ ਅਭਿਆਸ ਕਮਾਈ ਦੁਆਰਾ ਸੋ ਅਪਰ ਅਪਾਰ ਬੇਅੰਤੁ ਸਚੁ ਗੁਰਮੁਖਾਂ ਦੇ ਘਟ ਅੰਦਰ ਆਪੇ ਆ ਵਸਦਾ ਹੈ, **ਘਟਿ** ਆਇ ਵਸੇ ਸਚੁ ਨੂੰ ਫੇਰ ਗੁਰਸਬਦੀ ਸਦਾ ਸਦਾ **ਸਾਲਾਹਿਆ** ਜਾਂਦਾ ਹੈ, ਜਿਸ ਸਾਲਾਹਣ ਕਰ ਕੇ ਹਉਮੈ ਉੱਕੀ ਹੀ ਵਿਚਹੁੰ ਖੋਈ ਜਾਂਦੀ ਹੈ। ਇਸ ਸਚੋਂ ਸਖਣੀਆਂ, ਨਾਮੋਂ ਸੁੰਞੀਆਂ ਅਵਗੁਣਵੰਤੀਆਂ ਦੋਹਾਗਣੀਆਂ ਆਪਣੇ ਕਰਮਾਂ ਨੂੰ ਪਈਆਂ ਰੋਂਦੀਆਂ ਹਨ। ਵਡਿਭਾਗਣੀਆਂ ਹੀ ਸਚੁ ਸਾਲਾਹੁੰਦੀਆਂ ਹਨ ਅਤੇ 'ਸਚੁ' ਸਿਫਤਿ ਸਾਲਾਹ ਨੂੰ ਹੀ ਲਗੀਆਂ ਰਹਿੰਦੀਆਂ ਹਨ। ਤਿਨ੍ਹਾਂ ਨੂੰ ਸਚੁ ਸਿਫਤ ਵਿਚਿ ਲਗੇ ਰਹਿਣ ਵਿਚਿ ਹੀ ਸੱਚੀ ਤ੍ਰਿਪਤੀ ਹੈ। ਗੁਰਮਤਿ ਗੁਣਾਂ ਨੂੰ ਵੀਚਾਰ ਕੇ ਸੰਗ੍ਰਹਿਨ ਕਰਿ ਕਰਿ ਅਵਗੁਣਾਂ ਨੂੰ ਵਿਚਹੁੰ **ਧੋਇ ਕਢੀਦਾ ਹੈ**। ਇਉਂ ਸੱਚਾ ਸਾਹਿਬ ਤਿਨ੍ਹਾਂ ਨੂੰ ਆਪਣੇ ਸਚੁ ਸਰੂਪ ਵਿਖੇ ਆਪ ਮਿਲਾਇ ਲੈਂਦਾ ਹੈ ਅਤੇ ਮੇਲਾਇਕੈ ਫੇਰ ਮੇਲਾਈ ਹੀ ਰਖਦਾ ਹੈ, ਵਿਛੋੜਾ ਫੇਰ ਕਦੇ ਨਹੀਂ ਹੁੰਦਾ। ਗੁਰਮਤਿ ਨਾਮ ਵਾਹਿਗੁਰੂ ਨੂੰ ਸਾਲਾਹਿਆਂ ਹੀ ਸਚੁ ਸਰੂਪ ਜੋਤੀਸ਼ ਪ੍ਰਭੂ ਨੂੰ ਪਾਈਦਾ ਹੈ।

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥
ਭੂਮਿ ਦਾਨ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥
ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥੧੪॥ **ਪੰਨਾ ੬੨**

ਸਿਰੀ ਰਾਗ ਮਹਲਾ ੧ ਅਸਟਪਦੀਆ

ਭਾਵੇਂ ਕਿਤਨੇ ਹੀ ਬਹੁ-ਮੁਲੇ ਹਾਥੀ ਘੋੜੇ ਅਣਗਿਣਤ ਹੀ ਦਾਨ ਵਿਚਿ ਦਿਤੇ ਜਾਣ, ਸੋਨੇ ਦੇ ਉਸਾਰੇ ਹੋਏ ਗੜ੍ਹ ਕਿਲ੍ਹੇ ਭੀ ਭਾਵੇਂ ਦਾਨ ਪੁੰਨ ਕੀਤੇ ਜਾਣ ਅਤੇ ਘਣੀਆਂ ਗਊਆਂ ਤੇ ਜ਼ਮੀਨਾਂ ਭੂਮੀਆਂ ਭੀ ਸਮੁਚੀਆਂ ਦਾਨ ਵਿਚਿ ਦੇ ਦਿਤੀਆਂ ਜਾਣ, ਅਰਪਨ ਕਰੀਆਂ ਜਾਣ, ਏਹ ਸਭ ਕੁਛ ਦਾਨ ਕੀਤਾ ਹੋਇਆ ਕਿਸੇ ਲੇਖੇ ਭੀ ਨਹੀਂ ਪੈਂਦਾ। ਸਗੋਂ ਦਾਨ ਕਰਨਹਾਰੇ ਦੇ ਮਨ ਨੂੰ ਉਲਟਾ ਗਰਬ ਗੁਮਾਨ ਅਹੰਕਾਰ ਅਭਿਮਾਨ ਦੇ ਭਾਰ ਅਫਾਰ

ਨਾਲਿ ਹੀ ਲੱਦ ਦਿੰਦਾ ਹੈ । ਸਤਿਗੁਰੂ ਦਾ ਬਖਸ਼ਿਆ ਹੋਇਆ ਸਚੁ ਰੂਪੀ ਨਾਮ ਗੁਰ ਮੰਤ੍ਰ ਦੀਖਿਆ ਦਾਨ ਹੀ ਸੁਲੇਖੇ ਪੈਂਦਾ ਹੈ । ਕਿਉਂਕਿ ਇਸ ਨਾਮ ਰੂਪੀ ਸਚੁ ਸੇਤੀ ਹੀ ਮਨੁ ਸੰਤੋਖਿਆ ਜਾਂਦਾ ਹੈ । ਰਸ ਜੋਤਿ ਲਿਵ ਬੇਧਨਾ ਵਿਚ ਬੇਧਿਆ ਜਾਂਦਾ ਹੈ । ਤੇ ਸਚੇ ਵਾਹਿਗੁਰੂ ਨਾਲਿ ਜੁੜ ਜਾਂਦਾ ਹੈ । ਗੁਰਮਤਿ ਮਤਿ **ਵਿਹੂਣੀਆਂ** ਹੋਰ ਹੋਰ ਮਨ ਦੀ ਮਤਿ ਵਾਲੀਆਂ ਮਨ ਹਠ ਬੁਧੀਆਂ, ਮਨਮਤੀ ਫ਼ਿਲਾਸਫ਼ਰਾਂ ਦੀਆਂ ਕੇਤੀਆਂ ਹਨ ਅਤੇ ਕੇਤੇ ਹੀ ਬੇਦ ਬੀਚਾਰ ਫ਼ਿਲਸਫ਼ੇ ਹਨ, ਪਰ ਜੇਤੇ ਭੀ ਏਹ ਹਨ ਸਭ ਜੀਅ ਕੇ ਬੰਧਨ ਹੀ ਹਨ । ਕੇਵਲ ਗੁਰਮਤਿ ਹੀ ਗੁਰਮੁਖਾਂ ਨੂੰ ਮੋਖ ਦੁਆਰ ਕਰਾਉਣ ਨੂੰ ਸਮਰੱਥ ਹੈ । ਕਿਉਂਕਿ ਕੇਵਲ ਗੁਰਮਤਿ ਹੀ ਸਚੁ ਨੂੰ ਦ੍ਰਿੜ੍ਹਾਉਂਦੀ ਹੈ, ਸਚੁ ਨੂੰ ਲਖਾਉਂਦੀ ਹੈ ਅਤੇ ਨਿਰਣੈ ਕਰਾਉਂਦੀ ਹੈ ਕਿ ਸਚੁ ਪਦਾਰਥ ਕੇਵਲ ਨਾਮੁ ਹੀ ਹੈ । ਨਾਮ ਦੁਆਰਾ ਹੀ ਮੋਖ ਦੁਆਰ ਮਿਲ ਸਕਦਾ ਹੈ । **ਤਾਂ ਤੇ** ਇਹ ਗੁਰਮਤਿ ਨਾਮੁ ਰੂਪੀ ਸਚੁ ਹੀ ਸਾਰਿਆਂ ਕਰਮਾਂ ਸਿਰ ਸੱਚਾ ਕਰਮ, ਸਾਰਿਆਂ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ । ਇਸ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ 'ਸਚੁ' ਆਚਾਰ ਤੋਂ ਸਾਰੇ ਅਨਮਤ ਕਰਮ ਕਰਤੂਤੀ ਵੀਚਾਰ ਆਚਾਰ ਹਿਠਾਹਾਂ ਉਰੇਡੇ ਹੀ ਰਹਿ ਜਾਂਦੇ ਹਨ । ਸਭ ਤੋਂ ਉਪਰ ਇਹ **ਗੁਰਮਤਿ** ਨਾਮ ਰੂਪੀ ਸਚੁ ਆਚਾਰ ਹੀ ਹੈ । ਆਨਮਤ ਫ਼ਿਲਾਸਫੀ ਫ਼ਿਲਸਫ਼ਾਏ ਸਚੁ ਦੇ ਆਦਰਸ਼ ਸਭ ਊਰੇ ਹੋਛੇ ਹੀ ਹਨ । ਗੁਰਮਤਿ 'ਸਚੁ' ਸਿਧਾਂਤੀ ਆਦਰਸ਼ ਸਭ ਸਚ ਆਚਾਰਾਂ ਤੋਂ ਊਚਾ ਸੂਚਾ ਸਭ ਤੋਂ ਸਿਰ-ਕਢਵਾਂ ਵਿਲਖਣ ਸਚਾਈ ਵਾਲਾ ਆਦਰਸ਼ ਹੈ । ਇਸ 'ਸਚੁ ਆਚਾਰੁ' ਤੋਂ ਮੁਰਾਦ ਇਖਲਾਕੀ (ਏਥੀਕਲ) ਸ਼ੁਸ਼ਕ ਸੱਚ ਨਹੀਂ, ਜੈਸਾ ਕਿ ਕਈ ਇਕ 'ਸਚੁ' ਦੀ ਵਿਆਖਿਆ ਕਰਨਹਾਰੇ ਅਰਥ ਕਰਿਆ ਕਰਦੇ ਹਨ । ਤਿਨ੍ਹਾਂ ਦੇ ਨਜਦੀਕ ਸਿਰਫ ਬਿਉਹਾਰ-ਕਾਰੀ ਸੁਆਰਥ ਸੰਵਾਰੀ ਸੱਚ ਬੋਲਣਾ ਹੀ ਸਭਨਾ ਆਚਾਰਾਂ ਤੋਂ ਉਪਰ ਆਹਾਰ ਹੈ । ਏਹ ਉਹਨਾਂ ਦੇ ਅਰਥ ਗੁਰਮਤਿ ਸਚੁ ਮੇਆਰ ਕਸੌਟੀ ਦੀ ਪਰਖ ਤੋਂ ਪੂਰੇ ਉਤਰੇ ਅਰਥ ਨਹੀਂ, ਊਰੀ ਮਨ ਦੀ ਮਤਿ ਵੀਚਾਰ ਕੇ ਵਿਚਾਰੇ ਹੋਏ ਅਰਥ ਹਨ, ਜੋ ਕਿਸੇ ਸੂਰਤ ਭੀ ਏਥੇ ਘਟਦੇ ਨਹੀਂ, ਨਾ ਘਟ ਸਕਦੇ ਹਨ ।

ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥ **ਪੰਨਾ ੧੯**
ਸਿਰੀ ਰਾਗੁ ਮਹਲਾ ੧

ਸਚੀ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਾਰ ਕੀਤਿਆਂ ਹੀ ਸਚੁ ਮਿਲਦਾ ਹੈ । ਬਸ, ਗੁਰਮਤਿ ਦੁਆਰਾ ਹੀ ਗੁਰੂ ਘਰ ਵਿਚੋਂ ਇਹ ਸਚੁ ਪਦਾਰਥ ਪਲੈ ਪੈਂਦਾ ਹੈ, ਹੋਰ ਕਿਤੋਂ ਨਹੀਂ । ਜਿਸ ਨੂੰ ਇਹ ਸਚੁ ਗੁਰਮਤੀ ਪ੍ਰਾਪਤਿ ਹੋਇਆ ਹੈ, ਸੋ ਨਰ ਜੰਮਣ ਮਰਣ ਆਵਾਗਉਣ ਤੋਂ ਰਹਿਤ ਹੋ ਗਿਆ, ਨਿਸਚੇ ਕਰ ਜਾਣੋ । ਜੋ ਜਨ ਇਹ ਸਚੁ ਪਦਾਰਥ ਪਾਉਂਦਾ ਹੈ, ਸੋਈ ਦਰਗਹ ਪੈਧਾ ਜਾਵੰਦਾ ਹੈ। ਸਚੀ ਦਰਗਾਹ ਵਿਖੇ ਉਸ ਨੂੰ ਸੱਚ

ਵੱਡਿਆਈ ਦਾ ਸਚੁ ਸਿਰੋਪਾਉ ਮਿਲਦਾ ਹੈ। ਸੋਈ ਜਨ ਦਰਿ ਪਰਵਾਨਿਆਂ ਪੰਚ ਪਰਵਾਣੀ ਪਰਧਾਨ ਬਣਦਾ ਹੈ।

ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥
ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥ ੧ ॥
ਭਾਈ ਰੇ ਸੰਤ ਜਨਾ ਕੀ ਰੇਣੁ ॥
ਸੰਤ ਸਭਾ ਗੁਰ ਪਾਈਐ ਮੁਕਤਿ ਪਦਾਰਥੁ ਧੇਣੁ ॥ ੧ ॥ ਰਹਾਉ ॥
ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥੧੨॥ ਪੰਨਾ ੧੮
ਸਿਰੀ ਰਾਗੁ ਮਹਲਾ ੧

ਏਕੈ ਗੁਰਮਤਿ ਭਾਇ ਭਾਵਨੀ ਕਰਿ ਹਰਿ ਜਪਿਆਂ ਸਚੁ ਮਿਲਦਾ ਹੈ। ਅਤੇ ਸਚੁ ਮਿਲਿਆਂ ਹੀ ਸੱਚੀ ਸੰਤੁਸ਼ਟਤਾ ਆਉਂਦੀ ਹੈ। ਜੋਤੀ ਸਰੂਪ ਸਿਫਤੀ ਵਾਹਿਗੁਰੂ (ਨਾਮੀ) ਸਿਫਤਿ ਸਾਲਾਹ ਦੀ ਜੋਤਿ ਅੰਸ ਵਿਚਿ ਆਇ ਸਮਾਉਂਦਾ ਹੈ। ਜਿਵੇਂ ਸੂਰਜ ਕਿਰਨ ਨੂੰ ਮਿਲ ਕੇ ਕਿਰਨ ਵਿਖੇ ਆਇ ਸਮਾਉਂਦਾ ਹੈ। ਇਉਂ ਅਸਲਾ ਆਪਣੇ ਨਿਜ ਅਸਲੇ ਨਾਲਿ (ਵਿਛੜਿਆ ਹੋਇਆ) ਫੇਰ ਆ ਮਿਲਦਾ ਹੈ। ਅਤੇ ਸਚੁ ਸੰਤੋਖੀਏ ਨਾਮ ਰੰਗ ਪੇਖੀਏ ਗੁਰਮੁਖ ਜਨ ਉਤੇ ਲਾਲ ਗੁਲਾਲ ਗਹਿਗਚ ਆਤਮ ਜੋਤੰਨਾ ਰੰਗ ਆ ਚੜ੍ਹਦਾ ਹੈ। ਇਉਂ ਗਹਿਗਹਾ ਰੰਗ ਚਲੂਲਾ,ਨਿਜ ਆਤਮਾ ਅਤੇ ਦੇਹ ਚੋਲੇ ਤੇ ਚੜ੍ਹਵਾਇਕੈ, ਅਰਥਾਤ ਰੰਗਿ ਚਲੂਲੇ ਰੱਪ ਕੇ ਭੀ ਗੁਰਮੁਖ ਸੰਤ ਜਨਾਂ ਦੀ ਰੇਣਕਾ ਹੋਇ ਰਹਿੰਦਾ ਹੈ। ਗੁਰੂ ਘਰ ਦੀ ਸਾਧ ਸੰਗਤਿ, ਸੰਤ ਸਭਾ ਵਿਚਿ ਮਿਲ ਕੇ ਅਤੇ ਮਿਲੇ ਰਹਿਣ ਕਰਕੇ ਹੀ ਕਾਮਧੇਨ ਰੂਪ ਮੁਕਤਿ ਪਦਾਰਥੁ ਨਾਮੁ ਮਿਲਦਾ ਹੈ। ਏਹ 'ਸਚੁ' ਪਰਾਪਤੀ ਦਾ ਉਚੀ ਹੂ ਉਚਾ ਅਪਾਰ ਮਰਤਬਾ ਹੈ। ਇਸ 'ਸਚੁ' ਮੰਜ਼ਲ ਦਾ "ਊਚਉ ਥਾਨੁ ਸੁਹਾਵਣਾ" ਜਿਸ ਊਪਰਿ "ਮਹਲੁ ਮੁਰਾਰਿ" ਦਿਬ ਬਿਸਮਨੀ ਉਸਰਨੀ ਵਿਚਿ ਉਸਰਿਆ ਹੈ, ਜਿਸ ਦਾ ਉਭ ਪਇਆਲ, ਥੱਲਾ ਤੇ ਸਿਖਰਲਾ ਸਿਰਾ ਕੋਈ ਨਹੀਂ; ਏਹ "ਊਚਉ ਮਹਲੁ ਮੁਰਾਰਿ" ਸਚ ਕਰਨੀ ਦੇ ਬਦਲੇ ਪਾਈਦਾ ਹੈ। ਆਪੁ ਤਿਆਗ ਕੇ ਸਚੁ ਨਾਮ ਦੀ ਕਮਾਈ ਕਰਿ ਕਰਿ ਮਰਿ ਮਿਟਿਆਂ ਹੀ ਇਹ ਮਹਲ ਪਾਈਦਾ ਹੈ। ਏਹ ਮਹਲ, ਅਤਿ ਉਚੀਆਂ ਮੰਜ਼ਲਾਂ ਗੁਰ ਪ੍ਰਸਾਦ ਕਰਿ ਸਚੁ (ਨਾਮੁ) ਨਾਲਿ ਪਿਆਰ ਪਾਇਆਂ, ਪ੍ਰੇਮ ਲਾਇਆਂ; ਏਹ ਪਰ-ਘਰ-ਮਹਲੁ ਨਿਜ-ਘਰਿ-ਵਸਿਆ ਮਹਲੁ ਬਣ ਜਾਂਦਾ ਹੈ। ਆਤਮ ਰਾਮ ਬੀਚਾਰ ਦੀ ਸਾਰ ਕਰਨੀ ਦੁਆਰਾ ਕੇਵਲ ਗੁਰਮੁਖਾਂ ਨੂੰ ਹੀ 'ਸਚੁ' ਸਾਰ ਪਦਾਰਥ ਦੀ ਸੋਝੀ ਆਉਂਦੀ ਹੈ।

ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥

ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥ ੧ ॥
ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥ ੧ ॥ ਰਹਾਉ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਿਣਿ ਨ ਮਿਲੈ ਹਦੂਰਿ ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥
ਗੁਰਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥ ੨ ॥
ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥
ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥
ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥
ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥ ੩ ॥
ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥
ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥
ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥
ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥ ੪॥੨੬॥੫੯॥

**ਸਿਰੀ ਰਾਗੁ ਮ: ੩, ਪੰਨਾ ੩੬-੩੭**

ਵਿਆਖਿਆ : ਜਿਸ ਗੁਣਵੰਤੀ ਗੁਰਮੁਖ ਸੋਹਾਗਣੀ ਨੇ ਤ੍ਰਿਸ਼ਨਾ ਵਿਕਾਰ ਤਜ ਕੇ ਰਸਨਾ ਪ੍ਰੇਮ ਪਿਆਰ ਕਰਿ ਗੁਰ ਸਬਦੀ ਮਨੁ ਰੰਗਿਆ ਹੈ, ਤਿਸ ਗੁਣਵੰਤੀ ਨੂੰ ਹੀ 'ਸਚੁ' ਮਿਲਿਆ ਹੈ। ਗੁਰਮਤਿ ਨਾਮ ਗੁਰ ਸਬਦ ਨੂੰ ਰਸਨਾ ਤੇ ਪ੍ਰੇਮ ਨਾਲਿ ਰਸੱਟ ਕੇ ਅਤੇ ਪਿਆਰ ਨਾਲਿ ਗੁੱਰਾਟ ਕੇ ਸਾਰੇ ਸਰੀਰ ਵਿਖੇ ਰਸ ਜੋਤਿ ਦੀ ਝਰਨਾਟ ਫਿਰ ਜਾਂਦੀ ਹੈ। ਇਉਂ ਸਾਰਾ ਮਨੁ ਤਨੁ ਹੀਉ ਜੀਉ ਆਤਮਾ ਚਲੂਲੇ, ਜੋਤਿ ਚਲੂਲੇ ਰੰਗਾਂ ਵਿਚਿ ਰੰਗਿਆ ਜਾਂਦਾ ਹੈ ਅਤੇ ਪਰਮਾਤਮ ਰੰਗ ਮੁਸਕ ਝਕੋਲੜੇ ਸਚ ਢੋਲੜੇ ਦੀ ਰੰਗਣ ਚੜ੍ਹ ਜਾਂਦੀ ਹੈ। ਇਉਂ ਸਚੁ ਦਾ ਸੱਚੜਾ ਵਸਲੁ ਪਰਾਪਤਿ ਕਰੀਦਾ ਹੈ ਅਤੇ ਇਉਂ ਅਮੀ ਦਿੱਬ ਅਸਲੇ ਦੇ ਨਿਜ ਅੰਸੀ ਜੋਤਿ ਰੰਗਾਂ ਵਿਚਿ 'ਸਚੁ' ਨੂੰ ਪਾਈਦਾ ਹੈ। ਸਤਿਗੁਰੂ ਦੀ ਬਸੀਠੀ ਬਾਝੋਂ ਸਚੁ ਕਦਾਚਿਤ ਨਹੀਂ ਪਾ ਸਕੀਦਾ। ਨਾ ਕਿਸੇ ਨੇ ਪਾਇਆ ਹੈ, ਨਾ ਕੋਈ ਪਾ ਸਕੇਗਾ। ਇਸ ਗੱਲ ਨੂੰ ਦ੍ਰਿੜ੍ਹ ਕਰ ਕੇ, ਮਨ ਵਿਖੇ ਨਿਸਚੇ ਕਰ ਕੇ ਮੰਨ ਛਡੋ। **ਬਾਘੀ** ਸਤਿਗੁਰੂ ਦੀ ਵਿਚੋਲਗੀ ਤੋਂ ਹੀਣੇ ਮੀਣੇ ਮਨਮੁਖਾਂ ਨੂੰ ਇਸ 'ਸਚੁ' ਦੀ ਪਰਾਪਤੀ ਹੋ ਹੀ ਨਹੀਂ ਸਕਦੀ, ਕਿਉਂਕਿ ਓਹਨਾਂ ਦੇ ਮਨ ਹਉਮੈ ਦੀ ਮੈਲ ਨਾਲਿ ਮਲੀਨ ਹੋਏਵੇ ਹਨ। ਏਹ ਮੈਲ ਮਨਮੁਖਾਂ ਦੇ ਮਨਾਂ ਦੀ ਉਤਰਦੀ ਹੀ ਨਹੀਂ, ਜਦ ਤਾਈਂ ਓਹਨਾਂ ਨੂੰ ਸਤਿਗੁਰੂ ਦੀ ਸਰਣਿ ਪ੍ਰਾਪਤਿ ਨਾ ਹੋਵੇ ਅਤੇ ਸਤਿਗੁਰੂ ਸਰਣਿ ਪ੍ਰਾਪਤਿ ਹੋਣ ਕਰਿ ਸਚੁ ਗੁਰਮੰਤ੍ਰ ਨਾਮੁ ਰੂਪੀ 'ਸਚੁ' ਦੀ ਦੀਖਿਆ ਨਾ ਮਿਲੇ ਅਤੇ ਗੁਰਸਬਦ ਦੀ ਸਚੀ ਪਿਆਰ ਭਾਵਨੀ ਰੂਪੀ ਅਤੇ

ਸਚੁ ਵੀਚਾਰ ਰੂਪੀ ਸੱਚੀ ਅਭਿਆਸ ਕਮਾਈ ਦੀ ਅਮਲੀ ਕਰਨੀ ਨਾ ਪ੍ਰਾਪਤਿ ਹੋ ਜਾਵੇ। ਗੁਰੂ ਦੇ ਹੋਇਕੈ ਜੋ ਗੁਰੂ ਦੇ ਹੁਕਮਾਂ ਰੂਪੀ ਭਾਣੇ ਅੰਦਰਿ ਚਲਦੇ ਹਨ, ਓਹ ਸਚੁ ਸਬਦ (ਗੁਰਮਤਿ ਨਾਮੁ) ਕਮਾਈਆਂ ਕਰਦੇ ਹੋਏ ਆਤਮ-ਪ੍ਰਮਾਤਮ ਸੰਗਮੀ ਨਿਜ ਘਰ ਵਿਚਿ ਜਾਇ ਵਸਦੇ ਹਨ। ਕਿ ਨਿਜ ਘਰ ਵਸ ਕੇ ਅੰਮ੍ਰਿਤ ਦੇ ਗਟਾਕ ਰਸ ਪੀਂਦੇ ਹਨ। ਇਉਂ 'ਸਚੁ' ਮਹਲੀਂ ਵਾਸ ਵਾਲਾ ਸੱਚਾ ਆਤਮ ਸੁਖੁ ਮਾਣਦੇ ਹਨ ॥ ਰਹਾਉ ॥ਗੁਰਮਤਿ ਗੁਣਾ ਤੋਂ ਘੁਥੜੀ ਅਵਗਣਵੰਤੀ ਅੰਦਰਿ ਕੋਈ ਗੁਰਮਤਿ ਗੁਣ ਨਹੀਂ ਹੁੰਦਾ,ਜਿਸ ਕਰ ਕੇ ਉਹ ਸਚੜੇ ਖਸਮ ਦੇ ਪਾਸ ਬਹਿਣਾ ਨਹੀਂ ਪਾਉਂਦੀ। ਉਹ 'ਸਚੁ' ਦੇ ਨਿਕਟ ਢੁਕਣਾ ਹੀ ਨਹੀਂ ਪਾਉਂਦੀ। ਤਿਸੁ ਮਨਮੁਖੀ ਨੂੰ ਗੁਰ ਸਬਦ ਦੀ ਸਾਰ ਨਹੀਂ ਹੁੰਦੀ ਅਤੇ ਸਬਦ ਗੁਰ ਦੀ ਸਾਰ ਕਮਾਈ ਨਾ ਹੋਣ ਕਰਕੇ ਹੀ ਗੁਰਮਤਿ ਗੁਣਾਂ ਦੀ ਪ੍ਰਾਪਤੀ ਨਹੀਂ ਹੁੰਦੀ। ਨਿਰੇ ਅਵਗਣ ਹੀ ਅਵਗਣ ਉਸ ਦੇ ਅੰਦਰਿ ਹੁੰਦੇ ਹਨ ਅਤੇ ਅਵਗਣਾਂ ਕਰ ਕੇ ਉਸ ਤੋਂ ਸੋ ਪ੍ਰਭੂ ਸਚੜਾ ਖਸਮ ਦੂਰ ਹੀ ਦੂਰ ਰਹਿੰਦਾ ਹੈ। ਜਿਨ੍ਹਾਂ ਨੇ ਸਚੁ ਪਛਾਣਿਆ ਹੈ ਓਹ 'ਸਚੁ' (ਨਾਮ) ਨਾਲਿ ਹੀ ਭਰੇ ਭਕੁੰਨੇ ਰਹਿੰਦੇ ਹਨ ਅਤੇ 'ਸਚੁ' ਨਾਮ ਦੇ ਰੰਗਾਂ ਵਿਚਿ ਹੀ ਰਤੇ ਰਹਿੰਦੇ ਹਨ। ਜਿਨ੍ਹਾਂ ਦਾ ਮਨ ਗੁਰਸਬਦ ਰੂਪੀ 'ਸਚੁ' ਦੇ ਬਾਣ ਨਾਲਿ ਬੇਧਿਆ ਜਾਂਦਾ ਹੈ ਅਤੇ ਜਿਨ੍ਹਾਂ ਉਤੇ ਅਰਸ਼ੀ 'ਸਚੁ' (ਸਬਦ) ਦੀ ਪਾਰਸ ਕਲਾ ਵਰਤਦੀ ਹੈ, ਤਿਨ੍ਹਾਂ ਨੂੰ ਵਾਹਿਗੁਰੂ ਸੱਚਾ ਸਾਹਿਬ ਸਰਬੋਤਮੀ 'ਸਚੁ' ਜੋਤੀਸ਼ ਸੋਮਾ ਆਪਿ ਨਿਕਟਵਰਤੀ ਹੋ ਕੇ ਆਣਿ ਮਿਲਦਾ ਹੈ। ਅਤੇ ਆਪੇ ਸਚੁ ਦੇ ਰਸ ਆਤਮ ਚਲੂਲੀ ਰੰਗਾਂ ਦੀ ਰੰਗਣ ਵਿਚਿ ਓਹਨਾਂ ਨੂੰ ਰੰਗਿ ਲੈਂਦਾ ਹੈ। ਇਉਂ ਗੁਰ ਸਬਦ ਦੀ ਰੰਗ ਜੋਤਿ ਆਕ੍ਰਖਣੀ ਕਲਾ ਵਰਤਾਇਕੈ ਆਪਣੇ ਅੰਕਿ ਮਿਲਾਇ ਲੈਂਦਾ ਹੈ। ਜੋ ਜਨ ਇਸ 'ਸਚੁ' ਦੇ ਲਿਵ ਜੋਤਿ ਰੰਗਾਂ ਵਿਚਿ ਲੀਨ ਹੋ ਗਏ ਹਨ, ਓਹਨਾਂ ਤੇ ਚੜ੍ਹਿਆ ਸੱਚ-ਰੰਗ ਫੇਰ ਕਦੇ ਨਹੀਂ ਉਤਰਦਾ। ਮਨਮੁਖ ਦੋਹਾਗਣੀ ਭਾਵੇਂ ਚਾਰੇ ਕੁੰਟਾਂ ਆਪਣੀ ਮਨ ਦੀ ਮਤਸਰ ਕਰਿ ਢੂੰਡ ਥੱਕੇ, ਉਸ ਨੂੰ ਸਚੁ ਦੀ ਸੱਚੀ ਸੂਝ ਬੂਝ ਪੈ ਹੀ ਨਹੀਂ ਸਕਦੀ। ਜਿਸ ਨੂੰ ਸਤਿਗੁਰੂ ਆਪ ਮੇਲੇ, ਤਿਸੇ ਨੂੰ ਹੀ ਸਚੇ ਸਬਦ ਵਿਚਿ ਸਮਾਈ ਹੋਣ ਕਰ ਕੇ ਸੱਚ ਦਾ ਸੁਚੜੇ ਪ੍ਰੀਤਮ ਰਤੜੇ ਦਾ ਸੱਚਾ ਵਸਲ ਮਿਲਾਪ ਪ੍ਰਾਪਤਿ ਹੁੰਦਾ ਹੈ। ਸਚੇ ਸੁਪ ਪ੍ਰੀਤਮੀ ਮਿਲਾਪ ਦੇ ਵਸਲਾਉਣ ਕਰ ਕੇ ਸਚੇ ਆਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਵਿਛੋੜੇ ਦਾ ਦੁਖ ਦੂਰਿ ਹੁੰਦਾ ਹੈ। ਮਨਮੁਖੀ ਦੋਹਾਗਣ ਭਾਵੇਂ ਕਿਤਨੇ ਵਡੇ ਵਡੇ ਮਿਤਰ ਘਨੇਰੇ ਕਰਿ ਥਕੇ,ਉਸਦਾ ਇਹ ਬਿਰਹੋਂ ਵਿਛੋੜੇ ਦਾ ਦੁਖ ਕੋਈ ਕੱਟ ਹੀ ਨਹੀਂ ਸਕਦਾ। ਇਹ ਦੁੱਖ ਤਾਂ ਸਚੇ ਪਿਰੀ ਪ੍ਰੀਤਮ ਨੂੰ ਮਿਲਿਆਂ ਹੀ ਕਟਿਆ ਜਾ ਸਕਦਾ ਹੈ ਅਤੇ ਪ੍ਰੀਤਮ ਦਾ ਵਸਲ ਮੇਲ ਮਿਲਾਵਾ ਗੁਰ ਸਬਦ ਮੁਰਸ਼ਦ ਦੁਆਰਾ ਹੀ ਹੁੰਦਾ ਹੈ। ਪਿਰੀ-ਮਿਲਾਵਾ ਪ੍ਰੀਤਮ-ਵਸਲਾਵਾ ਹੋ ਕੇ ਭੀ,ਸਚੁ ਰੂਪੀ ਨਾਮ ਧਨੁ ਖਟਣਾ,ਅਭਿਆਸ ਕਮਾਈ ਕਰਿ ਕਮਾਈ ਜਾਣਾ ਓਹਨਾਂ ਦਾ ਬਣਿਆ ਹੀ ਰਹਿੰਦਾ ਹੈ। ਇਸ 'ਸਚੁ' ਰੂਪੀ ਰਾਸ ਪੂੰਜੀ ਦਾ ਸਚੜਾ ਵਾਪਾਰੁ ਹੀ ਓਹਨਾਂ ਦਾ ਸੱਚੜਾ ਆਹਰ ਬਿਉਹਾਰ ਹੋਂਦਾ ਹੈ। ਸਚੇ ਵਾਹਿਗੁਰੂ ਰੂਪੀ 'ਸਚੁ' ਮਹਿਬੂਬ ਦੀ ਸੱਚੀ ਮੁਹੱਬਤ ਮਈ ਹੁਸ਼ਿਆਰ ਮਸਤ ਸੋਝੀ ਤੋਂ ਬਿਨਾਂ ਓਹਨਾਂ ਨੂੰ ਹੋਰ ਕਿਸੇ ਗੱਲ ਦੀ ਸੋਝੀ (ਸੁਧ ਬੁਧਿ) ਹੀ

ਨਹੀਂ ਰਹਿੰਦੀ। ਜੇਹੜੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਸਚੜੇ ਗੁਰਮੁਖ ਜਨ ਇਕ ਵਾਰ **'ਸਚੁ'** ਵਿਖੇ ਮਿਲ ਗਏ ਹਨ, ਓਹ ਫੇਰ ਕਦੇ ਨਹੀਂ ਵਿਛੜਦੇ, ਪਰ ਨਹੀਂ ਵਿਛੜਦੇ, ਸਦਾ ਮਿਲੇ ਹੀ ਰਹਿੰਦੇ ਹਨ।

ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥
ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥
ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥
ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ॥੧॥੩੬॥ **ਪੰਨਾ ੨੭**
ਸਿਰੀ ਰਾਗੁ ਮਹਲਾ ੩

**ਸੱਚੀ ਸਰਕਾਰ** ਦੀ ਸਚੇ ਹੁਕਮ ਰੂਪੀ ਕਾਰ ਸਭਨਾਂ ਦੇ ਸਿਰ ਉਪਰ ਹੈ, ਸਭ ਕੋਈ ਤਿਸ ਦੇ ਚੀਰੇ ਅੰਦਰਿ ਹੈ। ਜੇਹੜੇ ਗੁਰਮੁਖ ਤਿਸ ਸੱਚੀ ਕਾਰ ਨੂੰ ਕਮਾਵੰਦੇ ਹਨ, ਤਿਨ੍ਹਾਂ ਦੇ ਘਟ ਅੰਦਰਿ ਹੀ ਸਚੁ ਪਰਗਟ ਹੋ ਜਾਂਦਾ ਹੈ। ਜਿਸ ਦੇ ਅੰਦਰਿ ਜੋਤਿ ਪ੍ਰਗਟਨਾ ਸਚੁ ਵਸਿਆ ਹੈ, ਤਿਸ ਸਚੇ ਪੁਰਖ ਦੀ ਸੱਚੀ ਸੋਭਾ ਜਗਤ ਪਰਸਿਧ ਹੋ ਜਾਂਦੀ ਹੈ। ਜੇਹੜੇ ਇਸ ਬਿਧਿ 'ਸਚੁ' ਨੂੰ ਮਿਲੇ ਹਨ ਸੇ ਫੇਰ ਕਦੇ ਨਹੀਂ ਵਿਛੜਦੇ, ਸਚੁ ਸਰੂਪ ਸਚੇ ਵਾਹਿਗੁਰੂ ਤੋਂ। ਤਿਨ੍ਹਾਂ ਦਾ ਵਾਹਿਗੁਰੂ ਦੇ ਨਿਜ ਘਰ ਵਿਚਿ ਸੱਚਾ ਵਾਸਾ ਹੋ ਜਾਂਦਾ ਹੈ।

ਹਰਿ ਹਰਿ ਜਪਹੁ ਪਿਆਰਿਆ **ਗੁਰਮਤਿ** ਲੇ ਹਰਿ ਬੋਲਿ ॥
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥ ੧ ॥
ਭਾਈ ਰੇ ਹਰਿ ਹੀਰਾ ਗੁਰ ਮਾਹਿ ॥
**ਸਤਸੰਗਤਿ** ਸਤਿਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥ ੧ ॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥ ੨ ॥
ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਇ ॥
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥ ੩ ॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥ **੪॥੨੧॥ ਪੰਨਾ ੨੨**
ਸਿਰੀ ਰਾਗੁ ਮਹਲਾ ੧

ਗੁਰਮੁਖ ਪਿਆਰਿਆਂ ਨੂੰ ਗੁਰਮਤਿ ਬੋਲ ਬੋਲ ਕੇ ਰਸਨਾ ਤੇ ਗੁਰਮਤਿ ਬੋਲ ਲੈ ਕੇ

ਹਰਿ ਹਰਿ ਜਪਣ ਦਾ ਹੁਕਮ ਹੈ। ਅਰਥਾਤ ਕੇਵਲ ਏਕੋ ਗੁਰਮਤਿ ਨਾਮੁ (ਵਾਹਿਗੁਰੂ) ਹੀ ਜਪਣ ਦਾ ਗੁਰ ਦੀਖਿਆ ਗੁਰਮੰਤ੍ਰੀ ਉਪਦੇਸੁ ਹੈ। ਏਹੋ ਗੁਰਮਤਿ ਨਾਮੁ ਹੀ ਸਤਿਨਾਮੁ ਹੈ। ਏਹੋ ਗੁਰਮਤਿ ਨਾਮੁ ਹੀ ਸਚੁ ਰੂਪੀ ਸਤਿ ਪਦਾਰਥ ਹੈ। ਇਸ ਗੁਰਮਤਿ ਨਾਮੁ ਰੂਪੀ 'ਸਚੁ' ਦੀ ਕਸਵੱਟੀ ਤੇ ਜੇ ਮਨੁ ਲਾਇਆ ਜਾਵੇ ਤਾਂ ਇਸ ਗੁਰਮਤਿ ਨਾਮੁ ਰੂਪੀ 'ਸਚੁ' ਪਾਰਸ ਨੂੰ ਪਰਸ ਕੇ ਮਨੁ ਪੂਰੇ ਤੋਲਿ ਤੋਲਿਆ ਜਾਂਦਾ ਹੈ। ਅਤੇ ਕੰਚਨ-ਵੰਨਾ ਹੋ ਕੇ ਪੂਰਾ ਉਤਰਦਾ ਹੈ। 'ਸਚੁ' ਰੂਪੀ ਨਾਮੁ,ਪਾਰਸ ਰੂਪੀ ਅਭਿਆਸ ਦੀ ਕਸੌਟੀ ਚੜ੍ਹਿਆ ਹੋਇਆ ਹਿਰਦੇ ਅੰਦਰਿ ਜੋਤਿ ਰਤਨਾ ਮਾਣਕ ਹੋ ਕੇ ਪ੍ਰਗਟੀਆਉਂਦਾ ਹੈ। "ਰਿਦਿ ਮਾਣਕ ਮੋਲਿ ਅਮੋਲਿ ॥" ਐਸਾ ਵਡਮੁਲਾ ਮਾਣਕ ਹੈ,ਜਿਸ ਦਾ ਮੁਲ ਕੀਤਿਆਂ ਕੋਈ ਮੁਲ ਹੀ ਨਹੀਂ ਪੈ ਸਕਦਾ, ਅਮੁਲ ਗੁਣੀਆਂ ਮਾਣਕ ਹੈ। ਇਹ ਨਵਨਾਮ ਰਤੰਨਾ ਸਚੁ ਹੈ। ਇਹ ਸਚੁ ਸੁਦਰਸਨੀ ਜੋਤਿ ਵਿਗਸੰਨਾ ਹਰਿ ਹੀਰਾ, ਸਤਿਗੁਰੂ ਰੂਪੀ ਸਾਗਰ ਵਿਚੋਂ ਹੀ ਲਭਦਾ ਹੈ। ਗੁਰਮੁਖਾਂ ਦੀ ਸੰਗਤ ਦੇ ਪਰਤਾਪ ਨਾਲਿ ਸਚੇ ਸਤਿਗੁਰੂ ਪਾਸ ਰਸਾਈ ਹੁੰਦੀ ਹੈ। ਸਤਿਗੁਰੂ ਦੁਆਰਿਓਂ ਗੁਰਦੀਖਿਆ ਗੁਰਮੰਤ੍ਰ ਮਿਲਣ ਕਰਿ ਇਸ ਗੁਰਮੰਤ੍ਰ 'ਨਾਮੁ' ਰੂਪੀ ਅੰਮ੍ਰਿਤ ਸਬਦ ਦੀ ਸਿਫਤਿ ਸਾਲਾਹੀ ਅਹਿਨਿਸ ਅਤੁਟ ਅਭਿਆਸ ਕਮਾਈ ਕੀਤਿਆਂ 'ਸਚੁ' ਰੂਪੀ ਪ੍ਰਚੰਡਿ ਜੋਤਿ ਮਣੀਏ ਲਾਲ ਦਾ ਘਟ ਅੰਦਰੋਂ ਹੀ ਪਰਕਾਸ਼ ਹੋ ਜਾਂਦਾ ਹੈ। ਰਹਾਉ। ਇਸ 'ਸਚੁ ਵਖਰੁ' ਰੂਪੀ ਧਨ ਦੀ ਪੂੰਜੀ (ਰਾਸ) ਖ਼ਜ਼ਾਨੇ ਨੂੰ ਗੁਰ ਪਰਗਾਸ ਮਈ ਜੋਤਿ ਚਾਨਣ-ਮੁਨਾਰੇ ਦੀ ਰੌਸ਼ਨੀ ਤਲੇ ਹੀ ਲਭਿਆ ਜਾਂਦਾ ਹੈ। ਰਿਧੀਂ ਸਿਧੀਂ ਨਵਨਿਧੀਂ ਸਭ 'ਨਾਮੁ' ਦੀਆਂ ਦਾਸੀਆਂ ਹੋਣ ਕਰਿ ਸਭ ਤ੍ਰਿਸ਼ਨਾ, ਵਸਗਤਿ ਹੋਣ ਕਰਿ, ਨਾਮ-ਰਸੀਆਂ ਦੇ ਅਧੀਨ ਹੋ ਜਾਂਦੀ ਹੈ। ਨਾਮ ਨਿਧਾਨ ਦੀ ਸੱਚੀ ਤ੍ਰਿਸ਼ਨਾ ਬਿਨਾਂ ਹੋਰ ਤ੍ਰਿਸ਼ਨਾ ਕੋਈ ਫੁਰਦੀ ਹੀ ਨਹੀਂ। ਅਤੇ ਐਉਂ ਮਰ (ਬੁਝ) ਜਾਂਦੀ ਹੈ,ਜਿਵੇਂ ਜਲ ਪਾਇਆਂ ਅਗਨੀ ਬੁਝ ਜਾਂਦੀ ਹੈ। 'ਸਚੁ ਧਨੁ'- ਰਾਸੀਆਂ,ਨਾਮ ਵਿਗਾਸੀਆਂ ਦੇ ਜਮ ਜੰਦਾਰ ਭੀ ਨੇੜੇ ਨਹੀਂ ਆ ਸਕਦਾ। ਜਮ ਬਪੜਾ ਨੇੜੇ ਲਗਦਾ ਹੀ ਨਹੀਂ। ਇਉਂ ਸਹਜ ਸੁਹੇਲਾ ਹੀ ਭਵਜਲ ਤਰ ਜਾਈਦਾ ਹੈ। ਸੱਚੀ ਭਾਇ ਭਾਵਨੀ ਨਾਲਿ 'ਸਚੁ' ਦੇ ਰੰਗਾਂ ਵਿਚਿ ਰੱਤੇ ਗੁਰਮੁਖਾਂ ਨੂੰ ਕੂੜ ਉੱਕਾ ਹੀ ਨਹੀਂ ਭਾਉਂਦਾ। ਤਿਨ੍ਹਾਂ ਨੂੰ 'ਨਾਮੁ ਸਚੁ' ਤੋਂ ਬਿਨਾਂ ਸਭ ਕੂੜ ਹੀ ਭਾਸਦਾ ਹੈ (ਮਨ ਬਚ ਕਰਮ ਕਰਕੇ ਪਰਤੀਤ ਹੁੰਦਾ ਹੈ)। ਸਾਕਤ ਪੁਰਸ਼ਾਂ ਮਨਮੁਖਾਂ ਨੂੰ ਸਚੁ ਨਹੀਂ ਭਾਉਂਦਾ। ਤਿਨ੍ਹਾਂ ਕੂੜਿਆਰਾਂ ਦਾ ਕੂੜ ਅਤੇ ਕੂੜੀਆਂ ਗੱਲਾਂ ਵਿਚ ਹੀ ਲੱਥ ਪੱਥ ਰਹਿਣੀਆ ਨਿਵਾਸੁ ਰਹਿੰਦਾ ਹੈ। ਜੇਹੜੇ ਗੁਰਮੁਖ ਜਨ 'ਸਚੁ' ਦੇ ਰੰਗ ਵਿਚਿ ਰੱਤੇ ਗਏ ਹਨ, ਤਿਨ੍ਹਾਂ ਦਾ ਜੋਤਿ ਵਿਗਾਸ ਸੰਪੰਨੇ ਸਤਿਗੁਰੂ ਦੇ ਸਰੂਪ ਨਾਲਿ ਵਸਲ ਮਿਲਾਪ ਹੋ ਜਾਂਦਾ ਹੈ, ਤੇ ਸਦਾ ਵਾਹਿਗੁਰੂ ਸਚੇ ਅਤੇ ਉਸ ਦੇ 'ਸਚੁ' ਸਰੂਪ ਵਿਚਿ ਹੀ ਸਮਾਏ ਰਹਿੰਦੇ ਹਨ। 'ਸਚੁ' ਦੀ ਇਸ ਅਵਸਥਾ ਵਿਚਿ ਪੁਗ ਕੇ ਹਿਰਦੇ ਅੰਦਰਿ ਪ੍ਰਿਥਮ ਅਭਿਆਸ ਅਵਸਥਾ ਵਿਚਿ ਸੰਚਿਆ ਹੋਇਆ ਸਚੁ ਵਖਰੁ ਧਨੁ ਨਾਮੁ (ਸਚੁ ਰੂਪੀ ਵਖਰੁ, ਸਚੁ ਰੂਪੀ ਧਨ, ਨਾਮੁ) ਸਦਾ ਸਦਾ ਜੋਤਿ ਜਗੰਨਾ ਮਣੀਆ ਲਾਲ ਅਤੇ ਜਗਮਗ ਜਲਵ ਜਲਵੰਨਾ ਰਤਨ ਪਦਾਰਥੁ ਹੀਰਾ ਹੋਇਕੈ ਹੀ ਗੁਰਮੁਖ ਜਨਾਂ ਦੇ ਘਟਾਂ ਅੰਦਰਿ ਗਹਿਰ ਗੰਭੀਰ ਵਾਹਿਗੁਰੂ ਦੇ ਜੋਤਿ ਜਗਮਗੰਨੇ ਦਰਸ਼ਨ ਦੇ ਜ਼ਾਹਰ ਜ਼ਹੂਰ ਪਰਤੱਖ ਸਰੂਪ

ਵਿਚਿ ਝਲਕਾਂ (ਆਭਾ) ਮਾਰਦਾ ਰਹਿੰਦਾ ਹੈ। ਵਾਹਿਗੁਰੂ ਦੇ ਅਤਿ ਦਇਆ ਮਈ ਪੂਰਨ ਪ੍ਰਸਾਦਿ ਕਰਿ ਹੀ ਵਿਰਲੇ ਗੁਰਮੁਖ ਜਨਾਂ ਨੂੰ ਹਰਿ ਹਰਿ ਹੀਰਾ ਰਤਨ ਰੂਪ ਸਚੁ ਜਹੂਰ ਪਜ਼ੀਰ ਹੁੰਦਾ ਹੈ।

ਸਰਬ ਨਿਰੰਤਰਿ ਖਸਮੁ ਏਕੋ ਰਵਿ ਰਹਿਆ ॥
ਗੁਰ ਪਰਸਾਦੀ ਸਚੁ ਸਚੋ ਸਚੁ ਲਹਿਆ ॥੧॥੮॥ ਪੰਨਾ ੯੬੧
ਰਾਮਕਲੀ ਕੀ ਵਾਰ ਮਹਲਾ ੫

ਨਿਰੋਲ ਸਚੋ ਸਚੁ,ਪਰਮ ਤਤੁ ਮਈ ਸਚੁ,ਜੋ ਲਖਿਆ (ਲਹਿਆ) ਜਾਂਦਾ ਹੈ ਤਾਂ ਕੇਵਲ ਗੁਰਪ੍ਰਸਾਦੀ ਗੁਰਮਤਿ ਦੁਆਰਾ ਲਖਿਆ ਜਾਂਦਾ ਹੈ। ਜੈਸਾ ਕਿ ਏਦੂੰ ਉਪਰਲੇ ਗੁਰਵਾਕ ਦੀ ਵਿਆਖਿਆ ਅੰਦਰਿ ਨਿਰਣੈ ਕੀਤਾ ਗਿਆ ਹੈ। ਇਹ ਸਚੁ, ਸਰਬੋਤਮੀ ਸਚੁ,ਖਸਮ ਪੁਰਖੋਤਮੀ ਸਚੁ ਸਰਬ ਨਿਰੰਤਰਿ ਸਰਬ ਘਟਾਂ ਅੰਤਰਿ ਰਵਿਆ ਹੋਇਆ ਗੁਰਮੁਖ ਜਨਾਂ ਦੇ ਦਿਬ ਲੋਇਣਾਂ ਕਰਿ ਪਰਤੱਖ ਪੇਖਿਆ ਜਾਂਦਾ ਹੈ।

ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥
ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖ ਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥੧੦ ਪੰਨਾ ੫੯
ਸਿਰੀ ਰਾਗੁ ਮਹਲਾ ੧

ਪ੍ਰੇਮ ਪਦਾਰਥ ਮਈ ਨਾਮੁ ਨਿਰਮਲੁ ਸਚੇ ਸਤਿਗੁਰੂ ਦੇ ਭੰਡਾਰਿਓਂ ਦੁਆਰਿਓਂ ਹੀ ਪਾ ਸਕੀਦਾ ਹੈ। ਏਹੋ ਸੱਚਾ ਵਖਰੁ ਹੈ, ਏਹੋ ਗੁਰਮਤਿ ਸਿਧਾਂਤੀ ਸਚੁ ਹੈ। ਪਰ ਪੂਰੇ ਕਰਮ ਕਰਕੇ ਹੀ ਇਹੁ ਸਚੁ ਰੂਪੀ ਸੱਚਾ ਵਖਰੁ ਸੰਚਿਆ ਜਾਂਦਾ ਹੈ। ਸਤਿਗੁਰੂ ਜਿਸ ਨੂੰ ਇਹ ਸੱਚਾ ਵਖਰੁ ਸੰਚਾਉਂਦਾ ਹੈ,ਤਿਸ ਦੇ ਸਭ ਦੁਖ ਮਿਟ ਜਾਂਦੇ ਹਨ। ਐਸਾ ਹੈ ਸਤਿਗੁਰੂ ਸੁਖਦਾਤਾ,ਦੂਤਾਂ ਦੈਂਤਾਂ ਦੇ ਸੰਘਾਰਨਹਾਰਾ।

੧੯

# ਸੱਚੀ ਭਗਤੀ ਕਿਵੇਂ ਹੁੰਦੀ ਹੈ ?

ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥ ੧ ॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥
ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥ ੧ ॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥
ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥
ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥ ੨ ॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥
ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥ ੩ ॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਿਗੁਰੁ ਭੇਟੈ ਜਿਸੁ ਆਇ ॥
ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥

ਪੰਨਾ ੩੫ — ਸਿਰੀ ਰਾਗੁ ਮਹਲਾ ੩

ਜੇ ਵੇਲਾ ਵਖਤ ਵਿਚਾਰਨ ਦੀਆਂ ਹੀ ਸੋਚਾਂ ਸੋਚੀਆਂ ਜਾਣ ਕਿ ਕੇਹੜੀ ਕਿਸ ਘੜੀ ਭਗਤੀ ਕੀਤੀ ਜਾਏ ਤਾਂ ਕਿਸੇ ਵੇਲੇ ਭੀ ਭਗਤੀ ਨਹੀਂ ਹੋ ਸਕਦੀ । ਵੇਲਾ ਵਖਤ ਵਿਚਾਰਨ ਦੀਆਂ ਗਿਣਤੀਆਂ ਗਿਣਨ ਵਿਚਿ ਪੈਣ ਦੀ ਪ੍ਰੇਮਾ ਭਗਤੀ ਦੇ ਅਨਿੰਨ ਭਗਤਾਂ ਨੂੰ ਲੋੜ ਨਹੀਂ । ਦਿਨ ਰਾਤ ਲਗਾਤਾਰ ਨਾਮ ਅਭਿਆਸ ਦੇ ਰੰਗਾਂ ਵਿਚਿ ਰਤਿਆਂ ਹੀ ਸਚੇ

ਵਾਹਿਗੁਰੂ ਰੂਪੀ 'ਸਚੁ' ਦੀ ਸੂਹ ਲਗਦੀ ਹੈ। ਐਨੀ ਅਤੁਟ ਅਭਿਆਸ ਕਮਾਈ ਨਾਮ ਦੀ ਕਰਨੀ ਪੈਂਦੀ ਹੈ ਕਿ ਦਿਨ ਰਾਤ ਇਕ ਕਰਿ ਦੇਣਾ ਪੈਂਦਾ ਹੈ ਤਾਂ ਜਾ ਕੇ ਕਿਤੇ ਵਾਹਿਗੁਰੂ ਦੇ ਸਚੁ ਸਰੂਪ ਦੀ ਸੋਝੀ ਪੈਂਦੀ ਹੈ। ਸਚੇ ਨੇਹ ਪ੍ਰੇਮ ਪਿਆਰ ਸਰਧਾ ਸਿਦਕ ਭਾਵਨੀ ਵਾਲੀ ਭਗਤੀ ਤਾਂ ਹੁੰਦੀ ਹੈ,ਜੇ ਪਿਆਰਾ ਪ੍ਰੀਤਮ ਇਕ ਤਿਲ ਭੀ ਨਾ ਵਿਸਰੇ। ਇਕ ਤਿਲ ਭੀ ਪਿਆਰੇ ਦਾ ਨਾਮੁ ਰਿਦੇ ਰਸਨਾ ਮੁਖ ਤੋਂ ਦੂਰਿ ਨਾ ਹੋਵੇ। ਜੇ ਇਕ ਤਿਲੁ ਭੀ ਪਿਆਰਾ ਵਿਸਰ ਜਾਵੇ ਤਾਂ ਸੱਚੀ ਪ੍ਰੇਮਾ ਭਗਤੀ ਕਚੇ ਨੇਹ ਵਾਲੀ (ਕਨੇਹੀ) ਕਹਾਉਂਦੀ ਹੈ। ਇਕ ਤਿਲ ਭੀ ਪਿਆਰਾ ਵਿਸਰਿਆਂ ਸੱਚੀ ਪ੍ਰੇਮਾ ਭਗਤੀ ਵਿਚਿ ਭੰਗਣਾ ਪੈ ਜਾਂਦੀ ਹੈ। ਸੱਚੀ ਭਗਤੀ ਕਰਨ ਵਾਲਿਆਂ ਪ੍ਰੇਮੀਆਂ ਦਾ ਇਕ ਸਾਸ ਭੀ ਬਿਰਥਾ ਨਹੀਂ ਜਾਂਦਾ ਨਾਮ ਅਭਿਆਸ ਵਲੋਂ। ਜਦੋਂ ਨਾਮ ਅਭਿਆਸ ਕਰਦਿਆਂ ਸਾਸਿ ਸਾਸਿ ਲੇਖੇ ਲਗੇ ਅਤੇ ਕੋਈ ਸਾਸੁ ਬਿਰਥਾ ਨਾ ਜਾਵੇ ਤਾਂ 'ਸਚੁ' ਦਾ ਰਿਦੈ ਪਰਗਾਸ ਹੁੰਦਾ ਹੈ। ਅਤੇ ਸਚੁ ਰਿਦੈ ਪ੍ਰਗਾਸ ਹੋਇਆਂ ਮਨੁ ਤਨੁ ਸੀਤਲ ਹੋ ਜਾਂਦਾ ਹੈ। ਐਸੀ ਧਿਆਉਣੀ, ਗੁਰਮਤਿ ਨਾਮੁ ਨੂੰ ਧਿਆਇਆ ਜਾਏ ਕਿ ਵਾਹਿਗੁਰੂ ਸੱਚਾ ਮਨ ਵਿਖੇ ਆਇ ਵਸੇ ਅਤੇ ਪਰਮ ਸਚੁ ਰਿਦੰਤਰਿ ਪ੍ਰਕਾਸ਼ਤ ਹੋ ਜਾਏ ਤਾਂ ਸੱਚੀ ਭਗਤੀ ਥੀਂਦੀ ਹੈ ਅਤੇ ਤਾਂ ਸੱਚੀ ਭਗਤੀ ਕੀਤੀ ਲੇਖੇ ਪੈਂਦੀ ਹੈ। ਰਹਾਉ। ਗੁਰਮਤਿ ਜੁਗਤੀ ਦੁਆਰਾ ਨਾਮੁ ਰੂਪੀ ਸਚੁ ਦਾ ਬੀਜੁ ਘਟ ਹਿਰਦੈ ਰੂਪੀ ਧਰਤੀ ਵਿਖੇ ਬੀਜਿਆ ਫੇਰ ਧਰਤੀ ਦੀ ਗੋਡੀ ਸਿੰਜ ਸਿੰਜਾਈ ਰੂਪੀ ਕਮਾਈ ਕੀਤਿਆਂ ਹੀ ਸਹਿਜੇ ਖੇਤੀ ਜੰਮ ਸਕਦੀ ਹੈ ਅਤੇ ਐਸੇ ਆਤਮ-ਫਲ ਅਨਾਜ ਦੇ ਬੋਹਲ ਉਪਜਾਉਂਦੀ ਹੈ ਕਿ ਮਨੂਆ ਸਹਜ ਸੁਭਾਇ ਹੀ ਰਜ ਕੇ ਸੰਤੁਸ਼ਟ ਹੋ ਜਾਂਦਾ ਹੈ, ਤ੍ਰਿਪਤ ਅਘਾਇ ਜਾਂਦਾ ਹੈ। ਗੁਰ ਮੰਤ੍ਰ ਗੁਰ ਸਬਦ ਰੂਪੀ ਬੀਜੁ ਅੰਕਰਤ ਹੋ ਕੇ ਅੰਮ੍ਰਿਤ ਫਲੁ ਸੁਫਲਾਉਂਦਾ ਹੈ, ਜਿਸ ਅੰਮ੍ਰਿਤ ਨੂੰ ਪੀਤਿਆਂ ਸਾਰੀਆਂ ਡੰਝਾਂ ਮਿਟ ਜਾਂਦੀਆਂ ਹਨ। ਤਦ ਇਹ ਮਨ ਸਚਿ ਰਤਾ ਹੋ ਕੇ ਸਾਚ-ਆਤਮ-ਰੰਗੀ ਬਣ ਜਾਂਦਾ ਹੈ ਅਤੇ ਸਚੇ ਪਰਮਾਤਮਾ ਦੇਵ ਵਿਖੇ ਹੀ ਸਮਾਇ ਰਹਿੰਦਾ ਹੈ। ਉਸ ਦਾ ਫਿਰ ਆਖਣੁ ਵੇਖਣੁ ਬੋਲਣਾ, ਸਚ ਸਬਦਿ ਸਮੋਲਣਾ,ਮਨ ਬਚ ਕਰਮ ਕਰ ਕੇ ਅਸਲੀ ਹਕੀਕਤ ਅੰਦਰਿ ਹੋ ਰਹਿੰਦਾ ਹੈ। ਦੇਸ ਤੇ ਕਾਲ ਦੀ ਹਦ ਮਿਟ ਜਾਂਦੀ ਹੈ। ਚਹੁ ਜੁਗਾਂ ਦਾ ਉਘਾੜ ਉਸਨੂੰ ਹੋ ਜਾਂਦਾ ਹੈ, ਤ੍ਰੈ ਕਾਲ ਦੀ ਸੋਝੀ ਹੋਇ ਆਵੰਦੀ ਹੈ। ਗੁਰਬਾਣੀ ਦੀ ਸਚਾਈ ਦਾ ਨਗਾਰਾ ਅਨਹਦਾਈ ਬਜਣ ਲਗ ਪੈਂਦਾ ਹੈ,ਜਿਸ ਦੀ ਆਹਤ ਅਨਾਹਤ ਧੁੰਨੀ ਅੰਦਰਿ ਸਚੋ ਹੀ ਸਚੁ ਸੁਣਾਈ ਦਿੰਦਾ ਹੈ। ਆਕਾਸ਼ ਮੰਡਲੀ ਬ੍ਰਹਿਮੰਡਾਂ ਅੰਦਰਿ ਸਚੋ ਹੀ ਸਚੁ ਵਿਖਾਈ ਦਿੰਦਾ ਹੈ। ਸੱਚਾ ਵਾਹਿਗੁਰੂ ਤਿਸ ਨੂੰ ਆਪਣੇ ਸਚੁ ਸਰੂਪ ਵਿਖੇ ਹੀ ਮਿਲ਼ਾਇ ਲੈਂਦਾ ਹੈ। ਓਥੇ ਹਉਮੈ ਮੇਰਾ ਸਭ ਰਹਿ ਖੜੋਂਦਾ ਹੈ। ਸਚੁ ਵਿਖੇ,ਸਚੁ ਸਰੂਪ ਵਿਖੇ ਲਿਵ ਲਾਇ ਰਹਿਆਂ ਲਿਵ-ਧਾਰੀਆਂ ਨੂੰ ਸੱਚਾ ਮਹਲੁ ਵਾਹਿਗੁਰੂ ਸਚੇ ਦਾ ਸਦਾ ਹਜੂਰਿ ਨਿਕਟ ਨਿਕਟੂਰ ਸਨਮੁਖ ਰਹਿੰਦਾ ਹੈ। ਇਹ ਪਦ ਨਾਮ ਦੁਆਰਾ ਪ੍ਰਾਪਤਿ ਹੁੰਦਾ ਹੈ। ਪਰ ਨਦਰੀ ਹੀ ਨਾਮੁ ਧਿਆਇਆ ਜਾਂਦਾ ਹੈ। ਵਿਣੁ ਕਰਮਾਂ ਸਚੁ ਪਦ ਨਹੀਂ ਪਾਇਆ ਜਾ ਸਕਦਾ। ਪੂਰੇ ਭਾਗਾਂ ਕਰ ਕੇ ਸਤਿ ਸੰਗਤ ਦਾ ਵਾਸਾ ਪ੍ਰਾਪਤਿ ਹੁੰਦਾ ਹੈ, ਜਿਸ ਦੁਆਰਾ ਸੰਗਿ ਸਤਿਗੁਰੂ ਭੇਟੀਦਾ ਹੈ। ਦਿਨੇ ਰਾਤ ਨਾਮ ਵਿਚਿ ਰਤੇ ਰਹਿਣ

ਕਰ ਕੇ ਦੁਖ ਬਿਖਿਆ ਰੋਗ ਸਭ ਸਰੀਰ ਤੋਂ ਮਿਟ ਜਾਂਦਾ ਹੈ। ਸਬਦ ਦੁਆਰਾ ਐਸਾ ਸਚੁ ਮਿਲਾਵੜਾ ਹੁੰਦਾ ਹੈ ਕਿ ਨਾਮ ਜਪਣ ਵਾਲਾ ਤੇ ਨਾਮੀ ਵਾਹਿਗੁਰੂ ਅਭੇਦ ਹੋ ਜਾਂਦੇ ਹਨ।

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥
ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥ ੧ ॥
ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥ ੧ ॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥੪੦॥

ਪੰਨਾ ੨੯— ਸਿਰੀ ਰਾਗੁ ਮਹਲਾ ੩

ਵਾਹਿਗੁਰੂ ਦਾ ਨਾਮ ਸੁਖਾਂ ਦਾ ਸਾਗਰੁ ਹੈ। ਪਰ ਗੁਰ ਦੀਖਿਆ ਦੁਆਰਾ ਗੁਰਮੁਖ ਜਨਾਂ ਤੋਂ ਹੀ ਇਹ ਨਾਮ ਪਾਇਆ ਜਾਂਦਾ ਹੈ। ਸੁਆਸਿ ਸੁਆਸਿ ਦਿਨ ਰਾਤ ਇਸ ਨਾਮ ਦੀ ਅਤੁਟ ਕਮਾਈ ਕੀਤਿਆਂ ਸਹਜੇ ਹੀ ਨਾਮ ਦੇ ਜੋਤ ਸਰੂਪੀ ਸਰੂਪ ਵਿਚਿ ਸਮਾ ਜਾਈਦਾ ਹੈ। ਇਸ ਬਿਵਸਥਾ ਅੰਦਰਿ ਨਾਮ ਸਰੂਪ ਵਿਚਿ ਸਮਾਈ ਰਖਣ ਵਾਲੇ ਗੁਰਮੁਖ ਜਨ ਦਾ ਅੰਦਰਲਾ ਆਤਮ ਸਰੂਪ ਵਾਹਿਗੁਰੂ ਰੂਪੀ 'ਸਚੁ' ਨਾਲਿ ਰਚ ਜਾਂਦਾ ਹੈ : "ਅੰਦਰੁ ਰਚੈ ਹਰਿ ਸਚ ਸਿਉ" ਅਤੇ ਉਸਦੀ ਰਸਨਾ ਤੇ ਮੁਖ ਸਿਫਤਿ ਸਾਲਾਹ ਹਰਿ ਕੀਰਤੀ ਵਿਚਿ ਰਚੇ ਰਹਿੰਦੇ ਹਨ। ਇਉਂ ਗੁਰਮੁਖਾਂ ਨੂੰ ਗੁਰਮਤਿ ਨਾਮ ਰੂਪੀ ਸਚੁ ਦੇ ਪਰਤਾਪ ਕਰਿ ਸਦਾ ਸੁਖੁ ਆਨੰਦ ਹੀ ਬਣਿਆ ਰਹਿੰਦਾ ਹੈ। ਨਾਮੋਂ ਘੁਥੜਾ, ਸਚੋਂ ਮੁੰਞੂਥੜਾ ਜਗੁ ਸਦਾ ਦੂਜੇ ਭਾਇ ਵਿਚਿ ਦੁਖੀਆ ਹੀ ਰਹਿੰਦਾ ਹੈ। ਉਸ ਨੂੰ ਸਚੇ ਆਤਮ ਸੁਖ ਦੀ ਪ੍ਰਾਪਤੀ ਕਦੇ ਨਹੀਂ ਹੁੰਦੀ। ਗੁਰ ਸਰਣਾਈ ਆਇਆਂ ਅਤੇ ਗੁਰੂ ਦੇ ਦਰਿ ਮਕਬੂਲ ਹੋਇਆਂ ਹੀ ਸੱਚਾ ਆਤਮ ਸੁਖ ਮਿਲਦਾ ਹੈ, ਕਿਉਂਕਿ ਤਿਥੋਂ ਗੁਰਦੀਖਿਆ ਪ੍ਰਾਪਤ ਕਰਕੇ ਗੁਰਮਤਿ ਨਾਮ ਦੀ ਸੁਆਸਿ ਸੁਆਸਿ ਅਭਿਆਸ ਕਮਾਈ ਵਿਚਿ ਜੁਟ ਜਾਈਦਾ ਹੈ ॥ ਰਹਾਉ॥ ਵਾਹਿਗੁਰੂ ਦੇ ਧਿਆਉਣ ਕਰਕੇ ਮਨੁ ਨਿਰਮਲ ਹੋ ਜਾਂਦਾ ਹੈ। ਅੰਤਰਿ ਗਤਿ ਸਚੁ ਰੂਪੀ ਤੱਤੋ ਹੀ ਤੱਤ ਨਿਤਰ ਆਉਂਦਾ ਹੈ। ਇਸ ਤੱਤੋ ਤੱਤ ਨਿਤਰੇ 'ਸਚੁ' ਨੂੰ ਮੈਲੁ ਕਦੇ ਨਹੀਂ ਲਗਦੀ। ਇਸ ਸਦੀਵੀ ਅੰਤ੍ਰੀਵੀ ਸੱਚ ਨੂੰ ਗੁਰਮੁਖ ਹੀ ਪਛਾਣਦੇ ਹਨ, ਜਦੋਂ ਓਹ ਨਾਮ ਦੇ ਜੋਤਿ ਵਿਗਾਸੀ ਅੰਮ੍ਰਿਤ ਤੱਤਾਸੀ ਸਰੂਪ ਵਿਚਿ ਸਮਾ ਜਾਂਦੇ ਹਨ। ਤਿਥੇ ਗੁਰਮਤਿ ਦੁਆਰਾ ਪ੍ਰਾਪਤਿ ਕੀਤਾ ਗੁਰ ਗਿਆਨੁ ਪ੍ਰਚੰਡੁ ਹੋ ਕੇ ਲਟਿ ਲਟਿ ਘਟ ਅੰਦਰਿ ਬਲਣ ਲਗ ਪੈਂਦਾ ਹੈ। ਤਿਮਰ ਅਗਿਆਨ ਅੰਧੇਰਾ ਤਿਥੇ ਆਪੇ ਹੀ ਬਿਨਾਸ ਹੋ ਜਾਂਦਾ ਹੈ।

ਬੋਲਹਿ ਸਾਚੁ ਮਿਥਿਆ ਨਹੀ ਰਾਈ ॥
ਚਾਲਹਿ ਗੁਰਮੁਖਿ ਹੁਕਮਿ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥੧॥
ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ਰਹਾਉ॥
ਅਪਿਉ ਪੀਅਉ ਅਕਥੁ ਕਥਿ ਰਹੀਐ ॥
ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥
ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥
ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥
ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥
ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥ ੩ ॥
ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥ ੪ ॥
ਭੋਜਨੁ ਨਾਮੁ ਨਿਰੰਜਨੁ ਸਾਰੁ ॥
ਪਰਮ ਹੰਸੁ ਸਚੁ ਜੋਤਿ ਅਪਾਰ ॥
ਜਹ ਦੇਖਉ ਤਹ ਏਕੰਕਾਰੁ ॥ ੫ ॥
ਰਹੈ ਨਿਰਾਲਮੁ ਏਕਾ ਸਚੁ ਕਰਣੀ ॥
ਪਰਮ ਪਦੁ ਪਾਇਆ ਸੇਵਾ ਗੁਰਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰਭ੍ਰਮਣੀ ॥ ੬ ।
ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥
ਹਰਿ ਜਸਿ ਸੰਤ ਭਗਤ ਨਿਸਤਾਰਿਆ ॥
ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥ ੭ ॥
ਸਾਚ ਮਹਲਿ ਗੁਰਿ ਅਲਖੁ ਲਖਾਇਆ ॥
ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥ ੮ ॥
ਜਿਨ ਕੈ ਮਨਿ ਵਸਿਆ ਸਚੁ ਸੋਈ ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥
ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥ਪੰਨਾ ੨੨੭-੨੮

ਗਉੜੀ ਮਹਲਾ ੧

## ੧੭

# ਹੁਕਮ ਰਜ਼ਾਈ ਚਲਣਾ

ਗੁਰੂ ਅਕਾਲ ਪੁਰਖ ਦੀ ਹੁਕਮ ਰਜ਼ਾ ਅਨੁਸਾਰ ਚਲਣਹਾਰੇ ਗੁਰਮੁਖਿ ਜਨ ਨਿਰੋਲ ਗੁਰਮਤਿ ਸਚੁ ਹੀ ਸਚੁ ਬੋਲਦੇ ਹਨ, ਰਾਈ ਭਰ ਭੀ ਮਿਥਿਆ ਨਹੀਂ ਬੋਲਦੇ । ਮਨ ਬਚਨ ਕਰਮ ਕਰ ਕੇ, ਰਸਨਾ ਮੁਖ ਕਰਕੇ, ਹਿਰਦਿਓਂ ਸੁਆਸਿ ਸੁਆਸਿ ਕਰ ਕੇ, ਰੋਮ ਰੋਮ ਨਾੜ ਨਾੜ ਕਰ ਕੇ, ਸਚੁ ਰੂਪੀ ਤੱਤ ਵਿਰੋਲਣਾ, ਅੰਮ੍ਰਿਤ ਨਾਮੁ ਨਿਰੋਲਣਾ ਹੈ । ਅਰਥਾਤ, ਗੁਰਮੁਖਾਂ ਦੀ ਮੁਖ ਰਸਨਾ ਰਿਦੇ ਸੁਆਸ ਸੁਰਤੀ ਤੋਂ ਬਿਨਾਂ 'ਨਾਮੁ' ਰੂਪੀ 'ਸੱਚੁ' ਤੋਂ ਹੋਰ ਕੁਛ ਨਿਕਲਦਾ ਹੀ ਨਹੀਂ, ਹੋਰ ਕੋਈ ਬੋਲ ਬੋਲਿਆ ਹੀ ਨਹੀਂ ਜਾਂਦਾ । ਨਾਮ ਬਿਨਾ ਬੋਲ ਸਭ ਬੋਲ ਕੁਬੋਲ ਕੂੜਾਵੇ ਬੋਲ ਹੀ ਹਨ । ਸਚਾਵਾ ਸਚੁ ਬੋਲ ਹੈ ਤਾਂ ਕੇਵਲ ਨਾਮੁ ਉਚਰਨੀਆ ਬੋਲ ਹੀ ਹੈ। ਏਹੋ ਬੋਲ ਹੀ ਇਕ ਐਸਾ ਸਚੁ ਹੈ, ਜਿਸ ਵਿਚਿ 'ਮਿਥਿਆ ਨਹੀ ਰਾਈ' ਵਾਲਾ ਘਟਣ ਘਟ ਸਕਦਾ ਹੈ । ਤਾਂ ਤੇ ਗੁਰਮੁਖਾਂ ਦਾ ਨਿਰੋਲ ਸਚੁ ਬੋਲਣਾ ਗੁਰਮਤਿ ਨਾਮ ਉਚਰੋਲਣਾ ਹੀ ਹੈ । ਹੁਕਮ ਰਜਾਈ ਚਲ ਕੇ ਬੋਲਣ ਵਾਲਾ ਸਚੁ ਗੁਰਮੁਖਾਂ ਦੇ ਨਿਕਟ ਹੋਰ ਕੇਹੜਾ ਹੋ ਸਕਦਾ ਹੈ, ਸਿਵਾਏ ਨਾਮ ਰੂਪੀ ਸਿਫਤਿ ਸਾਲਾਹੀ ਬੋਲ ਬੋਲਣ ਦੇ, ਜਾਪੁ ਜਪੋਲਣ ਦੇ ? ਹੁਕਮ ਰਜਾਈ ਚਲਣ ਵਾਲਿਆਂ ਗੁਰਮੁਖਾਂ ਨੂੰ ਤਾਂ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥" ਅਤੇ "ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ" ਗੁਰਵਾਕਾਂ ਦੇ ਭਾਵ ਅਨੁਸਾਰ ਨਾਮ ਸਿਫਤਿ ਸਾਲਾਹ ਹੀ ਸਚਾ ਹੁਕਮ ਹੈ, ਜਿਸ ਉਤੇ ਰਜਾਈ ਗੁਰੂ ਕਰਤਾਰ ਦੀ ਰਜ਼ਾ ਅਨੁਸਾਰ ਚਲਣਾ ਅਨਿੰਨ ਗੁਰਸਿਖਾਂ ਦਾ ਪਰਮ ਧਰਮ ਹੈ । ਤਾਂ ਤੇ ਨਾਮ, ਨਾਮ ਰੂਪੀ ਬੋਲ, ਮੁਖ ਰਸਨਾ ਤੋਂ ਬੋਲਣਾ ਅਤੇ ਸਦਾ ਬੋਲਦੇ ਰਹਿਣਾ, ਏਹੋ ਗੁਰਮੁਖਾਂ ਦਾ ਹੁਕਮ ਰਜ਼ਾਈ ਚਲਣਾ ਹੈ ।

੧੮

# ਅਜਪਾ ਜਾਪ ਤੇ ਅਕੱਥ ਕਥਾ

ਗੁਰਮੁਖ ਜਨ ਏਸੇ ਸਚੁ ਨੂੰ ਬੋਲਣਹਾਰੇ ਹੁੰਦੇ ਹੋਏ ਹੀ ਸੱਚੀ ਹੁਕਮ ਰਜ਼ਾ ਤੇ ਚਲਣਹਾਰੇ ਬਣਦੇ ਹਨ। ਦੁਨੀਆਵੀ, ਸੰਸਾਰ-ਕਾਰ ਬਿਉਪਾਰੀ ਸ਼ੁਸ਼ਕ ਸੱਚ ਬੋਲ ਬੋਲਣ ਦੇ ਕੂੜਾਵੇ ਦਾਅਵੇਦਾਰ ਬਣਨੋਂ ਅਤੀਤ ਬੈਰਾਗੀ ਬੀਤ ਰਾਗੀ ਗੁਰਮੁਖ ਜਨ ਸਦਾ ਅਲਿਪਤ ਬੇਗ਼ਰਜ਼ ਅਤੇ ਲਾਪਰਵਾਹ ਰਹਿੰਦੇ ਹਨ। ਓਹ ਆਤਮ ਤੱਤੀ ਪਰਮ 'ਸਚੁ' ਅਤੇ ਸਚੇ ਪਰਮਾਤਮਾ ਦੀ ਸਦਾ ਨਿਕਟ ਹਜ਼ੂਰੀ ਸਰਨਾਗਤ ਰਹਿੰਦੇ ਹੋਏ ਇਸ ਨਿਚਲੇ ਦਰਜੇ ਦੇ ਬੇ-ਹਕੀਕਤ ਸਚ ਨੂੰ ਕੀ ਵੁਕਅਤ ਦੇ ਸਕਦੇ ਹਨ ? ਓਹ ਤਾਂ ਸਚੁ ਮੁਚ "ਰਹਹਿ ਅਤੀਤ ਸਚੇ ਸਰਣਾਈ" ਵਾਲੀ ਉੱਚੀ ਸਚ ਅਵਸਥਾ ਵਿਚਿ ਖੇਡਦੇ ਰਹਿੰਦੇ ਹਨ। ਤਿਨ੍ਹਾਂ ਗੁਰਮੁਖਾਂ ਦਾ ਐਸੇ ਉਚ ਔਜ ਆਦਰਸ਼ੀ 'ਸਚੁ' ਦੇ ਘਰ ਵਿਚਿ ਨਿਵਾਸ ਰਹਿੰਦਾ ਹੈ, ਜਿਥੇ ਓਹਨਾਂ ਨੂੰ ਕੂੜ ਕਾਲਿ-ਚੱਕਰੀ ਕਲਿ-ਕਾਲਖੀ ਬੇਤਾਲ ਕਾਲ ਜੋਹ ਨਹੀਂ ਸਕਦਾ। ਕੂੜ-ਮੁਠੇ ਮਨਮੁਖਾਂ ਨੂੰ ਮਾਇਆ ਮੋਹ ਮਮਤਾ ਗ੍ਰਸੇ ਹੋਣ ਕਰਕੇ ਆਵਣ ਜਾਣ ਜਨਮ ਮਰਣ ਦਾ ਦੁਖੁ ਸਹਿਣਾ ਪੈਂਦਾ ਹੈ। ਰਹਾਉ।

ਅਪਿਓ ਪੀ ਕੇ, ਆਤਮ ਤੱਤ ਰੂਪੀ 'ਸਚੁ' ਅੰਮ੍ਰਿਤ ਦੇ ਗਟਾਕ ਚੱਖ ਕੇ ਨਾਮ ਅਮੀਆਲੇ ਗੁਰਮੁਖ ਜਨ ਸਦਾ ਮਸਤ ਮਤਵਾਲੇ ਰਹਿੰਦੇ ਹਨ ਅਤੇ ਅੰਮ੍ਰਿਤ ਨਾਮ ਦੀ ਜਾਪ ਅਭਿਆਸ ਰੂਪੀ **ਅਜਪਾ ਜਾਪੀ** ਅਕੱਥ ਕਥਾ ਕਰਨ ਵਿਚਿ ਹੀ ਲਿਵਲੀਨ ਰਹਿੰਦੇ ਹਨ। ਅਜਪਾ ਜਾਪ ਉਹ ਹੈ ਜਿਸ ਦਾ ਜਾਪ ਕਦੇ ਮੁਕਦਾ ਹੀ ਨਹੀਂ, ਜਿਸ ਦੀ ਅਭਿਆਸ ਕਮਾਈ ਦਾ ਪਾਰਾਵਾਰ ਹੀ ਨਹੀਂ। ਜਿਸ ਦੀ ਜਾਪ ਜਪਣੀ ਕਥਾ, ਕਥਨੀ ਤੋਂ ਬਾਹਰ ਹੈ। ਜਿਸ ਦੀ ਜਾਪ ਜਪਣੀ ਮੁਖੋਂ ਜਪਦਿਆਂ ਜਪਦਿਆਂ, ਕਥਦਿਆਂ ਕਥਦਿਆਂ ਕਦੇ ਮੁਕਦੀ ਹੀ ਨਹੀਂ। ਜਿਉਂ ਜਿਉਂ ਜਪੀ ਕਥੀਦੀ ਹੈ, ਤਿਉਂ ਤਿਉਂ ਇਸਦਾ ਅੰਮ੍ਰਿਤ ਰਸੁ ਹੋਰ ਤੋਂ ਹੋਰ ਵਧੇਰੇ ਆਉਂਦਾ ਹੈ। ਜੈਸੇ ਇਹ ਅੰਮ੍ਰਿਤ ਅਹਿਲਾਦੀ ਰਸੁ ਅਥਾਹ ਹੈ, ਤੈਸੇ ਹੀ ਨਾਮ ਦੀ ਅੰਮ੍ਰਿਤ-ਜਾਪ-ਮਈ-ਕਥਾ ਅਥਾਹ ਅਤੇ ਅਗਾਧ ਹੈ। ਏਸੇ ਕਰਕੇ ਨਾਮ-ਜਾਪ ਨੂੰ ਅਕੱਥ ਕਥਾ ਗੁਰਬਾਣੀ ਵਿਚਿ ਵਰਨਣ ਕੀਤਾ ਗਿਆ ਹੈ। ਤਾਂ ਤੇ ਗੁਰਮੁਖ ਜਨ "ਅਪਿਉ ਪੀਅਉ ਅਕਥੁ ਕਥਿ ਰਹੀਐ" ਵਾਲੀ ਗੁਰਮਤਿ ਲਿਵ ਰਹਿਣੀ ਦੇ ਹੀ ਧਾਰਨੀ ਰਹਿੰਦੇ ਹਨ ਅਤੇ ਅੰਤਰ ਆਤਮੇ ਲਿਵ ਜੋੜ ਕੇ, ਸਮਾਧ-ਸਥਿਤ ਹੁੰਦੇ ਹੋਏ




www.sikhbookclub.com

ਨਿਜ ਘਰੀ ਪ੍ਰਤਿਬਿੰਬਤ (ਪ੍ਰਕਾਸ਼ਤ ਹੋਏ) ਸਹਜ ਘਰ ਵਾਸ ਦਾ ਅਨੰਦ ਮਾਣਦੇ ਹਨ, ਘਟ ਆਤਮੀ ਨਿਜ ਘਰਿ ਰਹਿੰਦੇ ਹੋਏ ਪਰਮ ਆਤਮਾ ਲਖਤਾ ਵਾਲੇ ਸਹਜ ਘਰ ਦੇ ਅਨੰਦ ਦਾ ਲਹਿਰਾ ਲੁਟਦੇ ਹਨ। ਇਸ ਲਖਤਾ ਨੂੰ ਲਖ ਕੇ ਹੀ ਸਚੁ ਦੀ ਤਤ ਸਰੂਪੀ ਲਖਤਾ ਦਾ ਬਿਸਮਾਦ ਮਈ ਸੁਆਦ ਆਂਵਦਾ ਹੈ। "ਨਿਜ ਘਰਿ ਬੈਸਿ ਸਹਜ ਘਰੁ ਲਹੀਐ" ਇਸ ਬਿਸਮਾਦ ਸੁਆਦ ਵਾਲੇ ਹਰਿ ਰਸ ਵਿਚਿ ਰਤਿਆਂ ਮੱਤਿਆਂ ਹੀ ਸਚੇ ਸੁਖ ਦੀ ਸਾਰ ਆਉਂਦੀ ਹੈ। ਸੱਚਾ ਸੁਖ ਗੁਰਮਤਿ ਅੰਦਰਿ ਏਸੇ ਨੂੰ ਕਹਿੰਦੇ ਹਨ ਕਿ ਹਰਿ ਰਸ ਦੇ ਆਤਮ ਅਹਿਲਾਂਦ ਵਿਚਿ ਮਗਨ ਮਸਤ ਬਿਸਮਾਦ ਹੀ ਹਰਦਮ ਰਹੇ। ਅਤੇ ਇਸ ਬਿਸਮਾਦ ਮਈ ਅੰਮ੍ਰਿਤ ਰਸ ਦੀ ਖੁਮਾਰੀ ਦਾ ਨਸ਼ਾ ਕਦੇ ਭੀ ਨਾ ਉਤਰੇ। ਸੁਖ ਹੈ ਤਾਂ ਇਹੀ ਸੱਚਾ ਸੁਖ ਹੈ। ਏਸ ਨੂੰ ਅਸਲੀ ਸੁਖ ਕਹਿੰਦੇ ਹਨ। "ਹਰਿ ਰਸਿ ਮਾਤੇ ਇਹੁ ਸੁਖੁ ਕਹੀਐ" ਇਹੋ ਸੁਖੁ ਹੈ। ਏਸ ਬਿਨਾ ਹੋਰ ਸੁਖੁ ਹੀ ਕੋਈ ਨਹੀਂ। ਜਿਥੇ ਇਹ ਸੁਖੁ ਹੈ ਓਥੇ 'ਸਚੁ' ਦਾ ਪਰਗਾਸ ਸਹੀ ਜਾਣੋ। ਗੁਰਮਤਿ ਸਚੁ ਨਿਹਚਲੀ ਸਚੁ ਹੈ। ਜੋ ਗੁਰਮੁਖ ਜਨ ਸਚੁ-ਗੁਰਮਤਿ ਦੀ ਸੱਚੀ ਨਿਹਚਲ ਚਾਲ ਤੇ ਚਲਣ ਵਾਲੇ ਹਨ, ਓਹ ਸਦਾ ਨਿਹਚਲ ਹੀ ਰਹਿੰਦੇ ਹਨ, ਕਦੇ ਨਹੀਂ ਡੋਲਦੇ ਅਤੇ ਸਦਾ ਗੁਰਮਤਿ ਸਾਚ ਦੇ ਸਹਜ ਘਰ ਵਿਚਿ ਵਸਦੇ ਹੋਏ (ਨਿਹਚਲ ਵਾਸਾ ਰਖਦੇ ਹੋਏ) ਨਾਮੁ ਜਾਪੁ ਉਚਾਰਨ ਕਰਦੇ ਹਨ। ਅਤੇ ਇਉਂ ਅੰਮ੍ਰਿਤ ਦੇ ਗਟਾਕ ਰਸ ਪੀ ਪੀ ਤੱਤ ਵਿਰੋਲ ਕੇ ਸਚੁ ਅੰਮ੍ਰਿਤ ਮਾਖਨੁ ਝੋਲਿ ਝੋਲਿ ਛਕਦੇ ਹਨ। ਤਿਨ੍ਹਾਂ ਨੇ ਹੀ ਵਾਸਤਵ ਵਿਚਿ ਸਤਿਗੁਰੂ ਦੇ ਜੋਤਿ ਪ੍ਰਕਾਸ਼ੀ ਸਰੂਪ ਨੂੰ ਦੇਖਿਆ ਹੈ। ਤਿਨ੍ਹਾਂ ਦੀ ਸਤਿਗੁਰੂ ਦੁਆਰਿਓਂ ਦੀਖਿਆ ਲਈ ਲੇਖੇ ਪੈਂਦੀ ਹੈ। ਸੱਚੀ ਦੀਖਿਆ ਤਿਨ੍ਹਾਂ ਨੇ ਹੀ ਲਈ ਹੈ ਜਿਨ੍ਹਾਂ ਨੇ ਗੁਰਮੰਤਰ ਕਮਾਈਆਂ ਕਰਿ ਕਰਿ ਗੁਰੂ ਜੋਤਿ ਨੂੰ ਘਟ ਅੰਦਰੋਂ ਹੀ ਪਰਜੁਅਲਤ ਕੀਤਾ ਹੈ। ਅਤੇ ਮਨ ਤਨ ਅਰਪ ਕੇ ਅੰਤਰਿਗਤਿ ਸਿਚੁ ਨੂੰ ਚੀਨਿਆ ਹੈ। ਅਤੇ ਸਿਚੁ ਮਤਾਂਤ ਮਤੇ ਨੂੰ ਪਰਬੀਨਿਆ ਹੈ। ਅਤੇ ਆਤਮ ਚੀਨ ਕੇ ਸਚੀ ਗਤਿ ਮਿਤਿ ਪਾਈ ਹੈ। ਜੋਤਿ ਅਪਾਰੀਆ ਪਰਮ ਹੰਸਲਾ ਸਚੁ ਆਤਮਾ, ਨਾਮੁ ਨਿਰੰਜਨ ਰੂਪੀ ਸਾਰ ਭੋਜਨ ਦਾ ਅਹਾਰ ਹੀ ਕਰਦਾ ਅਤੇ ਏਸ ਸਾਰ ਭੋਜਨੀ ਅਹਾਰ ਦੇ ਆਸਰੇ ਰਹਿੰਦਾ ਹੈ। ਅਤੇ ਜਤੇ ਕਤੇ ਜਲੇ ਥਲੇ ਏਕੰਕਾਰੁ ਹੀ ਏਕੰਕਾਰੁ ਦੇਖਦਾ ਹੈ। ਅਤੇ ਏਕਾ ਨਿਰੰਕਾਰ 'ਸਚੁ' ਸਰਣੀ ਨਿਰਾਲਮ ਰਹਿੰਦਾ ਹੈ। ਇਕੋ ਨਿਰੰਕਾਰ ਹੀ ਪਰਮ ਸਚੁ ਹੈ। ਤਿਸ ਸਚ ਦੀ, ਮਹਿਵੂਲ ਜੋਤਿ-ਰਸ-ਮਗਨਤਾ ਮਈ ਸਰਨ ਵਿਖੇ ਹੀ ਰਹਿੰਦਾ ਹੈ। ਸਚ ਜੋਤਿ ਅਪਾਰੀਆ ਆਤਮ ਅੰਸੀ ਗੁਰਮੁਖ ਹੀ ਹੰਸਲਾ ਹੈ। ਏਕਾ ਸਚੁ ਕਰਣੀ ਕਮਾਉਂਦਾ ਹੋਇਆ ਨਿਰਾਲਮ (ਨਿਰਲੇਪ) ਰਹਿੰਦਾ ਹੈ। ਏਹ ਪਰਮ ਪਦ, ਗੁਰ ਚਰਨ ਸਰਨ ਸੇਵਾ ਤੋਂ ਹੀ ਪ੍ਰਾਪਤਿ ਹੁੰਦਾ ਹੈ। ਏਹ ਪਰਮ ਪਦ ਪਾ ਕੇ ਅਤੇ 'ਸਚ' ਨੂੰ ਪਰਤੱਖ ਦੇਖ ਕੇ ਮਨੂਆ ਮਨ ਦੀ ਬਿਵਸਥਾ ਤੋਂ ਪਲਟ ਕੇ ਜੋਤ ਸਰੂਪ ਆਤਮ ਅੰਸੀਆ ਬਣ ਜਾਂਦਾ ਹੈ। ਇਉਂ "ਮਨ ਤੇ ਮਨੁ ਮਾਨਿਆ" ਦੇ ਭਾਵ ਅਨੁਸਾਰ ਆਤਮੇ ਨੂੰ ਆਤਮੇ ਦੀ ਪਰਤੀਤ ਆਉਂਦੀ ਹੈ ਅਤੇ ਹਉਮੈ ਤੋਂ ਉਪਜੀ ਭ੍ਰਾਤੀ (ਭ੍ਰਮਣੀ) ਚੁੱਕੀ ਜਾਂਦੀ ਹੈ। ਜੋ ਭਗਤ ਸੰਤ ਜਨ ਤਾਰਿਆ ਹੈ ਤਾਰਨਹਾਰੇ ਨੇ, ਬਸ

ਇਨਿ ਬਿਧਿ ਹੀ ਤਾਰਿਆ ਹੈ। ਗੁਰਮਤਿ ਨਾਮੁ ਜਪਿ ਜਪਿ ਕੇ, ਸਚੁ ਰੰਗਿ ਰਪ ਰਪ ਕੇ, ਹਰ ਇਕ ਗੁਰਮੁਖ ਸੰਤ ਭਗਤ ਜਨ ਨਿਸਤਾਰਿਆ ਗਿਆ ਹੈ। ਜਿਨ੍ਹਾਂ ਗੁਰਮੁਖਾਂ ਨੇ ਸਤਿ ਪੁਰਖੁ ਪ੍ਰਭੂ ਰੂਪੀ 'ਸਚੁ' ਪਾ ਲਿਆ ਹੈ, ਤਿਨ੍ਹਾਂ ਨੇ ਹੋਰ ਕੂੜਾਵੇ ਸੱਚ ਦੀ ਭਾਲ ਟੋਲ ਸਭ ਛਡਿ ਦਿਤੀ ਹੈ। ਗੁਰਮਤਿ ਸੱਚ ਦੀ ਢੂੰਡ (ਤਲਾਸ਼) ਜਿਨ੍ਹਾਂ ਗੁਰਮੁਖ 'ਸਚੁ' ਢੂੰਡਾਊਆਂ ਨੇ ਢੂੰਡਿ ਲਈ ਹੈ, ਤਿਨ੍ਹਾਂ ਦਾ ਸਚੇ ਸਾਹਿਬ ਦੇ ਸਾਚ ਮਹਲ ਵਿਚਿ ਨਿਵਾਸ ਹੋ ਗਿਆ ਹੈ। ਉਹ ਸਾਚੁ ਮਹਲੁ ਐਸਾ ਹੈ, ਅਤੇ ਏਵਡ ਅਪਰੰਪਰ ਹੈ ਜਿਥੇ ਮਾਇਆ ਦੀ ਛਾਉਂ (ਛਾਇਆ) ਭੀ ਅਪੜ ਨਹੀਂ ਸਕਦੀ, ਨਾ ਪੋਹ ਸਕਦੀ ਹੈ। ਉਥੇ ਬਸ, 'ਸਚੁ' ਵਿਖੇ ਹੀ ਸੰਤੋਖੇ ਰਹੀਦਾ ਹੈ। 'ਸਚੁ' ਪਰਕਾਸ਼ ਦਾ ਐਸਾ ਚਾਨਣੁ ਉਥੇ ਹੁੰਦਾ ਹੈ ਕਿ ਛਾਇਆ ਮਾਇਆ ਮਈ ਭਰਮ ਦਾ ਮੁਸ਼ਕ ਭੀ ਨਹੀਂ ਰਹਿੰਦਾ। ਭਰਮ ਦੇ ਛਉੜ ਮੂਲੋਂ ਕੱਟੇ ਜਾਂਦੇ ਹਨ। ਜਿਨ੍ਹਾਂ ਦੇ ਹਿਰਦੇ ਵਿਖੇ ਐਸਾ ਸਚੁ, ਮਹਲ ਟਹਿਕੀਲੀਆ ਸਚੁ ਵਸਿਆ ਹੈ ਤਿਨ੍ਹਾਂ ਦੀ ਸੰਗਤਿ ਕੀਤਿਆਂ ਗੁਰਮੁਖ ਬਣੀਦਾ ਹੈ ਅਤੇ ਤਿਨ੍ਹਾਂ ਨੂੰ ਭੀ ਓੜਕ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। 'ਸਚੁ ਨਾਮੁ' ਦੁਆਰਾ ਓਹਨਾਂ ਦੀ ਭੀ ਅਹੰਭ੍ਰਮਣੀ ਮਈ ਮੈਲ ਖੋਈ ਜਾਂਦੀ ਹੈ।

ਗੁਰਮਤਿ 'ਸਚੁ' ਸਿਧਾਂਤ ਦੇ ਪ੍ਰਕਰਣ ਪਰਥਾਇ ਹੋਰ ਅਨੇਕਾਂ ਗੁਰਵਾਕ ਪ੍ਰਮਾਣ ਵਜੋਂ ਦਿਤੇ ਜਾ ਸਕਦੇ ਹਨ। ਸਮੱਗਰ ਗੁਰਬਾਣੀ ਏਹਨਾਂ 'ਸਚੁ'-ਸਿਧਾਂਤੀ ਪਰਮਾਣਾਂ ਨਾਲਿ ਭਰੀ ਪਈ ਹੈ। ਅਸੀਂ ਐਵੇਂ ਉਤੋਂ ਦੀ ਲੰਘ ਜਾਂਦੇ ਹਾਂ, ਗੁਰਮਤਿ 'ਸਚੁ' ਸਿਧਾਂਤ ਨੂੰ ਨਹੀਂ ਜਾਂਚਦੇ। ਹੋਰ ਤਾਂ ਹੋਰ ਨਿਤਾਪ੍ਰਤੀ ਸਿਰੀ ਆਸਾ ਜੀ ਦੀ ਵਾਰ ਅੰਦਰਿ ਗੁਰਮਤਿ 'ਸਚੁ'-ਸਿਧਾਂਤੀ ਗੁਰਵਾਕ ਪੜ੍ਹਦੇ ਹਾਂ, ਪਰ ਪੜ੍ਹਨਹਾਰਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਇਥੇ 'ਸਚੁ' ਦਾ ਕੀ ਸਿਧਾਂਤ ਹੈ। ਪਿਛੇ ਦਿਤੇ ਤੇ ਵਿਆਖਿਆ ਕੀਤੇ ਸਮੁਚੇ 'ਸਚੁ' ਪ੍ਰਕਰਣੀ ਸਿਧਾਂਤਾਂ ਦੀ ਰੌਸ਼ਨੀ ਵਿਚਿ ਸਿਰੀ ਆਸਾ ਜੀ ਦੀ ਵਾਰ ਵਿਚਿ ਆਏ ਹੇਠ ਲਿਖੇ ਗੁਰ ਪਰਮਾਣ ਭੀ ਓਹੋ ਅਰਥ 'ਸਚੁ' ਦੇ ਰਖਦੇ ਹਨ ਜਿਨ੍ਹਾਂ ਦਾ ਸਿਧਾਂਤ ਕਿ ਵਿਸਥਾਰ ਪੂਰਬਕ ਨਿਰਣੈ ਕੀਤਾ ਗਿਆ ਹੈ:

੧. ਨਾਨਕ ਸਚੁ ਧਿਆਇਨਿ ਸਚੁ ॥ ਪੰਨਾ ੪੬੩

ਸਲੋਕ ਮ: ੧, ਪਉੜੀ ੨, ਆਸਾ ਦੀ ਵਾਰ

੨. ਸਤਿਗੁਰਿ ਮਿਲਿਐ ਸਚੁ ਪਾਇਆ
ਜਿਨ੍ਹੀ ਵਿਚਹੁ ਆਪੁ ਗਵਾਇਆ ॥
ਜਿਨਿ ਸਚੋ ਸਚੁ ਬੁਝਾਇਆ ॥ ਪੰਨਾ ੪੬੫

ਪਉੜੀ ੪, ਆਸਾ ਦੀ ਵਾਰ

੩. ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਪੰਨਾ ੪੬੬-੬੭

ਪਉੜੀ ੭, ਆਸਾ ਦੀ ਵਾਰ

੪. ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ੀ ਸਚੁ ਕਮਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਕੈ ਹਿਰਦੈ ਸਚੁ ਵਸਾਇਆ ॥
ਮੂਰਖ ਸਚੁ ਨ ਜਾਣਨ੍ੀ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥ ਪੰਨਾ ੪੬੭

ਪਉੜੀ ੮, ਆਸਾ ਦੀ ਵਾਰ

੫. ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ ਪੰਨਾ ੪੬੮

ਮ: ੧, ਪਉੜੀ ੧੦, ਆਸਾ ਦੀ ਵਾਰ

## ੧੯

# ਅੰਤਮ ਸਿੱਟਾ

ਏਥੇ ਅਸੀਂ ਗੁਰਮਤਿ 'ਸਚੁ' ਸਿਧਾਂਤ ਦੀ ਅਵਧੀ ਉਤੇ ਆਣ ਪੁਜੇ ਹਾਂ। ਸਤਿਗੁਰੂ ਨੇ ਗੁਰਮਤਿ ਸਾਚੁ ਦ੍ਰਿੜ੍ਹਾਇਕੈ ਐਸਾ ਨਿਬੇੜਾ ਕੀਤਾ ਹੈ ਕਿ ਕਿੰਤੂ ਕਰਨ ਦੀ ਜਾਇ ਹੀ ਨਹੀਂ ਰਹੀ। ਗੁਰਮਤਿ 'ਸਚੁ' ਦੀ ਪ੍ਰਾਪਤੀ ਹੋਣ ਪਰ ਕੋਟ ਕਲਪ ਕੇ ਦੂਖ ਬਿਨਾਸਨ ਦੀ ਨੌਬਤ ਵਜ ਗਈ ਹੈ। ਐਸੋ ਦੁਖ-ਹਰਤਾ ਹਰੀ ਰੂਪ 'ਸੱਚ' ਦੇ ਦਰਸ਼ਨ ਕਦੇ ਓਹਲੇ ਹੁੰਦੇ ਹੀ ਨਹੀਂ। ਇਕ ਖਿਨ ਭੀ ਓਹਲੇ ਹੋਇਆਂ ਨਹੀਂ ਸਰਦਾ, ਧੀਰਜ ਨਹੀਂ ਆਉਂਦੀ। ਧੀਰੇ ਤਾਂ ਮਨ ਕਿਵੇਂ ਧੀਰੇ ! 'ਸਚੁ' ਪ੍ਰੀਤਮੀ ਪ੍ਰਮਾਤਮ ਦਰਸ਼ਨਾਂ ਦੇ ਇਕ ਛਿਨ ਭੀ ਅਖੀਉਂ ਅਗੋਚਰ ਹੋਇਆਂ ਬਹੁਤਾ ਦੁਖ ਲਗਦਾ ਹੈ। 'ਸਚੁ' ਦਰਸ਼ਨ ਸਦਾ ਸੌਂਹੇ ਪੇਖਣ ਤੇ ਪੇਖਦੇ ਰਹਿਣ ਵਿਚਿ ਹੀ ਸੱਚਾ ਸੁਖ ਹੈ। ਸੁਖੁ ਭੀ ਕੈਸਾ ਹੈ, 'ਪ੍ਰੇਮ ਸਦਾ ਨਉਰੰਗੀ' ਸੁਖੁ ਹੈ। ਸਦਾ ਨਵਰੰਗੀ ਪ੍ਰੇਮ ਵਾਲਾ ਸੁਖੁ ਹੈ। ਨਵੇਂ ਤੋਂ ਨਵਾਂ ਜੋਤਿ ਪ੍ਰਕਾਸ਼ੀ ਸੱਚੜਾ ਇਸ਼ਕ ਹਕੀਕੀਆ ਪਰਮ-ਅਨੰਦੀ ਸੁਖੁ ਹੈ। ਇਹ ਪਰਮਾਨੰਦੀ ਸੁਖ ਵਾਲੀ ਅਵਸਥਾ ਐਸੀ ਹੈ ਕਿ ਜਿਥੇ ਹਉਮੈ ਮਮਤਾ ਦਾ ਨਮੂਦ ਨਹੀਂ ਰਹਿੰਦਾ। ਜਲ ਕੇ ਭਸਮ ਹੋ ਜਾਂਦਾ ਹੈ। ਸੂਖਮ ਤੋਂ ਸੂਖਮ ਹਉ ਮਮਤਾ ਦੀ ਕਾਈ, ਰਾਈ ਮਾਤਰ ਭੀ ਬਾਕੀ ਨਹੀਂ ਰਹਿੰਦੀ ਅਤੇ ਕ੍ਰੋਧ ਅੰਸ ਦੀ ਉੱਕੀ ਹੀ ਨਵਿਰਤੀ ਹੋ ਜਾਂਦੀ ਹੈ। ਦੂਜੇ ਭਾਵ ਦੇ ਸਾਰੇ ਭੈ (ਭਉ), ਜਮ ਡਰ ਵਿਸਰ ਜਾਂਦੇ ਹਨ। ਪ੍ਰਭੁ ਪਰਮਾਤਮਨ ਸਚੁ ਦਰਸਨ ਐਸਾ ਨਿਹਚਉ ਕਰਿ ਅੰਤਰਿ ਆਤਮੇ ਜਚ ਜਾਂਦਾ ਹੈ ਕਿ ਕੂੜ ਕੁਸੱਤ ਦੀ ਮੈਲ ਤੋਂ ਰਹਿਤ ਨਿਰੋਲ ਨਿਰੋਤਮ ਸਚੁ ਦਰਸ਼ਨ ਵਾਹਿਗੁਰੂ ਦੇ ਸਰੂਪ ਵਿਚਿ ਸਦਾ ਅੰਗਿ ਸੰਗਿ ਹੀ ਦਿਸਦਾ ਹੈ। ਏਹ ਭਉ-ਭੰਜਨੀ ਸਚ-ਵਿਕਾਸੀ ਮਰਤਬਾ, ਚੰਚਲ ਮਤ ਤਿਆਗ ਕੇ, ਏਕ ਸਬਦ (ਗੁਰਮਤਿ ਨਾਮ) ਵਿਖੇ ਲਿਵ ਲਾਗ ਕੇ ਹੀ ਪ੍ਰਾਪਤਿ ਹੁੰਦਾ ਹੈ। ਏਕ ਸਬਦ ਲਿਵ ਲਗਿਆਂ ਹਰਿ ਰਸ ਦੇ ਸਹਸ਼ਾਰ ਅੰਮ੍ਰਿਤ ਝਰਨੇ ਝਰਨ ਲਗ ਪੈਂਦੇ ਹਨ। ਏਹ ਗਟਾਕ ਰਸ ਚਖਿਆਂ ਆਨ ਰਸ ਕੂੜਾਰੀ ਸਾਰੀ ਤ੍ਰਿਖਾ ਨਿਵਾਰੀ ਜਾਂਦੀ ਹੈ। ਐਸੇ ਤ੍ਰਿਖਾ ਨਿਵਾਰਨੀ ਗੁਰਮੁਖ ਵਡਿਭਾਗੀਆਂ ਨੂੰ ਵਾਹਿਗੁਰੂ ਸੱਚਾ ਆਪਣੇ 'ਸਚੁ' ਸਰੂਪ ਵਿਖੇ ਆਪੇ ਹੀ ਮੇਲ ਲੈਂਦਾ ਹੈ। ਕਦੇ ਨਾ ਭਰਿਆ ਜਾਣ ਵਾਲਾ ਆਪਾ, ਕਦੇ ਨਾ ਸੰਤੋਖਿਆ ਜਾਣ ਵਾਲਾ ਖਾਪਾ ਅਤਰਾਪਾ ਸਚੁ ਅੰਮ੍ਰਿਤ ਸੇਤੀ ਸਿੰਚਿਆ ਜਾ ਕੇ ਸੁਭਰਸਰ ਲਬਾ ਲਬ ਅਮੀ ਸਰੋਵਰ ਬਣ ਜਾਂਦਾ ਹੈ। ਅਤੇ ਇਸ ਮੰਜ਼ਲ ਤੇ ਪੁਜ ਕੇ ਨਿਰਾ ਜੋਤਿ ਦਰਸ਼ਨੀ ਸੁਭਰਭਰਾ ਗੁਰਮਤਿ ਸਚੁ ਸੰਚਾਰਨਾ ਸੁਧਾ ਸਰੋਵਰ ਹੀ ਡਲ੍ਹਕਾਂ ਮਾਰਦਾ ਦਿਸਦਾ ਹੈ। 'ਗੁਰਮਤਿ ਸਚ ਨਿਹਾਲਾ' ਏਹ ਅੰਜ ਆਦਰਸ਼ੀ ਦ੍ਰਿਸ਼ਯ ਹੈ। ਨਾਮ ਰਤੇ ਨਿਹਕੇਵਲ ਪਦ ਵਾਲੇ ਗੁਰਮੁਖ ਜਨਾਂ ਦੇ ਮਨ ਏਥੇ 'ਸਚੁ' ਦੇ ਦਿਬਦਰਸ਼ਨੀ ਰੰਗਾਂ ਵਿਚਿ ਹੀ ਰੱਤੇ

ਜਾਂਦੇ ਹਨ । ਅਤੇ ਆਦਿ ਸਚੁ ਜੁਗਾਦਿ ਸਚੁ ਦਇਆਲੁ ਰੂਪ ਪਰਮਾਤਮਾ ਦੇ ਸੱਚ ਸਰੂਪ ਵਿਚਿ ਰਚ ਮਿਚ ਕੇ ਤਦ ਰੂਪ (ਇਕ ਮਿੱਕ) ਹੋ ਜਾਂਦੇ ਹਨ । ਏਥੇ ਸਚੁ- ਦਰਸ਼ਨੀ ਮੋਹਨ ਰੂਪ ਵਿਚਿ ਮਗਨਾਨੰਦ ਹੋ ਜਾਈਦਾ ਹੈ । ਮਾਨੋ 'ਸਚੁ' ਦੇ ਅਮੋਘ ਦਰਸ਼ਨ ਵਿਚ ਹੀ ਲਿਵ-ਲੀਨਤਾ ਹੋ ਜਾਂਦੀ ਹੈ, ਪਰ ਹੁੰਦੀ ਵਡਭਾਗੀਆਂ ਦੀ ਹੈ । ਐਸੇ ਸਚ-ਦਰਸ਼ਨ ਦੀ ਲਿਵਤਾਰ ਮਈ ਸਚੜੀ ਲਲਤ ਬੀਚਾਰ ਨੂੰ ਨਿਹਾਰ ਕੇ ਗੁਰਮੁਖ ਜਨਾਂ ਦਾ ਮਨੁ 'ਨਿਰਮਲ ਅਨੁਰਾਗੀ' ਅਪ੍ਰੋਕਸ਼ ਸਚ ਦਰਸ਼ਨ ਦਰਸਨਾਗੀ ਹੋਇ ਰਹਿੰਦਾ ਹੈ ਅਤੇ ਜਨਮ ਜਨਮਾਂਤਰੀ ਵਿਛੋੜਿਆਂ ਦੇ ਸਭ ਕਿਲ-ਵਿਖ ਦੁੱਖ ਕਟੇ ਜਾਂਦੇ ਹਨ । ਗੁਰਮਤਿ ਸਚੁ - ਨਿਹਾਲਨੀ ਮਗਨਤਾ ਵਿਖੇ ਕੇਵਲ ਗਹਿਰ ਗੰਭੀਰ ਸਾਗਰ ਰਤਨਾਗਰੀ ਸਚ-ਦਰਸ਼ਨ ਦੀ ਹੀ ਪੂਜਾ ਹੁੰਦੀ ਹੈ । ਸੱਚ ਦਰਸ਼ਨ ਦੇ ਪੁਜਾਰੀ ਇਸ ਸੱਚ ਦਰਸ਼ਨੀ ਪੂਜਾ ਤੋਂ ਬਿਨਾ ਹੋਰਤ ਪੂਜਾ ਵਿਖੇ ਰਚਦੇ ਹੀ ਨਹੀਂ । ਓਹਨਾਂ ਦੀ ਰੁਚੀ ਹੀ ਹੋਰਤ ਪੂਜਾ ਵਲ ਨਹੀਂ ਜਾਂਦੀ । 'ਸਚੁ' ਸਬਦ ਬੀਚਾਰੀਆਂ, ਸਚੁ ਦਰਸ਼ਨ ਪੂਜਾਰੀਆਂ ਨੂੰ ਭਰਮ ਭਉ ਭੰਜਨ ਮੁਰਾਰੀ ਤੋਂ ਬਿਨਾ ਹੋਰ ਦੂਜਾ ਦ੍ਰਿਸ਼ ਕੋਈ ਦੀਹਦਾ ਹੀ ਨਹੀਂ । ਬਸ, ਸਚ - ਦਰਸ਼ਨੀ ਜੋਤਿ ਪ੍ਰਚੰਡ ਗਿਆਨ ਹੀ ਸਦਾ ਸਾਹਮਣੇ ਪ੍ਰਚੰਡਤ ਰਹਿੰਦਾ ਹੈ । ਸੱਚ-ਦਰਸ਼ਨੀ ਗੁਰਮੁਖਾਂ ਨੇ ਮਨੂਆ ਮਾਰ ਕੇ ਐਸਾ ਨਿਹਮਲ ਪ੍ਰਚੰਡ ਗਿਆਨ ਵਾਲਾ ਪਰਬੀਨ ਪਦੁ ਚੀਨ ਲਿਆ ਹੁੰਦਾ ਹੈ ਕਿ ਜਿਥੇ ਹਰਿ ਰਸ ਲਿਵ-ਲੀਨਤਾ ਜੋਤਿ ਜਲਵੀਨਤਾ ਅਧਿਕਾਈ ਤੋਂ ਅਧਿਕਾਈ ਹੁੰਦੀ ਜਾਂਦੀ ਹੈ । ਇਸ ਵਧੋ ਵੱਧ ਅਧਿਕਤਾਂ ਦੀ ਹੱਦ ਕੋਈ ਨਹੀਂ । ਪਰ ਇਸ ਅਨਹਦ ਅਧਿਕਤਾ ਵਿਖੇ ਭੀ ਇਕਸ ਦਾ ਅਪ੍ਰੋਕਸ਼ ਗਿਆਨ ਹੀ ਪਰਧਾਨ ਰਹਿੰਦਾ ਹੈ । ਐਸੀ ਮੇਰੇ ਸਤਿਗੁਰੂ ਨੇ ਸਚ - ਗਿਆਨ-ਦਰਸ਼ਨੀ ਬੂਝ ਬੁਝਾਈ ਹੈ । ਗੁਰਮਤਿ ਸਚੁ - ਦਰਸ਼ਨੀ ਗਿਆਨੁ ਪ੍ਰਚੰਡਤਾ ਦੀ ਬਿਵਸਥਾ ਵਿਖੇ 'ਸਚੁ' ਦਾ ਸਰੂਪ ਅਗਮ ਅਗੋਚਰੀ ਆਭਾ ਪ੍ਰਭਾ ਵਾਲੇ ਜੋਤਿ ਜਲਵੀ ਅਥਾਹ ਪਸਾਰੇ ਵਿਚਿ ਪਸਰਿਆ ਹੋਇਆ ਪਰਤੱਖ ਨਜ਼ਰੀ ਆਉਂਦਾ ਹੈ । ਤਿਥੈ ਪੁਜ ਕੇ ਹੀ ਸੁਭਰ ਭਰੇ ਸਿਦਕ ਵਿਚਿ 'ਸਚੁ'-ਦਰਸਨ ਸੰਜੀਵਨਿਆ ਹੋਇਆ 'ਸਚੁ'- ਲਖਤਾ ਲੰਖੀਵਨਿਆ ਹੋਇਆ ਚਿਤੁ ਅਡੋਲ ਰਹਿੰਦਾ ਹੈ,। ਕਦੇ ਨਹੀਂ ਡੋਲਦਾ । ਆਤਮ ਅੰਤ੍ਰੀਵੀ ਸੱਚ ਦੀ ਲਖਤਾ ਸੱਚੀ ਪਰਤੀਤ ਅੰਤ੍ਰਈਣੀ ਹੁੰਦੀ ਹੈ । 'ਸਚੁ'-ਲਖਤਾ ਦੀ ਸੱਚੀ ਪਤੀਜ ਏਥੇ ਹੀ ਆਉਂਦੀ ਹੈ । ਗੁਰਮਤਿ 'ਸਚੁ' ਦੀ ਤੱਤ ਸਿਧਾਂਤੀ ਅਕੱਥ ਕਥਾ ਕੇਵਲ ਗੁਰਪ੍ਰਸਾਦੀ ਹੀ ਕਥੀ ਜਾ ਸਕਦੀ ਹੈ । ਆਪੋਂ ਹੋਰ ਕਉਣ ਕਥ ਸਕਦਾ ਹੈ? ਜਿਸ ਤੋਂ ਸਤਿਗੁਰੂ ਏਹ ਅਕੱਥ ਕਥਾ ਸੱਚ ਦੀ ਕਥਾਵੇ,ਸੋਈ ਪ੍ਰਸਾਦੀ ਪੁਰਖ ਕਥੇ ਤਾਂ ਕਥੇ । ਹੋਰ ਕਿਸੇ ਦੀ ਕੀ ਪ੍ਰੋਖੋਂ ਹੈ ? ਏਸ ਅਕੱਥ ਕਥਾ ਦਾ ਸੁਰਤਿ ', **ਮਤਿ, ਬੁਧਿ ਲਈ ਪ੍ਰਸਾਦ-ਫਲ-** ਪਰਦਾਨੀਆ ਦੀਨ ਦਇਆਲ ਪੁਰਖ ਇਕੋ ਸਤਿਗੁਰੂ ਹੈ,ਜਿਸ ਦੀ ਜਾਣ ਪਛਾਣ ਰੂਪੀ ਸੱਚੀ ਗਿਆਤ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਵਿਚੋਂ ਹੀ ਹੁੰਦੀ ਹੈ, ਹੋਰ ਕਿਤੋਂ ਨਹੀਂ ਹੁੰਦੀ । ਨਾ ਹੀ ਸਤਿਗੁਰੂ ਬਾਝੋਂ ਹੋਰ ਕਿਸੇ ਤੋਂ 'ਸਚੁ'ਦੀ ਸੱਚੀ ਹਕੀਕਤ ਦਾ ਪਤਾ ਲਗਦਾ ਹੈ । 'ਸਚੁ' ਦਾ ਸੱਚਾ ਸਿਧਾਂਤ ਕੇਵਲ ਸਚੇ ਸਤਿਗੁਰੂ ਦੇ ਦੁਆਰਿਓਂ ਹੀ ਬਿਸਥੀਰਨ ਹੁੰਦਾ ਹੈ, ਕੇਵਲ ਗੁਰਮਤਿ ਦੁਆਰਾ ਹੀ ਲਖਤੀਰਨ ਹੋ ਸਕਦਾ ਹੈ ਅਤੇ ਹੁੰਦਾ ਹੈ ਵਡਿਭਾਗੇ ਗੁਰਮੁਖ ਜਨਾਂ ਨੂੰ ਹੀ । ਬਸ, ਏਥੇ ਬਸ ਹੈ ।

# AUTOBIOGRAPHY OF

# Bhai Sahib Randhir Singh

**Translated with Introductory Thesis**

**by**

**Dr. Trilochan Singh**

***Some Opinions :***

I heard of Bhai Sahib Randhir Singh in connection with the history of the revolutionary movement, but I never knew that he was a God-intoxicated man. The book cast a spell on me; I read it continuously for two days and shall read it again. It shows Sikhism remains a living and active religious force even in the 20th century. A Community which can produce such a man, can give our country and the world new values and ideals.

Dr. A.C. Banerjee
Guru Nanak Professor :
Jadavpur University.

Dr. Trilochan Singh, the Sikh scholar and intellectual, has rendered great service to the history of Freedom Struggle in India, as well as to Sikhism by rendering the Punjabi autobiography of Bhai Randhir Singh, Sikh mystic, saint and patriot in English, thus making it available to wider circles. His translation is both faithful and idiomatic with the result that the reader hardly suspects that it is not original writing.

Bhai Randhir Singh, a great patriot, a man of the highest ideals of impeccable purity, a person of self-realization, and a remarkable man of living religious faith, an intellectual of a high order and a peerless mystic of the Sikh tradition belongs to the galaxy of truly great men that India has thrown up

during the last 100 years, while in British bondage. There are not more than half a dozen such comprehensive great souls that India has produced during this period, and Bhai Sahib Randhir Singh is inferior to no one of these. Only the incomparable, Ramakrishna, the *Paramhansa*, can be legitimately named as his true kinsman in the matter of modern phenomenon of theophony. Dr. Trilochan Singh has earned much spiritual merit by making this English translation, and he deserves the gratitude of all goodmen who value truth and justice above all.

Sardar Kapur Singh Ex. I.C.S.
*The Sikh Review*, Calcutta.

This book in lucid and exquisite style, translated by the masterly hand of Dr. Trilochan Singh, contains the autobiographical letters of Bhai Sahib Randhir Singh, the renowned Sikh saint. In his commendable Introductory Thesis, the Translator has enabled the reader to get a glimpse of the life, personality and times of Bhai Sahib Randhir Singh. The autobiographical letters of the Saint enable us to peep into the multi-faceted life of this great man. He was not only a Sikh divine, but also a great freedom fighter, a reformer and a theologian. He was the hero of the Second Lahore Conspiracy case. He had dedicated himself completely to God and was a passionate lover of truth. This autobiography has great historical value.

Dr. Surinder Singh Kohli
Professor & Head of the Punjabi Dept.,
Punjab University, Chandigarh.

**Price : Rs. 20/-**

***Write to :***

Bhai Sahib Randhir Singh Publishing House
126, Model Town, Ludhiana-141002.

੧੮੪

 www.sikhbookclub.com